PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
20th - 27th November 2025 • Issue No. 3107
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389


## ਪ੍ਰਗਟ ਭਏ ਗੁਰੂ ਤੇਗ ਬਹਾਦਰ॥ ਸਗਲ ਸ੍ਰਿਸਟ ਪੈ ਢਾਪੀ ਚਾਦਰ॥

ਮਨੁੱਖੀ ਹੱਕਾਂ ਦੇ ਰਾਖੇ ਸਤਿਗੁਰੂ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ

## 350 ਸਾਲਾ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਅੰਕ











ਗੁਰੂ ਸਾਹਿਬ ਦੀ ਮਹਾਨ ਯਾਦ ਅੰਦਰ ਉਸਾਰੇ ਗਏ ਤਿੰਨ ਸ਼ਹੀਦੀ ਅਸਥਾਨ – ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ, ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ ਅਤੇ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ

## ਸ੍ਰਿਸ਼ਟੀ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ 350 ਸਾਲਾ ਸ਼ਹਾਦਤ ਨੂੰ ਯਾਦ ਕਰਦਿਆਂ ਬਰਤਾਨੀਆ ਦੀ ਸੰਸਦ ਵਿੱਚ ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਸੰਸਦ ਮੈਂਬਰ ਸ: ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਵਿੱਚ ਸ਼ਰਧਾਂਜ਼ਲੀ ਸਮਾਗਮ ਆਯੋਜਿਤ ਕੀਤੇ ਗਏ



ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ ਜੀ:

# ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਸਰਹੱਦੀ ਇਲਾਕੇ ਦੇ ਹੜ੍ਹ ਪੀੜਤਾਂ ਦੀ ਮਦਦ

ਗੁਰਦਾਸਪੁਰ (ਪੰਜਾਬ ਟਾਈਮਜ਼) – ਸਿੱਖ ਸੇਵਕ ਸੁਸਾਇਟੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਇਹਨੀਂ ਦਿਨੀਂ ਪੰਜਾਬ ਵਿੱਚ ਹਨ, ਤੇ ਉਹਨਾਂ ਇਸ ਦੌਰਾਨ ਸਿੱਖ ਸੇਵਕ ਸੁਸਾਇਟੀ ਦੇ ਪੰਜਾਬ ਵਿੱਚ ਸੇਵਾਦਾਰਾਂ ਦੀ ਟੀਮ ਸ: ਪ੍ਰਮਿੰਦਰਪਾਲ ਸਿੰਘ ਖਾਲਸਾ, ਸਮੇਤ ਗੁਰਦਾਸ ਪੁਰ ਜ਼ਿਲ੍ਹੇ ਦੇ ਸਰਹੱਦੀ ਖੇਤਰ ਦੇ ਪਿੰਡਾਂ ਦਾ ਦੌਰਾ ਕੀਤਾ। ਪਿੰਡ ਖੋਖਰ ਤੋਂ ਅੰਮ੍ਰਿਤਧਾਰੀ ਬੀਬੀ ਹਰਜੀਤ ਕੌਰ, ਪਿੰਡ ਦਿਆਲ ਭੱਟੀ ਤੋਂ ਰਮਨਦੀਪ ਕੌਰ, ਅਜਨਾਲਾ ਤੋਂ ਗੁਰਮੀਤ ਸਿੰਘ, ਗੁਰਦਾਸਪੁਰ ਬਾਰਡਰ ਤੋਂ ਚੌਂਤਰਾਂ ਪਿੰਡ ਦੇ ਰਸ਼ਪਾਲ ਸਿੰਘ ਅਤੇ ਦੀਪਕ ਕੌਰ ਆਦਿ ਨੇ ਮਦਦ ਲਈ ਅਪੀਲ ਕੀਤੀ ਸੀ। ਉਹਨਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਜਿਹੜੇ ਲੋਕਾਂ ਨੇ ਸਿੱਖ ਸੇਵਕ ਸੁਸਾਇਟੀ ਤੱਕ ਪਹੁੰਚ ਕਰਕੇ ਮਦਦ ਵਾਸਤੇ ਕਿਹਾ ਸੀ, ਉਹਨਾਂ ਦੇ ਘਰਾਂ ਆਦਿ ਦਾ ਜਾ ਕੇ ਮੁਆਇਨਾ ਕੀਤਾ ਗਿਆ। ਇਸ ਮੌਕੇ ਹੋਏ ਨੁਕਸਾਨ ਦਾ ਜਾਇਜ਼ਾ ਲੈਂਦਿਆਂ, ਨਕਸ਼ੇ ਆਦਿ ਦੇਖੇ ਗਏ ਤੇ ਜਿਸ ਪਰਿਵਾਰ ਨੂੰ ਜਿਹੜਾ ਵੀ ਸਮਾਨ ਲੱਗੇਗਾ, ਜਿਵੇਂ ਕਿ ਸਰੀਆ, ਸੀਮਿੰਟ ਤੇ ਇਮਾਰਤਸਾਜ਼ੀ ਲਈ ਲੋੜੀਂਦਾ ਹੋਰ ਸਾਜੋ ਸਮਾਨ ਆਦਿ ਸਿੱਖ ਸੇਵਕ ਸੁਸਾਇਟੀ ਵੱਲੋਂ ਦਿੱਤਾ ਜਾਵੇਗਾ। ਇਹ ਸਮਾਨ ਕੁੱਝ ਹੀ ਦਿਨਾਂ ਵਿੱਚ ਭੇਜ ਦਿੱਤਾ ਜਾਵੇਗਾ। ਜਿਹੜੇ ਪਿੰਡਾਂ ਦਾ ਦੌਰਾ ਕੀਤਾ ਗਿਆ, ਉਹਨਾਂ ਵਿੱਚ ਪਿੰਡ ਖੋਖਰ, ਅਜਨਾਲਾ, ਦਿਆਲ ਭੱਟੀ, ਡੇਰਾ ਬਾਬਾ ਨਾਨਕ, ਗੁਰਦਾਸਪੁਰ ਸਰਹੱਦ ਦੇ ਨਾਲ ਲਗਦਾ ਪਿੰਡ ਸਲੈਚ ਆਦਿ ਵਰਣਨਯੋਗ ਹਨ। ਸੁਸਾਇਟੀ ਰਾਹੀਂ ਜਿਹੜੇ ਵੀ ਦੇਸ਼ ਵਿਦੇਸ਼ ਦੇ ਸੇਵਾਦਾਰਾਂ ਨੇ ਯੋਗਦਾਨ ਪਾਇਆ ਸਭ ਦਾ ਧੰਨਵਾਦ ਕੀਤਾ ਜਾਂਦਾ ਹੈ। –ਹੋਰ ਤਸਵੀਰਾਂ ਪੰਨਾ 47 'ਤੇ ਦੇਖੋ






Geographical restrictions apply. For full details visit specsavers.co.uk/home-visits

# ਬਿਹਾਰ ਵਿਧਾਨ ਸਭਾ ਚੋਣਾਂ 2025: ਆਰਜੇਡੀ ਨੂੰ ਵੋਟਾਂ ਵਧ ਮਿਲੀਆਂ, ਪਰ ਸੀਟਾਂ ਘੱਟ

## ✪ ਵਿਰੋਧੀਆਂ ਨੇ ਚੋਣ ਕਮਿਸ਼ਨ ਉਪਰ ਦੋਸ਼, ਘਪਲੇ ਦੇ ਆਰੋਪਾਂ ਨਾਲ ਘਿਰਿਆ ਨਤੀਜਾ ✪ ਇੰਡੀਆ ਅਲਾਇੰਸ ਨੂੰ ਕੁੱਲ 35 ਸੀਟਾਂ ਮਿਲੀਆਂ, ਐੱਨਡੀਏ ਨੂੰ 202 ਸੀਟਾਂ ਨਾਲ ਵੱਡੀ ਜਿੱਤ ਪ੍ਰਾਪਤ ਹੋਈ

### ਸਪੈਸ਼ਲ ਰਿਪੋਰਟ

ਬਿਹਾਰ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਚੋਣ ਗਣਿਤ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਰਾਸ਼ਟਰੀ ਜਨਤਾ ਦਲ (ਆਰਜੇਡੀ) ਨੂੰ ਚੋਣਾਂ ਵਿੱਚ 23 ਫੀਸਦੀ ਵੋਟ ਸ਼ੇਅਰ ਮਿਲਿਆ, ਜੋ ਕਿਸੇ ਵੀ ਇੱਕ ਪਾਰਟੀ ਲਈ ਸਭ ਤੋਂ ਵੱਧ ਹੈ, ਪਰ ਉਹ ਸਿਰਫ਼ 25 ਸੀਟਾਂ ਤੱਕ ਸੀਮਿਤ ਰਹੀ। ਉਧਰ, ਭਾਰਤੀ ਜਨਤਾ ਪਾਰਟੀ ਤੇ ਜਨਤਾ ਦਲ ਯੂਨਾਈਟਡ ਨੇ ਮਿਲ ਕੇ ਨੈਸ਼ਨਲ ਡੈਮੋਕਰੇਟਿਕ ਅਲਾਇੰਸ ਨੂੰ 202 ਸੀਟਾਂ ਦੀ ਵੱਡੀ ਜਿੱਤ ਦਿਵਾ ਦਿੱਤੀ। ਬੀਜੇਪੀ ਨੂੰ 89 ਅਤੇ ਜੇਡੀਯੂ ਨੂੰ 85 ਸੀਟਾਂ ਮਿਲੀਆਂ, ਜਦਕਿ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੇ ਸਿਰਫ਼ 4.97 ਫੀਸਦੀ ਵੋਟਾਂ ਨਾਲ 19 ਸੀਟਾਂ ਖੱਟ ਲਈਆਂ। ਵਿਰੋਧੀ ਪਾਰਟੀਆਂ ਅਤੇ ਨਿਰਪੱਖ ਮਾਹਿਰਾਂ ਨੇ ਚੋਣ ਕਮਿਸ਼ਨ ਤੇ ਨਤੀਜਿਆਂ ਬਾਰੇ ਦੋਸ਼ ਲਗਾਏ ਹਨ ਕਿ ਘਪਲਾ ਹੋਇਆ ਹੈ।

ਬਿਹਾਰ ਦੀਆਂ ਚੋਣਾਂ ਹਮੇਸ਼ਾ ਤੋਂ ਹੀ ਭਾਰਤੀ ਰਾਜਨੀਤੀ ਦਾ ਇੱਕ ਅਜੀਬ ਨਮੂਨਾ ਰਹੀਆਂ ਹਨ। 2020 ਵਿੱਚ ਆਰਜੇਡੀ ਨੇ 23.11 ਫੀਸਦੀ ਵੋਟਾਂ ਨਾਲ 75 ਸੀਟਾਂ ਪ੍ਰਾਪਤ ਕੀਤੀਆਂ ਸਨ, ਪਰ 2025 ਵਿੱਚ 23 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਪਰ ਸੀਟਾਂ ਦੀ ਗਿਣਤੀ ਅੱਧੀ ਤੋਂ ਵੀ ਘੱਟ ਰਹਿ ਗਈ। ਚੋਣ ਆਯੋਗ ਭਾਰਤ ਦੇ ਅਧਿਕਾਰਕ ਨਤੀਜਿਆਂ ਅਨੁਸਾਰ, ਇੰਡੀਆ ਅਲਾਇੰਸ ਨੂੰ ਕੁੱਲ 243 ਸੀਟਾਂ ਵਿੱਚੋਂ ਸਿਰਫ਼ 35 ਮਿਲੀਆਂ। ਆਰਜੇਡੀ ਨੇ 143 ਸੀਟਾਂ 'ਤੇ ਲੜਦਿਆਂ 25 ਜਿੱਤੀਆਂ, ਜਦਕਿ ਕਾਂਗਰਸ ਨੇ 61 ਵਿੱਚੋਂ 6, ਸੀਪੀਆਈ (ਐੱਮ ਐੱਲ) ਨੇ 2 ਅਤੇ ਸੀਪੀਆਈ (ਐੱਮ) ਨੂੰ 1 ਸੀਟ ਮਿਲੀ। ਉਧਰ, ਐੱਨਡੀਏ ਨੇ ਆਪਣੀ ਤਾਕਤ ਵਿਖਾਈ - ਬੀਜੇਪੀ ਨੇ 101 ਸੀਟਾਂ 'ਤੇ ਲੜਦਿਆਂ 89 ਜਿੱਤੀਆਂ, ਜਦਕਿ 2020 ਵਿੱਚ 110 'ਤੇ ਲੜ ਕੇ ਵੀ ਘੱਟ ਸੀਟਾਂ ਲਈਆਂ ਸਨ। ਜੇਡੀਯੂ ਨੇ 85 ਸੀਟਾਂ ਨਾਲ ਆਪਣਾ ਵਡਮੁੱਲੀ ਹੋਂਦ ਬਰਕਰਾਰ ਰਖੀ, ਜੋ ਉਸ ਦੇ ਵੋਟ ਸ਼ੇਅਰ ਵਿੱਚ ਵੀ ਵਾਧਾ ਦਰਸਾਉਂਦਾ ਹੈ।




ਇਸ ਵਿਚਕਾਰ ਚਿਰਾਗ ਪਾਸਵਾਨ ਦੀ ਐੱਲਜੇਪੀ (ਰਾਮ ਵਿਲਾਸ) ਨੇ ਇੱਕ ਹੈਰਾਨੀਜਨਕ ਰਿਕਾਰਡ ਬਣਾਇਆ। ਸਿਰਫ਼ 29 ਸੀਟਾਂ 'ਤੇ ਲੜ ਕੇ 19 ਜਿੱਤੀਆਂ ਅਤੇ ਵੋਟ ਸ਼ੇਅਰ ਸਿਰਫ਼ 4.97 ਫੀਸਦੀ ਰਿਹਾ। ਇਹ ਵਿਸ਼ਲੇਸ਼ਣ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਵੋਟ ਸ਼ੇਅਰ ਅਤੇ ਸੀਟਾਂ ਵਿੱਚ ਫ਼ਰਕ ਕਿਉਂ ਹੈ? ਵੋਟ ਸ਼ੇਅਰ ਇੱਕ ਪਾਰਟੀ ਦੀ ਲੋਕਪ੍ਰਿਯਤਾ ਨੂੰ ਦਰਸਾਉਂਦਾ ਹੈ, ਪਰ ਚੋਣਾਂ ਵਿੱਚ ਜਿੱਤ ਸੀਟਾਂ 'ਤੇ ਨਿਰਭਰ ਕਰਦੀ ਹੈ। ਆਰਜੇਡੀ ਦੇ ਵੋਟ ਪੂਰੇ ਰਾਜ ਵਿੱਚ ਫੈਲੇ ਹੋਏ ਸਨ - ਕੁਝ ਜ਼ਿਲ੍ਹਿਆਂ ਵਿੱਚ ਉਹ ਦੂਜੇ ਨੰਬਰ 'ਤੇ ਰਹੇ, ਜਿਥੇ ਵੋਟ ਬਹੁਤ ਮਿਲੇ ਪਰ ਜਿੱਤ ਨਹੀਂ ਹੋ ਸਕੀ। ਉਦਾਹਰਨ ਲਈ, ਪਟਨਾ, ਨਾਲੰਡਾ ਅਤੇ ਵਾਲਮੀਕੀ ਨਾਗਰ ਵਰਗੇ ਖੇਤਰਾਂ ਵਿੱਚ ਆਰਜੇਡੀ ਨੇ 25-30 ਫੀਸਦੀ ਵੋਟ ਲਏ, ਪਰ ਐੱਨਡੀਏ ਨੇ ਉਨ੍ਹਾਂ ਨੂੰ ਇਸਦੇ ਬਾਵਜੂਦ ਹਰਾ ਦਿੱਤਾ।

ਸਿਆਸੀ ਮਾਹਿਰਾਂ ਅਨੁਸਾਰ, ਇਸ ਦਾ ਸਭ ਤੋਂ ਵੱਡਾ ਕਾਰਨ ਹੈ ਐੱਨਡੀਏ ਦੀਆਂ ਸਮਾਜਿਕ ਯੋਜਨਾਵਾਂ। ਨਿਤੀਸ਼ ਕੁਮਾਰ ਸਰਕਾਰ ਵੱਲੋਂ ਔਰਤਾਂ ਨੂੰ 10 ਹਜ਼ਾਰ ਰੁਪਏ ਮਾਸਿਕ ਕੈਸ਼ ਟ੍ਰਾਂਸਫਰ (ਮਹਿਲਾ ਸਸ਼ਕਤੀਕਰਨ ਯੋਜਨਾ) ਨੇ ਬਹੁਤ ਵੱਡਾ ਅਸਰ ਪਾਇਆ। ਬਿਹਾਰ ਵਿੱਚ 50 ਫੀਸਦੀ ਤੋਂ ਵੱਧ ਵੋਟਰ ਔਰਤਾਂ ਹਨ, ਅਤੇ ਇਹ ਯੋਜਨਾ ਨੇ ਉਨ੍ਹਾਂ ਨੂੰ ਐੱਨਡੀਏ ਵੱਲ ਖਿੱਚ ਲਿਆ। ਸਿਆਸੀ ਮਾਹਿਰ ਕਹਿੰਦੇ ਹਨ, "ਔਰਤਾਂ ਦੇ ਵੋਟ ਬੈਂਕ ਨੇ ਐੱਨਡੀਏ ਨੂੰ 15-20 ਸੀਟਾਂ ਦਾ ਫ਼ਾਇਦਾ ਦਿੱਤਾ। ਆਰਜੇਡੀ ਨੇ ਯਾਦਵ ਅਤੇ ਮੁਸਲਿਮ ਵੋਟਾਂ 'ਤੇ ਭਰੋਸਾ ਕੀਤਾ, ਪਰ ਔਰਤਾਂ ਵਿੱਚ ਉਹ ਆਪਣਾ ਅਸਰ ਨਹੀਂ ਪਾ ਸਕੇ।"

ਦੂਜਾ ਵੱਡਾ ਕਾਰਨ ਹੈ ਮੁਸਲਿਮ ਵੋਟਾਂ ਦਾ ਖਿੰਡਾਅ। 2020 ਵਿੱਚ ਤੇਜਸ਼ਵੀ ਯਾਦਵ ਨੂੰ 70 ਫੀਸਦੀ ਮੁਸਲਿਮ ਵੋਟ ਮਿਲੇ ਸਨ, ਪਰ 2025 ਵਿੱਚ ਇਹ ਅੰਕੜਾ 40 ਫੀਸਦੀ ਤੱਕ ਡਿੱਗ ਗਿਆ। ਅਸਾਦੁੱਦੀਨ ਓਵੈਸੀ ਦੀ ਆਲ ਇੰਡੀਆ ਮਜ਼ਲਿਸ-ਏ-ਇੱਤਿਹਾਦੁਲ ਮੁਸਲਿਮੀਨ (ਏ ਆਈ ਐੱਮ ਆਈ ਐੱਮ) ਨੇ 5 ਸੀਟਾਂ ਜਿੱਤੀਆਂ ਅਤੇ ਆਰਜੇਡੀ ਨੂੰ ਘੱਟੋ-ਘੱਟ 20 ਸੀਟਾਂ 'ਤੇ ਨੁਕਸਾਨ ਪਹੁੰਚਾਇਆ।

ਤੀਜਾ ਕਾਰਨ ਹੈ ਗਠਜੋੜ ਦੀ ਰਣਨੀਤੀ। ਆਰਜੇਡੀ ਨੇ 143 ਸੀਟਾਂ 'ਤੇ ਲੜ ਕੇ ਆਪਣੇ ਵੋਟਾਂ ਨੂੰ ਫੈਲਾ ਦਿੱਤਾ, ਜਦਕਿ ਐੱਨਡੀਏ ਨੇ ਵਿਆਪਕ ਗਠਜੋੜ ਨਾਲ ਵੋਟਾਂ ਨੂੰ ਕੇਂਦਰਿਤ ਕੀਤਾ। ਚਿਰਾਗ ਪਾਸਵਾਨ ਦੀ ਐੱਲਜੇਪੀ ਨੇ ਸਿਰਫ਼ 29 ਸੀਟਾਂ 'ਤੇ ਲੜ ਕੇ 19 ਜਿੱਤੀਆਂ, ਕਿਉਂਕਿ ਉਹ ਦਲਿਤ ਅਤੇ ਪਾਸਵਾਨ ਵੋਟ ਬੈਂਕ ਨੂੰ ਟਾਰਗੈਟ ਕੀਤਾ।

ਵਿਰੋਧੀ ਪਾਰਟੀਆਂ ਨੇ ਨਤੀਜੇ ਐਲਾਨ ਹੋਣ ਤੋਂ ਤੁਰੰਤ ਬਾਅਦ ਹੀ ਚੋਣ ਨਤੀਜਿਆਂ 'ਤੇ ਸਵਾਲ ਉਠਾਏ ਸਨ। ਤੇਜ਼ਸਵੀ ਯਾਦਵ ਨੇ ਟਵਿੱਟਰ (ਐੱਕਸ) 'ਤੇ ਲਿਖਿਆ, "ਚੋਣ ਮਸ਼ੀਨਾਂ ਵਿੱਚ ਗੜਬੜੀ ਹੋਈ ਹੈ। ਅਸੀਂ ਸੁਪਰੀਮ ਕੋਰਟ ਜਾਵਾਂਗੇ।" ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੀ ਕਿਹਾ, "ਬਿਹਾਰ ਵਿੱਚ ਡੈਮੋਕਰੇਸੀ ਨੂੰ ਮਾਰਨ ਦੀ ਸਾਜ਼ਿਸ਼ ਹੈ। ਈਵੀਐੱਮ ਨੂੰ ਰੀ-ਕਾਉਂਟ ਕਰੋ।" ਏ ਆਈ ਐੱਮ ਆਈ ਐੱਮ ਦੇ ਓਵੈਸੀ ਨੇ ਆਰੋਪ ਲਗਾਇਆ ਕਿ "ਬੀਜੇਪੀ ਨੇ ਈਵੀਐੱਮ ਹੈਕ ਕੀਤੀਆਂ ਹਨ, ਮੁਸਲਿਮ ਖੇਤਰਾਂ ਵਿੱਚ ਵੋਟ ਘੱਟ ਗਿਣੇ ਗਏ ਹਨ।" ਸੀਪੀਐੱਮ ਦੇ ਬ੍ਰਹਮੋ ਘੋਸ਼ ਨੇ ਕਿਹਾ, "ਇਹ ਚੋਣ ਨਹੀਂ, ਡਾਕਾ ਹੈ। ਐੱਨਡੀਏ ਨੇ ਚੋਣ ਅਧਿਕਾਰੀਆਂ ਨੂੰ ਖਰੀਦ ਲਿਆ ਹੈ।"

ਨਿਰਪੱਖ ਪੱਤਰਕਾਰਾਂ ਨੇ ਵੀ ਇਸ 'ਤੇ ਚਰਚਾ ਸ਼ੁਰੂ ਕੀਤੀ। ਪੱਤਰਕਾਰ ਰਵੀਸ਼ ਕੁਮਾਰ ਨੇ ਆਪਣੇ ਫੇਸਬੁੱਕ ਪੇਜ 'ਤੇ ਲਿਖਿਆ, "ਗਣਿਤ ਕੋਈ ਜਾਦੂ ਨਹੀਂ। ਆਰਜੇਡੀ ਨੇ 143 ਸੀਟਾਂ 'ਤੇ ਲੜੀ, ਐੱਲਜੇਪੀ ਨੇ 29। ਵੋਟ ਸ਼ੇਅਰ ਵਧਣਾ ਇਸ ਲਈ ਹੈ ਕਿਉਂਕਿ ਉਨ੍ਹਾਂ ਨੇ ਵੱਧ ਸੀਟਾਂ 'ਤੇ ਵੋਟ ਲਏ। ਪਰ ਹਰ ਸੀਟ 'ਤੇ ਵੇਖੋ - ਐੱਲਜੇਪੀ ਨੇ ਆਪਣੀਆਂ ਸੀਟਾਂ 'ਤੇ 40-50 ਫੀਸਦੀ ਵੋਟ ਲਏ, ਜਦਕਿ ਆਰਜੇਡੀ ਨੇ ਘੱਟੋ-ਘੱਟ। ਘਪਲੇ ਦੇ ਆਰੋਪ ਬਿਨਾਂ ਗਣਿਤ ਨੂੰ ਸਮਝੋ।" ਰਵੀਸ਼ ਨੇ ਅੱਗੇ ਕਿਹਾ, "ਚਿਰਾਗ ਦੇ ਵੋਟਾਂ ਵਿੱਚ ਜੇਡੀਯੂ-ਬੀਜੇਪੀ ਨੇ ਸੰਨ ਲਗਾਈ ਹੈ, ਅਤੇ ਔਰਤਾਂ ਦੇ 10 ਹਜ਼ਾਰ ਰੁਪਏ ਨੇ ਉਨ੍ਹਾਂ ਨੂੰ ਬੰਨ੍ਹ ਲਿਆ। ਇਹ ਰਾਜਨੀਤੀ ਹੈ, ਨਾ ਕਿ ਧੋਖਾ। ਆਰਜੇਡੀ ਨੇ ਨੌਜਵਾਨਾਂ 'ਤੇ ਧਿਆਨ ਨਹੀਂ ਦਿੱਤਾ, ਜੋ ਬੇਰੁਜ਼ਗਾਰੀ ਕਾਰਨ ਨਿਰਾਸ਼ ਸਨ। ਐੱਨਡੀਏ ਨੇ ਵਿਕਾਸ ਅਤੇ ਯੋਜਨਾਵਾਂ ਨਾਲ ਉਨ੍ਹਾਂ ਨੂੰ ਜੋੜਿਆ।"

ਬਿਹਾਰ ਦੀ ਚੋਣਾਂ ਨੇ ਰਾਸ਼ਟਰੀ ਪੱਧਰ 'ਤੇ ਵੀ ਅਸਰ ਪਾਇਆ ਹੈ। 2029 ਦੀਆਂ ਲੋਕ ਸਭਾ ਚੋਣਾਂ ਲਈ ਇਹ ਇੱਕ ਸੰਕੇਤ ਹੈ ਕਿ ਯੋਜਨਾਵਾਂ ਅਤੇ ਗਠਜੋੜ ਨਾਲ ਹੀ ਜਿੱਤ ਸੰਭਵ ਹੈ। ਨਿਰਪੱਖ ਪੱਤਰਕਾਰ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ, "ਆਰਜੇਡੀ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ। ਵੋਟ ਸ਼ੇਅਰ ਵਧਾਉਣ ਨਾਲ ਕੁਝ ਨਹੀਂ ਹੁੰਦਾ, ਸੀਟਾਂ ਨੂੰ ਟਾਰਗੈਟ ਕਰੋ।" ਉਹਨਾਂ ਨੇ ਅੱਗੇ ਕਿਹਾ ਕਿ ਘਪਲੇ ਦੇ ਆਰੋਪਾਂ ਨੂੰ ਜਾਂਚ ਨਾਲ ਹੱਲ ਕਰੋ, ਨਾ ਕਿ ਸੋਸ਼ਲ ਮੀਡੀਆ ਨਾਲ।

# ਅਨਮੋਲ ਬਿਸ਼ਨੋਈ ਨੂੰ ਦਿੱਲੀ ਅਦਾਲਤ ਨੇ 11 ਦਿਨਾਂ ਦੇ ਰਿਮਾਂਡ 'ਤੇ ਭੇਜਿਆ



ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਐਨਸੀਪੀ (NCP) ਆਗੂ ਬਾਬਾ ਸਿੱਦੀਕੀ ਦੇ ਕਤਲ ਦੇ ਮੁਲਜ਼ਮ ਅਨਮੋਲ ਬਿਸ਼ਨੋਈ ਨੂੰ 11 ਦਿਨਾਂ ਲਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (NIA) ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। NIA ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਭਰਾ ਅਤੇ ਕਰੀਬੀ ਸਾਥੀ ਅਨਮੋਲ ਨੂੰ, ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਗ੍ਰਿਫ਼ਤਾਰ ਕਰਕੇ, ਸ਼ਾਮ ਕਰੀਬ 5 ਵਜੇ ਸਖ਼ਤ ਸੁਰੱਖਿਆ ਹੇਠ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤਾ।

# ਨਸਲਾਂ ਬਚਾਉਣ ਲਈ ਇੱਕ ਜੋੜੇ ਦੇ ਦੋ ਜਾਂ ਤਿੰਨ ਬੱਚੇ ਹੋਣੇ ਜ਼ਰੂਰੀ : ਸਪੀਕਰ ਸੰਧਵਾਂ ਦੀ ਪੰਜਾਬੀਆਂ ਨੂੰ ਅਪੀਲ



ਫਰੀਦਕੋਟ-ਜੈਕਾਰਾ ਮੂਵਮੈਂਟ ਸ਼ੋਸ਼ਲ ਆਰਗੇਨਾਈਜੇਸ਼ਨ ਵੱਲੋਂ ਗੁਰਦਵਾਰਾ ਗੁਰੂ ਨਾਨਕ ਸਤਿਸੰਗ ਸਭਾ ਕੋਟਕਪੂਰਾ ਵਿਖੇ ਕਰਵਾਏ ਗਏ ਦਾਦੇ ਤੋਂ ਪੋਤੇ ਤੱਕ ਤਿੰਨ ਪੀੜ੍ਹੀਆਂ ਨਸ਼ਾ ਰਹਿਤ ਪਰਿਵਾਰਾਂ ਦੇ ਸਨਮਾਨ ਸਮਾਰੋਹ ਦੌਰਾਨ ਬਤੌਰ ਮੁੱਖ ਮਹਿਮਾਨ ਪੁੱਜੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੇ ਪ੍ਰਚਲਨ ਵਧਣ ਦਾ ਇੱਕ ਕਾਰਨ ਬੱਚਿਆਂ ਨੂੰ ਬਹੁਤਾ ਲਾਡਲਾ ਰੱਖਣਾ ਵੀ ਹੈ ਕਿਉਂਕਿ ਅਸੀਂ ਇੱਕੋ ਇੱਕ ਬੱਚੇ ਨੂੰ ਬਹੁਤ ਲਾਡਲਾ ਰੱਖਦੇ ਹਾਂ, ਦੂਜਾ ਬੱਚਿਆਂ ਵਿੱਚ ਵਿਦੇਸ਼ ਜਾਣ ਦਾ ਪ੍ਰਚਲਣ ਵਧਿਆ ਹੈ ਜਿਸ ਨਾਲ ਪੰਜਾਬੀਆਂ ਦੀ ਪੰਜਾਬ ਵਿਚਲੀ ਜਨਸੰਖਿਆਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਆਉਣ ਵਾਲੇ ਸਮੇਂ ਵਿੱਚ ਗੰਭੀਰ ਸਥਾਨਿਕ ਸਮੱਸਿਆਵਾਂ ਦਾ ਰੂਪ ਧਾਰਨਗੀਆਂ ਸਮੇਂ ਦੀ ਲੋੜ ਹੈ ਕਿ ਪੰਜਾਬੀ ਇੱਕ ਬੱਚੇ ਵਾਲੀ ਸੋਚ ਤਿਆਗਣ, ਨਸਲਾਂ ਬਚਾਉਣ ਲਈ ਇੱਕ ਜੋੜੇ ਦੇ, ਦੋ ਜਾਂ ਤਿੰਨ ਬੱਚੇ ਹੋਣੇ ਜ਼ਰੂਰੀ ਹਨ।

# ਪੰਜਾਬ ਸਰਕਾਰ ਵਲੋਂ ਆਈਏਐੱਸ ਤੇ ਆਈਪੀਐੱਸ ਅਧਿਕਾਰੀਆਂ ਨੂੰ ਵ੍ਹਟਸਐਪ ਗਰੁੱਪ ਛੱਡਣ ਦੇ ਹੁਕਮ

## ✪ ਸਰਕਾਰ ਦੇ ਫੈਸਲੇ ਤੋਂ ਅਫ਼ਸਰਸ਼ਾਹੀ ਕਿਉ ਨਾਰਾਜ਼

ਚੰਡੀਗੜ੍ਹ-ਪੰਜਾਬ ਸਰਕਾਰ ਦੇ ਆਈਏਐੱਸ ਤੇ ਆਈਪੀਐੱਸ ਅਧਿਕਾਰੀ ਉਹ ਵ੍ਹਟਸਐਪ ਗਰੁੱਪ ਛੱਡ ਰਹੇ ਹਨ ਜਿਨ੍ਹਾਂ ’ਚ ਅਧਿਕਾਰੀਆਂ ਤੋਂ ਬਿਨਾਂ ਰਾਜਸੀ ਲੋਕ ਤੇ ਪੱਤਰਕਾਰ ਵੀ ਸ਼ਾਮਲ ਹਨ। ਸੂਤਰਾਂ ਅਨੁਸਾਰ ਅਜਿਹਾ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਤਹਿਤ ਕੀਤਾ ਗਿਆ। ਹਾਲਾਂਕਿ ਇਸ ਸਬੰਧੀ ਕੋਈ ਲਿਖਤੀ ਪੱਤਰ ਜਾਰੀ ਨਹੀਂ ਕੀਤਾ ਗਿਆ ਪਰ ਸੂਤਰਾਂ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੂੰ ਇਸ ਸਬੰਧੀ ਜ਼ਬਾਨੀ ਨਿਰਦੇਸ਼ ਦਿੱਤਾ ਗਿਆ ਹੈ।

ਪਿਛਲੇ ਕੁਝ ਦਿਨਾਂ ਤੋਂ ਇਕ-ਇਕ ਕਰ ਕੇ ਪੰਜਾਬ ਸਰਕਾਰ ਦੇ ਕਈ ਅਧਿਕਾਰੀ ਇਕ ਵੱਡਾ ਵ੍ਹਟਸਐਪ ਗਰੁੱਪ ਛੱਡ ਜਿਸ ਵਿਚ ਪੰਜਾਬ, ਹਰਿਆਣਾ, ਚੰਡੀਗੜ੍ਹ ਨੂੰ ਕਵਰ ਕਰਨ ਵਾਲੇ ਪੱਤਰਕਾਰ, ਆਈਏਐੱਸ, ਆਈਪੀਐੱਸ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ, ਕੁਝ ਸਿਆਸੀ ਆਗੂ, ਸਿਆਸੀ ਪਾਰਟੀਆਂ ਦੇ ਪੀਆਰਓ ਸਮੇਤ ਕਈ ਹੋਰ ਵਿਅਕਤੀ ਸ਼ਾਮਲ ਹਨ। ਇਹ ਗਰੁੱਪ ਪਿਛਲੀਆਂ ਸਰਕਾਰਾਂ ਸਮੇਂ ਤੋਂ ਚੱਲਦਾ ਆ ਰਿਹਾ ਹੈ ਇਸ ਗਰੁੱਪ ’ਚ ਆਮ ਤੌਰ ’ਤੇ ਸੂਚਨਾਵਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਅਕਸਰ ਜਨਤਕ ਮੁੱਦਿਆਂ ’ਤੇ ਚਰਚਾ ਹੁੰਦੀ ਹੈ। ਇਸ ਗਰੁੱਪ ਵਿਚ ਸ਼ਾਮਲ ਪੱਤਰਕਾਰ ਤੇ ਹੋਰ ਲੋਕ ਸਮੇਂ-ਸਮੇਂ ’ਤੇ ਬਿਜਲੀ, ਸੀਵਰੇਜ ਸਮੇਤ ਕਈ ਜਨਤਕ ਸਮੱਸਿਆਵਾਂ ਬਾਰੇ ਅਫ਼ਸਰਸ਼ਾਹੀ ਨੂੰ ਸੁਚੇਤ ਕਰਦੇ ਰਹਿੰਦੇ ਹਨ। ਸਿਆਸੀ ਆਗੂ ਤੇ ਅਧਿਕਾਰੀ ਇਨ੍ਹਾਂ ਦਾ ਨੋਟਿਸ ਲੈਂਦੇ ਹਨ ਤੇ ਸਮੱਸਿਆਵਾਂ ਦਾ ਹੱਲ ਵੀ ਕਰਵਾਉਂਦੇ ਹਨ।

ਪਿਛਲੇ ਦਿਨਾਂ ਵਿਚ ਹੜ੍ਹ ਦੌਰਾਨ ਸਰਕਾਰ ਨੂੰ ਇਸ ਗਰੁੱਪ ਜ਼ਰੀਏ ਕਾਫ਼ੀ ਜਾਣਕਾਰੀ ਵੀ ਮਿਲਦੀ ਰਹੀ ਹੈ। ਜਦਕਿ ਸੂਚਨਾਵਾਂ ਜਨਤਕ ਕਰਨ ਲਈ ਬਣਾਇਆ ਗਿਆ ਲੋਕ ਸੰਪਰਕ ਵਿਭਾਗ ਤੇ ਆਮ ਆਦਮੀ ਪਾਰਟੀ ਹੋਰ ਸਿਆਸੀ ਪਾਰਟੀਆਂ ਦੇ ਵ੍ਹਟਸਐਪ ਗਰੁੱਪ ਸਿੰਗਲ ਟ੍ਰੈਕ ਹਨ। ਉਨ੍ਹਾਂ ’ਚ ਸਿਰਫ਼ ਉਹੀ ਜਾਣਕਾਰੀ ਮਿਲਦੀ ਹੈ ਜੋ ਸਰਕਾਰ ਜਾਂ ਪਾਰਟੀ ਵੱਲੋਂ ਸ਼ੇਅਰ ਕੀਤੀ ਜਾਂਦੀ ਹੈ। ਕੋਈ ਹੋਰ ਵਿਅਕਤੀ ਇਸ ਵਿੱਚ ਕੋਈ ਪੋਸਟ ਜਾਂ ਜਾਣਕਾਰੀ ਸ਼ੇਅਰ ਨਹੀਂ ਕਰ




ਸਕਦਾ। ਪਿਛਲੇ ਦੋ-ਤਿੰਨ ਦਿਨਾਂ ਦੌਰਾਨ ਇਕ ਦਰਜਨ ਤੋਂ ਵੱਧ ਅਧਿਕਾਰੀ ਇਹ ਗਰੁੱਪ ਛੱਡ ਚੁੱਕੇ ਹਨ। ਹਾਲਾਂਕਿ ਕੋਈ ਵੀ ਇਸ ਬਾਰੇ ਖੁੱਲ੍ਹ ਕੇ ਬੋਲਣ ਲਈ ਤਿਆਰ ਨਹੀਂ ਪਰ ਸੂਤਰਾਂ ਦਾ ਕਹਿਣਾ ਹੈ ਕਿ ਸਿਵਲ ਸਕੱਤਰੇਤ ਦੀ ਛੇਵੀਂ ਮੰਜ਼ਲ ਸਥਿਤ ਇਕ ਖਾਸ ਵਿਭਾਗ ਦੇ ਉੱਚ ਅਧਿਕਾਰੀ ਨੇ ਅਫ਼ਸਰਾਂ ਨੂੰ ਜ਼ਬਾਨੀ ਨਿਰਦੇਸ਼ ਦਿੱਤੇ ਹਨ ਕਿ ਉਹ ਇਸ ਤਰ੍ਹਾਂ ਦੇ ਜਨਤਕ ਵ੍ਹਟਸਐਪ ਗਰੁੱਪ ਤੋਂ ਬਾਹਰ ਹੋ ਜਾਣ। ਸਿਵਲ ਤੇ ਪੁਲਿਸ ਦੋਵਾਂ ਅਧਿਕਾਰੀਆਂ ’ਤੇ ਗਰੁੱਪ ਛੱਡਣ ਲਈ ਦਬਾਅ ਬਣਿਆ ਹੋਇਆ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਸਰਕਾਰ ਨੇ ਅਜਿਹਾ ਫ਼ੈਸਲਾ ਕਿਉਂ ਲਿਆ ਹੈ। ਗਰੁੱਪ ਛੱਡਣ ਵਾਲੇ ਅਫ਼ਸਰ ਕੁੱਝ ਵੀ ਕਹਿਣ ਨੂੰ ਤਿਆਰ ਨਹੀਂ ਹਨ, ਪਰ ਉਨ੍ਹਾਂ ਅੰਦਰ ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ਼ ਕਾਫ਼ੀ ਨਾਰਾਜ਼ਗੀ ਹੈ। ਦਿਲਚਸਪ ਗੱਲ ਹੈ ਕਿ ਇਕ ਪਾਸੇ ਸਰਕਾਰ ਅਫ਼ਸਰਸ਼ਾਹੀ ਤੱਕ ਆਮ ਲੋਕਾਂ ਦੀ ਪਹੁੰਚ ਸੁਖਾਲੀ ਹੋਣ ਦੇ ਦਾਅਵੇ ਕਰ ਰਹੀ ਹੈ ਤੇ ਦੂਜੇ ਪਾਸੇ ਅਧਿਕਾਰੀ ਗਰੁੱਪ ਵਿੱਚੋਂ ਬਾਹਰ ਹੋ ਰਹੇ ਹਨ।

ਉਧਰ ਸਮਾਜ ਸ਼ਾਸਤਰੀ ਪ੍ਰੋਫੈਸਰ ਮਨਜੀਤ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਅਧਿਕਾਰੀਆਂ ਤੇ ਕੋਈ ਗਰੁੱਪ ਛੱਡਣ ਦਾ ਦਬਾਅ ਬਣਾਉਣਾ ਉਹਨਾਂ ਦੇ ਬੁਨਿਆਦੀ ਹੱਕ ਤੇ ਸਿੱਧਾ ਹਮਲਾ ਹੈ ਉਹਨਾਂ ਕਿਹਾ ਕਿ ਇਹ ਵਿਅਕਤੀ ਦਾ ਨਿੱਜੀ ਮਸਲਾ ਹੈ ਕਿ ਉਸ ਨੇ ਸੋਸ਼ਲ ਮੀਡੀਆ ਦੇ ਕਿਸ ਗਰੁੱਪ ਵਿੱਚ ਸ਼ਾਮਿਲ ਹੋਣਾ ਹੈ ਜਾਂ ਨਹੀਂ।

ਆਮ ਰਾਜ ਪ੍ਰਬੰਧ ਵਿਭਾਗ ਦੀ ਪ੍ਰਿੰਸੀਪਲ ਸਕੱਤਰ ਗੋਰੀ ਪਰਾਸ਼ਰ ਜੋਸ਼ੀ ਨੇ ਦੱਸਿਆ ਕਿ ਆਮ ਰਾਜ ਪ੍ਰਬੰਧ ਵਿਭਾਗ ਨੇ ਕੋਈ ਗਰੁੱਪ ਨਹੀਂ ਬਣਾਇਆ ਉਹ ਇਸ ਬਾਰੇ ਹੀ ਦੱਸ ਸਕਦੇ ਹਨ।

# ਲੁਟੇਰਿਆਂ ਦਾ ਵਿਰੋਧ ਕਰਨ ’ਤੇ ਗਾਰਡਾਂ ’ਤੇ ਹਮਲਾ, ਸਿਰ ’ਤੇ 25 ਲੱਗੇ ਟਾਂਕੇ

ਲੁਧਿਆਣਾ-ਬੀਤੇ ਦਿਨੀਂ ਲੁਧਿਆਣਾ ਦੇ ਢੰਡਾਰੀ ਕਲਾਂ ਇਲਾਕੇ ਵਿੱਚ ਇੱਕ ਫੈਕਟਰੀ ਵਿੱਚ ਤਿੰਨ ਹਥਿਆਰਬੰਦ ਅਪਰਾਧੀ ਦਾਖਲ ਹੋਏ ਅਤੇ ਡਕੈਤੀ ਦਾ ਵਿਰੋਧ ਕਰਨ ’ਤੇ ਦੋ ਸੁਰੱਖਿਆ ਗਾਰਡਾਂ ਅਤੇ ਇੱਕ ਸੁਪਰਵਾਈਜ਼ਰ ’ਤੇ ਜਾਨਲੇਵਾ ਹਮਲਾ ਕਰ ਦਿੱਤਾ। ਇੱਕ ਗਾਰਡ ਦੇ ਸਿਰ ’ਤੇ 25 ਟਾਂਕੇ ਲੱਗੇ ਅਤੇ ਉਸ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਬਾਕੀ ਦੋ ਨੂੰ ਵੀ ਗੰਭੀਰ ਸੱਟਾਂ ਲੱਗੀਆਂ।



ਜ਼ਖਮੀ ਸੁਰੱਖਿਆ ਗਾਰਡ ਸ਼ਿਵ ਕੁਮਾਰ

ਨੇ ਹਸਪਤਾਲ ਨੂੰ ਦੱਸਿਆ ਕਿ ਅਪਰਾਧੀ ਰਾਤ ਨੂੰ ਫੈਕਟਰੀ ਕੋਲੋਂ ਲੰਘ ਰਹੇ ਇੱਕ ਵਿਅਕਤੀ ਨੂੰ ਲੁੱਟਣ ਦੀ ਕੋਸ਼ਿਸ਼ ਕਰ ਰਹੇ ਸਨ। ਰੌਲਾ ਸੁਣ ਕੇ ਉਹ ਬਾਹਰ ਆਇਆ ਅਤੇ ਉਸ ਵਿਅਕਤੀ ਨੂੰ ਲੁਟੇਰਿਆਂ ਤੋਂ ਬਚਾਇਆ। ਨਤੀਜੇ ਵਜੋਂ, ਅਪਰਾਧੀ ਫੈਕਟਰੀ ਵਿੱਚ ਦਾਖਲ ਹੋਏ ਅਤੇ ਉਹ ਤੇਜ਼ ਹਥਿਆਰਾਂ ਅਤੇ ਲੋਹੇ ਦੀਆਂ ਰਾਡਾਂ ਨਾਲ ਲੈਸ ਸਨ। ਉਨ੍ਹਾਂ ਨੇ ਅਚਾਨਕ ਸ਼ਿਵ ਕੁਮਾਰ, ਗਾਰਡ ਗੁਰਮੁਖ ਅਤੇ ਸੁਰੱਖਿਆ ਸੁਪਰਵਾਈਜ਼ਰ ਅਜੀਤ ’ਤੇ ਹਮਲਾ ਕਰ ਦਿੱਤਾ। ਘਟਨਾ ਦੀ ਜਾਣਕਾਰੀ ਮਿਲਦੇ ਹੀ, ਫੈਕਟਰੀ ਮਾਲਕ ਤੁਰੰਤ ਮੌਕੇ ’ਤੇ ਪਹੁੰਚਿਆ ਅਤੇ ਖੂਨ ਨਾਲ ਲੱਥਪਥ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਮਾਲਕ ਨੇ ਦੱਸਿਆ ਕਿ ਉਸਨੇ ਪੂਰੀ ਘਟਨਾ ਦੀ ਸੂਚਨਾ ਫੋਕਲ ਪੁਆਇੰਟ ਪੁਲਿਸ ਸਟੇਸ਼ਨ ਨੂੰ ਦੇ ਦਿੱਤੀ ਹੈ ਅਤੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਯੂਨੀਵਰਸਿਟੀ ਮਾਮਲੇ ’ਚ ਵਿਦਿਆਰਥੀਆਂ ਦੀ ਹਮਾਇਤ

## ✪ ਪਾਰਟੀ ਲੀਹਾਂ ਤੋਂ ਉਪਰ ਉੱਠ ਕੇ ਹਰ ਕਿਸੇ ਨੂੰ ਹਮਾਇਤ ਕਰਨ ਦਾ ਸੱਦਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਸਮਾਜਿਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਯੂਨੀਵਰਸਿਟੀ ਮਾਮਲੇ ਵਿਚ ਪਾਰਟੀ ਲੀਹਾਂ ਤੋਂ ਉਠ ਕੇ ਹਮਾਇਤ ਕਰਨ। ਇਥੇ ਪੰਜਾਬ ਯੂਨੀਵਰਸਿਟੀ ਦੇ ਰੋਸ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਮੇਂ ਦੀ ਜ਼ਰੂਰਤ ਹੈ ਕਿ ਇਕ ਮਜ਼ਬੂਤ ਸੁਨੇਹਾ ਦਿੱਤਾ ਜਾਵੇ ਕਿ ਪੰਜਾਬੀ ਕਦੇ ਵੀ ਇਸ ਯੂਨੀਵਰਸਿਟੀ ਨੂੰ ਪੰਜਾਬ ਤੋਂ ਖੋਹਣ ਨਹੀਂ ਦੇਣਗੇ। ਉਹਨਾਂ ਕਿਹਾ ਕਿ ਉਹ ਕਿਸੇ ਯਤਨ ਦਾ ਸਿਹਰਾ ਨਹੀਂ ਲੈਣਾ ਚਾਹੁੰਦੇ ਪਰ ਪੰਜਾਬੀਆਂ ਨੂੰ ਸੂਬੇ ਤੋਂ ਪੰਜਾਬ ਯੂਨੀਵਰਸਿਟੀ ਖੋਹਣ ਦੇ ਕਿਸੇ ਵੀ ਕਦਮ ਦੀ ਵਿਰੋਧਤਾ ਵਾਸਤੇ ਇਕਜੁੱਟ ਹੋਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਸੂਬੇ ਦਾ ਪ੍ਰਤੀਕ ਚਿੰਨ ਹੈ ਅਤੇ ਇਹ ਉਹਨਾਂ ਲਈ ਇਕ ਭਾਵੁਕ ਮਾਮਲਾ ਹੈ। ਉਹਨਾਂ ਕਿਹਾ ਕਿ ਉਹ ਚਾਰ ਸਾਲ ਤੱਕ ਯੂਨੀਵਰਸਿਟੀ ਵਿਚ ਪੜ੍ਹੇ ਹਨ ਅਤੇ ਇਸ ਯੂਨੀਵਰਸਿਟੀ ਦੇ ਕੇਂਦਰੀਕਰਨ ਦੇ ਕਿਸੇ ਵੀ ਯਤਨ ਦੇ ਵਿਰੋਧ ਲਈ ਸਾਨੂੰ ਇਕ ਮੰਚ ’ਤੇ ਇਕਜੁੱਟ ਹੋਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਇਹ ਪੰਜਾਬ ਦੀ ਮਹਤਵਪੂਰਨ ਯੂਨੀਵਰਸਿਟੀ ’ਤੇ ਕਬਜ਼ਾ ਕਰਨ ਦਾ ਪਹਿਲਾ ਯਤਨ ਹੈ ਤੇ ਇਸ ਮਗਰੋਂ ਚੰਡੀਗੜ੍ਹ ਦਾ ਸਰੂਪ ਬਦਲਣ ਲਈ ਹੋਰ ਕਦਮ ਤਿਆਰ ਹਨ।

ਉਹਨਾਂ ਕਿਹਾ ਕਿ ਉਹਨਾਂ ਨੂੰ ਪਤਾ ਲੱਗਾ ਹੈ ਕਿ ਚੰਡੀਗੜ੍ਹ ਵਿਚ ਭਰਤੀ ਦੀ ਵੱਖਰੀ ਨੀਤੀ ਤਿਆਰ ਕੀਤੀ ਜਾ ਰਹੀ ਹੈ। ਉਹਨਾਂ ? ਕਿਹਾ ਕਿ ਜਦੋਂ 1966 ਵਿਚ ਸੂਬੇ ਦਾ ਪੁਨਰਗਠਨ ਕੀਤਾ ਗਿਆ ਸੀ ਤਾਂ ਇਹ ਫੈਸਲਾ ਹੋਇਆ ਸੀ ਕਿ ਪੰਜਾਬ ਅਤੇ ਹਰਿਆਣਾ ਤੋਂ 60:40 ਦੇ ਅਨੁਪਾਤ ਵਿਚ ਅਫਸਰ ਤਾਇਨਾਤ ਕੀਤੇ ਜਾਣਗੇ ਪਰ ਹੁਣ ਹੋਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਤਰਜ਼ ’ਤੇ ਚੰਡੀਗੜ੍ਹ ਲਈ



ਵੱਖਰਾ ਕੇਡਰ ਤਿਆਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲਾ ਵਫਦ ਜਲਦੀ ਹੀ ਉਪ ਰਾਸ਼ਟਰਪਤੀ ਨੂੰ ਮਿਲੇਗਾ ਤੇ ਮਾਮਲੇ ਵਿਚ ਉਹਨਾਂ ਦੇ ਦਖਲ ਦੀ ਮੰਗ ਕਰੇਗਾ। ਉਹਨਾਂ ਕਿਹਾ ਕਿ ਅਕਾਲੀ ਦਲ ਪੰਜਾਬ ਯੂਨੀਵਰਸਿਟੀ ਦਾ ਸਰੂਪ ਬਦਲਨ ਦੇ ਕਿਸੇ ਵੀ ਯਤਨ ਦੇ ਵਿਰੋਧ ਵਿਚ ਆਪਣੀ ਭੂਮਿਕਾ ਨਿਭਾਉਣ ਵਾਸਤੇ ਤਿਆਰ ਹੈ ਅਤੇ ਉਹ ਇਸ ਮੁਹਿੰਮ ਦੀ ਅਗਵਾਈ ਕਰਨ ਵਾਸਤੇ ਵੀ ਤਿਆਰ ਹੈ।

ਇਸ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਨੂੰ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਮਾਮਲੇ ’ਤੇ ਤਾਜ਼ਾ ਘਟਨਾਕ੍ਰਮ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਵਾਈਸ ਚਾਂਸਲਰ ਨੇ ਉਹਨਾਂ ਨੂੰ ਦੱਸਿਆ ਹੈ ਕਿ ਉਹਨਾਂ ਨੇ ਸੈਨੇਟ ਦੀਆਂ ਚੋਣਾਂ ਕਰਵਾਉਣ ਵਾਸਤੇ ਸਬੰਧਤ ਅਧਿਕਾਰੀਆਂ ਨੂੰ ਤਜਵੀਜ਼ ਭੇਜੀ ਹੈ ਤੇ ਉਹ ਪ੍ਰਵਾਨਗੀ ਦੀ ਉਡੀਕ ਵਿਚ ਹਨ। ਵਿਦਿਆਰਥੀਆਂ ਨੇ ਸਵਾਲ ਖੜ੍ਹਾ ਕੀਤਾ ਕਿ ਜਦੋਂ ਕੇਂਦਰ ਸਰਕਾਰ ਕੁਝ ਹੀ ਘੰਟਿਆਂ ਵਿਚ ਦੋ ਨੋਟੀਫਿਕੇਸ਼ਨ ਜਾਰੀ ਕਰ ਸਕਦੀ ਹੈ ਤਾਂ ਫਿਰ ਵਾਈਸ ਚਾਂਸਲਰ ਦੀ ਤਜਵੀਜ਼ ਨੂੰ ਬਿਨਾਂ ਦੇਰੀ ਤੋਂ ਪ੍ਰਵਾਨਗੀ ਕਿਉਂ ਨਹੀਂ ਮਿਲ ਸਕਦੀ।

# ਪੰਜਾਬ ਵਿੱਚ ਗੈਂਗਸਟਰਾਂ ਦੀ ਹਿੰਸਾ ਵਧੀ, ਲੁੱਟਮਾਰ ਤੇ ਕਤਲ ਹੋਣ ਲੱਗੇ

## ਪੁਲਿਸ ਪ੍ਰਬੰਧ ਢਿਲੇ ਪਏ, ਫਿਰੌਤੀਆਂ ਦਾ ਰੁਝਾਨ ਵਧਿਆ




ਅੰਮ੍ਰਿਤਸਰ/ਬੰਗਾ-ਪੰਜਾਬ ਵਿੱਚ ਗੈਂਗਸਟਰ ਹਿੰਸਾ ਨੇ ਇੱਕ ਵਾਰ ਫਿਰ ਡਰਾਉਣ ਵਾਲਾ ਰੂਪ ਅਪਨਾ ਲਿਆ ਹੈ। ਰਾਜ ਵਿੱਚ ਲੁਟਮਾਰ, ਧਮਕੀਆਂ ਅਤੇ ਖੁੱਲ੍ਹੀ ਹਿੰਸਾ ਨੇ ਆਮ ਲੋਕਾਂ ਦੇ ਜੀਵਨ ਨੂੰ ਅਸੁਰੱਖਿਅਤ ਬਣਾ ਦਿੱਤਾ ਹੈ। ਇੱਕ ਪਾਸੇ ਗਾਇਕ ਮਨਕੀਰਤ ਔਲਖ ਅਤੇ ਵਪਾਰੀਆਂ ਨੂੰ ਲਾਰੈਂਸ ਬਿਸ਼ਨੋਈ ਗਿਰੋਹ ਵੱਲੋਂ ਜਾਨਲੇਵਾ ਧਮਕੀਆਂ ਮਿਲ ਰਹੀਆਂ ਹਨ, ਉੱਧਰ ਬੰਗਾ ਵਿੱਚ ਪੰਜ ਨੌਜਵਾਨਾਂ 'ਤੇ ਗੋਲੀਬਾਰੀ ਅਤੇ ਅੰਮ੍ਰਿਤਸਰ ਬੱਸ ਸਟੈਂਡ 'ਤੇ ਤਾੜ-ਤਾੜ ਗੋਲੀਆਂ ਚੱਲਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਘਟਨਾਵਾਂ ਨਾ ਸਿਰਫ਼ ਰਾਜ ਦੀ ਕਾਨੂੰਨ ਵਿਵਸਥਾ ਨੂੰ ਚੁਣੌਤੀ ਦੇ ਰਹੀਆਂ ਹਨ, ਸਗੋਂ ਸਵਾਲ ਉਠਾ ਰਹੀਆਂ ਹਨ ਕਿ ਅਜਿਹੀ ਹਿੰਸਾ ਵਧਣ ਦੇ ਪਿੱਛੇ ਕੀ ਕਾਰਨ ਹਨ ਅਤੇ ਪੰਜਾਬ ਸਰਕਾਰ ਕਿਉਂ ਇਸ ਨੂੰ ਕਾਬੂ ਨਹੀਂ ਕਰ ਸਕੀ?

ਸੁਰੱਖਿਆ ਮਾਹਿਰਾਂ ਅਨੁਸਾਰ, ਪੰਜਾਬ ਵਿੱਚ ਗੈਂਗਸਟਰੀ ਦੀ ਜੜ੍ਹ ਨਸ਼ੀਲੇ ਪਦਾਰਥਾਂ ਦੇ ਵਪਾਰ, ਰੇਤ ਮਾਫੀਆ ਵਿੱਚ ਛੁਪੀ ਹੋਈ ਹੈ। ਲਾਰੈਂਸ ਬਿਸ਼ਨੋਈ ਵਰਗੇ ਗੈਂਗਸਟਰ ਜੇਲ੍ਹਾਂ ਵਿੱਚੋਂ ਵੀ ਆਪਣੇ ਨੈੱਟਵਰਕ ਨੂੰ ਚਲਾ ਰਹੇ ਹਨ। ਉਹ ਵਟਸਐਪ ਅਤੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਧਮਕੀਆਂ ਭੇਜੀ ਰਹੇ ਹਨ। ਅੰਮ੍ਰਿਤਸਰ ਵਿੱਚ ਵਪਾਰੀ ਗੁਰਮੀਤ ਸਿੰਘ ਬਬਲੂ ਨੂੰ ਮਿਲੀ ਧਮਕੀ ਇਸ ਦਾ ਸਪੱਸ਼ਟ ਉਦਾਹਰਨ ਹੈ। ਮੁਲਜ਼ਮ ਨੇ ਆਪਣੇ ਆਪ ਨੂੰ ਬਿਸ਼ਨੋਈ ਦਾ ਸਾਥੀ ਬਿਆਨ ਕਰਕੇ ਨਾ ਸਿਰਫ਼ ਬਬਲੂ ਨੂੰ, ਸਗੋਂ ਔਲਖ, ਰੰਧਾਵਾ ਅਤੇ ਹੋਰਨਾਂ ਨੂੰ ਵੀ ਨਿਸ਼ਾਨਾ ਬਣਾਇਆ। ਪੀੜਤ ਨੇ ਸੀਪੀ ਗੁਰਪ੍ਰੀਤ ਸਿੰਘ ਭੁੱਲਰ ਕੋਲ ਸ਼ਿਕਾਇਤ ਦਰਜ ਕਰਵਾਈ, ਪਰ ਐਫਆਈਆਰ ਨਾ ਰਜਿਸਟਰ ਹੋਣਾ ਪੁਲੀਸ ਲਾਪਰਵਾਹੀ ਨੂੰ ਜ਼ਾਹਿਰ ਕਰਦਾ ਹੈ। ਏਸੀਪੀ ਨੇ ਜਾਂਚ ਦਾ ਭਰੋਸਾ ਦਿੱਤਾ, ਪਰ ਅਜਿਹੀਆਂ ਘਟਨਾਵਾਂ ਵਾਰ-ਵਾਰ ਦੇਖਣ ਨੂੰ ਮਿਲ ਰਹੀਆਂ ਹਨ।

ਬੰਗਾ ਵਿੱਚ ਵੀ ਪੁਰਾਣੀ ਰੰਜਿਸ਼ ਨੇ ਗੰਭੀਰ ਰੂਪ ਲਿਆ। ਬੱਸ ਅੱਡੇ ਕੋਲ ਐੱਸਯੂਵੀ ਵਿੱਚ ਸਵਾਰ ਰਿੰਪਲ ਪੂਨੀ, ਮਨਦੀਪ ਸਿੰਘ, ਸਾਹਿਲ, ਸੁਜ਼ਨ ਅਤੇ ਹਰਪ੍ਰੀਤ ਨੂੰ ਗੋਲੀਆਂ ਮਾਰੀਆਂ ਗਈਆਂ। ਜ਼ਖ਼ਮੀ ਨੌਜਵਾਨਾਂ ਨੂੰ ਲੁਧਿਆਣਾ ਰੈਫਰ ਕੀਤਾ ਗਿਆ। ਪੁਲੀਸ ਨੇ ਕੇਸ ਦਰਜ ਕੀਤਾ ਅਤੇ ਡਾ. ਮਹਿਤਾਬ ਸਿੰਘ ਦੀ ਅਗਵਾਈ ਵਿੱਚ ਟੀਮਾਂ ਬਣਾਈਆਂ, ਪਰ ਹਮਲਾਵਰ ਫ਼ਰਾਰ ਹਨ। ਇਹ ਘਟਨਾ ਦਰਸਾਉਂਦੀ ਹੈ ਕਿ ਰੰਜਿਸ਼ਾਂ ਨੂੰ ਸਮੇਂ ਸਿਰ ਨਾ ਨਿਪਟਾਉਣ ਨਾਲ ਗੈਂਗ ਵਾਰ ਵਧਦੇ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਬੱਸ ਸਟੈਂਡ 'ਤੇ ਨਿੱਜੀ ਬੱਸਾਂ ਦੇ ਕਰਮਚਾਰੀਆਂ ਵਿਚਕਾਰ ਝਗੜੇ ਨੇ ਹਿੰਸਕ ਰੂਪ ਲੈ ਲਿਆ। ਇੱਕ ਵਿਅਕਤੀ ਨੇ ਗੋਲੀਆਂ ਚਲਾਈਆਂ, ਜਿਸ ਨਾਲ ਮੱਖਣ ਨਾਂ ਦੇ ਕਰਮਚਾਰੀ ਦੀ ਮੌਤ ਹੋ ਗਈ। ਐੱਸਪੀ ਗਗਨਦੀਪ ਸਿੰਘ ਨੇ ਕਿਹਾ ਕਿ ਇਹ ਸਵਾਰੀਆਂ ਨੂੰ ਚੁੱਕਣ ਦੀ ਲੜਾਈ ਸੀ, ਪਰ ਅਜਿਹੇ ਵਾਕਿਆ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰ ਰਹੇ ਹਨ।

ਬੀਤੇ ਦਿਨੀਂ ਅਟਵਾਲ ਕਲੋਨੀ ਦੇ ਐਮਡੀ ਮਨਦੀਪ ਸਿੰਘ ਗੋਰਾ ਉਪਰ ਹੋਈ ਗੋਲੀਬਾਰੀ ਦੇ ਸਬੰਧ ਵਿੱਚ, ਫਿਲੌਰ ਪੁਲਿਸ ਨੇ ਗੈਂਗਸਟਰ ਰਿਤਿਸ਼ ਉਰਫ ਰਾਹੁਲ ਦੇ ਘਰ ਤਲਾਸ਼ੀ ਮੁਹਿੰਮ ਚਲਾਈ। ਤਲਾਸ਼ੀ ਦੌਰਾਨ, ਉਨ੍ਹਾਂ ਨੂੰ ਇੱਕ 12 ਬੋਰ ਰਾਈਫਲ ਛੇ ਕਾਰਤੂਸ, ਭਾਰਤੀ ਕਰੰਸੀ ਵਿੱਚ 5.5 ਲੱਖ ਰੁਪਏ ਅਤੇ ਵਿਦੇਸ਼ੀ ਕਰੰਸੀ ਵਿੱਚ 1.5 ਲੱਖ ਰੁਪਏ ਬਰਾਮਦ ਹੋਏ।

ਇਸ ਤੋਂ ਇਲਾਵਾ, ਪੁਲਿਸ ਨੇ ਇੱਕ ਦਰਜਨ ਪਾਸਪੋਰਟ ਅਤੇ ਅੱਧਾ ਦਰਜਨ ਪੁਰਾਣੇ ਮੋਬਾਈਲ ਫੋਨ ਬਰਾਮਦ ਕੀਤੇ। ਇਨ੍ਹਾਂ ਵਿੱਚੋਂ ਦੋ ਪਾਸਪੋਰਟ ਉਸੇ ਵਿਅਕਤੀ ਦੇ ਨਾਮ 'ਤੇ ਸਨ, ਜੋ ਘਟਨਾ ਤੋਂ ਬਾਅਦ ਆਪਣੇ ਪਰਿਵਾਰ ਨਾਲ ਕੈਨੇਡਾ ਭੱਜਣ ਦੀ ਯੋਜਨਾ ਬਣਾ ਰਿਹਾ ਸੀ। ਪੁਲਿਸ ਦੇ ਅਨੁਸਾਰ, ਰਾਹੁਲ ਦੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਦੇ ਗੈਂਗਸਟਰਾਂ ਨਾਲ ਸਬੰਧ ਹੋ ਸਕਦੇ ਹਨ।

ਸਟੇਸ਼ਨ ਹਾਊਸ ਅਫਸਰ ਅਮਨ ਸੈਣੀ ਅਤੇ ਏਐਸਆਈ ਕੇਵਲ ਸਿੰਘ ਨੇ ਗੈਂਗਸਟਰ ਦੇ ਘਰ ਦੀ ਤਲਾਸ਼ੀ ਲਈ। ਜਦੋਂ ਸਟੇਸ਼ਨ ਹਾਊਸ ਅਫਸਰ ਨੇ ਕਮਰੇ ਵਿੱਚ ਬੈੱਡ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਨੂੰ ਇਸ ਦੇ ਪਿੱਛੇ ਇੱਕ 12 ਬੋਰ ਦੀ ਰਾਈਫਲ ਮਿਲੀ। ਪੁਲਿਸ ਨੂੰ ਇੱਕ ਦਰਾਜ਼ ਦੇ ਪਿੱਛੇ ਛੇ ਕਾਰਤੂਸ ਮਿਲੇ।

ਡੀਐਸਪੀ ਸਰਵਣ ਸਿੰਘ ਬੱਲ ਨੇ ਦੱਸਿਆ ਕਿ ਰਾਹੁਲ ਨੇ ਆਪਣੇ ਘਰ ਵਿੱਚ ਗੁਪਤ ਲਾਕਰ ਬਣਾਏ ਸਨ, ਜਿਨ੍ਹਾਂ ਵਿੱਚ ਲੱਖਾਂ ਰੁਪਏ ਸਨ। ਤਲਾਸ਼ੀ ਦੌਰਾਨ ਕਈ ਰਜਿਸਟਰੀਆਂ ਵੀ ਮਿਲੀਆਂ, ਜੋ ਰਾਹੁਲ ਨੇ ਆਪਣੇ ਪਰਿਵਾਰ ਦੇ ਨਾਮ 'ਤੇ ਖਰੀਦੀਆਂ ਸਨ। ਇਹ ਜਾਇਦਾਦਾਂ ਸੰਭਾਵਤ ਤੌਰ 'ਤੇ ਜਬਰੀ ਵਸੂਲੀ ਦੇ ਪੈਸੇ ਨਾਲ ਹਾਸਲ ਕੀਤੀਆਂ ਗਈਆਂ ਸਨ। ਗੁਆਂਢੀਆਂ ਅਨੁਸਾਰ, ਰਾਹੁਲ ਦੇ ਪਿਤਾ ਬਿਜਲੀ ਬੋਰਡ ਦੇ ਇੱਕ ਸੇਵਾਮੁਕਤ ਕਰਮਚਾਰੀ ਹਨ ਅਤੇ ਪਹਿਲਾਂ ਆਪਣੀ ਪੈਨਸ਼ਨ ਨਾਲ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਸਨ। ਪੰਜ ਸਾਲ ਪਹਿਲਾਂ, ਰਾਹੁਲ ਕੈਨੇਡਾ ਚਲਾ ਗਿਆ ਸੀ ਅਤੇ ਉਦੋਂ ਤੋਂ ਉਸ ਦੇ ਪਰਿਵਾਰ ਨੇ ਕਰੋੜਾਂ ਦੀ ਜਾਇਦਾਦ ਇਕੱਠੀ ਕੀਤੀ ਹੈ ਅਤੇ ਕਈ ਲਗਜ਼ਰੀ ਕਾਰਾਂ ਦੇ ਮਾਲਕ ਬਣ ਗਏ ਹਨ। ਡੀਐਸਪੀ ਬੱਲ ਨੇ ਕਿਹਾ ਕਿ ਉਹ ਜਾਇਦਾਦਾਂ ਦੀ ਜਾਂਚ ਲਈ ਆਮਦਨ ਕਰ ਵਿਭਾਗ ਨੂੰ ਲਿਖਣਗੇ।

ਪੁਲਿਸ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਰਾਹੁਲ ਦਾ ਪਰਿਵਾਰ ਜਾਸੂਸੀ ਕਰਦਾ ਸੀ ਅਤੇ ਜਾਣਕਾਰੀ ਦਿੰਦਾ ਸੀ ਕਿ ਕਿਹੜੇ ਕਾਰੋਬਾਰੀਆਂ ਤੋਂ ਪੈਸੇ ਵਸੂਲਣੇ ਹਨ। ਰਾਹੁਲ ਆਪਣੇ ਸਾਥੀਆਂ ਨਾਲ ਮਿਲ ਕੇ, ਪਾਕਿਸਤਾਨ ਅਤੇ ਹੋਰ ਦੇਸ਼ਾਂ ਦੇ ਨੰਬਰਾਂ ਤੋਂ ਫ਼ੋਨ ਕਰਦਾ ਸੀ, ਕੇਸ ਵਾਪਸ ਲੈਣ ਦੀ ਧਮਕੀ ਦਿੰਦਾ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਰਾਹੁਲ ਅਤੇ ਉਸ ਦੇ ਪਰਿਵਾਰ ਵਿਰੁੱਧ ਇੱਕ ਹੋਰ ਕੇਸ ਦਰਜ ਕੀਤਾ ਹੈ। ਇਹ ਘਟਨਾ 18 ਅਕਤੂਬਰ ਦੀ ਹੈ, ਜਦੋਂ ਰਾਹੁਲ ਅਤੇ ਉਸ ਦੇ ਦੋ ਸਾਥੀਆਂ ਨੇ ਮਨਦੀਪ ਸਿੰਘ ਗੋਰਾ 'ਤੇ ਗੋਲੀ ਚਲਾਈ, ਜਿਸ ਵਿੱਚ ਗੋਰਾ ਦਾ ਸਾਥੀ ਸੰਜੀਵ ਪੰਡਿਤ ਜ਼ਖ਼ਮੀ ਹੋ ਗਿਆ। ਪੁਲਿਸ ਨੇ ਰਾਹੁਲ, ਉਸ ਦੇ ਪਿਤਾ, ਮਾਂ, ਭੈਣ, ਪਤਨੀ ਅਤੇ ਹੋਰ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ।

ਗੈਂਗਸਟਰ ਹਿੰਸਾ ਵਧਣ ਦੇ ਕਾਰਨ ਬਹੁਤ ਡੂੰਘੇ ਹਨ। ਪਹਿਲਾਂ ਤਾਂ ਨਸ਼ਾ ਤਸਕਰੀ ਨੇ ਨੌਜਵਾਨਾਂ ਨੂੰ ਗੈਂਗਾਂ ਵੱਲ ਧੱਕਿਆ ਹੈ। ਪੰਜਾਬ ਵਿੱਚ ਨਸ਼ੇ ਦਾ ਵਪਾਰ ਅੰਤਰਰਾਸ਼ਟਰੀ ਨੈੱਟਵਰਕ ਨਾਲ ਜੁੜਿਆ ਹੈ, ਜਿਸ ਨਾਲ ਗੈਂਗਸਟਰ ਅਮੀਰ ਬਣਦੇ ਹਨ ਅਤੇ ਹਥਿਆਰ ਖਰੀਦਦੇ ਹਨ। ਦੂਜਾ, ਰੇਤ ਅਤੇ ਬਜਰੀ ਦੀ ਚੋਰੀ ਵਿੱਚ ਵੀ ਗੈਂਗ ਮਾਫੀਆ ਸਰਗਰਮ ਹੈ, ਜੋ ਵਪਾਰੀਆਂ ਨੂੰ ਧਮਕਾਉਂਦਾ ਹੈ। ਤੀਜਾ, ਜੇਲ੍ਹਾਂ ਵਿੱਚ ਗੈਂਗ ਨੈੱਟਵਰਕ ਬਣ ਜਾਂਦੇ ਹਨ। ਬਿਸ਼ਨੋਈ ਵਰਗੇ ਗੈਂਗਸਟਰ ਜੇਲ੍ਹ ਤੋਂ ਹੀ ਆਪਣੇ ਬੰਦਿਆਂ ਨੂੰ ਹੁਕਮ ਦਿੰਦੇ ਹਨ। ਚੌਥਾ, ਸੋਸ਼ਲ ਮੀਡੀਆ ਅਤੇ ਗੈਂਗਸਟਰ ਰੈਪ ਗੀਤ ਨੌਜਵਾਨਾਂ ਵਿੱਚ ਹਿੰਸਾ ਨੂੰ ਗਲੋਰੀਫਾਈ ਕਰਦੇ ਹਨ। ਪੰਜਾਬ ਹਾਈਕੋਰਟ ਨੇ ਵੀ ਗੈਂਗਸਟਰ ਕਲਚਰ ਨੂੰ ਤੇਜ਼ੀ ਨਾਲ ਨਿਪਟਾਉਣ ਦਾ ਹੁਕਮ ਦਿੱਤਾ ਹੈ, ਕਿਉਂਕਿ ਇਹ ਅਰਥਵਿਵਸਥਾ ਅਤੇ ਸਮਾਜ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਸਰਕਾਰੀ ਪੱਧਰ 'ਤੇ, ਪੰਜਾਬ ਪੁਲੀਸ ਨੇ 2024 ਵਿੱਚ 559 ਗੈਂਗਸਟਰ ਗ੍ਰਿਫਤਾਰ ਕੀਤੇ ਅਤੇ 12 ਟੈਰਰ ਮੋਡੀਊਲ ਖਤਮ ਕੀਤੇ, ਪਰ ਹਿੰਸਾ ਰੁਕੀ ਨਹੀਂ। ਤਿੰਨ ਸਾਲਾਂ ਵਿੱਚ 569 ਐਫਆਈਆਰ ਗੈਂਗ ਧਮਕੀਆਂ ਨਾਲ ਜੁੜੀਆਂ ਹਨ। ਸਰਕਾਰ ਨੇ ਅਧਿਕਾਰੀਆਂ ਨੂੰ ਸਸਪੈਂਡ ਵੀ ਕੀਤਾ ਹੈ, ਜਿਵੇਂ ਅੰਮ੍ਰਿਤਸਰ ਰੂਰਲ ਐੱਸਐੱਸਪੀ ਨੂੰ ਗੈਂਗਸਟਰਾਂ ਵਿਰੁੱਧ ਕਾਰਵਾਈ ਨਾ ਕਰਨ 'ਤੇ। ਪਰ ਮੁੱਖ ਸਮੱਸਿਆ ਇਹ ਹੈ ਕਿ ਕਾਨੂੰਨੀ ਅੜਚਨਾਂ, ਜ਼ਮਾਨਤਾਂ ਅਤੇ ਗਵਾਹ ਸੁਰੱਖਿਆ ਦੀ ਕਮੀ ਕਾਰਨ ਗੈਂਗਸਟਰ ਪੁਲੀਸ ਨਾਲੋਂ ਅੱਗੇ ਰਹਿੰਦੇ ਹਨ। ਰਾਜਨੀਤਿਕ ਦਖਲਅੰਦਾਜ਼ੀ ਵੀ ਇੱਕ ਕਾਰਨ ਹੈ, ਜਿੱਥੇ ਗੈਂਗਸਟਰ ਵੋਟ ਬੈਂਕ ਬਣ ਜਾਂਦੇ ਹਨ।

ਮਾਹਿਰ ਕਹਿੰਦੇ ਹਨ ਕਿ ਜੇਲ੍ਹ ਸੁਧਾਰ, ਸਖ਼ਤ ਕਾਨੂੰਨ ਅਤੇ ਸਮਾਜਿਕ ਜਾਗਰੂਕਤਾ ਜ਼ਰੂਰੀ ਹੈ। ਗੈਂਗ ਵਾਰਾਂ ਵਿੱਚ ਬਦਲੇ ਦੀ ਚੱਕਰ ਵੀ ਵੱਧ ਰਿਹਾ ਹੈ। ਪੁਲੀਸ ਨੂੰ ਤਕਨੀਕੀ ਸਹਾਇਤਾ ਵਧਾਉਣੀ ਚਾਹੀਦੀ ਹੈ, ਜਿਵੇਂ ਸਾਈਬਰ ਮਾਨੀਟਰਿੰਗ। ਸਰਕਾਰੀ ਯਤਨਾਂ ਨੂੰ ਤੇਜ਼ ਕਰਨ ਦੀ ਲੋੜ ਹੈ, ਨਹੀਂ ਤਾਂ ਇਹ ਗੈਂਗ ਹਿੰਸਾ ਨਹੀਂ ਰੁਕੇਗੀ।

# ਸ਼ਰਨਾਰਥੀਆਂ ਨੂੰ ਯੂ ਕੇ ਵਿੱਚ ਸਥਾਈ ਤੌਰ ਤੇ ਰਹਿਣਾ ਹੁਣ ਮੁਸ਼ਕਿਲ ਹੋਵੇਗਾ
## ਗੈਰ-ਕਾਨੂੰਨੀ ਇਮੀਗ੍ਰੇਸ਼ਨ ਬਰਤਾਨੀਆਂ ਵਿੱਚ ਵੰਡ ਦਾ ਕਾਰਨ ਬਣ ਰਿਹਾ ਹੈ - ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਹੁਣ ਇੰਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਵੀ ਸਖ਼ਤ ਕਰਨ ਜਾ ਰਿਹਾ ਹੈ। ਖਾਸ ਤੌਰ ਤੇ ਸ਼ਰਨਾਰਥੀਆਂ ਲਈ ਵੀ ਇਥੇ ਸਥਾਈ ਤੌਰ ਤੇ ਰਹਿਣਾ ਅਸਾਨ ਨਹੀਂ ਹੋਵੇਗਾ। ਬਰਤਾਨਵੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਹੈ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਬਰਤਾਨੀਆਂ ਵਿੱਚ ਵੰਡ ਦਾ ਕਾਰਨ ਬਣ ਰਿਹਾ ਹੈ ਅਤੇ ਦੇਸ਼ ਨੂੰ ਇਕਜੁੱਟ ਕਰਨ ਲਈ ਸ਼ਰਨਾਰਥੀਆਂ ਲਈ ਸਥਾਈ ਨਿਵਾਸ ਪ੍ਰਾਪਤ ਕਰਨ ਲਈ 20 ਸਾਲਾਂ ਤੱਕ ਦੀ ਉਡੀਕ ਮਿਆਦ ਵਰਗੇ ਸਖ਼ਤ ਉਪਾਅ ਕਰਨ ਦੀ ਲੋੜ ਹੈ।**

ਹਾਊਸ ਆਫ਼ ਕਾਮਨਜ਼ ਵਿੱਚ ਆਪਣੇ ਨਿਰਧਾਰਤ ਬਿਆਨ ਤੋਂ ਪਹਿਲਾਂ ਮੀਡੀਆ ਇੰਟਰਵਿਊ ਦੌਰਾਨ, ਦੱਖਣੀ ਏਸ਼ੀਆਈ ਵਿਰਾਸਤ ਦੇ ਕੈਬਨਿਟ ਮੰਤਰੀ ਨੇ ਇਨ੍ਹਾਂ ਮੁੱਦਿਆਂ ਨੂੰ ਦੇਸ਼ ਦੀ ਟੁੱਟੀ ਹੋਈ ਸ਼ਰਣ ਪ੍ਰਣਾਲੀ ਨੂੰ ਸੁਧਾਰਨ ਲਈ ਇੱਕ "ਨੈਤਿਕ ਮਿਸ਼ਨ" ਦੱਸਿਆ। ਇਹ ਪਹਿਲਾਂ ਦੀਆਂ ਰਿਪੋਰਟਾਂ ਦੀ ਪੁਸ਼ਟੀ ਕਰਦਾ ਹੈ ਕਿ ਯੂ ਕੇ ਗ੍ਰਹਿ ਦਫ਼ਤਰ ਡੈਨਮਾਰਕ ਦੀ ਸਖ਼ਤ ਪ੍ਰਣਾਲੀ ਦੇ ਅਧਾਰ ਤੇ ਆਪਣੀ ਨਵੀਨਤਮ ਇਮੀਗ੍ਰੇਸ਼ਨ ਕਾਰਵਾਈ ਦੀ ਯੋਜਨਾ ਬਣਾ ਰਿਹਾ ਹੈ।

ਗ੍ਰਹਿ ਮੰਤਰੀ ਨੇ ਕਿਹਾ ਕਿ ਮੈਂ ਦੇਖ ਰਹੀ ਹਾਂ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਸਾਡੇ ਦੇਸ਼ ਵਿੱਚ ਵੰਡ



ਦਾ ਕਾਰਨ ਬਣ ਰਹੀ ਹੈ। ਇੱਕ ਲੇਬਰ ਸਰਕਾਰ ਦੇ ਤੌਰ 'ਤੇ, ਸਾਡਾ ਕੰਮ ਦੇਸ਼ ਨੂੰ ਇਕਜੁੱਟ ਕਰਨਾ ਹੈ ਅਤੇ ਜੇਕਰ ਅਸੀਂ ਇਸ ਨੂੰ ਹੱਲ ਨਹੀਂ ਕਰਦੇ, ਤਾਂ ਮੇਰਾ ਮੰਨਣਾ ਹੈ ਕਿ ਸਾਡਾ ਦੇਸ਼ ਹੋਰ ਵੀ ਵੰਡਿਆ ਜਾਵੇਗਾ।

ਸਰਕਾਰ ਦੀਆਂ ਇਹਨਾਂ ਕਾਰਵਾਈਆਂ ਨੂੰ ਨਸਲਵਾਦੀ ਮੰਨੇ ਜਾਣ ਦੇ ਸ਼ੰਕੇ ਬਾਰੇ ਉਹਨਾਂ ਕਿਹਾ ਕਿ ਮੈਂ ਪ੍ਰਵਾਸੀਆਂ ਦੀ ਔਲਾਦ ਹਾਂ। ਮੇਰੇ ਮਾਤਾ-ਪਿਤਾ 60 ਦੇ ਦਹਾਕੇ ਦੇ ਅਖੀਰ ਅਤੇ 70 ਦੇ ਦਹਾਕੇ ਦੇ ਸ਼ੁਰੂ ਵਿੱਚ ਕਾਨੂੰਨੀ ਤੌਰ 'ਤੇ ਇਸ ਦੇਸ਼ ਵਿੱਚ ਆਏ ਸਨ। ਇਹ ਮੇਰੇ ਲਈ ਇੱਕ ਨੈਤਿਕ ਮਿਸ਼ਨ ਹੈ।

ਮੰਨਿਆ ਜਾ ਰਿਹਾ ਹੈ ਕਿ ਸ਼ਬਾਨਾ ਮਹਿਮੂਦ ਜਲਦੀ ਹੀ ਸੰਸਦ ਵਿੱਚ ਇਹ ਐਲਾਨ ਕਰ ਸਕਦੀ ਹ ੈਕਿ ਬਰਤਾਨੀਆਂ ਵਿੱਚ ਸ਼ਰਨਾਰਥੀ ਸਥਿਤੀ ਅਸਥਾਈ ਹੋਵੇਗੀ ਅਤੇ ਜਿਨ੍ਹਾਂ ਦੇ ਦੇਸ਼ ਸੁਰੱਖਿਅਤ ਮੰਨੇ ਜਾਂਦੇ ਹਨ, ਉਨ੍ਹਾਂ ਨੂੰ ਤੁਰੰਤ ਉਨ੍ਹਾਂ ਦੇ ਦੇਸ਼ਾਂ ਵਿੱਚ ਭੇਜ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਸ਼ਰਨਾਰਥੀ ਸਥਿਤੀ ਦੀ ਹਰ 30 ਮਹੀਨਿਆਂ ਬਾਅਦ ਸਮੀਖਿਆ ਕੀਤੀ ਜਾਵੇਗੀ।

# ਹੰਸਲੋ ਕੌਂਸਲਰ ਵਿਕਰਮ ਗਰੇਵਾਲ ਨੇ ਲੇਬਰ ਪਾਰਟੀ ਨੂੰ ਦਿੱਤਾ ਝਟਕਾ -ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਲ
## ਸਾਬਕਾ ਡਿਪਟੀ ਮੇਅਰ ਹਰਲੀਨ ਅਟਵਾਲ ਨੇ ਵੀ ਛੱਡੀ ਲੇਬਰ ਪਾਰਟੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੰਸਲੋ ਦੀ ਸਿਆਸਤ ਵਿੱਚ ਸਭ ਅੱਛਾ ਨਹੀਂ ਚੱਲ ਰਿਹਾ। ਭਾਵੇਂ ਕੇਂਦਰ ਵਿੱਚ ਲੇਬਰ ਦੀ ਸਰਕਾਰ ਹੈ ਅਤੇ ਹੰਸਲੋ ਕੌਂਸਲ ਤਾਂ ਮੰਨੀ ਲੇਬਰ ਪਾਰਟੀ ਦੀ ਜਾਂਦੀ ਹੈ। ਪਰ ਇਸ ਸਭ ਦੇ ਬਾਵਜੂਦ ਲੇਬਰ ਪਾਰਟੀ ਅੰਦਰ ਖਿਚੋਤਾਣ ਚੱਲ ਰਹੀ ਹੈ। ਬੀਤੇ ਦਿਨੀ ਲੇਬਰ ਪਾਰਟੀ ਨੇ ਅਗਲੇ ਸਾਲ ਹੋਣ ਵਾਲੀਆਂ ਕੌਂਸਲ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਸੀ। ਜਿਸ ਤੋਂ ਬਾਅਦ ਪਾਰਟੀ ਅੰਦਰ ਕਾਟੋ ਕਲੇਸ਼ ਵੱਧ ਗਿਆ। ਸਾਬਕਾ ਡਿਪਟੀ ਮੇਅਰ ਹਰਲੀਨ ਅਟਵਾਲ ਹੇਅਰ ਨੇ ਲੇਬਰ ਪਾਰਟੀ ਛੱਡਣ ਦਾ ਐਲਾਨ ਕੀਤਾ। ਜਿਸ ਤੋਂ ਬਾਅਦ ਲੇਬਰ ਪਾਰਟੀ ਦੇ ਇੱਕ ਹੋਰ ਕੌਂਸਲਰ ਵਿਕਰਮ ਸਿੰਘ ਗਰੇਵਾਲ ਨੇ ਲੇਬਰ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਹੈ। ਜਿਕਰਯੋਗ ਹੈ ਕਿ ਵਿਕਰਮ ਗਰੇਵਾਲ ਨੂੰ ਪਾਰਟੀ ਨੇ ਅਗਲੀਆਂ ਚੋਣਾਂ ਲਈ ਉਮੀਦਵਾਰ ਵੀ ਐਲਾਨਿਆ ਸੀ। ਇੱਥੇ ਹੀ ਬੱਸ ਨਹੀਂ ਸਿਆਸਤ ਵਿੱਚ ਪੀੜੀ ਦਰ ਪਿੜੀ ਵਿਚਰ ਰਹੇ ਗਰੇਵਾਲ ਹੁਣ



ਵਿਕਰਮ ਸਿੰਘ ਗਰੇਵਾਲ, ਹਰਲੀਨ ਅਟਵਾਲ ਹੇਅਰ

ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ ਅਤੇ ਸਿਆਸੀ ਭਵਿੱਖ ਦੀ ਨਵੀਂ ਰਣਨੀਤੀ ਤਿਆਰ ਕਰਨ ਵਿੱਚ ਸਰਗਰਮ ਹੋ ਗਏ ਹਨ। ਦੱਸਣਯੋਗ ਹੈ ਕਿ ਵਿਕਰਮ ਸਿੰਘ ਗਰੇਵਾਲ ਦੇ ਪਿਤਾ ਦਰਸ਼ਨ ਸਿੰਘ ਗਰੇਵਾਲ ਵੀ ਦਹਾਕਿਆਂ ਤੋਂ ਲੇਬਰ ਪਾਰਟੀ ਵਿੱਚ ਰਹਿ ਕੇ ਕੌਂਸਲਰ, ਮੇਅਰ ਅਤੇ ਹੋਰ ਕਈ ਅਹੁਦਿਆਂ ਤੇ ਸੇਵਾਵਾਂ ਨਿਭਾਅ ਚੁੱਕੇ ਹਨ। ਕੌਂਸਲਰ ਵਿਕਰਮ ਗਰੇਵਾਲ ਨੇ ਆਪਣੀ ਸਾਬਕਾ ਪਾਰਟੀ ਕਈ ਤਰ੍ਹਾਂ ਦੀਆਂ ਕਥਿਤ ਬੇਨਿਯਮੀਆਂ ਦੇ ਦੋਸ਼ ਲਾਏ ਹਨ। ਉਹ 2018 ਵਿੱਚ ਕਰੈਨਫੋਰਡ ਵਾਰਡ ਤੋਂ ਕੌਂਸਲਰ ਚੁਣੇ ਗਏ ਸਨ।

# ਸ਼ਿਵ ਸੈਨਾ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਦੇ ਪੁੱਤਰ 'ਤੇ ਚੱਲੀਆਂ ਗੋਲੀਆਂ
## ✪ ਸ਼ਿਵ ਸੈਨਾ ਵਲੋਂ ਫਗਵਾੜਾ ਬੰਦ ਦਾ ਐਲਾਨ

ਫਗਵਾੜਾ-ਫਗਵਾੜਾ ਵਿਖੇ ਬੀਤੇ ਦਿਨੀਂ ਸੰਘਣੀ ਆਬਾਦੀ ਵਾਲੇ ਗਊਸ਼ਾਲਾ ਬਾਜ਼ਾਰ ਵਿਚ ਨੌਜਵਾਨਾਂ ਦੀ ਇਕ ਟੋਲੀ ਨੇ ਸ਼ਿਵ ਸੈਨਾ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਇੰਦਰਜੀਤ ਕਰਵਲ ਦੇ ਪੁੱਤਰ ਸ਼ਿਵ ਸੈਨਾ ਨੇਤਾ ਜਿੰਮੀ ਕਰਵਲ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਕੁੱਟ-ਮਾਰ ਕਰਦੇ ਹੋਏ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਇਸ ਦੌਰਾਨ ਜਦੋਂ ਜਿੰਮੀ ਕਰਵਲ 'ਤੇ ਹੋਏ ਜਾਨਲੇਵਾ ਹਮਲੇ ਦੀ ਸੂਚਨਾ ਉਸ ਦੇ ਪਿਤਾ ਇੰਦਰਜੀਤ ਕਰਵਲ ਨੂੰ ਮਿਲੀ ਤਾਂ ਉਹ ਮੌਕੇ 'ਤੇ ਪੁੱਜੇ ਅਤੇ ਆਪਣੇ ਪੁੱਤਰ ਨੂੰ ਬਚਾਉਣ ਲਈ ਅੱਗੇ ਹੋਏ। ਇਸ 'ਤੇ ਮੁਲਜ਼ਮ ਨੌਜਵਾਨਾਂ ਨੇ ਇੰਦਰਜੀਤ ਕਰਵਲ 'ਤੇ ਵੀ ਹਮਲਾ ਕਰ ਦਿੱਤਾ, ਜਿਸ ਵਿਚ ਉਹ ਜ਼ਖਮੀ ਹੋ ਗਏ ਅਤੇ ਉਨ੍ਹਾਂ ਦੇ ਕੰਨ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਜ਼ਖਮੀ ਹੋਏ ਇੰਦਰਜੀਤ ਕਰਵਲ ਅਤੇ ਉਨ੍ਹਾਂ ਦੇ ਪੁੱਤਰ ਜਿੰਮੀ ਕਰਵਲ ਨੂੰ ਇਲਾਜ ਲਈ ਸਿਵਲ ਹਸਪਤਾਲ ਫਗਵਾੜਾ ਵਿਖੇ ਭਰਤੀ ਕਰਵਾਇਆ ਗਿਆ, ਜਿੱਥੇ ਸਰਕਾਰੀ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਸਰਕਾਰੀ ਡਾਕਟਰਾਂ ਮੁਤਾਬਕ ਜਿੰਮੀ ਕਰਵਲ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਇਸ ਦੌਰਾਨ ਸ਼ਹਿਰ 'ਚ ਵਾਪਰੇ ਗੋਲੀਕਾਂਡ ਦੀ ਸੂਚਨਾ ਮਿਲਦੇ ਹੀ ਸਿਵਲ ਹਸਪਤਾਲ 'ਚ ਨਗਰ ਨਿਗਮ ਫਗਵਾੜਾ ਦੇ



ਮੇਅਰ ਸ਼੍ਰੀ ਰਾਮਪਾਲ ਉੱਪਲ, ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਡੀ. ਐੱਸ. ਪੀ. ਫਗਵਾੜਾ ਸ਼੍ਰੀ ਭਾਰਤ ਭੂਸ਼ਣ ਸਮੇਤ ਬਹੁਤ ਵੱਡੀ ਗਿਣਤੀ 'ਚ ਫਗਵਾੜਾ ਦੇ ਵਸਨੀਕ ਮੌਜੂਦ ਹਨ ਅਤੇ ਹਾਲਾਤ ਬੇਹੱਦ ਗੰਭੀਰ ਬਣੇ ਹੋਏ ਹਨ।

ਫਗਵਾੜਾ ਚ ਹੋਈ ਉਕਤ ਵਾਰਦਾਤ ਤੋਂ ਬਾਅਦ ਸ਼ਹਿਰ ਚ ਭਾਰੀ ਤਨਾਅ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਸ਼ਿਵ ਸੈਨਿਕਾਂ, ਹਿੰਦੂ ਸੰਗਠਨਾਂ ਦੇ ਆਗੂਆਂ ਅਤੇ ਸਾਥੀ ਸਮਰਥਕਾਂ ਵੱਲੋਂ 19 ਨਵੰਬਰ ਨੂੰ ਫਗਵਾੜਾ ਬੰਦ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਹਨਾਂ ਸਾਰੀਆਂ ਵਲੋਂ ਐਲਾਨ ਵੀ ਕੀਤਾ ਗਿਆ ਹੈ ਕਿ ਜਦ ਤੱਕ ਫਗਵਾੜਾ ਪੁਲਿਸ ਮਾਮਲੇ ਚ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਇਹਨਾਂ ਖਿਲਾਫ ਬਣਦੀ ਸਖਤ ਪੁਲਿਸ ਕਾਰਵਾਈ ਨੂੰ ਪੂਰਾ ਨਹੀਂ ਕਰਦੀ ਹੈ ਤਦ ਤੱਕ ਫਗਵਾੜਾ ਦੇ ਬਾਜ਼ਾਰ ਬੰਦ ਰੱਖੇ ਜਾਣਗੇ।

# ਟਰੰਪ ਦੀ ਕਿਸੇ ਵੀ ਕਾਨੂੰਨੀ ਕਾਰਵਾਈ ਨਾਲ ਲੜਨ ਲਈ ਬੀ ਬੀ ਸੀ 'ਦ੍ਰਿੜ' - ਸਮੀਰ ਸ਼ਾਹ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀ ਬੀ ਸੀ ਦੇ ਚੇਅਰਮੈਨ ਸਮੀਰ ਸ਼ਾਹ ਨੇ ਕਿਹਾ ਹੈ ਕਿ "ਮਾਨਹਾਨੀ ਦੇ ਮਾਮਲੇ ਦਾ ਕੋਈ ਆਧਾਰ ਨਹੀਂ ਹੈ ਅਤੇ ਅਸੀਂ ਇਸ ਨਾਲ ਲੜਨ ਲਈ ਦ੍ਰਿੜ ਹਾਂ"। ਬੀਤੇ ਦਿਨੀ ਡੋਨਾਲਡ ਟਰੰਪ ਨੇ ਬੀ ਬੀ ਸੀ 'ਤੇ 1 ਅਰਬ ਡਾਲਰ ਤੋਂ 5 ਅਰਬ ਡਾਲਰ ਤੱਕ ਦਾ ਮੁਕੱਦਮਾ ਕਰਨ ਦੀ ਧਮਕੀ ਦਿੱਤੀ ਸੀ।ਚੇਅਰਮੈਨ ਸ਼ਾਹ ਨੇ ਆਪਣੇ ਸਟਾਫ ਨੂੰ ਇੱਕ ਈਮੇਲ ਵਿੱਚ ਕਿਹਾ ਕਿ "ਕਾਨੂੰਨੀ ਕਾਰਵਾਈ ਦੀ ਸੰਭਾਵਨਾ ਬਾਰੇ ਬਹੁਤ ਕੁਝ ਲਿਖਿਆ, ਕਿਹਾ ਅਤੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਸੰਭਾਵੀ ਲਾਗਤਾਂ ਜਾਂ ਸਮਝੌਤੇ ਵੀ ਸ਼ਾਮਲ ਹਨ। "ਇਸ ਸਭ ਵਿੱਚ ਅਸੀਂ ਬੇਸ਼ੱਕ ਆਪਣੇ ਫੰਡਿੰਗ ਦੇ ਵਿਸ਼ੇਸ਼ ਅਧਿਕਾਰ ਅਤੇ ਆਪਣੇ ਲਾਇਸੈਂਸ ਫੀਸ ਦਾਤਾਵਾਂ, ਬਰਤਾਨਵੀ ਜਨਤਾ ਦੀ ਰੱਖਿਆ ਕਰਨ ਦੀ ਜ਼ਰੂਰਤ ਤੋਂ ਪੂਰੀ ਤਰ੍ਹਾਂ ਜਾਣੂ ਹਾਂ।ਮੈਂ ਤੁਹਾਡੇ ਨਾਲ ਬਹੁਤ ਸਪੱਸ਼ਟ ਹੋਣਾ ਚਾਹੁੰਦਾ ਹਾਂ ਕਿ ਸਾਡੀ ਸਥਿਤੀ ਬਦਲੀ ਨਹੀਂ ਹੈ। ਮਾਣਹਾਨੀ ਦੇ ਮਾਮਲੇ ਦਾ ਕੋਈ ਆਧਾਰ ਨਹੀਂ ਹੈ ਅਤੇ ਅਸੀਂ ਇਸ ਨਾਲ ਲੜਨ ਲਈ ਦ੍ਰਿੜ ਹਾਂ। ਬੀ ਬੀ ਸੀ ਵੱਲੋਂ ਮੁਆਫ਼ੀ ਮੰਗਣ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਨੇ ਸ਼ਨਿਚਰਵਾਰ ਪੈਨੋਰਮਾ 'ਤੇ ਆਪਣੇ ਭਾਸ਼ਣ ਦੇ ਸੰਪਾਦਨ ਨੂੰ ਲੈ ਕੇ ਪ੍ਰਸਾਰਕ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਪੁਸ਼ਟੀ ਕੀਤੀ ਸੀ। ਉਹਨਾਂ ਕਿਹਾ ਸੀ ਕਿ ਉਹ ਇੱਕ ਅਰਬ ਡਾਲਰ ਤੋਂ ਪੰਜ ਅਰਬ ਡਾਲਰ ਤੱਕ ਦਾ ਮੁਕੱਦਮਾ ਕਰਨਗੇ।

# ਕੈਨੇਡਾ ਸਰਕਾਰ ਡਿਗਣ ਤੋਂ ਬਚੀ

ਟੋਰਾਂਟੋ-ਕੈਨੇਡਾ 'ਚ ਲਿਬਰਲ ਪਾਰਟੀ ਦੀ ਘੱਟ ਗਿਣਤੀ ਸਰਕਾਰ ਦਾ ਸੰਸਦ 'ਚ ਪੇਸ਼ ਕੀਤਾ ਗਿਆ ਬਜਟ ਬੀਤੇ ਕੱਲ੍ਹ 2 ਵੋਟਾਂ ਦੇ ਫਰਕ (170-168) ਨਾਲ ਪਾਸ ਹੋਇਆ ਜਿਸ ਨਾਲ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਡਿਗਣ ਤੇ ਚੋਣਾਂ ਹੋਣ ਦੀਆਂ ਕਿਆਸ ਅਰਾਈਆਂ ਖਤਮ ਹੋਈਆਂ। ਵੋਟਿੰਗ ਸਮੇਂ ਵਿਰੋਧੀ ਧਿਰ, ਕੰਜ਼ਰਵੇਟਿਵ ਪਾਰਟੀ ਤੇ ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਦੇ ਕੁੱਲ 4 (ਦੋ-ਦੋ) ਮੈਂਬਰ ਸਦਨ 'ਚੋਂ ਗੈਰਹਾਜ਼ਰ ਰਹੇ ਜਦਕਿ ਗਰੀਨ ਪਾਰਟੀ ਦੀ ਇਕੋ ਇਕ ਸੰਸਦ ਮੈਂਬਰ ਏਲਿਜਾਬੈਥ ਮੇਅ ਨੇ ਬਜਟ ਦੇ ਹੱਕ ਵਿਚ ਵੋਟ ਪਾਈ। ਇਸ ਤਰ੍ਹਾਂ ਵਿਰੋਧੀ ਪਾਰਟੀਆਂ ਦੇ ਸਿੱਧੇ ਤੇ ਅਸਿੱਧੇ ਸਹਿਯੋਗ ਸਦਕਾ ਬਜਟ ਪਾਸ ਹੋ ਗਿਆ ਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਦਾ ਬਚਾਅ ਹੋ ਗਿਆ।

# ਜੇਲ੍ਹ ਵਿਚ ਭੇਦਭਰੀ ਹਾਲਤ ਵਿਚ ਮਰਿਆ ਬੁਚੜ ਇੰਸਪੈਕਟਰ ਸੀਤਾ ਰਾਮ - ਕਤਲ ਜਾਂ 'ਕੁਦਰਤੀ' ਮੌਤ ?

**ਖਾਸ ਖ਼ਬਰ** ✪ 30 ਸਾਲ ਜੇਲ੍ਹ ਕੱਟ ਕੇ ਵੀ ਛੁਟਕਾਰਾ ਨਾ ਹੋਇਆ ਸਿੱਖ ਨੌਜਵਾਨਾਂ ਦੀਆਂ ਲਵਾਰਸ ਲਾਸ਼ਾਂ ਤੇ ਕਤਲਾਂ ਤੋਂ ✪ ਸੀਤਾ ਰਾਮ ਦੀ ਖ਼ੂਨੀ ਵਾਰਦਾਤਾਂ ਬਾਰੇ ਕਹਾਣੀ ਦਿਲ ਨੂੰ ਹਿਲਾਉਣ ਵਾਲੀ

ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ 80 ਸਾਲਾਂ ਦਾ ਸਾਬਕਾ ਪੰਜਾਬ ਪੁਲਿਸ ਇੰਸਪੈਕਟਰ ਸੀਤਾ ਰਾਮ, ਜੋ ਪਿਛਲੇ 30 ਸਾਲਾਂ ਤੋਂ ਝੂਠੇ ਪੁਲਿਸ ਮੁਕਾਬਲਿਆਂ ਦੇ ਕੇਸਾਂ ਵਿੱਚ ਜੇਲ੍ਹਾਂ ਦੇ ਚੱਕਰ ਕੱਟ ਰਿਹਾ ਸੀ, ਬੀਤੇ ਦਿਨੀਂ ਉਸਦੀ ਮੌਤ ਹੋ ਗਈ । ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿੱਚ ਦਾਖ਼ਲ ਹੋਣ ਤੋਂ ਬਾਅਦ ਰਾਤ ਨੂੰ ਉਸ ਨੇ ਅੰਤਿਮ ਸਾਹ ਲਿਆ। ਅਧਿਕਾਰੀਆਂ ਨੇ ਇਸ ਨੂੰ 'ਕੁਦਰਤੀ ਮੌਤ' ਕਿਹਾ ਹੈ, ਪਰ ਪਰਿਵਾਰ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਕੀ ਇਹ ਕਤਲ ਹੈ ਜਾਂ ਖੁਦਕੁਸ਼ੀ ? ਇਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਸੰਤਾਪ ਦੌਰਾਨ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਾਤਲ ਵਜੋਂ ਜਾਣੇ ਜਾਂਦੇ ਇਸ 'ਬੁਚੜ ਪੁਲਿਸੀਏ' ਨੂੰ ਲੈ ਕੇ ਸਿੱਖ ਪੰਥ ਵਿਚ ਗੁੱਸਾ ਅਤੇ ਰੋਸ ਦੀ ਲਹਿਰ ਸੀ।


ਸੀਤਾ ਰਾਮ ਦੀ ਮੌਤ ਦੀ ਖ਼ਬਰ ਨੇ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਨੂੰ ਫਿਰ ਚਰਚਾ ਵਿੱਚ ਲਿਆਂਦਾ ਹੈ। ਉਹ ਪਿਛਲੇ ਦੋ ਦਿਨਾਂ ਤੋਂ ਬਿਮਾਰ ਸੀ ਅਤੇ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਰਾਜਿੰਦਰਾ ਹਸਪਤਾਲ ਵਿੱਚ ਭਰਤੀ ਕੀਤਾ। ਅਧਿਕਾਰੀਆਂ ਅਨੁਸਾਰ, ਉਸ ਦੀ ਉਮਰ ਅਤੇ ਲੰਮੀ ਬਿਮਾਰੀ ਕਾਰਨ ਇਹ ਮੌਤ ਹੋਈ, ਪਰ ਪੋਸਟਮਾਰਟਮ ਰਿਪੋਰਟ ਅਜੇ ਆਉਣੀ ਬਾਕੀ ਹੈ। ਪਰਿਵਾਰ ਨੇ ਇਸ 'ਭੇਤਭਰੇ' ਹਾਲ ਨੂੰ ਲੈ ਕੇ ਸਖ਼ਤ ਸਵਾਲ ਉਠਾਏ ਹਨ। ਉਸ ਦੇ ਪੁੱਤਰ ਨੇ ਨਿੱਜੀ ਗੱਲਬਾਤ ਵਿੱਚ ਕਿਹਾ, "ਪਾਪਾ ਨੂੰ ਜੇਲ੍ਹ ਵਿੱਚ ਰੱਖ ਕੇ ਉਹਨਾਂ ਨੂੰ ਮਾਰ ਦਿੱਤਾ। ਜਦੋਂ ਸੀਤਾਰਾਮ ਜੀ ਨੂੰ ਸਜ਼ਾ ਹੋਈ ਤਾਂ ਸਰਕਾਰ ਨੇ ਸਾਡੀ ਬਾਂਹ ਨਹੀਂ ਫੜੀ। ਉਹਨਾਂ ਕਿਹਾ ਕਿ ਪੰਜਾਬ ਜੇਲ੍ਹਾਂ ਵਿੱਚ ਪਿਛਲੇ ਸਾਲਾਂ ਵਿੱਚ ਕਈ ਸਾਬਕਾ ਅਧਿਕਾਰੀ 'ਹਾਦਸੇ' ਵਿੱਚ ਮਰ ਚੁੱਕੇ ਹਨ। ਇਸ ਦੀ ਪੂਰੀ ਜਾਂਚ ਹੋਵੇ।"

ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਸੀਤਾ ਰਾਮ ਵਹਿਸ਼ੀ ਅਫਸਰ ਸੀ। ਉਹ ਪੰਜਾਬ ਪੁਲਿਸ ਵਿੱਚ 1960ਵਿਆਂ ਵਿੱਚ ਭਰਤੀ ਹੋਇਆ ਅਤੇ ਤਰਨ ਤਾਰਨ ਜ਼ਿਲ੍ਹੇ ਵਿੱਚ ਐਸਐਚਓ ਵਜੋਂ ਤਾਇਨਾਤ ਹੋਇਆ ਸੀ। ਪੰਜਾਬ ਦੇ ਸੰਤਾਪ ਦੌਰਾਨ (1984-1995), ਜਦੋਂ ਖਾਲਿਸਤਾਨੀ ਅੰਦੋਲਨ ਨੂੰ ਕੁਚਲਨ ਲਈ ਪੁਲਿਸ ਨੂੰ ਖੁੱਲ੍ਹੀ ਛੁੱਟ ਦਿੱਤੀ ਗਈ ਸੀ, ਸੀਤਾ ਰਾਮ ਨੇ ਅਨੇਕਾਂ ਸਿੱਖ ਨੌਜਵਾਨਾਂ ਨੂੰ ਮਾਰ ਮੁਕਾਇਆ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਅੰਦਾਜ਼ਨ ਉਸ ਨੇ 20 ਤੋਂ ਵੱਧ ਝੂਠੇ ਪੁਲਿਸ ਮੁਕਾਬਲੇ ਬਣਾਏ, ਜਿਨ੍ਹਾਂ ਵਿੱਚ ਘੱਟ ਤੋਂ ਘੱਟ 50 ਸਿੱਖ ਨੌਜਵਾਨ ਮਾਰੇ। ਖਾਲੜਾ ਮਿਸ਼ਨ, ਇਨਸਾਫ ਅਤੇ ਹਿਊਮਨ ਰਾਈਟਸ ਵਾਚ ਦੀਆਂ ਰਿਪੋਰਟਾਂ ਅਨੁਸਾਰ, ਉਹ ਤਰਨ ਤਾਰਨ ਅਤੇ ਹੁਸ਼ਿਆਰਪੁਰ ਵਿੱਚ ਅਨੇਕਾਂ ਨੌਜਵਾਨਾਂ ਨੂੰ ਗਾਇਬ ਕਰਨ ਤੇ ਕਤਲ ਕਰਨ ਵਿੱਚ ਸ਼ਾਮਲ ਸੀ।

ਸਭ ਤੋਂ ਵੱਡਾ ਕੇਸ, ਜਿਸ ਨੇ ਉਸ ਨੂੰ ਜੇਲ੍ਹ ਵਿੱਚ ਭੇਜਿਆ, ਉਹ 1993 ਦਾ ਤਰਨ ਤਾਰਨ ਝੂਠਾ ਪੁਲਿਸ ਮੁਕਾਬਲਾ ਹੈ। 30 ਜਨਵਰੀ 1993 ਨੂੰ ਗਲੀਲੀਪੁਰ ਪਿੰਡ ਤੋਂ ਗੁਰਦੇਵ ਸਿੰਘ ਉਰਫ਼ ਦੇਬਾ ਨੂੰ ਅਤੇ 5 ਫਰਵਰੀ ਨੂੰ ਬਹਿਮਨੀਵਾਲਾ ਵਿਚੋਂ ਸੁਖਵੰਤ ਸਿੰਘ ਨੂੰ ਪੁਲਿਸ ਨੇ ਅਗਵਾ ਕੀਤਾ। ਫਿਰ 6 ਫਰਵਰੀ ਨੂੰ ਥਾਣਾ ਪੱਟੀ ਦੇ ਭਾਗੂਪੁਰ ਖੇਤ ਵਿੱਚ ਇੱਕ ਝੂਠੇ ਮੁਕਾਬਲੇ ਵਿੱਚ ਉਹਨਾਂ ਨੂੰ ਮਾਰ ਦਿੱਤਾ ਗਿਆ। ਪੁਲਿਸ ਨੇ ਦਾਅਵਾ ਕੀਤਾ ਕਿ ਦੋਵੇਂ ਨੇ ਪੁਲਿਸ ਉਪਰ ਗੋਲੀਆਂ ਚਲਾਈਆਂ ਸਨ, ਪਰ ਅਦਾਲਤ ਵਿੱਚ ਇਹ ਝੂਠ ਸਾਬਤ ਹੋਇਆ। ਸੁਪਰੀਮ ਕੋਰਟ ਦੇ ਹੁਕਮਾਂ ਤੇ 1995 ਵਿੱਚ ਸੀਬੀਆਈ ਨੇ ਜਾਂਚ ਸ਼ੁਰੂ ਕੀਤੀ ਅਤੇ 2000 ਵਿੱਚ 11 ਪੁਲਿਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ। ਮੋਹਾਲੀ ਦੀ ਸੀਬੀਆਈ ਕੋਰਟ ਨੇ 6 ਮਾਰਚ 2025 ਨੂੰ ਸੀਤਾ ਰਾਮ ਨੂੰ ਆਈਪੀਸੀ ਦੀ ਧਾਰਾ 302 (ਕਤਲ), 201 (ਸਬੂਤ ਨਾਸ਼ ਕਰਨਾ) ਅਤੇ 218 (ਝੂਠੇ ਰਿਕਾਰਡ ਬਣਾਉਣਾ) ਅਧੀਨ ਉਮਰ ਕੈਦ ਸੁਣਾਈ। ਕਾਂਸਟੇਬਲ ਰਾਜਪਾਲ ਨੂੰ 5 ਸਾਲ ਦੀ ਸਜ਼ਾ ਹੋਈ ਸੀ। ਪੀੜਤ ਲੋਕਾਂ ਦੇ ਪਰਿਵਾਰਾਂ ਨੂੰ ਜੁਰਮਾਨੇ ਤੋਂ 1.5 ਲੱਖ ਰੁਪਏ ਮੁਆਵਜ਼ਾ ਮਿਲਿਆ।

1989 ਵਿੱਚ ਹੁਸ਼ਿਆਰਪੁਰ ਦੇ ਗੜ੍ਹਦੀਵਾਲਾ ਵਿੱਚ ਭਗਤ ਸਿੰਘ ਦੇ ਜੀਜੇ ਦੇ ਭਤੀਜੇ ਕੁਲਜੀਤ ਸਿੰਘ ਢੱਠ ਨੂੰ ਅਪਹਰਣ ਕਰਕੇ ਮਾਰਨ ਵਾਲੇ ਕੇਸ ਵਿੱਚ ਉਹ ਸ਼ਾਮਲ ਸੀ। ਢੱਠ ਪ੍ਰਕਾਸ਼ ਕੌਰ (ਭਗਤ ਸਿੰਘ ਦੀ ਭੈਣ) ਦਾ ਜਵਾਈ ਸੀ। ਇਸ ਕੇਸ ਵਿੱਚ 2014 ਵਿੱਚ ਅਦਾਲਤ ਨੇ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ, ਜਿਸ ਵਿੱਚ ਡੀਆਈਜੀ ਐਸਪੀਐਸ ਬਸਰਾ ਅਤੇ ਜਸਪਾਲ ਸਿੰਘ ਵੀ ਦੋਸ਼ੀ ਠਹਿਰਾਏ ਗਏ। ਇੱਕ ਹੋਰ 1993 ਵਾਲੇ ਕੇਸ ਵਿੱਚ ਉਹ ਦੋਸ਼ੀ ਠਹਿਰਾਇਆ ਗਿਆ ਸੀ, ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 17 ਮਾਰਚ 2009 ਨੂੰ ਬਰੀ ਕਰ ਦਿੱਤਾ ਸੀ। ਇਸ ਤਰ੍ਹਾਂ, ਉਸ ਤੇ ਘੱਟੋ ਘੱਟ ਚਾਰ ਵੱਡੇ ਕੇਸ ਵਿੱਚੋਂ ਤਿੰਨ ਵਿੱਚ ਸਜ਼ਾਵਾਂ ਹੋਈਆਂ।

ਪੰਜਾਬ ਦੇ ਸੰਤਾਪ ਦੌਰਾਨ ਸੀਤਾ ਰਾਮ ਦੀ ਭੂਮਿਕਾ ਨੂੰ ਲੈ ਕੇ ਜਸਵੰਤ ਸਿੰਘ ਖਾਲੜਾ ਦੀ ਰਿਪੋਰਟ ਵਿੱਚ ਵੀ ਜ਼ਿਕਰ ਹੈ। ਖਾਲੜਾ, ਜੋ 1995 ਵਿੱਚ ਪੁਲਿਸ ਵੱਲੋਂ ਅਪਹਰਣ ਕੇ ਮਾਰੇ ਗਏ ਮਨੁੱਖੀ ਅਧਿਕਾਰ ਵਕੀਲ ਸਨ, ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੀ 6,000 ਤੋਂ ਵੱਧ ਲਵਾਰਸ ਲਾਸ਼ਾਂ ਦੇ ਕੇਸਾਂ ਦਾ ਪਰਦਾਫਾਸ਼ ਕੀਤਾ ਸੀ। ਇਨਸਾਫ ਦੀ ਰਿਪੋਰਟ 'ਨੋ ਸਟੋਨ ਅਨਟਰਨਡ' ਅਨੁਸਾਰ, ਸੀਤਾ ਰਾਮ ਨੂੰ ਕੁਲਜੀਤ ਸਿੰਘ ਢੱਟ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਖਾਲੜਾ ਨੇ ਲਿਖਿਆ ਸੀ ਕਿ ਪੁਲਿਸ ਨੇ ਹਜ਼ਾਰਾਂ ਨੌਜਵਾਨਾਂ ਨੂੰ ਅਪਹਰਣ ਕਰਕੇ ਝੂਠੇ ਮੁਕਾਬਲਿਆਂ ਵਿੱਚ ਮਾਰਿਆ ਅਤੇ ਲਾਸ਼ਾਂ ਨੂੰ ਬਿਨਾਂ ਪਛਾਣ ਤੋਂ ਜਲਾ ਦਿੱਤਾ। ਐਸਪੀਐਸ ਬਸਰਾ ਅਤੇ ਜਸਪਾਲ ਸਿੰਘ ਵਰਗੇ ਅਧਿਕਾਰੀ, ਜੋ ਖਾਲੜਾ ਕੇਸ ਵਿੱਚ ਵੀ



ਸ਼ਾਮਲ ਸਨ, ਨਾਲ ਸੀਤਾ ਰਾਮ ਦਾ ਨਾਂ ਜੁੜਦਾ ਹੈ। ਖਾਲੜਾ ਰਿਪੋਰਟ ਵਿੱਚ ਉਸ ਨੂੰ ਸਿੱਧੇ ਤੌਰ ਤੇ ਨਹੀਂ, ਪਰ ਢੱਟ ਕੇਸ ਵਾਂਗੂੰ ਅਨੇਕਾਂ ਅਪਹਰਣਾਂ ਵਿੱਚ ਜ਼ਿਕਰ ਕੀਤਾ ਗਿਆ ਹੈ। ਇਹ ਰਿਪੋਰਟ ਪੰਜਾਬ ਵਿੱਚ 25,000 ਗੁੰਮਸ਼ੁਦਗੀਆਂ ਅਤੇ 8,000 ਤੋਂ ਵੱਧ ਸਿੱਖ ਨੌਜਵਾਨਾਂ ਦੀਆਂ ਲਵਾਰਸ ਲਾਸ਼ਾਂ ਨੂੰ ਉਜਾਗਰ ਕਰਦੀ ਹੈ, ਜਿਨ੍ਹਾਂ ਵਿੱਚੋਂ ਬਹੁਤੇ ਪੁਲਿਸ ਅਧਿਕਾਰੀਆਂ ਦੇ ਹੱਥਾਂ ਰੰਗੇ ਹੋਏ ਸਨ।

ਸੀਤਾ ਰਾਮ ਨੇ ਆਪਣੀ ਸਰਵਿਸ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਗੁਜ਼ਾਰਿਆ। 1995 ਵਿੱਚ ਪਹਿਲੀ ਵਾਰ ਜੇਲ੍ਹ ਗਿਆ, ਫਿਰ ਤਿਹਾੜ ਤੱਕ ਚੱਕਰ ਲੱਗੇ। ਉਹ ਪੰਜਾਬ ਦੀਆਂ ਜੇਲ੍ਹਾਂ ਵਿਚ ਰਿਹਾ। ਪਰਿਵਾਰ ਦਾ ਦੁੱਖ ਇਹ ਹੈ ਕਿ ਜਦੋਂ ਉਹ ਉੱਚ ਅਧਿਕਾਰੀਆਂ ਦੇ ਦਬਾਅ ਵਿੱਚ ਖੂਨ ਖਰਾਬਾ ਕਰ ਰਿਹਾ ਸੀ, ਤਾਂ ਸਭ ਨੇ ਤਾਰੀਫ਼ ਕੀਤੀ। ਪਰ ਜਦੋਂ ਉਹ ਫਸ ਗਿਆ, ਤਾਂ ਕਿਸੇ ਨੇ ਨਹੀਂ ਸਹਾਰਾ ਦਿੱਤਾ। ਉਸ ਦੀ ਪਤਨੀ ਨੇ ਕਿਹਾ, "ਉਹਨਾਂ ਨੂੰ ਬਚਾਉਣ ਲਈ ਅਸੀਂ ਸੁਪਰੀਮ ਕੋਰਟ ਤੱਕ ਗਏ, ਪਰ ਨਤੀਜਾ ਕੁਝ ਨਾ ਨਿਕਲਿਆ।"

ਪੰਜਾਬ ਵਿੱਚ ਅਜੇ ਵੀ ਹਜ਼ਾਰਾਂ ਪੀੜਤ ਪਰਿਵਾਰ ਇਨਸਾਫ਼ ਲਈ ਲੜ ਰਹੇ ਹਨ। ਜਿਵੇਂ ਗੁਰਦੇਵ ਸਿੰਘ ਦੀ ਭੈਣ ਨੇ ਕਿਹਾ, "ਸੀਤਾ ਰਾਮ ਨੇ ਸਾਡੇ ਭਰਾ ਨੂੰ ਮਾਰ ਕੇ ਸਾਨੂੰ ਦੁਖ ਦਿੱਤਾ, ਪਰ ਅੱਜ ਉਹਨਾਂ ਨੂੰ ਰੱਬ ਨੇ ਨਿਆਂ ਦੇ ਦਿੱਤਾ। ਪਰ ਸਾਡਾ ਦੁੱਖ ਕੌਣ ਭਰੇਗਾ ?"

-ਮਾਮਲਾ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ-

## ਅਦਾਲਤ ਦਾ ਫੈਸਲਾ ਈਡੀ ਸਾਧੂ ਸਿੰਘ ਧਰਮਸੋਤ ਖ਼ਿਲਾਫ਼ ਮਨੀ ਲਾਂਡਰਿੰਗ ਮਾਮਲੇ ਵਿਚ ਕੇਸ ਚਲਾਏਗੀ

ਮੋਹਾਲੀ-ਸਥਾਨਕ ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੂੰ ਸਾਬਕਾ ਪੰਜਾਬ ਕਾਂਗਰਸ ਮੰਤਰੀ ਸਾਧੂ ਸਿੰਘ ਧਰਮਸੋਤ ਤੇ ਹੋਰਨਾਂ ਖ਼ਿਲਾਫ਼ ਚੱਲ ਰਹੇ ਮਨੀ ਲਾਂਡਰਿੰਗ ਮਾਮਲੇ 'ਚ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਅਦਾਲਤ ਦੇ ਹੁਕਮ ਵਿਚ ਕਿਹਾ ਗਿਆ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਵਕੀਲ ਵੱਲੋਂ ਲੋਕ ਸੇਵਕ ਵਿਰੁੱਧ ਸੀਆਰਪੀਸੀ ਦੀ ਧਾਰਾ 197 ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਲਈ ਅਰਜ਼ੀ ਦਿੱਤੀ ਗਈ ਹੈ। ਅਰਜ਼ੀ 'ਚ ਦਰਜ ਸਮੱਗਰੀ ਦੇ ਮੱਦੇਨਜ਼ਰ, ਇਸ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਮੁਕੱਦਮਾ ਚਲਾਉਣ ਦੀ ਮਨਜ਼ੂਰੀ ਰਿਕਾਰਡ 'ਤੇ ਲੈ ਲਈ ਗਈ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 2 ਦਸੰਬਰ 2025 ਲਈ ਮੁਲਤਵੀ ਕਰ ਦਿੱਤੀ ਗਈ ਹੈ ਤਾਂ ਜੋ ਨਵੇਂ ਸ਼ਾਮਲ ਕੀਤੇ ਗਏ ਮੁਲਜ਼ਮਾਂ ਮਹਿੰਦਰ ਪਾਲ ਅਤੇ ਸੁਖਵਿੰਦਰ ਸਿੰਘ ਖ਼ਿਲਾਫ਼ ਨੋਟਿਸ ਲਿਆ ਜਾ ਸਕੇ।

ਇਹ ਮਾਮਲਾ ਉਨ੍ਹਾਂ ਦੋਸ਼ਾਂ ਨਾਲ ਸਬੰਧਤ ਹੈ ਕਿ ਧਰਮਸੋਤ ਤੇ ਉਸਦੇ ਪਰਿਵਾਰ ਨੇ ਮਾਰਚ 2016 ਤੋਂ ਮਾਰਚ 2020 ਦਰਮਿਆਨ ਮੰਤਰੀ ਦੇ ਕਾਰਜਕਾਲ ਦੌਰਾਨ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਇਕੱਠੀ ਕੀਤੀ।



ਫਰਵਰੀ 2023 'ਚ ਐਫਆਈਆਰ ਦਰਜ ਕਰਨ ਤੋਂ ਬਾਅਦ ਈਡੀ ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀਆਂ ਧਾਰਾਵਾਂ 3 ਤੇ 4 ਤਹਿਤ ਚਾਰਜਸ਼ੀਟ ਦਾਇਰ ਕੀਤੀ ਸੀ।

ਧਰਮਸੋਤ ਤੇ ਸਹਿ-ਮੁਲਜ਼ਮ ਹਰਪ੍ਰੀਤ ਸਿੰਘ (ਉਸਦਾ ਪੁੱਤਰ) ਤੇ ਗੁਰਪ੍ਰੀਤ ਸਿੰਘ ਨੇ ਇਸ ਤੋਂ ਪਹਿਲਾਂ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ ਤੇ ਮੁਕੱਦਮੇ ਦਾ ਸਾਹਮਣਾ ਕਰਨ ਦੀ ਚੋਣ ਕੀਤੀ ਸੀ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਪੂਰਨਤਾ ਹੌਲੀ ਹੌਲੀ ਮਿਲਦੀ ਹੈ ਇਸ ਨੂੰ ਪਰਾਪਤ ਕਰਨ ਲਈ ਸਮੇਂ ਦੀ ਸਹਾਇਤਾ ਜਰੂਰੀ ਹੈ ।

# ਸ਼ਹੀਦੀ ਸ਼ਤਾਬਦੀ ਦੇ ਨਾਂਅ 'ਤੇ ਪੰਜਾਬ ਸਰਕਾਰ ਵਲੋਂ ਮਰਿਯਾਦਾ ਨਾਲ ਖਿਲਵਾੜ ਤੇ ਜਥੇਦਾਰ ਦਾ ਪੰਥਕ ਸਟੈਂਡ

ਅਕਾਲ ਤਖ਼ਤ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੀਵਨ ਸਿੰਘ ਜੀ (ਰੰਘਰੇਟਾ ਸਾਹਿਬਜ਼ਾਦੇ ਭਾਈ ਜੈਤਾ ਜੀ) ਦੀ ਯਾਦਗਾਰ ਵਿੱਚ ਲਗਾਈਆਂ ਗਈਆਂ ਤਸਵੀਰਾਂ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਇਹ ਤਸਵੀਰਾਂ ਖਾਲਸੇ ਦੇ ਜਨਮ ਦਿਹਾੜੇ ਦੀਆਂ ਘਟਨਾਵਾਂ ਨੂੰ ਦਰਸਾਉਂਦੀਆਂ ਹਨ, ਪਰ ਇਨ੍ਹਾਂ ਵਿੱਚ ਸਿੱਖ ਮਰਯਾਦਾ ਦੀ ਏਨੀ ਬੇਅਦਬੀ ਕੀਤੀ ਗਈ ਹੈ ਕਿ ਸਮੁੱਚੇ ਪੰਥ ਨੂੰ ਠੇਸ ਲੱਗੀ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੂੰ ਇੱਕ ਹਫ਼ਤੇ ਅੰਦਰ ਨਿੱਜੀ ਤੌਰ 'ਤੇ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਹੈ ਤੇ ਵਿਭਾਗ ਦੇ ਡਾਇਰੈਕਟਰ ਨੂੰ ਲਿਖਤੀ ਜਵਾਬ ਮੰਗਿਆ ਹੈ।

ਇੱਕ ਤਸਵੀਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਜੋੜੇ ਪਾ ਕੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਂਦੇ ਦਿਖਾਇਆ ਗਿਆ ਹੈ। ਇਹ ਸਿੱਖ ਰਹਿਤ ਮਰਯਾਦਾ ਦੀ ਸਿੱਧੀ ਉਲੰਘਣਾ ਹੈ। ਅੰਮ੍ਰਿਤ ਸੰਚਾਰ ਸਮੇਂ ਗੁਰੂ ਸਾਹਿਬ ਜੋੜੇ ਦੇ, ਬਿਨਾਂ ਬੀਰ ਆਸਣ ਵਿੱਚ ਬੈਠੇ ਹਨ ਜੋ ਕਿ ਸਿੱਖ ਮਰਿਯਾਦਾ ਦੀ ਘੋਰ ਉਲੰਘਣਾ ਹੈ। ਖੰਡੇ-ਬਾਟੇ ਦੀ ਬਣਤਰ ਗਲਤ, ਨਿਸ਼ਾਨ ਸਾਹਿਬ ਦਾ ਰੰਗ-ਰੂਪ ਗਲਤ, ਦੋ ਪਾਲਕੀਆਂ ਦਾ ਭਾਵ ਅਸਪੱਸ਼ਟ - ਇੱਕੋ ਤਸਵੀਰ ਵਿੱਚ ਇੰਨੀਆਂ ਗਲਤੀਆਂ ਹਨ ਜੋ ਕਿ ਸਿੱਖ ਇਤਿਹਾਸ ਨਾਲ ਖਿਲਵਾੜ ਹੈ।

ਪੰਜਾਬ ਸਰਕਾਰ ਦਾ ਰਵਈਆ ਬੜਾ ਹੈਰਾਨੀਜਨਕ ਹੈ ,ਉਹ ਵਾਰ ਵਾਰ ਸਿੱਖ ਮਰਿਆਦਾ ਦੀ ਉਲੰਘਣਾ ਕਰ ਰਹੀ ਹੈ। ਜਦੋਂ ਸਰਕਾਰੀ ਮਸ਼ੀਨਰੀ ਹੀ ਧਾਰਮਿਕ ਮਰਯਾਦਾ ਦੀ ਅਣਦੇਖੀ ਕਰੇ ਤਾਂ ਫਿਰ ਆਮ ਲੋਕਾਂ ਤੋਂ ਕੀ ਉਮੀਦ ਕੀਤੀ ਜਾਵੇ? ਕੀ ਸੈਰ-ਸਪਾਟਾ ਵਿਭਾਗ ਕੋਲ ਕੋਈ ਸਿੱਖ ਵਿਦਵਾਨਾਂ ਦੀ ਸਲਾਹ ਲੈਣ ਵਾਲੀ ਕਮੇਟੀ ਨਹੀਂ ਹੈ? ਇਹ ਸਵਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਲੈ ਕੇ ਮੰਤਰੀ ਤਰੁਣਪ੍ਰੀਤ ਸੌਂਦ ਤੱਕ ਸਾਰਿਆਂ ਨੂੰ ਪੁੱਛੇ ਜਾਣੇ ਚਾਹੀਦੇ ਹਨ। ਸਿੱਖ ਸੰਗਤ ਨੂੰ ਵੀ ਸੋਚਣ ਦੀ ਲੋੜ ਹੈ। ਜਦੋਂ ਤੱਕ ਅਸੀਂ ਆਪਣੀ ਵਿਰਾਸਤ ਦੀ ਰਾਖੀ ਲਈ ਇੱਕਠੇ ਨਹੀਂ ਹੋਵਾਂਗੇ, ਤਦ ਤੱਕ ਅਜਿਹੇ ਹਾਦਸੇ ਵਾਪਰਦੇ ਰਹਿਣਗੇ। ਅਕਾਲ ਤਖ਼ਤ ਸਾਹਿਬ ਨੇ ਸਮੇਂ ਸਿਰ ਸਖ਼ਤੀ ਵਿਖਾਈ ਹੈ। ਹੁਣ ਸੰਗਤ ਦਾ ਫ਼ਰਜ਼ ਹੈ ਕਿ ਇਸ ਮੁੱਦੇ ਬਾਰੇ ਸਰਕਾਰ ਨੂੰ ਜਵਾਬਦੇਹ ਬਣਾਏ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਗਲਤੀਆਂ ਨਾ ਹੋਣ।

# ਕੈਨੇਡਾ ਵਿੱਚ ਬਿਸ਼ਨੋਈ ਗੈਂਗ ਦਾ ਕਾਲਾ ਪਰਛਾਵਾਂ ਕਿਉਂ?

ਕੈਨੇਡਾ, ਜਿਸ ਨੂੰ ਦੁਨੀਆਂ ਸਭ ਤੋਂ ਸੁਰੱਖਿਅਤ ਅਤੇ ਸ਼ਾਂਤੀਪੂਰਨ ਮੁਲਕ ਮੰਨਦੀ ਸੀ, ਅੱਜ ਉਸੇ ਦੀ ਧਰਤੀ 'ਤੇ ਭਾਰਤੀ ਗੈਂਗਸਟਰਾਂ ਦਾ ਜਾਲ ਇੰਨਾ ਡੂੰਘਾ ਪੈਰ ਪਸਾਰ ਚੁੱਕਿਆ ਹੈ ਕਿ ਹੁਣ ਨਿਆਂ ਦੇ ਰਾਖੇ ਵਕੀਲ ਵੀ ਮੌਤ ਦੇ ਡਰ ਹੇਠ ਜੀਣ ਲੱਈ ਮਜਬੂਰ ਹਨ। ਬ੍ਰਿਟਿਸ਼ ਕੋਲੰਬੀਆ ਦੀ ਲਾਅ ਸੋਸਾਇਟੀ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਗੈਂਗਸਟਰ ਉਨ੍ਹਾਂ ਕੋਲੋਂ ਲੱਖਾਂ ਡਾਲਰ ਦੀ ਜਬਰੀ ਵਸੂਲੀ ਮੰਗ ਰਹੇ ਹਨ ਅਤੇ ਪੈਸੇ ਨਾ ਦੇਣ 'ਤੇ ਜਾਨੋਂ ਮਾਰਨ ਦੀਆਂ ਖੁੱਲ੍ਹੀਆਂ ਧਮਕੀਆਂ ਦੇ ਰਹੇ ਹਨ। ਇਨ੍ਹਾਂ ਧਮਕੀਆਂ ਪਿੱਛੇ ਸਭ ਤੋਂ ਵੱਡਾ ਨਾਂ ਆ ਰਿਹਾ ਹੈ - ਲਾਰੈਂਸ ਬਿਸ਼ਨੋਈ ਗੈਂਗ ਦਾ। ਇਹ ਗੈਂਗ, ਜਿਸ ਦੀਆਂ ਜੜ੍ਹਾਂ ਭਾਰਤ ਦੇ ਪੰਜਾਬ ਵਿੱਚ ਹਨ, ਕੈਨੇਡਾ ਵਿੱਚ ਆਪਣੇ ਪੈਰ ਇੰਨੇ ਮਜ਼ਬੂਤ ਕਰ ਚੁੱਕੀ ਹੈ ਕਿ ਇਹ ਨਾ ਸਿਰਫ਼ ਪੰਜਾਬੀ ਕਾਰੋਬਾਰੀਆਂ, ਨੌਜਵਾਨਾਂ ਤੇ ਪਰਿਵਾਰਾਂ ਨੂੰ ਲੁੱਟ ਰਿਹਾ ਹੈ।

ਇਸ ਬਾਰੇ ਕੈਨੇਡੀਅਨ ਪੁਲਿਸ ਅਤੇ ਸਰਕਾਰ ਦੀ ਚੁੱਪ ਸਭ ਤੋਂ ਜ਼ਿਆਦਾ ਦੁਖਦਾਈ ਹੈ। ਜਦੋਂ ਵੀ ਪੰਜਾਬੀ ਭਾਈਚਾਰੇ ਦਾ ਨੌਜਵਾਨ ਗੈਂਗਸਟਰਾਂ ਦੀ ਗੋਲੀ ਦਾ ਸ਼ਿਕਾਰ ਹੁੰਦਾ ਹੈ, ਪੁਲਿਸ ਕਹਿੰਦੀ ਹੈ "ਟਾਰਗੈੱਟਡ ਸ਼ੂਟਿੰਗ"। ਜਦੋਂ ਕਾਰੋਬਾਰੀਆਂ ਤੋਂ ਕਰੋੜਾਂ ਰੁਪਏ ਲੁੱਟੇ ਜਾਂਦੇ ਹਨ, ਤਾਂ "ਐਕਸਟੌਰਸ਼ਨ" ਕਹਿ ਕੇ ਫਾਈਲ ਬੰਦ। ਪਰ ਜਦੋਂ ਹੁਣ ਵਕੀਲਾਂ ਅਤੇ ਜੱਜਾਂ ਨੂੰ ਧਮਕੀਆਂ ਮਿਲਣ ਲੱਗ ਪਈਆਂ ਹਨ, ਤਾਂ ਵੀ ਪੁਲਿਸ ਦੇ ਹੱਥ ਬੱਝੇ ਹੋਏ ਹਨ। ਕੀ ਇਹ ਸਰਕਾਰ ਨੂੰ ਉਦੋਂ ਹੀ ਅਕਲ ਆਉਂਦੀ ਹੈ ਜਦੋਂ ਗੋਰੇ ਵਕੀਲਾਂ ਦੀ ਜਾਨ ਨੂੰ ਖ਼ਤਰਾ ਪੈਂਦਾ ਹੈ? ਕੀ ਪੰਜਾਬੀ ਖੂਨ ਸਸਤਾ ਹੈ? ਇਹ ਨਸਲਵਾਦੀ ਵਰਤਾਰਾ ਕਿਉਂ?

ਇਹ ਸਿਰਫ਼ ਜਬਰੀ ਵਸੂਲੀ ਨਹੀਂ, ਸਗੋਂ ਪੂਰੇ ਕੈਨੇਡੀਅਨ ਨਿਆਂ ਤੰਤਰ 'ਤੇ ਹਮਲਾ ਹੈ। ਜੇਕਰ ਵਕੀਲ ਡਰ ਕੇ ਕੇਸ ਨਾ ਲੜ ਸਕਣ, ਜੇਕਰ ਜੱਜ ਨੂੰ ਧੱਕੇ ਨਾਲ ਫੈਸਲੇ ਦੇਣੇ ਪੈਣ, ਤਾਂ ਫਿਰ ਇਹ ਮੁਲਕ ਕਾਨੂੰਨ ਦਾ ਰਾਜ ਕਿਵੇਂ ਰਹਿ ਸਕਦਾ ਹੈ? ਇਹ ਗੈਂਗਸਟਰ ਕੈਨੇਡਾ ਨੂੰ ਆਪਣੀ ਜਾਗੀਰ ਸਮਝਣ ਲੱਗ ਪਏ ਹਨ। ਅਤੇ ਸਾਡਾ ਦੁੱਖ ਇਹ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਗੈਂਗਸਟਰ ਉਹੀ ਨੇ ਜਿਨ੍ਹਾਂ ਨੂੰ ਲਿਬਰਲ ਸਰਕਾਰ ਨੇ ਖੁੱਲ੍ਹੇ ਦਰਵਾਜ਼ੇ ਦੀ ਨੀਤੀ ਨਾਲ ਕੈਨੇਡਾ ਵਿੱਚ ਦਾਖਲ ਹੋਣ ਦਿੱਤਾ। ਅੱਜ ਜੋ ਟਰੂਡੋ "ਹਿਊਮਨ ਰਾਈਟਸ" ਦਾ ਝੰਡਾ ਲੈ ਕੇ ਘੁੰਮਦਾ ਹੈ, ਉਸੇ ਦੀਆਂ ਨੀਤੀਆਂ ਕਾਰਨ ਸਾਡੇ ਪੰਜਾਬੀਆਂ ਦੀ ਜਾਨ ਖ਼ਤਰੇ ਵਿੱਚ ਹੈ। ਕੀ ਕੈਨੇਡਾ ਵਿੱਚ ਪੰਜਾਬੀ ਹੋਣਾ ਹੀ ਗੁਨਾਹ ਬਣ ਗਿਆ ਹੈ?

ਬਾਕੀ ਹਿਸਾ ਸਫਾ 9 ਤੇ ਪੜ੍ਹੋ

**NEWS & VIEWS**

# ROLE OF BRAHMINS IN GURU TEGH BAHADUR MARTYRDOM


Gurmukh Singh OBE

ਧਰਮ ਹੇਤ ਸਾਕਾ ਜਿਨਿ ਕੀਆ
*For the righteous cause, He performed the epic deed*
(Guru Gobind Singh, Bachittar Natak)
*A martyrdom to stabilize the world* (Bhai Gurdas Singh II, Vaar 41 Pauri 23)

Guru Tegh Bahadur made the supreme sacrifice for *dharam,* the righteous cause to save and stabilize the world. The wearers of *tilak* and *janju* (paste-mark and sacred thread), the Hindus, were saved in the process as willed by Waheguru. That means that saving of the Hindu religion was a *consequence* of the Guru upholding the dharmic principle.

Saving Hindu religion was not the prime objective of the great deed in the Age of Kalyug (ਕੀਨੋ ਬਡੋ ਕਲੂ ਮਹਿ ਸਾਕਾ। ) The prime objective of Guru Tegh Bahadur was to save *dharam*. Otherwise, the *janju* or *janeu* had been rejected by Guru Nanak Sahib as a symbol of the oppressive high/low caste system. Through this episode, Guru Tegh Bahadur defended not just Hinduism but *all religions*. He defended the principle that all had the right to practise their religion and way of life.

Together with evidence from Bhatt Vahis and Assamese Buranjis and other sources, the true story of the Shaheedi and the role of the Brahmins and Ulema (Muslim clergy) of northern India begin to emerge.

Assamese Buranjis are ancient historical records from Ahom kingdom in Assam. These records show that Guru Tegh Bahadur had a large following and his Darbar was stately. From these and Persian sources, Indian text book historians (NCERT types) drew their highly biased conclusions about the reasons for the arrest and martyrdom of Guru Ji.

Probably the best researched publication is by Prof. Fauja Singh in 1975 (see footnote). The Buranjis refer to the complaints by the Muslim ulema and Brahmin priests to the Mughal emperor against the preaching tours of Guru Tegh Bahadur which started in 1656, 10 years before His Guruship.

Prof. Fauja Singh writes: *According to it [Buranji] orthodox Brahmins and illemas were feeling greatly upset over the powerful impact of the Guru's teachings on the people at large and they complained to the Emperor that he was vitiating the whole atmosphere.* Following these complaints, the Emperor commissioned Alam Khan Pathan to arrest him, which he did on 8 November 1665 (Katik Sudi II, 1772, Bhat Vahi). That was the first arrest. *The Buranji account refers to 30,000 Nanakpanthi Sipahis assembled with the Guru. Obviously, there are some inaccuracies in this account, which may be explained by the long distance which intervened between the place of recording and that of actual happening. Still the basic idea of this account cannot be ruled out.* Thus, contrary to traditional understanding, the life-style of Guru Ji was saintly, yet stately. Like his Father-Guru, Hargobind, he was a trained saint-warrior. He took care of weapons as a matter of daily routine and kept up his interest in horse-riding and hunting.

The Brahmins, despite their earlier complaints about the preaching tours of Guru Ji, were desperate. They were well aware of the great influence of Guru Nanak, the Guru of the Hindus and the Pir of the Muslims. Guru Nanak, Guru Har Gobind and Guru Har Rai, had visited the valley of Kashmir and there were Sikh sangats in the area. Thus, Kashmiri Brahmins linked to Guru-Ghar, led the deputation to seek protection from Guru Tegh Bahadur.

The above are some pointers to further research as we commemorate 350th Shaheedi Divas of Guru Tegh Bahadur.

** *Guru Tegh Bahadur Martyr and Teacher*, PU, 1975 pages 35,36)

Further reading: GuruTeghBahadurJi-TheTrueStory.pdf
guru-tegh-bahadur-1621-1675-the-true-story-second-edition-gurmukh-singh.pdf

**Gurmukh Singh OBE,** Ret'd Principal Civil Servant (UK) sewauk2005@yahoo.co.uk


ਰਜਿੰਦਰ ਸਿੰਘ ਪੁਰੇਵਾਲ

## ਸੰਪਾਦਕੀ

# ਅਮਰੀਕਾ ਵਿਚ ਲੁਕੇ ਅਨਮੋਲ ਬਿਸ਼ਨੋਈ ਦੀ ਭਾਰਤ ਵਾਪਸੀ, ਅਪਰਾਧੀਆਂ ਲਈ ਇੱਕ ਵੱਡਾ ਝਟਕਾ

ਅਮਰੀਕਾ ਵੱਲੋਂ 200 ਭਾਰਤੀਆਂ ਨੂੰ ਵਾਪਸ ਭੇਜਣ ਵਾਲੀ ਇਹ ਕਾਰਵਾਈ ਨਾ ਸਿਰਫ਼ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਨਤੀਜਾ ਹੈ, ਸਗੋਂ ਭਾਰਤੀ ਅਪਰਾਧੀ ਗਿਰੋਹਾਂ ਵਿਰੁੱਧ ਅੰਤਰਰਾਸ਼ਟਰੀ ਸਹਿਯੋਗ ਦੀ ਮਿਸਾਲ ਵੀ ਹੈ। 18 ਨਵੰਬਰ 2025 ਨੂੰ ਉਡਾਣ ਭਰੀ ਇਸ ਫਲਾਈਟ ਵਿੱਚ ਗੈਂਗਸਟਰ ਅਨਮੋਲ ਬਿਸ਼ਨੋਈ ਅਤੇ ਪੰਜਾਬ ਦੇ ਦੋ ਲੋੜੀਂਦੇ ਵਿਅਕਤੀਆਂ ਸਮੇਤ 197 ਗੈਰ-ਕਾਨੂੰਨੀ ਪ੍ਰਵਾਸੀ ਸ਼ਾਮਲ ਸਨ। ਇਹ ਲੋਕ ਦਿੱਲੀ ਦੇ ਆਈਜੀਆਈ ਏਅਰਪੋਰਟ ਤੇ ਸਵੇਰੇ 10 ਵਜੇ ਪਹੁੰਚੇ, ਜਿੱਥੇ ਐੱਨਆਈਏ ਅਤੇ ਪੁਲਿਸ ਨੇ ਅਨਮੋਲ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਵਾਪਸੀ ਟਰੰਪ ਦੇ ਚੋਣ ਵਾਅਦੇ ਦਾ ਹਿੱਸਾ ਹੈ, ਜਿਸ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਟਾਉਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਨਵਰੀ ਤੋਂ ਮਈ 2025 ਤੱਕ ਹੀ ਸੈਂਕੜੇ ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਸੀ, ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਨੌਜਵਾਨ ਸਨ, ਜੋ 'ਡੰਕੀ ਰੂਟ'-ਯਾਨੀ ਕੈਨੇਡਾ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਏ ਸਨ। ਹੁਣ ਸਵਾਲ ਉੱਠਦਾ ਹੈ ਕਿ ਅਨਮੋਲ ਬਿਸ਼ਨੋਈ ਵਰਗੇ ਅਪਰਾਧੀ ਤੇ ਪਹਿਲਾਂ ਕਿਉਂ ਨਹੀਂ ਕਾਰਵਾਈ ਹੋਈ? ਲੌਰੈਂਸ ਬਿਸ਼ਨੋਈ ਗਿਰੋਹ ਦਾ ਇਹ ਮੁੱਖ ਮੈਂਬਰ ਅਪ੍ਰੈਲ 2022 ਵਿੱਚ ਨਕਲੀ ਪਾਸਪੋਰਟ ਨਾਲ ਭਾਰਤ ਤੋਂ ਭੱਜ ਗਿਆ ਸੀ, ਅਤੇ ਨਵੰਬਰ 2024 ਵਿੱਚ ਅਮਰੀਕਾ ਵਿੱਚ ਗ੍ਰਿਫ਼ਤਾਰ ਹੋਇਆ। ਉਹ ਬਾਬਾ ਸਿਦਦੀ ਦੀ ਹੱਤਿਆ, ਸਲਮਾਨ ਖਾਨ ਖਿਲਾਫ਼ ਧਮਕੀਆਂ ਅਤੇ ਸਿੱਧੂ ਮੂਸੇਵਾਲਾ ਕੇਸ ਵਿੱਚ ਸ਼ਾਮਲ ਹੈ। ਪਰ ਵੱਡਾ ਸਵਾਲ ਕੈਨੇਡਾ ਵਿੱਚ ਸਿੱਖ ਕਤਲਾਂ ਨਾਲ ਜੁੜਿਆ ਹੈ। ਬਿਸ਼ਨੋਈ ਗਿਰੋਹ ਨੂੰ ਸਤੰਬਰ 2025 ਵਿੱਚ ਕੈਨੇਡਾ ਨੇ ਅੱਤਵਾਦੀ ਸੰਸਥਾ ਘੋਸ਼ਿਤ ਕੀਤਾ ਸੀ, ਕਿਉਂਕਿ ਇਹ ਗਿਰੋਹ ਹੱਤਿਆਵਾਂ, ਲੁੱਟ ਅਤੇ ਅੱਗਜ਼ਨੀ ਰਾਹੀਂ ਭਦਹਿਸ਼ਤ ਫੈਲਾਉਂਦਾ ਹੈ। ਖਾਸ ਕਰਕੇ ਭਾਈ ਹਰਦੀਪ ਸਿੰਘ ਨਿੱਝਰ ਵਰਗੇ ਸਿੱਖ ਨੇਤਾ ਨੂੰ ਟਾਰਗੇਟ ਕਰਨ ਵਾਲੇ ਅਪਰਾਧਾਂ ਵਿੱਚ ਇਸਦਾ ਹੱਥ ਹੈ। ਅਮਰੀਕਾ ਵਿੱਚ ਵੀ ਖਾਲਿਸਤਾਨੀ ਉਸਦੇ ਨਿਸ਼ਾਨੇ 'ਤੇ ਸਨ, ਪਰ ਅਨਮੋਲ ਨੇ ਰਾਜਨੀਤਕ ਅਸਾਈਲਮ ਦੀ ਅਰਜ਼ੀ ਦੇ ਕੇ ਡਿਪੋਰਟੇਸ਼ਨ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਅਸਫਲ ਰਿਹਾ । ਭਾਰਤ-ਅਮਰੀਕਾ ਸਹਿਯੋਗ ਵਧਣ ਨਾਲ ਗੈਂਗਸਟਰਾਂ ਉਪਰ ਅਜਿਹੀਆਂ ਕਾਰਵਾਈਆਂ ਤੇਜ਼ ਹੋਣਗੀਆਂ। ਪਰ ਭਾਰਤ ਸਰਕਾਰ ਨੂੰ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਿੱਖਿਆ ਦੇ ਮੌਕੇ ਵਧਾਉਣੇ ਚਾਹੀਦੇ ਹਨ। ਅਨਮੋਲ ਵਰਗੇ ਅਪਰਾਧੀਆਂ ਦੀ ਵਾਪਸੀ ਨਾਲ ਨਿਆਂ ਨੂੰ ਮਜ਼ਬੂਤੀ ਮਿਲੇਗੀ, ਪਰ ਇਹ ਲੜਾਈ ਅਜੇ ਲੰਮੀ ਹੈ।

-ਰਜਿੰਦਰ ਸਿੰਘ ਪੁਰੇਵਾਲ

# ਦਿੱਲੀ ਧਮਾਕੇ ਦਾ ਹਮਾਸ ਨਾਲ ਹੋ ਸਕਦੇ ਨੇ ਸਬੰਧ

## ਅੱਤਵਾਦੀਆਂ ਦੀ ਰਾਕੇਟ ਨਾਲ ਹਮਲੇ ਕਰਨ ਦੀ ਸੀ ਯੋਜਨਾ; ਡਰੋਨ ਨਾਲ ਕੀਤੀ ਸੀ ਨਿਗਰਾਨੀ; ਖੁੱਲ੍ਹੇ ਕਈ ਰਾਜ਼

ਨਵੀਂ ਦਿੱਲੀ-ਦਿੱਲੀ ਦੇ ਲਾਲ ਕਿਲ੍ਹੇ ਨੇੜੇ 10 ਨਵੰਬਰ ਨੂੰ ਹੋਏ ਕਾਰ ਬੰਬ ਧਮਾਕੇ ਦੀ ਜਾਂਚ ਵਿੱਚ ਇੱਕ ਮਹੱਤਵਪੂਰਨ ਖੁਲਾਸਾ ਹੋਇਆ ਹੈ। ਰਾਸ਼ਟਰੀ ਜਾਂਚ ਏਜੰਸੀ ਨੇ ਪਤਾ ਲਗਾਇਆ ਹੈ ਕਿ ਇੱਕ "ਵ੍ਹਾਈਟ-ਕਾਲਰ ਅੱਤਵਾਦੀ ਮਾਡਿਊਲ" ਨੇ ਧਮਾਕੇ ਤੋਂ ਪਹਿਲਾਂ ਡਰੋਨ ਨੂੰ ਹਥਿਆਰ ਬਣਾਉਣ ਅਤੇ ਰਾਕੇਟ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਾਂਚਕਰਤਾਵਾਂ ਦੇ ਅਨੁਸਾਰ, ਇਹ ਤਰੀਕਾ 7 ਅਕਤੂਬਰ, 2023 ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਦੇ ਸਮਾਨ ਸੀ, ਜਿੱਥੇ ਡਰੋਨ ਦੀ ਵਿਆਪਕ ਵਰਤੋਂ ਕੀਤੀ ਗਈ ਸੀ। ਐਨਆਈਏ ਨੇ ਸਾਜ਼ਿਸ਼ ਦੇ ਇੱਕ ਹੋਰ ਸ਼ੱਕੀ, ਜਸਿਰ ਬਿਲਾਲ ਵਾਨੀ ਉਰਫ਼ ਦਾਨਿਸ਼ ਨੂੰ ਸ਼੍ਰੀਨਗਰ ਤੋਂ ਗ੍ਰਿਫ਼ਤਾਰ ਕੀਤਾ ਹੈ।

### ਯੋਜਨਾ ਕੀ ਸੀ ?

ਇਸ ਤੋਂ ਪਹਿਲਾਂ, ਪਹਿਲੇ ਦੋਸ਼ੀ ਆਮਿਰ ਰਾਸ਼ਿਦ ਅਲੀ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਦਾਨਿਸ਼ ਜੰਮੂ-ਕਸ਼ਮੀਰ ਦੇ ਅਨੰਤਨਾਗ ਦਾ ਰਹਿਣ ਵਾਲਾ ਹੈ ਅਤੇ ਉਸਨੂੰ ਆਤਮਘਾਤੀ ਹਮਲਾਵਰ ਉਮਰ ਉਨ ਨਬੀ ਦਾ ਕਰੀਬੀ ਸਾਥੀ ਦੱਸਿਆ ਜਾਂਦਾ ਹੈ। ਐਨਆਈਏ ਨੇ ਕਿਹਾ ਕਿ ਦਾਨਿਸ਼ ਨੇ ਹਮਲੇ ਦੀਆਂ ਤਕਨੀਕੀ ਤਿਆਰੀਆਂ ਵਿੱਚ ਮਦਦ ਕੀਤੀ ਸੀ। ਉਹ ਡਰੋਨਾਂ ਨੂੰ ਸੋਧ ਕੇ ਹਥਿਆਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਰਾਕੇਟ ਬਣਾਉਣ ਦੀ ਵੀ ਕੋਸ਼ਿਸ਼ ਕਰ ਰਿਹਾ ਸੀ। ਸੂਤਰਾਂ ਅਨੁਸਾਰ, ਦਾਨਿਸ਼ ਅਜਿਹੇ ਡਰੋਨ ਵਿਕਸਤ ਕਰ ਰਿਹਾ ਸੀ ਜਿਨ੍ਹਾਂ ਵਿੱਚ ਵੱਡੀਆਂ ਬੈਟਰੀਆਂ ਲੱਗ ਸਕਦੀਆਂ ਸਨ ਤਾਂ ਜੋ ਉਹ ਭਾਰੀ ਬੰਬ ਲੈ ਜਾ ਸਕਣ। ਉਨ੍ਹਾਂ ਨੂੰ ਭੀੜ-ਭੜੱਕੇ ਵਾਲੇ ਇਲਾਕਿਆਂ 'ਤੇ ਹਮਲਾ ਕਰਨ ਲਈ ਕੈਮਰਿਆਂ ਨਾਲ ਵੀ ਲੈਸ ਕੀਤਾ ਜਾਣਾ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮਾਡਿਊਲ ਭੀੜ 'ਤੇ ਹਥਿਆਰਬੰਦ ਡਰੋਨ ਸੁੱਟ ਕੇ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣਾ ਵੀ ਚਾਹੁੰਦਾ ਸੀ।

### ਦੇਸ਼ ਸਾਵਧਾਨ ਹੋ ਰਹੇ ਹਨ

ਅਜਿਹੀਆਂ ਚਾਲਾਂ ਪਹਿਲਾਂ ਵੀ ਕਈ ਸੀਰੀਆਈ ਅੱਤਵਾਦੀ ਸਮੂਹਾਂ ਅਤੇ ਹਮਾਸ ਵਰਗੇ ਸੰਗਠਨਾਂ ਦੁਆਰਾ ਵਰਤੀਆਂ ਜਾ ਚੁੱਕੀਆਂ ਹਨ। ਡਰੋਨ ਹਮਲਿਆਂ ਦੇ ਵਧਦੇ ਖ਼ਤਰੇ ਨੇ ਕਈ ਦੇਸ਼ਾਂ ਨੂੰ ਸੁਚੇਤ ਕਰ ਦਿੱਤਾ ਹੈ। ਭਾਰਤ ਅਜਿਹੇ ਖਤਰਿਆਂ ਨਾਲ ਨਜਿੱਠਣ ਲਈ ਆਪਣੀਆਂ ਡਰੋਨ ਹਮਲੇ ਅਤੇ ਡਰੋਨ ਵਿਰੋਧੀ ਇਕਾਈਆਂ ਨੂੰ ਵੀ ਕਾਫ਼ੀ ਮਜ਼ਬੂਤ ਕਰ ਰਿਹਾ ਹੈ।

# ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਸ਼ੇਖ ਹਸੀਨਾ ਨੂੰ ਸਜ਼ਾ-ਏ-ਮੌਤ ਸੁਣਾਈ

## ✪ ਬੰਗਲਾਦੇਸ਼ ਨੇ ਭਾਰਤ ਤੋਂ ਹਵਾਲਗੀ ਮੰਗੀ, ਮੋਦੀ ਸਰਕਾਰ ਸ਼ਸ਼ੋਪੰਜ ਵਿਚ

ਬੀਤੇ ਦਿਨੀਂ ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਂ ਖ਼ਾਨ ਕਮਾਲ ਨੂੰ 2024 ਦੇ ਵਿਦਰੋਹੀ ਪ੍ਰਦਰਸ਼ਨਾਂ ਦੌਰਾਨ ਮਨੁੱਖਤਾ ਵਿਰੁੱਧ ਅਪਰਾਧਾਂ ਲਈ ਮੌਤ ਦੀ ਸਜ਼ਾ ਸੁਣਾਈ ਸੀ।

ਇਸ ਫ਼ੈਸਲੇ ਨੇ ਭਾਰਤ-ਬੰਗਲਾਦੇਸ਼ ਸੰਬੰਧਾਂ ਵਿੱਚ ਨਵੀਂ ਚੁਣੌਤੀ ਪੈਦਾ ਕਰ ਦਿੱਤੀ ਹੈ, ਕਿਉਂਕਿ ਹਸੀਨਾ ਅਤੇ ਕਮਾਲ ਭਾਰਤ ਵਿੱਚ ਹਨ। ਬੰਗਲਾਦੇਸ਼ ਨੇ ਭਾਰਤ ਤੋਂ ਉਨ੍ਹਾਂ ਦੀ ਹਵਾਲਗੀ ਦੀ ਮੰਗ ਕੀਤੀ ਹੈ, ਪਰ ਭਾਰਤੀ ਵਿਦੇਸ਼ ਮੰਤਰਾਲੇ ਨੇ ਸਾਵਧਾਨੀ ਨਾਲ ਜਵਾਬ ਦਿੱਤਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮਾਮਲਾ ਦੋਹਾਂ ਦੇਸ਼ਾਂ ਦੇ ਡੂੰਘੇ ਆਰਥਿਕ ਅਤੇ ਰਣਨੀਤਕ ਰਿਸ਼ਤਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਭਾਰਤ ਦੀ ਨੀਤੀ ਵਿਚਕਾਰਲੇ ਰਾਹ ਵਾਲੀ ਰਹੇਗੀ।

ਟ੍ਰਿਬਿਊਨਲ ਨੇ ਗ਼ੈਰ-ਹਾਜ਼ਰੀ ਵਿੱਚ ਚੱਲੇ ਇਸ ਮੁਕੱਦਮੇ ਵਿੱਚ ਹਸੀਨਾ ਨੂੰ ਪੰਜ ਇਲਜ਼ਾਮਾਂ-ਕਤਲ, ਕਤਲ ਦੀ ਕੋਸ਼ਿਸ਼, ਸਾਜ਼ਿਸ਼, ਸਹਾਇਤਾ ਅਤੇ ਭੜਕਾਉਣਾ-ਦਾ ਦੋਸ਼ੀ ਠਹਿਰਾਇਆ। ਇਲਜ਼ਾਮਾਂ ਅਨੁਸਾਰ, ਜੁਲਾਈ-ਅਗਸਤ 2024 ਦੇ ਪ੍ਰਦਰਸ਼ਨਾਂ ਦੌਰਾਨ 1,400 ਤੋਂ ਵੱਧ ਲੋਕ ਮਾਰੇ ਗਏ ਸਨ ਅਤੇ 25,000 ਜ਼ਖ਼ਮੀ ਹੋਏ ਸਨ। ਇਸਤਗਾਸਾ ਪੱਖ ਨੇ 747 ਪੰਨਿਆਂ ਦਾ ਦਸਤਾਵੇਜ਼ ਪੇਸ਼ ਕੀਤਾ, ਜਿਸ ਵਿੱਚ ਰੰਗਪੁਰ ਵਿੱਚ ਵਿਦਿਆਰਥੀ ਅਬੂ ਸਈਦ ਦੀ ਹੱਤਿਆ, ਚੰਖਰ ਪੁਲ 'ਤੇ ਛੇ ਲੋਕਾਂ ਦਾ ਕਤਲ ਅਤੇ ਆਸ਼ੂਲੀਆ ਵਿੱਚ ਪੰਜ ਲੋਕਾਂ ਨੂੰ ਜ਼ਿੰਦਾ ਸਾੜਨ ਵਰਗੀਆਂ ਘਟਨਾਵਾਂ ਸ਼ਾਮਲ ਹਨ।

ਮੁਖ਼ੀ ਵਕੀਲ ਤਾਜੁਲ ਇਸਲਾਮ ਨੇ ਦਲੀਲ ਦਿੱਤੀ ਕਿ ਹਸੀਨਾ ਨੇ 14 ਜੁਲਾਈ ਨੂੰ ਪ੍ਰੈੱਸ ਕਾਨਫ਼ਰੰਸ ਵਿੱਚ ਵਿਦਿਆਰਥੀਆਂ ਨੂੰ 'ਰਜ਼ਾਕਾਰਾਂ' ਦੇ ਪੁੱਤਰ ਕਹਿ ਕੇ ਭੜਕਾਇਆ ਸੀ, ਜੋ 1971 ਦੇ ਮੁਕਤੀ ਯੁੱਧ ਵਿੱਚ ਪਾਕਿਸਤਾਨੀ ਫ਼ੌਜ ਨਾਲ ਮਿਲੇ ਲੋਕਾਂ ਲਈ ਅਪਮਾਨਜਨਕ ਸ਼ਬਦ ਹੈ। ਟ੍ਰਿਬਿਊਨਲ, ਜੋ ਮੂਲ ਰੂਪ ਵਿੱਚ 1971 ਦੇ ਅਪਰਾਧਾਂ ਲਈ ਬਣਾਇਆ ਗਿਆ ਸੀ, ਨੇ 453 ਪੰਨਿਆਂ ਦਾ ਫ਼ੈਸਲਾ ਛੇ ਹਿੱਸਿਆਂ ਵਿੱਚ ਸੁਣਾਇਆ।

ਫ਼ੈਸਲੇ ਤੋਂ ਬਾਅਦ ਬੰਗਲਾਦੇਸ਼ ਨੇ ਭਾਰਤ ਨੂੰ ਹਸੀਨਾ ਅਤੇ ਕਮਾਲ ਦੀ ਹਵਾਲਗੀ ਲਈ ਰਾਜਨੀਤਿਕ ਅਤੇ ਕੂਟਨੀਤਿਕ ਦਬਾਅ ਵਧਾਇਆ। ਜੂਨ ਵਿੱਚ ਟ੍ਰਿਬਿਊਨਲ ਨੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਸਨ। ਹਸੀਨਾ ਨੇ ਫ਼ੈਸਲੇ ਨੂੰ 'ਪੱਖਪਾਤੀ ਅਤੇ ਰਾਜਨੀਤਿਕ ਪ੍ਰੇਰਿਤ' ਕਹਿ ਨਿੰਦਾ ਕੀਤੀ। ਉਨ੍ਹਾਂ ਦੇ ਪੰਜ ਪੰਨਿਆਂ ਦੇ ਬਿਆਨ ਵਿੱਚ ਕਿਹਾ ਗਿਆ ਕਿ ਇਹ ਅਵਾਮੀ ਲੀਗ ਨੂੰ ਗ਼ੈਰ-ਕਾਨੂੰਨੀ ਠਹਿਰਾਉਣ ਦੀ ਸਾਜ਼ਿਸ਼ ਹੈ। ਪਹਿਲਾਂ ਵੀ ਉਨ੍ਹਾਂ ਨੇ ਮੁਕੱਦਮੇ ਨੂੰ 'ਮਜ਼ਾਕ' ਕਿਹਾ ਅਤੇ ਅੰਤਰਿਮ



ਸਰਕਾਰ ਨੂੰ ਹੇਗ ਵਿੱਚ ਅੰਤਰਰਾਸ਼ਟਰੀ ਅਦਾਲਤ ਵਿੱਚ ਚੁਣੌਤੀ ਦਿੱਤੀ। ਉਨ੍ਹਾਂ ਕਿਹਾ, 'ਮੈਨੂੰ ਨਿਰਪੱਖ ਟ੍ਰਿਬਿਊਨਲ ਵਿੱਚ ਸਬੂਤਾਂ ਦੇ ਆਧਾਰ 'ਤੇ ਟਰਾਇਲ ਕਰਨ ਤੋਂ ਕੋਈ ਡਰ ਨਹੀਂ।'

ਭਾਰਤੀ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕਰਕੇ ਕਿਹਾ, 'ਅਸੀਂ ਬੰਗਲਾਦੇਸ਼ ਟ੍ਰਿਬਿਨਲ ਦੇ ਫ਼ੈਸਲੇ ਬਾਰੇ ਜਾਣਕਾਰ ਹਾਂ। ਨਜ਼ਦੀਕੀ ਗੁਆਂਢੀ ਵਜੋਂ ਭਾਰਤ ਬੰਗਲਾਦੇਸ਼ ਦੇ ਲੋਕਾਂ ਦੇ ਹਿੱਤਾਂ-ਸ਼ਾਂਤੀ, ਲੋਕਤੰਤਰ, ਸਮਾਵੇਸ਼ ਅਤੇ ਸਥਿਰਤਾ-ਲਈ ਵਚਨਬੱਧ ਹੈ। ਇਹ ਜਵਾਬ ਹਵਾਲਗੀ ਬਾਰੇ ਸਿੱਧਾ ਨਹੀਂ ਹੈ, ਜੋ ਇੰਟਰਪੋਲ ਵਾਰੰਟ ਜਾਂ ਐਕਸਟ੍ਰਾਡੀਸ਼ਨ ਟ੍ਰੀਟੀ 'ਤੇ ਨਿਰਭਰ ਕਰੇਗਾ। ਭਾਰਤ ਨੇ ਹਸੀਨਾ ਨੂੰ ਅਗਸਤ 2024 ਵਿੱਚ ਸ਼ਰਨ ਦਿੱਤੀ ਸੀ, ਜਦੋਂ ਉਹ ਪ੍ਰਦਰਸ਼ਨਾਂ ਕਾਰਨ ਅਸਤੀਫ਼ਾ ਦੇ ਕੇ ਭਾਰਤ ਵਿਚ ਪਨਾਹ ਲਈ ਸੀ। ਮੋਦੀ ਸਰਕਾਰ ਨੂੰ ਚਿੰਤਾ ਹੈ ਕਿ ਹਵਾਲਗੀ ਨਾਲ ਬੰਗਲਾਦੇਸ਼ ਵਿੱਚ ਅਵਾਮੀ ਲੀਗ ਪੱਖੀਆਂ ਤਾਕਤਾਂ ਨੂੰ ਨੁਕਸਾਨ ਪਹੁੰਚੇਗਾ ਅਤੇ ਚੀਨ-ਪੱਖੀ ਤੱਤ ਮਜ਼ਬੂਤ ਹੋਣਗੇ।

### ਕੀ ਭਾਰਤ ਬੰਗਲਾਦੇਸ਼ ਦੇ ਸੰਬੰਧ ਵਿਗੜਨਗੇ ?

ਦੋਹਾਂ ਦੇਸ਼ਾਂ ਵਿਚਾਲੇ10 ਅਰਬ ਡਾਲਰ ਤੋਂ ਵੱਧ ਦੇ ਵਪਾਰ, ਊਰਜਾ ਪ੍ਰੋਜੈਕਟਾਂ ਅਤੇ ਟੀਐੱਸਪੀਏ (ਟ੍ਰਾਈਲੈਟਰਲ ਸਪਲਾਈ ਚੇਨ) ਵਰਗੇ ਸਹਿਯੋਗ ਨਾਲ ਜੁੜੇ ਹਨ। ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਭਾਰਤ ਨਾਲ ਗੱਲਬਾਤ ਜਾਰੀ ਰੱਖੀ ਹੈ, ਪਰ ਇਹ ਮਾਮਲਾ ਡੂੰਘਾ ਤਣਾਅ ਪੈਦਾ ਕਰ ਸਕਦਾ ਹੈ। ਕੂਟਨੀਤੀਕਾਰਾਂ ਅਨੁਸਾਰ, ਭਾਰਤ ਨਿਰਪੱਖ ਰਹਿਣਾ ਚਾਹੇਗਾ ਅਤੇ ਬੰਗਲਾਦੇਸ਼ ਨੂੰ ਲੋਕਤੰਤਰੀ ਚੋਣਾਂ ਵੱਲ ਧੱਕੇਗਾ। ਜੇ ਹਵਾਲਗੀ ਨਾ ਹੋਈ ਤਾਂ ਬੰਗਲਾਦੇਸ਼ ਵਿੱਚ ਐਂਟੀ-ਇੰਡੀਆ ਭਾਵਨਾ ਵਧ ਸਕਦੀ ਹੈ, ਪਰ ਭਾਰਤੀ ਨੀਤੀ ਰਣਨੀਤਕ ਹਿੱਤਾਂ ਨੂੰ ਤਰਜੀਹ ਦੇਵੇਗੀ। ਅੰਤ ਵਿੱਚ, ਇਹ ਨਤੀਜੇ ਉਪਰ ਨਿਰਭਰ ਕਰੇਗਾ ਕਿ ਬੰਗਲਾਦੇਸ਼ ਅੰਤਰਿਮ ਸਰਕਾਰ ਕਿਵੇਂ ਅਗਲੇ ਕਦਮ ਚੁਣਦੀ ਹੈ।

# ਗੁਰੂ ਤੇਗ਼ ਬਹਾਦੁਰ ਸਾਹਿਬ – ਸ੍ਰਿਸ਼ਟੀ ਦੀ ਚਾਦਰ (ਦੁਨੀਆ ਦੀ ਢਾਲ) ਨੂੰ ਬਰਤਾਨੀਆ ਦੀ ਸੰਸਦ ਵਿੱਚ ਸ਼ਰਧਾਂਜ਼ਲੀ ਤੇ ਸਨਮਾਨ

## ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਸੰਸਦ ਮੈਂਬਰ ਸ: ਤਨਮਨਜੀਤ ਸਿੰਘ ਢੇਸੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਦੀ 350 ਸਾਲਾ ਯਾਦ ਵਿੱਚ ਮਹਾਨ ਸ਼ਹੀਦੀ ਸਮਾਗਮ

## ਐਮ ਪੀ ਗੁਰਿੰਦਰ ਸਿੰਘ ਜੋਸਨ ਅਤੇ ਉਹਨਾਂ ਦੇ ਹੋਰ ਸਾਥੀ ਸਾਂਸਦਾਂ ਨੇ ਵੀ ਕੀਤੀ ਸ਼ਮੂਲੀਅਤ



ਲੰਡਨ–17 ਨਵੰਬਰ 2025 ਦੀ ਸ਼ਾਮ ਨੂੰ ਯੂ ਕੇ ਸੰਸਦ ਦੇ ਪੋਰਟਕੁੱਲਿਸ ਹਾਊਸ ਵਿੱਚ ਸਥਿਤ ਖੱਚਾ ਖੱਚ ਭਰੇ ਥੈਚਰ ਰੂਮ ਵਿੱਚ ਮਾਣਯੋਗ ਐਮ ਪੀਜ਼, ਸਤਿਕਾਰਯੋਗ ਮਹਿਮਾਨਾਂ, ਸਮਾਜਿਕ ਆਗੂਆਂ ਅਤੇ ਆਮ ਜਨਤਾ ਦੀ ਵੱਡੀ ਗਿਣਤੀ ਇਕੱਠੀ ਹੋਈ ਜਦੋਂ ਸੁਪਰੀਮ ਸਿੱਖ ਕੌਂਸਲ ਯੂ ਕੇ (SSC UK) ਨੇ ਨੌਵੇਂ ਪਾਤਿਸ਼ਾਹ, ਸ਼੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸ਼ਰਧਾਂਜਲੀ ਵਾਲੀ ਭਾਵਨਾ ਅਤੇ ਇਤਿਹਾਸਕ ਢੰਗ ਨਾਲ ਯਾਦ ਕੀਤਾ–ਇਕ ਐਸੀ ਸ਼ਹਾਦਤ ਜੋ ਧਾਰਮਿਕ ਆਜ਼ਾਦੀ ਅਤੇ ਨੈਤਕੀ ਹਿੰਮਤ ਦਾ ਸਦੀਵੀ ਦੀਵਾ ਹੈ। ਸਮਾਗਮ ਦੀ ਸ਼ੁਰੂਆਤ ਡੂੰਘੀ ਸ਼ਰਧਾ ਨਾਲ ਹੋਈ। ਭਾਈ ਸੇਵਾ ਸਿੰਘ ਲੱਲੀ ਨੇ ਸੰਗਤ ਨੂੰ ਪੰਜ ਵਾਰ ਮੂਲ ਮੰਤਰ ਦੇ ਪਾਠ ਨਾਲ ਜੋੜਿਆ, ਜਿਸ ਤੋਂ ਬਾਅਦ ਪੰਜ ਵਾਰ "ਵਾਹਿਗੁਰੂ" ਦਾ ਸਿਮਰਨ ਕੀਤਾ ਗਿਆ—ਇਸ ਪ੍ਰਕਿਰਿਆ ਨੇ ਐਸ ਤਰ੍ਹਾਂ ਦਾ ਆਤਮਕ ਮਾਹੌਲ ਬਣਾਇਆ, ਜਿਸ ਨੇ ਪੂਰੀ ਮੀਟਿੰਗ ਨੂੰ ਅਰਦਾਸ, ਚਿੰਤਨ ਅਤੇ ਸਮਰਪਣ ਨਾਲ ਜੋੜੀ ਰੱਖਿਆ।

ਸਮਾਗਮ ਦੀ ਅਗਵਾਈ ਮਾਨਯੋਗ ਤਨਮਨਜੀਤ ਸਿੰਘ ਢੇਸੀ (ਐਮ.ਪੀ.) ਨੇ ਕੀਤੀ। ਇਸ ਮੌਕੇ ਉੱਤੇ ਹਰੇਕ ਪਾਰਟੀ ਦੇ ਸੰਸਦ ਮੈਂਬਰਾਂ, ਧਾਰਮਿਕ ਆਗੂਆਂ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਜੀਵਨ–ਕਥਾ, ਅਟੱਲ ਦ੍ਰਿੜਤਾ ਅਤੇ ਮਾਣਯੋਗ ਵਿਰਾਸਤ 'ਤੇ ਚਰਚਾ ਕੀਤੀ—ਉਸ ਸੰਤ–ਸਿਪਾਹੀ ਦੀ ਯਾਦ ਦਿਲਾਉਂਦੇ ਹੋਏ ਜਿਸ ਨੇ ਹਰ ਮਨੁੱਖ ਨੂੰ ਧਰਮ ਦੀ ਆਜ਼ਾਦੀ ਦੇਣ ਲਈ ਆਪਣਾ ਸੀਸ ਵਾਰ ਦਿੱਤਾ। ਉਹਨਾਂ ਨੇ ਗੁਰੂ ਸਾਹਿਬ ਦੇ ਨਿਮਰਤਾ ਭਰਪੂਰ ਸਚਿਆਰ–ਚਰਿਤਰ ਅਤੇ ਨਿਡਰ ਨਿਆਂ ਵਾਲੇ ਸਿਧਾਂਤਾਂ ਨੂੰ ਯਾਦ ਕੀਤਾ। ਸੱਭ ਤੋਂ ਪ੍ਰਭਾਵਸ਼ਾਲੀ ਪਲ ਉਹ ਸੀ ਜਦੋਂ ਮੁਗਲ ਬਾਦਸ਼ਾਹ ਦੇ ਚਮਤਕਾਰ ਦੀ ਮੰਗ 'ਤੇ ਗੁਰੂ ਸਾਹਿਬ ਦੇ ਜਵਾਬ ਨੂੰ ਯਾਦ ਕੀਤਾ ਗਿਆ– "ਜੋ ਚਮਤਕਾਰ ਤੂੰ ਵੇਖੇਂਗਾ, ਉਹ ਇਹ ਹੋਵੇਗਾ ਕਿ ਧਰਤੀ ਦੀ ਕੋਈ ਤਾਕਤ ਕਿਸੇ ਮਨੁੱਖ ਨੂੰ ਆਪਣੀ ਸੱਚੀ ਅੰਤਰਾਤਮਾ ਤੋਂ ਜੁਦਾ ਨਹੀਂ ਕਰ ਸਕਦੀ।" ਉਨ੍ਹਾਂ ਦੀ ਸ਼ਹਾਦਤ ਸਿਰਫ਼ ਨਿੱਜੀ ਕੁਰਬਾਨੀ ਨਹੀਂ ਸੀ, ਬਲਕਿ ਪੂਰੇ ਵਿਸ਼ਵ ਲਈ ਸੰਦੇਸ਼ ਸੀ ਕਿ ਆਜ਼ਾਦੀ ਤਾਕਤ ਦੀ ਗੈਰਹਾਜ਼ਰੀ ਨਹੀਂ; ਇਹ ਅੰਤਰ ਆਤਮਾ ਦੀ ਮੌਜੂਦਗੀ ਹੈ।

ਸਮਾਗਮ ਭਾਈ ਸੁਰਿੰਦਰ ਸਿੰਘ ਜੰਡੂ, ਜਨਰਲ ਸਕੱਤਰ ਸੁਪਰੀਮ ਸਿੱਖ ਕੌਂਸਲ, ਅਤੇ ਭਾਈ ਚੰਦਰ ਸ਼ੇਖਰ ਸਿੰਘ ਗੁਰੂ, ਕਨਵੀਨਰ ਬੋਰਡ ਆਫ਼ ਜਥੇਦਾਰਾਂ, ਦੇ ਹਾਰਦਿਕ ਸੰਬੋਧਨਾਂ ਨਾਲ ਗਹਿਰੇ ਤੌਰ 'ਤੇ ਪ੍ਰਭਾਵਿਤ ਹੋਇਆ। ਉਨ੍ਹਾਂ ਦੀਆਂ ਵਿਚਾਰਧਾਰਾਵਾਂ ਨੇ ਗੁਰੂ ਸਾਹਿਬ ਦੇ ਬਚਨਾਂ ਦੀ ਆਧੁਨਿਕ ਯੁੱਗ ਵਿੱਚ ਉਪਯੋਗਿਤਾ ਨੂੰ ਰੌਸ਼ਨ ਕੀਤਾ। ਭਾਈ ਸੁਰਿੰਦਰ ਸਿੰਘ ਜੰਡੂ ਦੇ ਸੰਬੋਧਨ ਤੋਂ ਬਾਅਦ ਡਾ. ਦਲਜੀਤ ਸਿੰਘ ਵਿਰਕ ਨੇ ਭਾਵਨਾ ਭਰਿਆ ਧੰਨਵਾਦ ਪ੍ਰਗਟ ਕੀਤਾ ਅਤੇ ਮਾਨਯੋਗ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਕਿ 24 ਨਵੰਬਰ ਨੂੰ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਦੇ ਸਨਮਾਨ ਵਿੱਚ ਰਾਸ਼ਟਰੀ ਦਿਵਸ ਵਜੋਂ ਮਨਾਉਣ ਲਈ ਸਰਕਾਰੀ ਤੌਰ 'ਤੇ ਮਾਨਤਾ ਦਿਵਾਈ ਜਾਵੇ। ਉਨ੍ਹਾਂ ਨੇ ਯਾਦ ਦਿਵਾਇਆ ਕਿ ਇਹ ਸਿਰਫ਼ ਸਿੱਖ ਭਾਈਚਾਰੇ ਦਾ ਮਸਲਾ ਨਹੀਂ, ਸਗੋਂ ਵਿਸ਼ਵ ਮਨੁੱਖੀ ਹੱਕਾਂ ਅਤੇ ਜ਼ਮੀਰ ਦੀ ਆਜ਼ਾਦੀ ਦਾ ਪ੍ਰਤੀਕ ਹੈ–ਜੋ ਬ੍ਰਿਟਿਸ਼ ਲੋਕਤੰਤਰ ਦੀ ਨੀਂਹ ਹੈ।

ਇੱਸ ਇਤਿਹਾਸਕ ਪਲ ਵਿੱਚ, ਸੁਪਰੀਮ ਸਿੱਖ ਕੌਂਸਲ ਯੂ ਕੇ ਨੇ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਜੀਵਨੀ, ਉਪਦੇਸ਼ਾਂ ਅਤੇ ਸ਼ਹਾਦਤ 'ਤੇ ਆਧਾਰਿਤ ਇੱਕ ਸੁੰਦਰ ਅਤੇ ਵਿਸਤ੍ਰਿਤ ਪੁਸਤਕ ਦਾ ਉਦਘਾਟਨ ਕੀਤਾ। "ਸ੍ਰਿਸ਼ਟੀ ਦੀ ਚਾਦਰ: ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ 350ਵੀਂ ਸ਼ਹਾਦਤ ਵਰ੍ਹੇਗੰਢ" ਨਾਮ ਦੀ ਇਹ ਪੁਸਤਕ ਸਕੂਲਾਂ, ਸਮੁਦਾਇ ਕੇਂਦਰਾਂ ਅਤੇ ਨੀਤੀਕਾਰਾਂ ਲਈ ਇੱਕ ਅਧਿਕਾਰਕ ਸਿਖਿਅਕ ਸਾਧਨ ਵਜੋਂ ਤਿਆਰ ਕੀਤੀ ਗਈ ਹੈ। ਇਸ ਵਿੱਚ ਉਨ੍ਹਾਂ ਦੀ ਸ਼ਹਾਦਤ ਦਾ ਇਤਿਹਾਸਕ ਪਰਪੱਖ, ਧਾਰਮਿਕ ਆਜ਼ਾਦੀ ਲਈ ਉਨ੍ਹਾਂ ਦੀ ਅਟੱਲ ਲੜਾਈ ਅਤੇ ਅਬਿਨਾਸੀ ਵਿਰਾਸਤ ਨੂੰ ਵਿਆਪਕ ਤੌਰ 'ਤੇ ਦਰਸਾਇਆ ਗਿਆ ਹੈ।

ਸ਼ਾਮ ਦਾ ਸਭ ਤੋਂ ਮਹੱਤਵਪੂਰਨ ਪਲ ਉਹ ਸੀ ਜਦੋਂ ਇੱਕ ਇਤਿਹਾਸਕ ਪ੍ਰਸਤਾਵ ਨੂੰ ਸਰਬ ਸਹਿਮਤੀ ਨਾਲ ਪਾਸ ਕੀਤਾ ਗਿਆ। ਇਹ ਪ੍ਰਸਤਾਵ ਭਾਈ ਬਲਦੇਵ ਸਿੰਘ ਬੈਂਸ ਵੱਲੋਂ ਪੇਸ਼ ਕੀਤਾ ਗਿਆ ਅਤੇ ਭਾਈ ਦਿਲਬਾਗ ਸਿੰਘ ਬੋਲਾ (ਸੁਪਰੀਮ ਸਿੱਖ ਕੌਂਸਲ ਯੂ ਕੇ, ਪ੍ਰਸ਼ਾਸਨ ਟੀਮ) ਵੱਲੋਂ ਇਸ ਦੀ ਤਾਈਦ ਕੀਤੀ ਗਈ। ਇਸ ਵਿੱਚ ਯੂ ਕੇ ਸਰਕਾਰ ਨੂੰ ਅਪੀਲ ਕੀਤੀ ਗਈ ਕਿ 24 ਨਵੰਬਰ—ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਦਾ ਦਿਨ—ਨੂੰ ਅਧਿਕਾਰਕ ਤੌਰ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਰਾਸ਼ਟਰੀ ਨਿੱਜੀ ਧਾਰਮਿਕ ਅਜ਼ਾਦੀ ਦਿਵਸ ਵਜੋਂ ਮਨਾਇਆ ਜਾਵੇ। ਪ੍ਰਸਤਾਵ ਦੀਆਂ ਕਾਪੀਆਂ ਮੌਜੂਦ ਸੰਸਦ ਮੈਂਬਰਾਂ ਨੂੰ ਭੇਟ ਕੀਤੀਆਂ ਗਈਆਂ।

ਆਪਣੇ ਅੰਤਿਮ ਸੰਬੋਧਨ ਵਿੱਚ ਭਾਈ ਬਲਦੇਵ ਸਿੰਘ ਬੈਂਸ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ: "ਇਹ ਇੱਥੇ ਖਤਮ ਨਹੀਂ ਹੋਣਾ ਚਾਹੀਦਾ। ਅਸੀਂ ਇਹ ਸੰਦੇਸ਼ ਸੰਯੁਕਤ ਰਾਸ਼ਟਰ ਤੱਕ ਲੈ ਕੇ ਜਾਣਾ ਹੈ—ਜਦ ਤੱਕ ਇਹ ਸ਼ਹਾਦਤ ਨੂੰ ਪੂਰੇ ਸੰਸਾਰ ਵਿੱਚ ਆਜ਼ਾਦੀ ਦਾ ਪ੍ਰਤੀਕ ਮੰਨਿਆ ਨਾ ਜਾਵੇ।" ਉਨ੍ਹਾਂ ਨੇ ਇਸ ਦ੍ਰਿਸ਼ਟੀਕੋਣ ਨੂੰ ਹਕੀਕਤ ਬਣਾਉਣ ਲਈ ਪੂਰਾ ਯੋਗਦਾਨ ਪਾਉਣ ਦਾ ਵਾਅਦਾ ਕੀਤਾ।

ਇਸ ਮੌਕੇ ਮਾਨਯੋਗ ਰੂਥ ਕੈਡਬਰੀ (ਐਮ.ਪੀ. ਬ੍ਰੈਂਟਫੋਰਡ ਅਤੇ ਹੰਸਲੋ) ਨੇ ਵੀ ਸੰਬੋਧਨ ਕੀਤਾ, ਜਿਨ੍ਹਾਂ ਨੇ "24 ਨਵੰਬਰ ਕਿਉਂ ਮਹੱਤਵਪੂਰਨ ਹੈ" ਨਾਮਕ ਇਕ–ਪੰਨੇ ਵਾਲੀ ਇਨਫੋਗ੍ਰਾਫਿਕ ਦੀ ਸਪਸ਼ਟਤਾ ਅਤੇ ਸਭ ਲਈ ਆਸਾਨੀ ਨਾਲ ਪੜ ਸੱਕਣ ਦੀ ਪ੍ਰਸ਼ੰਸਾ ਕੀਤੀ ਅਤੇ ਇਸਨੂੰ ਧਰਮ ਅਤੇ ਆਜ਼ਾਦੀ ਬਾਰੇ ਜਨਤਕ ਸਿੱਖਿਆ ਦਾ ਇੱਕ ਸਰਬਉਤਮ ਮਾਡਲ ਕਰਾਰ ਦਿੱਤਾ। ਉਨ੍ਹਾਂ ਨੇ ਲੋਕ ਜੀਵਨ ਵਿੱਚ ਹਰ ਭਾਈਚਾਰੇ ਦੇ ਧਰਮ ਬਾਰੇ ਸਹੀ ਅਤੇ ਸਨਮਾਨਪੂਰਵਕ ਜਾਣਕਾਰੀ ਦੀ ਤੁਰੰਤ ਲੋੜ 'ਤੇ ਜ਼ੋਰ ਦਿੰਦਿਆਂ, ਹਾਊਸ ਅੱਗੇ ਰੱਖੇ ਗਏ ਪ੍ਰਸਤਾਵ ਲਈ ਆਪਣੇ ਮਜ਼ਬੂਤ ਸਮਰਥਨ ਦਾ ਪ੍ਰਗਟਾਵਾ ਕੀਤਾ।

ਇਸ ਸਮਾਗਮ ਦੀ ਰੌਣਕ ਨੂੰ ਹੇਠ ਲਿਖੇ ਸੰਸਦ ਮੈਂਬਰਾਂ ਨੇ ਚਾਰ ਚੰਦ ਲਾਏ। ਗੁਰਿੰਦਰ ਸਿੰਘ ਜੋਸਨ ਐਮ.ਪੀ., ਜਸਵੀਰ ਸਿੰਘ ਅਠਵਾਲ ਐਮ.ਪੀ., ਤਾਈਵੋ ਓਵਾਤੇਮੀ ਐਮ.ਪੀ., ਅਬੇਨਾ ਓਪੋਂਗ–ਅਸਾਰੇ ਐਮ.ਪੀ., ਬਾਯੋ ਅਲਾਬਾ ਐਮ.ਪੀ., ਐਂਡੀ ਸਲਾਟਰ ਐਮ.ਪੀ., ਕੇਟ ਓਸਾਮਰ ਐਮ.ਪੀ., ਫਲੋਰੈਂਸ ਏਸ਼ਲੋਮੀ ਐਮ.ਪੀ., ਟੂਲਿਪ ਸਿੱਦੀਕ ਐਮ.ਪੀ. ਆਦਿ ਦੇ ਨਾਂ ਵਰਣਨਯੋਗ ਹਨ। ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਮਾਣਯੋਗ ਤਨਮਨਜੀਤ ਸਿੰਘ ਢੇਸੀ ਐਮ ਪੀ, ਦਾ ਇਸ ਇਤਿਹਾਸਕ ਸਮਾਗਮ ਨੂੰ ਸੰਭਵ ਬਣਾਉਣ ਲਈ ਹਿਰਦੇ ਤੋਂ ਧੰਨਵਾਦ ਕੀਤਾ ਗਿਆ। ਅਸੀਂ ਪੰਜਾਬ ਰੈਸਟੋਰੈਂਟ ਦਾ ਵੀ ਨਿਸ਼ਕਾਮ ਸੇਵਾ ਲਈ ਧੰਨਵਾਦ ਕਰਦੇ ਹਾਂ, ਅਤੇ ਹਰ ਉਸ ਮਨੁੱਖ ਦਾ ਭੀ ਜੋ ਆਪਣਾ ਸਮਾਂ ਕੱਢ ਕੇ ਸੱਚੇ ਤਨਮਨ ਨਾਲ ਸਤਿਕਾਰ ਸਹਿਤ ਇਸ ਸਮਾਗਮ ਵਿੱਚ ਸ਼ਾਮਿਲ ਹੋਇਆ।

## ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਨੂੰ ਸਦਮਾ, ਸਹੁਰਾ ਸਾਹਿਬ ਦਾ ਦਿਹਾਂਤ

**ਰਈਆ– ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦ ਉਨ੍ਹਾਂ ਦੇ ਸਹੁਰਾ ਸਾਹਿਬ ਅਤੇ ਪਿੰਡ ਸਿੰਘਪੁਰਾ ਦੇ ਸਰਪੰਚ ਸੁਰਿੰਦਰਪਾਲ ਸਿੰਘ ਸੋਨੀ ਦੇ ਪਿਤਾ ਸ ਅਜੀਤ ਸਿੰਘ ਜੀ ਦਾ 18 ਨਵੰਬਰ ਦਿਨ ਮੰਗਲਵਾਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ।ਸ ਅਜੀਤ ਸਿੰਘ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਅਧੀਨ ਆਉਂਦੇ ਪਿੰਡ ਸਿੰਘਪੁਰਾ ਦੇ ਵਸਨੀਕ ਸਨ,ਸਵ: ਅਜੀਤ ਸਿੰਘ ਦਾ ਅੰਤਿਮ ਸੰਸਕਾਰ ਦਿਨ ਬੁੱਧਵਾਰ 19 ਨਵੰਬਰ ਨੂੰ ਉਨ੍ਹਾਂ ਦੇ ਪਿੰਡ ਸਿੰਘਪੁਰਾ ਨੇੜੇ ਰਈਆ ਵਿਖੇ ਸਵੇਰੇ 11 ਵਜੇ ਕੀਤਾ ਜਾਵੇਗਾ।**

ਇਸ ਦੁੱਖ ਦੀ ਘੜੀ ਚ ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਅਤੇ ਸਰਪੰਚ ਸੁਰਿੰਦਰਪਾਲ ਸਿੰਘ ਸੋਨੀ ਨਾ਼ਲ ਸਾਬਕਾ ਮੈਂਬਰ ਪਾਰਲੀਮੈਂਟ ਸ ਜਸਬੀਰ ਸਿੰਘ ਡਿੰਪਾ (ਗਿੱਲ), ਹਲਕਾ ਮਜੀਠਾ ਕਾਂਗਰਸੀ ਆਗੂ ਭਗਵੰਤਪਾਲ ਸਿੰਘ ਸੱਚਰ, ਹਲਕਾ ਮਜੀਠਾ ਤੋਂ ਆਪ ਇੰਚਾਰਜ ਤਲਬੀਰ ਸਿੰਘ ਗਿੱਲ, ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ, ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਇੰਗਲੈਂਡ ਤੋਂ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ, ਅਕਾਲੀ ਦਲ ਬਾਦਲ ਯੂ ਕੇ ਦੇ ਆਗੂ ਮੁਖਤਿਆਰ ਸਿੰਘ ਝੰਡੇਰ, ਲੈਸਟਰ ਦੇ ਸਾਬਕਾ ਅਸਿਸਟੈਂਟ ਮੇਅਰ ਪਿਆਰਾ ਸਿੰਘ ਕਲੇਰ, ਸਾਬਕਾ ਲੌਡ ਮੇਅਰ ਦੀਪਕ ਬਜਾਜ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਤੀਰ ਗਰੁੱਪ ਦੇ ਮੁੱਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ, ਇੰਗਲੈਂਡ ਦੇ ਪ੍ਰਸਿੱਧ ਵਕੀਲ ਸ਼ੀਤਲ ਸਿੰਘ ਗਿੱਲ, ਮੰਗਤ ਸਿੰਘ ਪਲਾਹੀ ਸਮੇਤ ਹੋਰ ਬਹੁਤ ਸਾਰੇ ਸਿਆਸੀ, ਧਾਰਮਿਕ ਅਤੇ ਸਮਾਜ ਸੇਵੀ ਆਗੂਆਂ ਨੇ ਦੁੱਖ ਪ੍ਰਗਟ ਕਰਦਿਆਂ ਦੁਖੀ ਪਰਿਵਾਰ ਨਾਲ ਹਮਦਰਦੀ ਜਾਹਿਰ ਕੀਤੀ ਹੈ।

# ਚੰਡੀਗੜ੍ਹ, ਵਰਸਿਟੀ ਤੇ ਦਰਿਆਈ ਪਾਣੀ ਸਾਡੇ ਹੱਕ: ਮਾਨ ਨੇ ਅਮਿਤ ਸ਼ਾਹ ਅੱਗੇ ਪੰਜਾਬ ਦੇ ਮਸਲੇ ਰਖੇ

**✪ ਵਿਰੋਧੀ ਪਾਰਟੀਆਂ ਦਾ ਸੁਆਲ ਕੇਂਦਰ ਕਦੋਂ ਮੰਨੇਗਾ ਪੰਜਾਬ ਦੀਆਂ ਮੰਗਾਂ?**
**✪ ਪੰਜਾਬ ਸਰਕਾਰ ਨੂੰ ਵਿਰੋਧੀ ਪਾਰਟੀਆਂ ਨਾਲ ਸਾਂਝੀ ਮੀਟਿੰਗ ਕਰਨ ਦੀ ਲੋੜ**



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਹਰਿਆਣੇ ਦੇ ਫ਼ਰੀਦਾਬਾਦ ਵਿੱਚ ਹੋਈ ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਪੁਰਾਣੇ ਤੇ ਲੁੱਟੇ ਗਏ ਹੱਕਾਂ ਦਾ ਮਸਲਾ ਉਠਾਇਆ। ਮਾਨ ਨੇ ਸਪੱਸ਼ਟ ਕਿਹਾ-"ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਤੇ ਦਰਿਆਈ ਪਾਣੀਆਂ ਤੇ ਸਿਰਫ਼ ਤੇ ਸਿਰਫ਼ ਪੰਜਾਬ ਦਾ ਹੱਕ ਹੈ - ਇਸ ਵਿੱਚ ਕੋਈ ਸਮਝੌਤਾ ਨਹੀਂ ਹੋ ਸਕਦਾ।"

ਇਹ ਪਹਿਲੀ ਵਾਰ ਨਹੀਂ ਸੀ ਜਦੋਂ ਮਾਨ ਨੇ ਇਹ ਮੁੱਦੇ ਚੁੱਕੇ, ਪਰ ਇਸ ਵਾਰ ਉਨ੍ਹਾਂ ਨੇ ਪੁਰਾਣੇ ਸਮਝੌਤਿਆਂ, ਕਾਨੂੰਨੀ ਦਸਤਾਵੇਜ਼ਾਂ ਤੇ ਤੱਥਾਂ ਦਾ ਇੰਨਾ ਵਿਸਤਾਰ ਨਾਲ ਹਵਾਲਾ ਦਿੱਤਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਚੁੱਪ ਰਹੇ ਗਏ। ਮਾਨ ਨੇ ਰਾਜੀਵ-ਲੌਂਗੋਵਾਲ ਸਮਝੌਤੇ (1985), ਪੰਜਾਬ ਪੁਨਰਗਠਨ ਐਕਟ 1966 ਤੇ ਸਿੰਧੂ ਜਲ ਸੰਧੀ ਦੀਆਂ ਕਮੀਆਂ ਨੂੰ ਖੋਲ੍ਹ ਕੇ ਰੱਖ ਦਿੱਤਾ।

ਮਾਨ ਨੇ ਕਿਹਾ ਕਿ 1970 ਦੇ ਸਮਝੌਤੇ ਅਨੁਸਾਰ ਚੰਡੀਗੜ੍ਹ ਦਾ ਪੂਰਾ ਪ੍ਰਾਜੈਕਟ ਖੇਤਰ ਪੰਜਾਬ ਨੂੰ ਮਿਲਣਾ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਵੀ ਇਸੇ ਗੱਲ ਦੀ ਪੁਸ਼ਟੀ ਹੋਈ ਸੀ। 40 ਸਾਲ ਬੀਤ ਗਏ, ਪਰ ਅੱਜ ਤੱਕ ਨਹੀਂ ਮਿਲਿਆ। ਮਾਨ ਨੇ ਕਿਹਾ - "ਜੇ ਕੇਂਦਰ ਨੇ ਹਰਿਆਣਾ ਨੂੰ ਹਿਸਾਰ ਜਾਂ ਕੁਰੂਕਸ਼ੇਤਰ ਵਿੱਚੋਂ ਰਾਜਧਾਨੀ ਬਣਾ ਦਿੱਤੀ ਹੋਵੇ ਤਾਂ ਅਸੀਂ ਚੰਡੀਗੜ੍ਹ ਛੱਡ ਦਿਆਂਗੇ। ਉਨ੍ਹਾਂ ਨੇ 60:40 ਭਰਤੀ ਅਨੁਪਾਤ ਨੂੰ ਵੀ ਬਹਾਲ ਰੱਖਣ ਦੀ ਮੰਗ ਕੀਤੀ।"

ਉਹਨਾਂ ਕਿਹਾ ਕਿ ਪਿਛਲੇ 50-55 ਸਾਲਾਂ ਤੋਂ ਪੰਜਾਬ ਯੂਨੀਵਰਸਿਟੀ ਨੂੰ ਚਲਾ ਰਿਹਾ ਹੈ ਤੇ ਵਿੱਤੀ ਮਦਦ ਦੇ ਰਿਹਾ ਹੈ। ਹਰਿਆਣਾ ਦਾ ਇਸ ਨਾਲ ਕੋਈ ਰਿਸ਼ਤਾ ਨਹੀਂ। ਕੇਂਦਰ ਨੇ ਸੈਨੇਟ ਭੰਗ ਕਰਕੇ "ਹੱਕ ਖੋਹਣ ਦੀ ਕੋਸ਼ਿਸ਼" ਕੀਤੀ ਹੈ। ਮਾਨ ਨੇ ਕਿਹਾ - "ਵਿਦਿਆਰਥੀ ਸੰਘਰਸ਼ ਕਰ ਰਹੇ ਨੇ, ਪਰ ਚੋਣਾਂ ਦਾ ਐਲਾਨ ਨਹੀਂ ਕੀ ਕੀਤਾ ਜਾ ਰਿਹਾ। ਇਹ ਜ਼ੁਲਮ ਕਿਉਂ?"

ਮਾਨ ਨੇ ਸਿੱਧਾ ਕਿਹਾ ਕਿ "ਸ਼ੈਲ਼ ਕੈਨਾਲ ਲਈ ਪੰਜਾਬ ਕੋਲ਼ ਇੱਕ ਵੀ ਬੂੰਦ ਵਾਧੂ ਪਾਣੀ ਨਹੀਂ ਹੈ।" ਉਨ੍ਹਾਂ ਨੇ ਸਿੰਧੂ ਜਲ ਸੰਧੀ ਨੂੰ ਰੱਦ ਕਰਨ ਦੀ ਮੰਗ ਕੀਤੀ ਤਾਂ ਜੋ ਚਨਾਬ ਦਾ ਪਾਣੀ ਰਾਵੀ-ਬਿਆਸ ਨਾਲ ਜੋੜ ਕੇ ਪੰਜਾਬ ਨੂੰ ਫਾਇਦਾ ਹੋ ਸਕੇ। ਮਾਨ ਨੇ ਭਾਖੜਾ ਤੇ ਪੌਂਗ ਡੈਮਾਂ ਦਾ ਪੂਰਾ ਜਲ ਭੰਡਾਰਨ ਪੱਧਰ ਵਧਾਉਣ ਦੇ ਪ੍ਰਸਤਾਵ ਦਾ ਵੀ ਵਿਰੋਧ ਕੀਤਾ।

ਮਾਨ ਨੇ ਸਪੱਸ਼ਟ ਕਿਹਾ ਕਿ "ਬੀਬੀਐੱਮਬੀ ਦਾ ਗਠਨ ਸਿਰਫ਼ ਪੰਜਾਬ ਤੇ ਹਰਿਆਣਾ ਲਈ ਹੋਇਆ ਸੀ। ਰਾਜਸਥਾਨ ਦਾ ਇਸ ਵਿੱਚ ਕੀ ਕੰਮ?" ਰੋਪੜ, ਹਰੀਕੇ ਤੇ ਫਿਰੋਜ਼ਪੁਰ ਹੈੱਡਵਰਕਸ ਦਾ ਕੰਟਰੋਲ ਵੀ ਪੰਜਾਬ ਤੋਂ ਨਹੀਂ ਖੋਹਿਆ ਜਾਣਾ ਚਾਹੀਦਾ।

ਅਮਿਤ ਸ਼ਾਹ ਨੇ ਸਿਰਫ਼ ਏਨਾ ਕਿਹਾ ਕਿ "ਪੰਜਾਬ ਦੇ ਨੁਕਤੇ ਨੋਟ ਕਰ ਲਏ ਹਨ"। ਪਰ ਉਹਨਾਂ ਪੰਜਾਬ ਦੀਆਂ ਮੰਗਾਂ ਮੰਨਣ ਦਾ ਕੋਈ ਵਾਅਦਾ ਨਹੀਂ ਕੀਤਾ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਮਾਨ ਨੇ ਕਿਹਾ ਕਿ "ਅਸੀਂ ਚੁੱਪ ਨਹੀਂ ਬੈਠਣਾ। ਜੇ ਲੋੜ ਪਈ ਤਾਂ ਸੰਘਰਸ਼ ਕਰਾਂਗੇ।"

ਸਿਆਸੀ ਮਾਹਿਰ ਮੰਨਦੇ ਨੇ ਕਿ ਕੇਂਦਰ ਵਿੱਚ ਬੀਜੇਪੀ ਦੀ ਸਰਕਾਰ ਹੈ ਤੇ ਹਰਿਆਣਾ ਵੀ ਬੀਜੇਪੀ ਦਾ ਹੈ। ਇਸ ਦੇ ਬਾਵਜੂਦ ਪਾਣੀਆਂ, ਰਾਜਧਾਨੀ ਦਾ ਮੱਸਲਾ ਹੱਲ ਨਹੀਂ ਹੋਇਆ। ਪਿਛਲੇ 8-9 ਸਾਲਾਂ ਵਿੱਚ ਇੱਕ ਵੀ ਪੰਜਾਬ ਦਾ ਮਸਲਾ ਹੱਲ ਨਹੀਂ ਹੋਇਆ। ਫਿਰ ਵੀ ਮਾਨ ਨੇ ਜੋ ਤਰੀਕਾ ਅਪਣਾਇਆ - ਪੁਰਾਣੇ ਸਮਝੌਤਿਆਂ ਦੀ ਗੱਲ ਕਰਕੇ, ਕਾਨੂੰਨੀ ਤੇ ਤੱਥਾਤਮਕ ਤੌਰ ਤੇ - ਉਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਸੀ। ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੇ ਮਾਨ ਦੇ ਬਿਆਨ ਦਾ ਸਵਾਗਤ ਕੀਤਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ "ਮਾਨ ਦਾ ਪੰਜਾਬ ਬਾਰੇ ਪੈਂਤੜਾ ਸਹੀ ਹੈ। ਪਰ ਪਿਛਲੀ ਵਾਰ ਵੀ ਭਗਵੰਤ ਮਾਨ ਇਹੋ ਗੱਲ ਕਹਿ ਕੇ ਆਏ ਸੀ। ਮਸਲਾ ਹੱਲ ਕਦੋਂ ਹੋਵੇਗਾ?"

ਕਾਂਗਰਸ ਦੇ ਸੀਨੀਅਰ ਨੇਤਾ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ "ਪੰਜਾਬ ਦਾ ਮਸਲਾ ਸਿਰਫ਼ ਬੋਲਣ ਨਾਲ ਹੱਲ ਨਹੀਂ ਹੋਣਾ - ਸੰਘਰਸ਼ ਵੀ ਕਰਨਾ ਪੈਣਾ ਹੈ।"

ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੇ ਭਗਵੰਤ ਮਾਨ ਨੂੰ ਸਲਾਹ ਦਿੱਤੀ ਕਿ "ਸਾਰੀਆਂ ਪਾਰਟੀਆਂ ਨੂੰ ਇਕੱਠੇ ਕਰਕੇ ਸੰਘਰਸ਼ ਕਰੋ"।

ਸਭ ਤੋਂ ਵੱਡਾ ਸਵਾਲ ਇਹੋ ਉੱਠਿਆ - ਜੇ ਮੁੱਦੇ ਸਾਂਝੇ ਨੇ ਤਾਂ ਸਾਰੀਆਂ ਪੰਜਾਬੀ ਪਾਰਟੀਆਂ ਨੂੰ ਇਕੱਠਾ ਕਿਉਂ ਨਹੀਂ ਕੀਤਾ ਜਾਂਦਾ? ਮਾਨ ਨੇ ਕਿਹਾ ਸੀ ਕਿ ਇਹ ਪੰਜਾਬ ਦਾ ਮਸਲਾ ਹੈ, ਪਾਰਟੀ ਦਾ ਨਹੀਂ ਫਿਰ ਵੀ ਲੋਕ ਪੁੱਛ ਰਹੇ ਨੇ - 2022 ਤੋਂ 2025 ਤੱਕ ਤਿੰਨ ਸਾਲ ਬੀਤ ਗਏ, ਇੱਕ ਵੀ ਸਾਂਝੀ ਮੀਟਿੰਗ ਕਿਉਂ ਨਹੀਂ ਹੋਈ?

ਡਾ. ਸੁਖਦਿਆਲ ਸਿੰਘ (ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ): "ਯੂਨੀਵਰਸਿਟੀ ਪੰਜਾਬ ਦੀ ਹੈ, ਪੰਜਾਬ ਨੇ ਬਣਾਈ, ਪੰਜਾਬ ਚਲਾਉਂਦਾ ਹੈ। ਕੇਂਦਰ ਦੀ ਇਹ ਜ਼ਿੱਦ ਕਿ ਹਰਿਆਣਾ ਨੂੰ ਵੀ ਹਿੱਸਾ ਦੇਣਾ ਬਿਲਕੁਲ ਗਲਤ ਹੈ। ਮਾਨ ਨੇ ਬਿਲਕੁਲ ਠੀਕ ਪਹੁੰਚ ਅਪਨਾਈ।"

ਇੰਜੀ. ਗੁਰਮੀਤ ਸਿੰਘ (ਪਾਣੀ ਮਾਹਿਰ, ਸਾਬਕਾ ਚੀਫ ਇੰਜੀਨੀਅਰ ਇਰੀਗੇਸ਼ਨ): "ਸਿੰਧੂ ਜਲ ਸੰਧੀ ਰੱਦ ਕਰਨ ਦੀ ਮੰਗ ਸਭ ਤੋਂ ਮਜ਼ਬੂਤ ਹੈ। ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਅਸੀਂ ਵਰਤ ਸਕਦੇ ਹਾਂ। ਪਰ ਇਹ ਮਸਲਾ ਉਠਾਕੇ ਮਾਨ ਨੇ ਚੰਗੀ ਸ਼ੁਰੂਆਤ ਕੀਤੀ ਹੈ।"

ਡਾ. ਪਿਆਰਾ ਸਿੰਘ ਸੇਖਾ (ਪੰਜਾਬ ਯੂਨੀਵਰਸਿਟੀ ਸਾਬਕਾ ਸੈਨੇਟ ਮੈਂਬਰ): "ਸੈਨੇਟ ਚੋਣਾਂ ਨਾ ਕਰਵਾਉਣਾ ਸਿੱਧਾ ਪੰਜਾਬ ਦੇ ਵਿਦਿਆਰਥੀਆਂ ਨਾਲ ਧੱਕਾ ਹੈ। ਮਾਨ ਨੇ ਸਹੀ ਮੰਗ ਕੀਤੀ।"

ਪੰਜਾਬ ਸਰਕਾਰ ਨੇ ਸਪੱਸ਼ਟ ਕਿਹਾ ਹੈ ਕਿ ਜੇ ਕੇਂਦਰ ਨੇ ਮਸਲੇ ਨਾ ਹੱਲ ਕੀਤੇ ਤਾਂ ਸੜਕਾਂ ਤੇ ਸੰਘਰਸ਼ ਕੀਤਾ ਜਾਵੇਗਾ। ਵਿਦਿਆਰਥੀਆਂ ਨੇ ਵੀ ਧਰਨੇ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਵਿਰੋਧੀ ਪਾਰਟੀਆਂ ਨੇ ਕਿਹਾ-"ਅਸੀਂ ਤਿਆਰ ਹਾਂ, ਸੱਦੋ ਤਾਂ ਸਹੀ।"

ਸਭ ਜਾਣਦੇ ਨੇ - ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲੇ ਸਾਰੇ ਇਕੱਠੇ ਹਨ। ਫਰਕ ਸਿਰਫ਼ ਇੰਨਾ ਹੈ ਕਿ ਕੋਈ ਬੋਲਦਾ ਹੈ ਤੇ ਫਿਰ ਚੁੱਪ ਕਰ ਜਾਂਦਾ ਹੈ, ਤੇ ਕੋਈ ਲੜਨ ਲਈ ਵੀ ਤਿਆਰ ਹੈ। ਮਾਨ ਨੇ ਅੱਜ ਬੋਲ ਕੇ ਦਿਖਾ ਦਿੱਤਾ। ਹੁਣ ਲੜਨਾ ਵੀ ਦਿਖਾਉਣਾ ਪਵੇਗਾ। ਮਾਨ ਕੀ ਆਪਣੇ ਵਾਅਦੇ ਉਪਰ ਅਟਲ ਰਹਿ ਸਕਣਗੇ ਇਹ ਆਉਣ ਵਾਲਾ ਸਮਾਂ ਦਸੇਗਾ।

## ਪਾਕਿ ਵਿਚ ਗੋਪਾਲ ਸਿੰਘ ਚਾਵਲਾ 3 ਸਾਲ ਤੋਂ ਨਜ਼ਰਬੰਦ ਕਿਉਂ?



ਅੰਮ੍ਰਿਤਸਰ-ਆਪਣੇ ਭਾਰਤ ਵਿਰੋਧੀ ਅਤੇ ਖ਼ਾਲਿਸਤਾਨ ਪੱਖੀ ਬਿਆਨਾਂ ਕਰਕੇ ਚਰਚਾ ਵਿਚ ਰਹਿਣ ਵਾਲੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਨੂੰ ਪਿਛਲੇ ਤਿੰਨ ਸਾਲ ਤੋਂ ਖ਼ੁਫੀਆ ਏਜੰਸੀ ਆਈ. ਐਸ. ਆਈ. ਵਲੋਂ ਨਜ਼ਰਬੰਦ ਰੱਖਿਆ ਗਿਆ ਹੈ ਅਤੇ ਉਸ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਬਾਲ ਲੀਲਾ ਮੁਹੱਲਾ ਵਿਖੇ ਰਹਿੰਦੇ ਪਰਿਵਾਰਕ ਮੈਂਬਰਾਂ ਨਾਲ ਮਿਲਣ ਦੀ ਮਨਜ਼ੂਰੀ ਨਹੀਂ ਹੈ। ਚਾਵਲਾ ਨੇ ਕਿਹਾ ਕਿ ਉਸ ਨੂੰ ਆਈ. ਐੱਸ. ਆਈ. ਵਲੋਂ ਪਾਕਿ ਦੇ ਇਕ ਬੇ-ਆਬਾਦ ਗੁਰਦੁਆਰਾ ਸਾਹਿਬ 'ਚ ਨਜ਼ਰਬੰਦ ਕਰ ਕੇ ਰੱਖਿਆ ਗਿਆ ਹੈ ਅਤੇ ਉਸ ਨੂੰ ਪਿਛਲੇ 3 ਸਾਲ ਵਿਚ ਸਿਰਫ਼ 4-5 ਵਾਰ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਜਾਣ ਦੀ ਮਨਜ਼ੂਰੀ ਦਿੱਤੀ ਗਈ। ਦੂਜੇ ਪਾਸੇ, ਅੱਜ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸਾਬਕਾ ਐੱਮ. ਪੀ. ਏ. ਮਹਿੰਦਰਪਾਲ ਸਿੰਘ ਦੀ ਅਗਵਾਈ 'ਚ ਇਕੱਠੇ ਹੋਏ ਸ੍ਰੀ ਨਨਕਾਣਾ ਸਾਹਿਬ ਦੇ ਸਿੱਖਾਂ ਨੇ ਫ਼ੌਜ ਮੁਖੀ ਤੋਂ ਚਾਵਲਾ ਦੀ ਨਜ਼ਰਬੰਦੀ ਖ਼ਤਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਲੰਬੀ ਨਜ਼ਰਬੰਦੀ ਦੇ ਚੱਲਦਿਆਂ ਚਾਵਲਾ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਨਾਲ-ਨਾਲ ਬਿਮਾਰ ਵੀ ਹੋ ਚੁੱਕਿਆ ਹੈ।

## ਕਾਰ ਵਿਚ ਬੈਠ ਕੇ ਹੈਰੋਇਨ ਪੀ ਰਹੇ ਚਾਰ ਨੌਜਵਾਨ ਗ੍ਰਿਫ਼ਤਾਰ




ਤਰਨਤਾਰਨ-ਸਰਾਏ ਅਮਾਨਤ ਖਾਨ ਥਾਣੇ ਦੀ ਪੁਲਿਸ ਨੇ ਗਸ਼ਤ ਦੌਰਾਨ ਕਾਰ ਵਿੱਚ ਬੈਠ ਕੇ ਹੈਰੋਇਨ ਪੀ ਰਹੇ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕੋਲੋਂ ਹੈਰੋਇਨ ਨਾਲ ਭਰੀ ਚਾਂਦੀ ਦੀ ਫੁਆਇਲ, ਦਸ ਰੁਪਏ ਦੇ ਨੋਟ ਤੋਂ ਬਣਿਆ ਪਾਈਪ ਅਤੇ ਇੱਕ ਲਾਈਟਰ ਬਰਾਮਦ ਕੀਤਾ ਗਿਆ ਹੈ। ਪੁਲਿਸ ਨੇ ਚਾਰਾਂ ਨੂੰ ਕਾਰ ਸਮੇਤ ਹਿਰਾਸਤ ਵਿੱਚ ਲੈ ਲਿਆ ਅਤੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਏਐਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਨਾਲ ਗਸ਼ਤ 'ਤੇ ਸਨ। ਇਸ ਦੌਰਾਨ ਉਨ੍ਹਾਂ ਨੇ ਸਵਿਫਟ ਕਾਰ ਵਿੱਚ ਬੈਠੇ ਚਾਰ ਨੌਜਵਾਨਾਂ ਨੂੰ ਹੈਰੋਇਨ ਪੀਂਦੇ ਫੜਿਆ। ਉਨ੍ਹਾਂ ਦੱਸਿਆ ਕਿ ਅਗਵਾ ਕੀਤੇ ਗਏ ਨੌਜਵਾਨਾਂ ਦੀ ਪਛਾਣ ਗੁਰਜੀਤ ਸਿੰਘ, ਸਰਪ੍ਰੀਤ ਸਿੰਘ, ਸੁਰਿੰਦਰਪਾਲ ਸਿੰਘ, ਸੁਖਚੈਨ ਸਿੰਘ ਵਜੋਂ ਹੋਈ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਚ ਲੈਸਟਰ ਚ ਵਿਸ਼ਾਲ ਨਗਰ ਕੀਰਤਨ-*ਵੱਡੀ ਗਿਣਤੀ ਚ ਸੰਗਤਾਂ ਨੇ ਕੀਤੀ ਸ਼ਮੂਲੀਅਤ





ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ ਅਤੇ ਪਾਲਕੀ ਸਾਹਿਬ ਨਾਲ ਚੱਲ ਰਹੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਆਗੂ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲੈਸਟਰ ਵਿਖੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਦੇ ਸਬੰਧ ਚ ਵਿਸਾਲ ਨਗਰ ਕੀਰਤਨ ਸਜਾਇਆ ਗਿਆ। ਪੰਜ ਪਿਆਰਿਆਂ ਦੀ ਅਗਵਾਈ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕ ਤੋਂ ਆਰੰਭ ਹੋਏ ਇਸ ਨਗਰ ਕੀਰਤਨ ਦਾ ਸੰਗਤਾ ਵੱਲੋ ਰਸਤੇ ਚ ਭਰਵਾਂ ਸਵਾਗਤ ਕੀਤਾ ਗਿਆ! ਨਗਰ ਕੀਰਤਨ ਲੈਸਟਰ ਦੇ ਵੱਖ ਵੱਖ ਰਸਤਿਆਂ ਰਾਹੀਂ ਅਤੇ ਟਾਊਨ ਸੈਂਟਰ ਰਾਹੀਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਵਿਖੇ ਸਮਾਪਤ ਹੋਇਆ । ਨਗਰ ਕੀਰਤਨ ਦੌਰਾਨ ਲੈਸਟਰ ਦੀਆਂ ਸੰਗਤਾਂ ਵੱਲੋਂ ਰਸਤੇ ਚ ਥਾਂ ਥਾਂ ਤੇ ਵੱਖ ਵੱਖ ਪ੍ਰਕਾਰ ਦੇ ਅਨੇਕਾਂ ਲੰਗਰਾਂ ਦੇ ਸਟਾਰ ਲਗਾਏ ਗਏ।ਇਸ ਨਗਰ ਕੀਰਤਨ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਸਮੇਤ ਯੂਰਪ ਅਤੇ ਅਮਰੀਕਾ ਕਨੇਡਾ ਤੋਂ ਵੱਡੀ ਗਿਣਤੀ ਚ ਸੰਗਤਾਂ ਨੇ ਸ਼ਿਰਕਤ ਕੀਤੀ। ਨਗਰ ਕੀਰਤਨ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਮੁੱਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ ਅਤੇ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਗੁਰਨ-ਾਮ ਸਿੰਘ ਨਵਾਂ ਸ਼ਹਿਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਗਏ ਰਸਤੇ ਤੇ ਚਲਦਿਆਂ ਹਰੇਕ ਪ੍ਰਾਣੀ ਨੂੰ ਅੰਮ੍ਰਿਤ ਛੱਕ ਕੇ ਗੁਰੂ ਲੜ ਲੱਗਣਾ ਚਾਹੀਦਾ ਹੈ। ਨਗਰ ਕੀਰਤਨ ਦੌਰਾਨ ਗੋਦਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ ਮੀਤ ਪ੍ਰਧਾਨ ਸੁਖਜਿੰਦਰ ਸਿੰਘ, ਸਟੇਜ ਸਕੱਤਰ ਮੁਖਤਿਆਰ ਸਿੰਘ,ਸਿੱਖ ਫੈਡਰੇਸ਼ਨ ਯੂ ਕੇ ਦੇ ਆਗੂ ਕੁਲਦੀਪ ਸਿੰਘ ਛਹੇੜੂ, ਸੁਖਵਿੰਦਰ ਸਿੰਘ ਸੋਖਾ ਢੇਸੀ, ਲਖਵਿੰਦਰ ਸਿੰਘ ਜੋਹਲ, ਸੁਰਿੰਦਰਬੀਰ ਸਿੰਘ ਭਾਊ, ਅਕਾਲੀ ਆਗੂ ਮੁਖਤਿਆਰ ਸਿੰਘ ਝੰਡੇਰ, ਬਲਬੀਰ ਸਿੰਘ, ਕੌਂਸਲਰ ਮਨਜੀਤ ਕੌਰ, ਕੌਂਸਲਰ ਸੰਤੋਖ ਸਿੰਘ ਅਟਵਾਲ, ਸੁਰਿੰਦਰਪਾਲ ਸਿੰਘ, ਸਰਬਜੀਤ ਸਿੰਘ ਸਾਬੀ ਚਾਹਲ ਸਮੇਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਬੰਧਕ ਕਮੇਟੀ, ਗੁਰਦੁਆਰਾਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਓਡਬੀ ਦੀ ਪ੍ਰਬੰਧਕ ਕਮੇਟੀ ਦੇ ਆਗੂਆਂ ਸਮੇਤ ਹਜ਼ਾਰਾਂ ਦੀ ਤਾਦਾਦ ਚ ਸੰਗਤਾਂ ਨੇ ਨਗਰ ਕੀਰਤਨ ਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਜੂਰੀ ਰਾਗੀ ਭਾਈ ਜਸਵਿੰਦਰ ਸਿੰਘ ਦੇ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸੇ ਤਰ੍ਹਾਂ ਰਸਤੇ ਚ ਮਾਨ ਮੋਟਰਜ ਤੇ ਕਵੀਸਰੀ ਦਰਬਾਰ ਸਜਾਇਆ ਗਿਆ, ਜਿੱਥੇ ਕਵੀਸ਼ਰੀ ਜਥੇ ਵੱਲੋਂ ਇਸ ਟੂ ਇਸਰੀ ਵਾਰਾ ਰਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਚਾਨਣਾ ਪਾਇਆ।


## ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

**TO BUY OR PRINT YOUR OWN NEW YEAR'S CALANDERS**
**PLEASE CONTACT US ON: 07966 388 388**

## ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ

**ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ**

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

**ਵਿਸ਼ੇਸ਼ ਨੋਟ :-** ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

**What's App Contact: 07966 388 388**




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

**CALL NOW AND SPEAK TO MANINDER SINGH OR HARJINDER SINGH MANDER ON: 01332-372851**

# ਹੜ੍ਹ ਪੀੜਤਾਂ ਦੀ ਮਦਦ ਲਈ ਪ੍ਰਵਾਸੀ ਪੰਜਾਬੀਆਂ ਨੂੰ ਅਜੇ ਹੋਰ ਮਦਦ ਕਰਨੀ ਪਵੇਗੀ- ਇੰਡੀਆ ਐਸੋਸੀਏਸ਼ਨ

## ਇੰਡੀਆ ਐਸੋਸੀਏਸ਼ਨ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਆਪਣੀਆਂ ਸੇਵਾਵਾਂ ਦੇਵੇਗੀ - ਗਰੇਵਾਲ

***ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ) -ਪੰਜਾਬ ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਲੋੜਵੰਦ ਲੋਕਾਂ ਦੀ ਮਦਦ ਕਰਨ ਵਾਲੀ ਸਮਾਜ ਸੇਵੀ ਸੰਸਥਾ ਇੰਡੀਆ ਐਸੋਸੀਏਸ਼ਨ ਵੱਲੋਂ ਚੇਅਰਮੈਨ ਸਰਬਜੀਤ ਸਿੰਘ ਗਰੇਵਾਲ, ਪ੍ਰਧਾਨ ਬੌਬੀ ਗਰੇਵਾਲ ਦੀ ਅਗਵਾਈ ਵਿੱਚ ਮੋਹਨ ਸਿੰਘ ਸਿੱਧੂ, ਰਾਜਨ ਸਹਿਗਲ, ਡਾ: ਗੁਲਬਾਸ਼ ਸਿੰਘ ਚੰਡੋਕ ਆਦਿ ਦੇ ਸਹਿਯੋਗ ਨਾਲ ਲੰਡਨ ਵਿੱਚ ਸਾਲਾਨਾ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਬਰਤਾਨੀਆ ਦੇ ਸਾਬਕਾ ਅਟਾਰਨੀ ਜਨਰਲ ਡੌਮਨਿਕ ਗਰੀਵ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।***

ਇਸ ਮੌਕੇ ਬੌਬੀ ਗਰੇਵਾਲ ਨੇ ਇੰਡੀਆ ਐਸੋਸੀਏਸ਼ਨ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਅੰਮ੍ਰਿਤਸਰ ਤੋਂ ਕੰਨਿਆ ਕੁਮਾਰੀ ਤੱਕ, ਲੰਡਨ ਪਾਰਲੀਮੈਂਟ ਤੋਂ ਈਡਨਬਰਗ ਪਾਰਲੀਮੈਂਟ ਤੱਕ ਦੀਆਂ ਪੈਦਲ ਯਾਤਰਾਵਾਂ ਕਰਕੇ ਕੈਂਸਰ ਪੀੜਤਾਂ, ਖੋਜਾਂ ਅਤੇ ਹੋਰ ਸਮਾਜ ਭਲਾਈ ਕਾਰਜਾਂ ਲਈ ਉਪਰਾਲੇ ਕੀਤੇ ਹਨ। ਸਰਬਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਬੀਤੇ ਦਿਨੀ ਪੰਜਾਬ ਵਿੱਚ ਆਏ ਹੜ੍ਹਾਂ ਨਾਲ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਉਹਨਾਂ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਹੋਰ ਸਹਾਇਤਾ ਕਰਨ ਦੀ ਅਪੀਲ ਕੀਤੀ ਗਈ। ਸ: ਗਰੇਵਾਲ ਨੇ ਕਿਹਾ ਕਿ ਇੰਡੀਆ ਐਸੋਸੀਏਸ਼ਨ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਆਪਣੀਆਂ ਸੇਵਾਵਾਂ ਦੇਵੇਗੀ। ਇਸ ਮੌਕੇ ਹਾਜ਼ਰ ਮਹਿਮਾਨਾਂ ਨੇ ਸੰਸਥਾ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਸਹਿਯੋਗ ਵੀ ਦਿੱਤਾ। ਇਸ ਮੌਕੇ ਸਾਬਕਾ ਅਟਾਰਨੀ ਜਨਰਲ ਡੌਮਨਿਕ ਗਰੀਵ, ਸਾਬਕਾ ਹਾਕੀ ਉਲੰਪੀਅਨ ਕੁਲਦੀਪ ਸਿੰਘ ਭੋਗਲ, ਡਾ: ਕੇਵਲ ਸਿੰਘ ਅਤੇ ਡਾ: ਬਲਜੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਸਾਬਕਾ ਅਟਾਰਨੀ ਜਨਰਲ ਡੌਮਨਿਕ ਗਰੀਵ ਨੇ ਵੀ ਇੰਡੀਆ ਐਸੋਸੀਏਸ਼ਨ ਵੱਲੋਂ ਕੀਤੇ ਜਾਂਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ। ਉੱਘੇ ਗਾਇਕ ਮੰਗੀ ਮਾਹਲ ਨੇ ਆਪਣੇ ਗੀਤਾਂ ਨਾਲ ਖੂਬ ਰੌਣਕਾਂ ਲਾਈਆਂ। ਸਟੇਜ ਦੀ ਕਾਰਵਾਈ ਰਵੀ ਸ਼ਰਮਾਂ ਨੇ ਨਿਭਾਈ।

ਇਸ ਮੌਕੇ ਕੇਵਲ ਸਿੰਘ ਰੰਧਾਵਾ, ਮਿ: ਜੋਸ਼ੀ, ਸਤਿੰਦਰ ਸਿੰਘ ਗੋਲਡੀ, ਕੁਲਵੰਤ ਸਿੰਘ ਚੱਠਾ, ਬਲਜਿੰਦਰ ਸਿੰਘ ਜੈਨਪੁਰੀਆ, ਪ੍ਰਤਾਪ ਸਿੰਘ ਮੋਮੀ, ਬਿੱਲਾ ਗਿੱਲ ਦੀਨਾਵਾਲੀਆ, ਰਣਜੀਤ ਸਿੰਘ ਢੰਡਾ, ਲਖਵਿੰਦਰ ਸਿੰਘ ਧਾਲੀਵਾਲ, ਤਲਵਿੰਦਰ ਸਿੰਘ ਹੇਅਰ ਆਦਿ ਸਮੇਤ 300 ਦੇ ਕਰੀਬ ਮਹਿਮਾਨ ਹਾਜ਼ਰ ਸਨ।



ਸਾਬਕਾ ਅਟਾਰਨੀ ਜਨਰਲ ਡੌਮਨਿਕ ਗਰੀਵ, ਸਾਬਕਾ ਹਾਕੀ ਉਲੰਪੀਅਨ ਕੁਲਦੀਪ ਸਿੰਘ ਭੋਗਲ, ਡਾ: ਕੇਵਲ ਸਿੰਘ ਅਤੇ ਡਾ: ਬਲਜੀਤ ਕੌਰ ਦਾ ਸਨਮਾਨ ਕਰਦੇ ਪ੍ਰਬੰਧਕ ਗੀਤ ਪੇਸ਼ ਕਰਦੇ ਹੋਏ ਮੰਗੀ ਮਾਹਲ

## ਗਲੋਬਲ ਐਡਟੈਕ ਪੁਰਸਕਾਰਾਂ ਦੇ ਦਾਅਵੇਦਾਰਾਂ 'ਚ ਦੋ ਭਾਰਤੀ ਸੰਸਥਾਵਾਂ ਸ਼ਾਮਿਲ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਵਿੱਚ ਸਿੱਖਿਆ ਦੇਣ ਮੌਕੇ ਜਮਾਤਾਂ ਵਿੱਚ ਪੇਸ਼ ਆਉਣ ਵਾਲੀਆਂ ਚਣੌਤੀਆਂ ਦੇ ਹੱਲ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨੂੰ ਦਿੱਤਾ ਜਾਣ ਵਾਲਾ ਗਲੋਬਲ ਐਡਟੇਕ ਪੁਰਸਕਾਰ ਦੇ ਫਾਈਨਲ ਦਾਅਵੇਦਾਰਾਂ ਵਿੱਚ ਦੋ ਭਾਰਤੀ ਸੰਸਥਾਵਾਂ ਸ਼ਾਮਿਲ ਹਨ।***

ਦੋ ਭਾਰਤੀ ਸੰਸਥਾਵਾਂ ਜਿਹਨਾਂ ਨੇ ਪਹਿਲੇ ਗਲੋਬਲ ਐਡਟੈਕ ਪੁਰਸਕਾਰ ਦੇ ਫਾਈਨਲ ਵਿੱਚ ਜਗ੍ਹਾ ਬਣਾਈ ਹੈ ਉਹਨਾਂ ਵਿੱਚ ਇੱਕ ਮੁਫਤ ਆਨਲਾਈਨ ਇਮਤਿਹਾਨਾਂ ਦੀ ਤਿਆਰੀ ਕਰਵਾਉਣ ਵਾਲਾ ਅਤੇ ਇੱਕ ਹੋਰ ਜੋ ਵਧੇਰੇ ਪਹੁੰਚਯੋਗਤਾ ਲਈ ਸਭ ਤੋਂ ਵਧੀਆ ਅਭਿਆਸਾਂ ਲਈ ਮਦਦ ਕਰਦਾ ਹੈ। ਇਹ ਪੁਰਸਕਾਰ ਦੁਨੀਆ ਭਰ ਵਿੱਚ ਸਿੱਖਿਆ ਦੇਣ ਮੌਕੇ ਜਮਾਤਾਂ ਵਿੱਚ ਦਰਪੇਸ਼ ਨਾਜ਼ੁਕ ਚੁਣੌਤੀਆਂ ਦੇ ਹੱਲ ਪ੍ਰਦਾਨ ਕਰਨ ਵਾਲੇ ਨਵੀਨਤਾਕਾਰੀ ਯਤਨਾਂ ਨੂੰ ਮਾਨਤਾ ਦੇਣ ਲਈ ਸਥਾਪਿਤ ਕੀਤੇ ਗਏ ਸਨ।

ਭਾਰਤ ਦੇ ਅਵੰਤੀ ਫੈਲੋਜ਼ ਦੇ 'ਗੁਰੂਕੁਲ' ਨੇ ਗੈਰ-ਮੁਨਾਫ਼ਾ ਸ਼੍ਰੇਣੀ ਵਿੱਚ ਅੰਤਿਮ ਤਿੰਨ ਵਿੱਚ ਜਗ੍ਹਾ ਬਣਾਈ, ਭਾਰਤ ਦੇ 'ਲੀਡ ਲਰਨਿੰਗ ਸਿਸਟਮ' ਨੇ ਅਬੂ ਧਾਬੀ ਵਿੱਚ ਯਾਸਮੀਨਾ ਬ੍ਰਿਟਿਸ਼ ਅਕੈਡਮੀ ਵਿੱਚ ਆਯੋਜਿਤ ਵਿਸ਼ਵ ਸਕੂਲ ਸੰਮੇਲਨ ਵਿੱਚ 'ਪ੍ਰਮੁੱਖ' ਸ਼੍ਰੇਣੀ ਵਿੱਚ ਆਪਣੀ ਪਛਾਣ ਬਣਾਈ ਹੈ।

ਯੂਕੇ-ਅਧਾਰਤ ਟੀ 4 ਐਜੂਕੇਸ਼ਨ ਦੁਆਰਾ ਆਊਲ ਵੈਂਚਰਸ ਦੇ ਸਹਿਯੋਗ ਨਾਲ ਸਥਾਪਿਤ ਪੁਰਸਕਾਰ ਜੇਤੂਆਂ ਵਿੱਚ ਅਫਰੀਕਾ ਤੋਂ ਇਮੈਜਿਨ ਵਰਲਡਵਾਈਡ ਟੈਬਲੇਟ-ਅਧਾਰਤ ਫਾਊਂਡੇਸ਼ਨਲ ਲਰਨਿੰਗ ਪ੍ਰੋਗਰਾਮ, ਅਮਰੀਕਾ ਤੋਂ ਬ੍ਰਿਸਕ ਟੀਚਿੰਗ ਅਤੇ ਆਸਟ੍ਰੇਲੀਆ ਤੋਂ ਮੈਟੀਫਿਕ ਸ਼ਾਮਲ ਹਨ।

ਟੀ4 ਐਜੂਕੇਸ਼ਨ ਅਤੇ ਗਲੋਬਲ ਐਡਟੈਕ ਪੁਰਸਕਾਰ ਦੇ ਸੰਸਥਾਪਕ ਵਿਕਾਸ ਪੋਟਾ ਨੇ ਕਿਹਾ, "ਲੀਡ ਗਰੁੱਪ ਦੇ ਲੀਡ ਲਰਨਿੰਗ ਸਿਸਟਮ ਅਤੇ ਭਾਰਤ ਵਿੱਚ ਗੁਰੂਕੁਲ ਆਫ਼ ਅਵੰਤੀ ਫੈਲੋਜ਼ ਨੂੰ ਪਹਿਲੇ ਗਲੋਬਲ ਐਡਟੈਕ ਪ੍ਰਾਈਜ਼ ਲਈ ਅੰਤਿਮ ਤਿੰਨ ਵਿੱਚ ਜਗ੍ਹਾ ਬਣਾਉਣਾ ਮਾਣ ਵਾਲੀ ਗੱਲ ਹੈ। ਉਨ੍ਹਾਂ ਦਾ ਕੰਮ ਸਿੱਖਿਆ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਹੈ।"

ਪੋਟਾ ਨੇ ਇਹ ਵੀ ਕਿਹਾ ਕਿ "ਅਸੀਂ ਗਲੋਬਲ ਐਡਟੈਕ ਪੁਰਸਕਾਰ ਦੀ ਸਥਾਪਨਾ ਉਨ੍ਹਾਂ ਨਵੀਨਤਾਵਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਹੈ ਜੋ ਸਾਖਰਤਾ ਵਿਕਾਸ ਨੂੰ ਵਧਾਉਣ ਤੋਂ ਲੈ ਕੇ ਜੀਵਨ ਭਰ ਦੇ ਹੁਨਰਾਂ ਨੂੰ ਬਣਾਉਣ, ਸਮਾਜਿਕ ਗਤੀਸ਼ੀਲਤਾ ਦਾ ਸਮਰਥਨ ਕਰਨ ਅਤੇ ਸਿੱਖਣ ਦੇ ਪਾੜੇ ਨੂੰ ਦੂਰ ਕਰਨ ਤੱਕ, ਸਭ ਤੋਂ ਵੱਧ ਦਬਾਅ ਵਾਲੀਆਂ ਵਿਦਿਅਕ ਚੁਣੌਤੀਆਂ ਵਿੱਚ ਬਦਲਾਅ ਲਿਆ ਰਹੀਆਂ ਹਨ। ਮੈਨੂੰ ਉਮੀਦ ਹੈ ਕਿ ਇਹ ਪੁਰਸਕਾਰ ਹੁਣ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਆਪਣਾ ਪ੍ਰਭਾਵ ਬਣਾਉਣ ਵਿੱਚ ਮਦਦ ਕਰੇਗਾ।"

## ਯੂ ਕੇ ਅਤੇ ਭਾਰਤ ਦੇ ਸਬੰਧਾਂ ਦੇ ਬੇਹਤਰ ਰਿਸ਼ਤਿਆਂ ਨੂੰ ਲੈ ਕੇ ਬਰਤਾਨੀਆਂ ਦੇ ਵਿਦੇਸ਼ ਮੰਤਰਾਲੇ ਵੱਲੋਂ ਸਮਾਗਮ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਅਤੇ ਭਾਰਤ ਦੇ ਬੇਹਤਰ ਰਿਸ਼ਤਿਆਂ ਨੂੰ ਲੈ ਕੇ ਬਰਤਾਨੀਆਂ ਦੇ ਵਿਦੇਸ਼ ਮੰਤਰਾਲੇ ਵੱਲੋਂ ਲੈਂਕਾਸਟਰ ਹਾਊਸ ਲੰਡਨ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਉੱਪ ਪ੍ਰਧਾਨ ਮੰਤਰੀ ਡੇਵਿਡ ਲੈਮੀ, ਡਿਊਕ ਆਫ ਈਡਨਬਰਗ ਰਾਜਕੁਮਾਰ ਐਡਵਰਡ, ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਭਾਰਤੀ ਹਾਈਕਮਿਸ਼ਨ ਦੇ ਉੱਚ ਅਧਿਕਾਰੀ, ਭਾਈ ਸਾਹਿਬ ਭਾਈ ਮਹਿੰਦਰ ਸਿੰਘ, ਯੁਨਾਈਟਡ ਸਿਖਸ ਦੀ ਡਾਇਰੈਕਟਰ ਨਰਪਿੰਦਰ ਕੌਰ ਮਾਨ, ਲਾਰਡ ਬਿਲਕਮੋਰੀਆ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਅਦਾਕਾਰ ਅਤੇ ਲੇਖਿਕਾ ਮੀਰਾ ਸਿਆਲ, ਭਾਰਤੀ ਵਿਦਿਆ ਭਵਨ ਤੋਂ ਸ੍ਰੀ ਨੰਦਾ ਆਦਿ ਉਚੇਚੇ ਤੌਰ ਤੇ ਹਾਜ਼ਰ ਸਨ।***

ਇਸ ਮੌਕੇ ਬੋਲਦਿਆਂ ਉੱਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਨੇ ਭਾਰਤ ਅਤੇ ਯੂ ਕੇ ਦੇ ਬੇਹਤਰ ਰਿਸ਼ਤਿਆਂ ਅਤੇ ਮੁਕਤ ਵਪਾਰ ਸਮਝੌਤਿਆਂ ਦੀ ਪ੍ਰਸ਼ੰਸਾ ਕੀਤੀ। ਉਹਨਾਂ ਭਾਰਤੀ ਭਾਈਚਾਰੇ ਵੱਲੋਂ ਬਰਤਾਨੀਆਂ ਦੇ ਵੱਖ ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਵੀ ਕੀਤੀ। ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ ਅਤੇ ਹੋਰ ਬੁਲਾਰਿਆਂ ਨੇ ਦੋਵਾਂ ਦੇਸ਼ਾਂ ਦੇ ਚੰਗੇ ਭਵਿੱਖ ਲਈ ਆ ਰਹੇ ਮੌਕਿਆਂ ਦੀ ਗੱਲ ਕੀਤੀ। ਇਸ ਮੌਕੇ ਭਾਰਤੀ ਕਲਾ ਨ੍ਰਿਤਾਂ ਦੀਆਂ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ।



ਰਾਜ ਕੁਮਾਰ ਐਡਵਰਡ ਨਾਲ ਨਰਪਿੰਦਰ ਕੌਰ ਮਾਨ, ਉੱਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਨਾਲ ਮੀਰਾ ਸਿਆਲ ਅਤੇ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਅਤੇ ਹੋਰ

# ਪਾਕਿਸਤਾਨ ਵਿੱਚ ਗੁੰਮ ਸਿੱਖ ਤੀਰਥ ਯਾਤਰੀ ਸਰਬਜੀਤ ਕੌਰ ਕਿਉਂ ਬਣੀ ਨੂਰ ਹੁਸੈਨ

**ਕਵਰ ਸਟੋਰੀ**

## ✪ ਸਿੱਖ ਪੰਥ ਕਿਉਂ ਹੋ ਰਿਹਾ ਸਭਿਆਚਾਰਕ ਸੰਕਟ ਦਾ ਸ਼ਿਕਾਰ ✪ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾ ਰਹੀ ? ✪ ਨਿਕਾਹ ਤੋਂ ਬਾਅਦ ਸਰਬਜੀਤ ਦੀ ਵੀਡੀਓ ਅਤੇ ਅਪਰਾਧੀ ਰਿਕਾਰਡ ਨੇ ਵਧਾਈ ਭਾਰਤ ਲਈ ਚਿੰਤਾ

ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਧਾਮ ਯਾਤਰਾ ਦੌਰਾਨ ਪਾਕਿਸਤਾਨ ਪਹੁੰਚੀ ਇੱਕ 48 ਸਾਲਾਂ ਦੀ ਸਿੱਖ ਔਰਤ ਸਰਬਜੀਤ ਕੌਰ ਦਾ ਅਚਾਨਕ ਗੁੰਮ ਹੋਣਾ ਨੇ ਨਾ ਸਿਰਫ਼ ਭਾਰਤੀ ਪੰਜਾਬ ਪੁਲਿਸ ਨੂੰ ਪਰੇਸ਼ਾਨ ਕੀਤਾ ਹੈ, ਸਗੋਂ ਪੂਰੇ ਸਿੱਖ ਪੰਥ ਨੂੰ ਡੂੰਘੀ ਸੋਚ ਵਿੱਚ ਪਾ ਦਿੱਤਾ ਹੈ। ਸਰਬਜੀਤ ਕੌਰ, ਜੋ ਹੁਣ ਨੂਰ ਹੁਸੈਨ ਦੇ ਨਾਮ ਨਾਲ ਜਾਣੀ ਜਾਂਦੀ ਹੈ, ਨੇ ਪਾਕਿਸਤਾਨ ਦੇ ਸ਼ੇਖੂਪੁਰਾ ਜ਼ਿਲ੍ਹੇ ਵਿੱਚ ਇੱਕ 43 ਸਾਲਾਂ ਦੇ ਮੁਸਲਮਾਨ ਮਰਦ ਨਾਸਰ ਹੁਸੈਨ ਨਾਲ ਨਿਕਾਹ ਕਰਵਾ ਲਿਆ। ਇਸ ਘਟਨਾ ਨੇ ਸਿੱਖ ਪੰਥ ਵਿੱਚ ਅਨਮਤੀ ਵਰਤਾਰੇ ਦੀਆਂ ਚੁਣੌਤੀਆਂ ਨੂੰ ਵੀ ਉਜਾਗਰ ਕੀਤਾ ਹੈ। ਇਹ ਘਟਨਾ ਸਿੱਖ ਪੰਥ ਲਈ ਇੱਕ ਵੱਡੇ ਸਾਮਾਜਿਕ ਅਤੇ ਧਾਰਮਿਕ ਸੰਕਟ ਦਾ ਪ੍ਰਤੀਬਿੰਬ ਹੈ।

ਸਰਬਜੀਤ ਦੇ ਨਿਕਾਹ ਦੀ ਦਾਸਤਾਨ- ਸਰਬਜੀਤ ਕੌਰ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਲਤਾਨਪੁਰ ਲੋਧੀ ਤਹਿਸੀਲ ਵਿੱਚ ਅਮਨੀਪੁਰ ਪਿੰਡ ਵਿੱਚ ਰਹਿੰਦੀ ਸੀ, ਜੋ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ 1931 ਮੈਂਬਰਾਂ ਵਾਲੇ ਵੱਡੇ ਜਥੇ ਦਾ ਹਿੱਸਾ ਸੀ। ਇਹ ਜਥਾ ਅਕਾਲ ਤਖ਼ਤ ਜਥੇਦਾਰ ਗਿਆਨੀ ਕੁਲਦੀਪ ਸਿੰਘ



ਗੜਗਜ ਅਗਵਾਈ ਵਿਚ ਗਿਆ ਸੀ। ਜਦੋਂ ਗੁਰਧਾਮਾਂ ਦੀ ਯਾਤਰਾ ਕਰਕੇ 13 ਨਵੰਬਰ ਨੂੰ ਜਥਾ ਵਾਪਸ ਭਾਰਤ ਆਇਆ, ਤਾਂ ਸਰਬਜੀਤ ਗੁੰਮ ਪਾਈ ਗਈ। ਲਾਹੌਰ ਪੁਲਿਸ ਨੇ ਦੱਸਿਆ ਕਿ ਸਰਬਜੀਤ ਨੇ 5 ਨਵੰਬਰ ਨੂੰ ਸ਼ੇਖੂਪੁਰਾ ਜ਼ਿਲ੍ਹੇ ਦੇ ਹਾਲ ਮੌਕੀਨ ਪਿੰਡ ਵਿੱਚ ਨਾਸਰ ਹੁਸੈਨ ਨਾਲ ਨਿਕਾਹ ਕਰਵਾ ਲਿਆ। ਉਹ ਹੁਣ ਨੂਰ ਹੁਸੈਨ ਬਣ ਗਈ ਹੈ। ਪਾਕਿਸਤਾਨੀ ਪੁਲਿਸ ਅਨੁਸਾਰ ਜੋੜਾ ਗੁੰਮ ਹੋ ਗਿਆ ਹੈ ਅਤੇ ਪੁਲਿਸ ਉਨ੍ਹਾਂ ਦੀ ਭਾਲ ਕਰ ਰਹੀ ਹੈ।

ਸਰਬਜੀਤ ਕੌਰ ਨੂੰ ਬੀਤੇ ਦਿਨੀਂ ਭਾਰੀ ਸੁਰੱਖਿਆ ਹੇਠ ਜ਼ਿਲ੍ਹਾ ਸ਼ੇਖੂਪੁਰਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜੁਡੀਸ਼ੀਅਲ ਮੈਜਿਸਟਰੇਟ ਸ਼ਾਹਬਾਜ਼ ਹਸਨ ਰਾਣਾ ਦੇ ਸਾਹਮਣੇ ਪੇਸ਼ ਹੋ ਕੇ ਉਸ ਨੇ ਸੂਚਿਤ ਕੀਤਾ ਕਿ ਉਹ ਨਾਸਰ ਨੂੰ ਕਈ ਸਾਲਾਂ ਤੋਂ ਜਾਣਦੀ ਹੈ। ਉਹ ਤਲਾਕਸ਼ੁਦਾ ਹੈ, ਉਸਨੇ ਆਪਣੀ ਪੂਰੀ ਇੱਛਾ ਨਾਲ ਪਾਕਿਸਤਾਨੀ ਨਾਗਰਿਕ ਨਾਸਿਰ ਹੁਸੈਨ ਪੁੱਤਰ ਮੁਹੰਮਦ ਤੁਫ਼ੈਲ ਨਾਲ ਸ਼ਰੀਅਤ ਅਨੁਸਾਰ ਨਿਕਾਹ ਕੀਤਾ ਹੈ ਤੇ ਇਸਲਾਮ ਨੂੰ ਖੁਸ਼ੀ ਨਾਲ ਕਬੂਲ ਕੀਤਾ ਹੈ। ਵਕੀਲ ਨੇ ਦੱਸਿਆ ਕਿ ਹੁਣ ਮੈਜਿਸਟਰੇਟ ਇਹ ਨਿਰਧਾਰਿਤ ਕਰਨਗੇ ਕਿ ਉਸ ਨੂੰ ਵਾਪਸ ਭੇਜਿਆ ਜਾਵੇਗਾ ਜਾਂ ਪਾਕਿ ਵਿਚ ਆਪਣੇ ਨਵੇਂ ਬਣੇ ਪਤੀ ਨਾਲ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਦੌਰਾਨ ਨੂਰ ਹੁਸੈਨ ਬਣੀ ਸਰਬਜੀਤ ਨੇ ਥਾਣਾ ਸਦਰ ਫ਼ਾਰੂਖ਼ਾਬਾਦ, ਜ਼ਿਲ੍ਹਾ ਸ਼ੇਖੂਪੁਰਾ ਨੂੰ ਦਿੱਤੀ ਵੱਖਰੀ ਦਰਖਾਸਤ ਵਿਚ ਸੁਰੱਖਿਆ ਦੀ ਮੰਗ ਕਰਦਿਆਂ ਲਿਖਿਆ ਕਿ ਕਿ ਪਾਕਿ ਵਿਚ ਕੁਝ ਲੋਕ ਉਸ ਨੂੰ ਅਤੇ ਉਸ ਦੇ ਪਤੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਫਿਲਹਾਲ ਸਰਬਜੀਤ ਤੇ ਉਸ ਦਾ ਪਾਕਿਸਤਾਨੀ ਪਤੀ ਘਰ ਨਹੀਂ ਪਰਤੇ ਅਤੇ ਕਿਸੇ ਅਣਦੱਸੀ ਥਾਂ 'ਤੇ ਚਲੇ ਗਏ ਹਨ। ਭਾਰਤੀ ਪੱਖ ਵਿੱਚ, ਕਪੂਰਥਲਾ ਦੇ ਸੀਨੀਅਰ ਸੁਪਰਡੰਟੈਂਡੈਂਟ ਆਫ਼ ਪੁਲਿਸ ਗੌਰਵ ਤੂਰਾ ਨੇ ਦੱਸਿਆ, "ਇਹ ਗੰਭੀਰ ਮਾਮਲਾ ਹੈ। ਅਸੀਂ ਕੇਂਦਰੀ ਖੁਫੀਆ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਤੂਰਾ ਨੇ ਇਹ ਵੀ ਜ਼ਿਕਰ ਕੀਤਾ ਕਿ ਸਰਬਜੀਤ ਦਾ ਪਾਸਪੋਰਟ ਮੁਕਤਸਰ ਜ਼ਿਲ੍ਹੇ ਦੇ ਮਾਲੋਟ ਦਾ ਹੈ ਅਤੇ ਉਸ ਨੇ ਵੀਜ਼ਾ ਅਰਜ਼ੀ ਵਿੱਚ ਨਾਗਰਿਕਤਾ ਅਤੇ ਪਾਸਪੋਰਟ ਨੰਬਰ ਨਹੀਂ ਲਿਖਿਆ ਸੀ, ਜੋ ਇੱਕ ਹੈਰਾਨੀ ਵਾਲੀ ਗੱਲ ਹੈ।"

ਸਰਬਜੀਤ ਦਾ ਬੀਤਿਆ ਜੀਵਨ: ਤਲਾਕ, ਅਪਰਾਧੀ ਰਿਕਾਰਡ ਅਤੇ ਪਰਿਵਾਰਕ ਵਿਵਾਦ- ਸਰਬਜੀਤ ਅਮਨੀਪੁਰ ਪਿੰਡ ਵਿੱਚ ਆਪਣੇ ਦੋ ਬੇਟਿਆਂ ਨਾਲ ਰਹਿੰਦੀ ਸੀ। ਉਸ ਦਾ ਆਪਣੇ ਪਤੀ ਕਰਨੈਲ ਸਿੰਘ, ਨਾਲ ਤਲਾਕ ਹੋ ਗਿਆ ਸੀ। ਉਹ ਪਿਛਲੇ 15 ਸਾਲਾਂ ਤੋਂ ਇੰਗਲੈਂਡ ਵਿੱਚ ਰਹਿ ਰਿਹਾ ਹੈ। ਪਿੰਡ ਵਾਸੀਆਂ ਅਨੁਸਾਰ, ਤਲਾਕ ਤੋਂ ਬਾਅਦ ਸਰਬਜੀਤ ਨੇ ਆਪਣੇ ਬੱਚਿਆਂ ਨੂੰ ਇਕੱਲਿਆਂ ਪਾਲਿਆ ਅਤੇ ਘਰੇਲੂ ਕੰਮਾਂ ਨਾਲ ਗੁਜ਼ਾਰਾ ਚਲਾਇਆ। ਪਰ ਉਸ ਦਾ ਅਪਰਾਧੀ ਰਿਕਾਰਡ ਇਸ ਕਹਾਣੀ ਨੂੰ ਹੋਰ ਗੁੰਝਲਦਾਰ ਬਣਾਉਂਦਾ ਹੈ। ਬਠਿੰਡਾ ਅਤੇ ਕਪੂਰਥਲਾ ਵਿੱਚ ਉਸ ਵਿਰੁੱਧ ਧੋਖਾਧੜੀ ਅਤੇ ਚੋਰੀ ਦੇ ਤਿੰਨ ਕੇਸ ਰਜਿਸਟਰ ਹਨ। ਉਸ ਦੇ ਦੋਵੇਂ ਬੇਟੇ ਵੀ 10 ਐੱਫਆਈਆਰਾਂ ਵਿੱਚ ਘਿਰੇ ਹੋਏ ਹਨ, ਜਿਨ੍ਹਾਂ ਵਿੱਚ ਧੋਖਾਧੜੀ, ਹਮਲਾ ਅਤੇ ਚੋਰੀ ਸ਼ਾਮਲ ਹਨ। ਪੁਲਿਸ ਅਨੁਸਾਰ, ਸਰਬਜੀਤ ਨੇ ਪਹਿਲਾਂ ਵੀ ਕਰਤਾਰਪੁਰ ਧਾਰਮਿਕ ਯਾਤਰਾ ਰਾਹੀਂ ਪਾਕਿਸਤਾਨ ਜਾ ਕੇ ਵਾਪਸ ਮੁੜੀ ਹੋਵੇ। ਕੇਂਦਰੀ ਏਜੰਸੀਆਂ ਹੁਣ ਉਸ ਦੇ ਪੁਰਾਣੇ ਰਿਕਾਰਡਾਂ ਨੂੰ ਖੰਗਾਲ ਰਹੀਆਂ ਹਨ ਕਿ ਇਹ ਕੋਈ ਵੱਡੀ ਸਾਜ਼ਿਸ਼ ਦਾ ਹਿੱਸਾ ਹੈ ਜਾਂ ਵਿਅਕਤੀਗਤ ਫੈਸਲਾ ਹੈ।

## ਪਾਕਿ ਭਾਰਤੀ ਯਾਤਰੂਆਂ ਉਪਰ ਕਰ ਸਕਦਾ ਹੈ ਸਖਤੀ-ਅਰੋੜਾ

ਅੰਮ੍ਰਿਤਸਰ-ਭਾਰਤੀ ਔਰਤ ਸਰਬਜੀਤ ਕੌਰ (48) ਦੀ ਘਟਨਾ ਬਾਅਦ ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪਾਕਿ ਭਾਰਤੀ ਯਾਤਰੂਆਂ ਲਈ ਸਖ਼ਤ ਨਿਯਮਾਂ 'ਤੇ ਵਿਚਾਰ ਕਰ ਰਿਹਾ ਹੈ, ਜਿਸ ਵਿਚ ਉਨ੍ਹਾਂ ਦੇ ਠਹਿਰਨ ਦੌਰਾਨ ਬਿਨਾਂ ਨਿਗਰਾਨੀ ਦੇ ਆਵਾਜਾਈ ਨੂੰ ਸੀਮਤ ਕਰਨਾ ਸ਼ਾਮਿਲ ਹੈ। ਉਨ੍ਹਾਂ ਨੇ ਕਿਹਾ ਕਿ ਉਕਤ ਘਟਨਾ ਨਾਲ ਪਾਕਿ ਦੀ ਸਾਖ਼ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਅਰੋੜਾ ਨੇ ਸਵਾਲ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਇਕ ਇਕੱਲੀ ਔਰਤ ਨੂੰ ਜਥੇ ਨਾਲ ਯਾਤਰਾ ਕਰਨ ਦੀ ਇਜਾਜ਼ਤ ਕਿਉਂ ਦਿੱਤੀ, ਜਦੋਂਕਿ ਸਾਲ 2018 'ਚ ਕਿਰਨ ਬਾਲਾ ਉਰਫ਼ ਆਮਨਾ ਬੀਬੀ ਦਾ ਮਾਮਲਾ ਸਾਹਮਣੇ ਆ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪਾਕਿ ਗੁਰਦੁਆਰਾ ਕਮੇਟੀ ਸ਼੍ਰੋਮਣੀ ਕਮੇਟੀ ਦੀ ਮਾਰਫ਼ਤ ਰਸਮੀ ਤੌਰ 'ਤੇ ਬੇਨਤੀ ਕਰੇਗੀ ਕਿ ਭਵਿੱਖ ਦੇ ਜਥਿਆਂ ਵਿਚ ਕੋਈ ਵੀ ਇਕੱਲੀ ਔਰਤ ਸ਼ਰਧਾਲੂ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਨਾ ਭੇਜੀ ਜਾਵੇ।

## ਸਿਖ ਸਭਿਆਚਾਰ ਦਾ ਸੰਕਟ ਤੇ ਸ਼੍ਰੋਮਣੀ ਕਮੇਟੀ ਅਤੇ ਸਿੱਖ ਚਿੰਤਕਾਂ ਦਾ ਪ੍ਰਤੀਕਰਮ

ਸ਼੍ਰੋਮਣੀ ਕਮੇਟੀ ਦੇ ਸਕੱਤਰ ਪਰਤਾਪ ਸਿੰਘ ਨੇ ਕਿਹਾ, "ਸ਼੍ਰੋਮਣੀ ਕਮੇਟੀ ਨੇ ਸਿਰਫ਼ ਯਾਤਰੀਆਂ ਦੇ ਨਾਮ ਸਿਫ਼ਾਰਸ਼ ਕੀਤੇ ਸਨ। ਪੁਲਿਸ ਵੈਰੀਫਿਕੇਸ਼ਨ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਅਤੇ ਕੇਂਦਰੀ ਏਜੰਸੀਆਂ ਦੀ ਹੈ। ਇਹ ਏਜੰਸੀਆਂ ਦੀ ਨਾਕਾਮੀ ਹੈ ਕਿ ਉਹ ਇਹ ਨਹੀਂ ਭਾਂਪ ਸਕੀਆਂ ਕਿ ਸਰਬਜੀਤ ਪਹਿਲਾਂ ਹੀ ਇੱਕ ਪਾਕਿਸਤਾਨੀ ਨਾਗਰਿਕ ਨਾਲ ਸੰਪਰਕ ਵਿੱਚ ਸੀ।" ਪਰਤਾਪ ਸਿੰਘ ਨੇ ਇਹ ਵੀ ਜੋੜਿਆ ਕਿ ਸਰਬਜੀਤ ਦੇ ਇਸ ਫੈਸਲੇ ਨੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਸਿੱਖ ਵਿਦਵਾਨ ਪਰਮਿੰਦਰ ਸਿੰਘ ਸ਼ੌਂਕੀ ਦਾ ਇਸ ਮਾਮਲੇ ਬਾਰੇ ਕਹਿਣਾ ਹੈ ਕਿ "ਸਮੱਸਿਆ ਸਿਰਫ਼ ਇਹ ਨਹੀਂ ਕਿ ਇੱਕ ਸਿੱਖ ਬੀਬੀ ਨੇ ਮੁਸਲਮਾਨ ਨਾਲ ਵਿਆਹ ਕਰ ਲਿਆ। ਅਸਲ ਸਮੱਸਿਆ ਇਹ ਹੈ ਕਿ ਸਿੱਖ ਕੁੜੀਆਂ ਦੇ ਵਿਆਹ ਹਿੰਦੂਆਂ ਨਾਲ ਵੀ ਬਹੁਤ ਜ਼ਿਆਦਾ ਹੋ ਰਹੇ ਹਨ। ਪਰ ਗੋਦੀ ਮੀਡੀਆ ਅਤੇ ਹਿੰਦੂਤਵੀ ਸ਼ਕਤੀਆਂ ਇਸ ਨੂੰ ਬਲੈਕ ਐਂਡ ਵਾਈਟ ਪਰਿਪੇਖ ਵਿੱਚ ਵਿਖਾਉਂਦੀਆਂ ਹਨ - ਮੁਸਲਮਾਨ ਨਾਲ ਵਿਆਹ ਨੂੰ ਅਪਰਾਧ ਵਜੋਂ ਅਤੇ ਹਿੰਦੂ ਨਾਲ ਨੂੰ ਆਮ ਗੱਲ ਵਜੋਂ।"

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਵੀ ਟਿੱਪਣੀ ਕੀਤੀ, "ਸ਼੍ਰੋਮਣੀ ਕਮੇਟੀ ਨੂੰ ਸਿੱਖੀ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਪਰ ਉਹ ਇਸ ਮਾਮਲੇ ਵਿਚ ਏਜੰਸੀਆਂ ਨੂੰ ਦੋਸ਼ ਦੇਕੇ ਇਸ ਸਿੱਖ ਵਿਰੋਧੀ ਸਭਿਆਚਾਰਕ ਵਰਤਾਰੇ ਤੋਂ ਸੁਰਖਰੂ ਹੋਣਾ ਚਾਹੁੰਦੀ ਹੈ ਤੇ ਪੰਥਕ ਸੰਕਟ ਲਈ ਆਪਣੀ ਜਿੰਮੇਵਾਰੀ ਨਹੀਂ ਸਮਝ ਰਹੀ। ਖਾਲਸਾ ਨੇ ਕਿਹਾ ਕਿ ਅਸੀਂ ਤੀਸਰਾ ਪੰਥ ਹਾਂ - ਹਿੰਦੂ ਜਾਂ ਮੁਸਲਮਾਨ ਨਹੀਂ। ਸਾਡੇ ਰਿਸ਼ਤੇ ਸਿੱਖ ਪਰਿਵਾਰਾਂ ਵਿੱਚ ਹੀ ਹੋਣੇ ਚਾਹੀਦੇ ਹਨ, ਜਿਵੇਂ ਸਿੱਖ ਮਰਿਆਦਾ ਵਿੱਚ ਲਿਖਿਆ ਹੈ।" ਖਾਲਸਾ ਨੇ ਕਿਹਾ ਕਿ ਸਿੱਖ ਪੰਥ ਲਈ ਚਿੰਤਾਜਨਕ ਗੱਲ ਇਹ ਹੈ ਕਿ ਸਿੱਖ ਕੁੜੀਆਂ ਗੈਰ ਸਿਖਾਂ ਨਾਲ ਵਿਆਹ ਕਰਾ ਰਹੀਆਂ ਹਨ। ਉਹਨਾਂ ਵਿਚ ਸਿੱਖੀ ਦਾ ਮਾਣ ਨਹੀਂ ਰਿਹਾ। ਉਹ ਆਪਣੇ ਮਾਂ ਬਾਪ ਤੋਂ ਬਾਗੀ ਹੋਕੇ ਇਹ ਰਾਹ ਅਪਨਾ ਰਹੀਆਂ ਹਨ। ਨਵੀਂ ਪੀੜ੍ਹੀ ਵਿੱਚ ਸਿੱਖੀ ਨੂੰ ਅਪਣਾਉਣ ਵਾਲੇ ਘੱਟ ਹੋ ਰਹੇ ਹਨ। ਉਹਨਾਂ ਨੂੰ ਸਿਖ ਵਿਚਾਰਧਾਰਾ ਤੇ ਇਤਿਹਾਸ ਬਾਰੇ ਉਕਾ ਗਿਆਨ ਨਹੀਂ ਹੈ।

ਇੱਕ ਹੋਰ ਪੱਖ ਤੋਂ, ਸਿੱਖ ਬੁਧੀਜੀਵੀ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ "ਗਰੀਬ ਸਿੱਖ ਈਸਾਈ ਬਣ ਰਹੇ ਹਨ, ਸਿੱਖ ਕੁੜੀਆਂ ਹਿੰਦੂ-ਮੁਸਲਮਾਨਾਂ ਨਾਲ ਵਿਆਹ ਕਰ ਰਹੀਆਂ ਹਨ, ਮੁੰਡੇ ਗੈਂਗਸਟਰਵਾਦ ਅਤੇ ਨਸ਼ਿਆਂ ਵਿੱਚ ਫਸ ਰਹੇ ਹਨ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਮੱਸਿਆਵਾਂ ਲਈ ਕੋਈ ਮੁਹਿੰਮ ਨਹੀਂ ਵਿਢੀ। ਸ਼੍ਰੋਮਣੀ ਕਮੇਟੀ ਆਪਣੇ ਬਜਟ ਦਾ ਵੱਡਾ ਹਿੱਸਾ ਗੁਰਦੁਆਰਿਆਂ ਦੀ ਸੰਭਾਲ ਤੇ ਖ਼ਰਚ ਕਰਦੀ ਹੈ, ਪਰ ਨੌਜਵਾਨਾਂ ਲਈ ਵਿਦਿਅਕ ਅਤੇ ਸਭਿਆਚਾਰਕ ਪ੍ਰੋਗਰਾਮਾਂ ਤੇ ਨਹੀਂ। 2025 ਦੇ ਬਜਟ ਵਿੱਚ ਐੱਸਜੀਪੀਸੀ ਨੇ 500 ਕਰੋੜ ਰੁਪਏ ਗੁਰਦੁਆਰਿਆਂ ਲਈ ਰੱਖੇ, ਪਰ ਸਿੱਖੀ ਪ੍ਰਚਾਰ ਲਈ ਸਿਰਫ਼ 50 ਕਰੋੜ। ਇਹ ਅਸੰਤੁਲਨ ਸਿੱਖ ਕੌਮ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ।"

ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਕਿਹਾ ਕਿ ਸ੍ਰੋਮਣੀ ਕਮੇਟੀ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਸਿੱਖੀ ਪ੍ਰਚਾਰ ਲਈ ਮੁਹਿੰਮ ਚਲਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਗੁਰਦੁਆਰਿਆਂ ਵਿੱਚ ਅੰਤਰ-ਧਾਰਮਿਕ ਵਿਆਹਾਂ ਤੇ ਪਾਬੰਦੀ ਲਗਾਈ ਜਾਵੇ।

ਪੰਥਕ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵੱਡੇ ਸੰਕਟ ਵਿੱਚ ਸ੍ਰੋਮਣੀ ਕਮੇਟੀ ਨੇ ਆਪਣਾ ਧਿਆਨ ਪਾਕਿਸਤਾਨ ਜਾਣ ਵਾਲੀਆਂ ਇਕੱਲੀਆਂ ਔਰਤਾਂ ਦੇ ਵੀਜ਼ੇ ਤੇ ਲਗਾ ਦਿੱਤਾ ਹੈ। ਸਰਬਜੀਤ ਕੌਰ ਦੇ ਮਾਮਲੇ ਨੂੰ ਬਹਾਨਾ ਬਣਾ ਕੇ ਐੱਸਜੀਪੀਸੀ ਨੇ ਐਲਾਨ ਕੀਤਾ ਹੈ ਕਿ ਭਵਿੱਖ ਵਿੱਚ ਇਕੱਲੀਆਂ ਔਰਤਾਂ ਲਈ ਵੀਜ਼ਾ ਅਰਜ਼ੀਆਂ ਨਹੀਂ ਕੀਤੀਆਂ ਜਾਣਗੀਆਂ। ਕੀ ਇਹ ਅਸਲ ਸਮੱਸਿਆ ਨੂੰ ਟਾਲਣ ਦੀ ਕੋਸ਼ਿਸ਼ ਨਹੀਂ ? ਜੇਕਰ ਸ੍ਰੋਮਣੀ ਕਮੇਟੀ ਅਤੇ ਹੋਰ ਸੰਗਠਨ ਨੇ ਹੁਣ ਵੀ ਪ੍ਰਚਾਰ ਵਲ ਧਿਆਨ ਨਹੀਂ ਦਿਤਾ, ਤਾਂ ਅਜਿਹੀਆਂ ਘਟਨਾਵਾਂ ਵਧਣਗੀਆਂ।

# ਮਹਾਰਾਜਾ ਰਣਜੀਤ ਸਿੰਘ ਵੱਲੋਂ ਦੀ ਚਾਰਲਸ ਥੀਓਫਿਲਸ ਮੈਟਕਾਫ਼ ਨੂੰ ਤੋਹਫ਼ੇ ਵਜੋਂ ਭੇਂਟ ਕੀਤੀ ਦਸਤਾਰ ਲੰਡਨ ਵਿੱਚ 1 ਕਰੋੜ 93 ਲੱਖ ਰੁਪਏ ਤੋਂ ਵੱਧ ਦੀ ਨਿਲਾਮ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਰਣਜੀਤ ਸਿੰਘ ਵੱਲੋਂ ਦੀ ਚਾਰਲਸ ਥੀਓਫਿਲਸ ਮੈਟਕਾਫ਼ ਨੂੰ ਤੋਹਫ਼ੇ ਵਜੋਂ ਭੇਂਟ ਕੀਤੀ ਦਸਤਾਰ ਲੰਡਨ ਵਿੱਚ 165,500 ਪੌਂਡ ਲੱਗਭੱਗ 1 ਕਰੋੜ 93 ਲੱਖ ਰੁਪਏ ਤੋਂ ਵੱਧ ਕੀਮਤ ਦੀ*

ਨਿਲਾਮ ਹੋਈ ਹੈ। ਲੰਡਨ ਦੇ ਬੋਨਹੈਮਸ ਨਿਲਾਮੀ ਘਰ ਵਿੱਚ ਇਸਲਾਮ ਏਸ਼ੀਅਨ ਵਿਭਾਗ ਵੱਲੋਂ ਇਹ ਨਿਲਾਮੀ ਬੀਤੇ ਕੱਲ ਹੋਈ ਹੈ। ਨਿਲਾਮੀ ਘਰ ਮੁਤਾਬਿਕ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੁਆਰਾ ਚਾਰਲਸ ਥੀਓਫਿਲਸ ਮੈਟਕਾਫ਼ ਨੂੰ ਇਹ ਦਸਤਾਰ ਤੋਹਫ਼ੇ ਵਜੋਂ ਦਿੱਤੀ ਗਈ ਸੀ। ਇਹ ਪੱਗ ਲੰਬੇ ਆਇਤਾਕਾਰ ਰੂਪ ਵਿੱਚ ਹੈ ਜੋ ਚਿੱਟੇ ਉੱਨ ਦੀ ਬਣੀ ਹੋਈ ਹੈ। ਇਹ ਦਸਤਾਰ ਪੀੜੀ ਦਰ ਪੀੜੀ ਸੰਗ੍ਰਹਿ ਕਰਨ ਵਾਲੀ ਲੇਡੀ ਜਾਰਜੀਨਾ ਚੈਪਮੈਨ (ਮਿਤੀ 1938) ਅਤੇ ਉਸਦੀ ਇੱਕ ਭੈਣ ਦੁਆਰਾ ਹੱਥ ਲਿਖਤ ਦਸਤਾਵੇਜ਼ ਹਨ ਜਿਨ੍ਹਾਂ ਉੱਤੇ ਦਸਤਾਰ ਪ੍ਰਾਪਤੀ ਦਾ ਵੇਰਵਾ ਵਰਣਨ ਕੀਤਾ ਗਿਆ ਹੈ ਅਤੇ ਇੱਕ ਹੋਰ ਕਾਰਡ ਤੇ 'ਰਣਜੀਤ ਸਿੰਘ ਦੀ ਦਸਤਾਰ, ਮੈਟਕਾਫ਼' 960 ਣ 44.5 ਸੈਂਟੀਮੀਟਰ ਲਿਖਿਆ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦਸਤਾਰ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ ਅਧਿਕਾਰੀ ਚਾਰਲਸ ਥੀਓਫਿਲਸ ਮੈਟਕਾਫ਼ ਨੂੰ 25 ਅਪ੍ਰੈਲ 1809 ਨੂੰ ਹੋਈਅੰਮ੍ਰਿਤਸਰ ਸੰਧੀ ਦੇ ਸਮੇਂ ਦਿੱਤੀ ਗਈ ਸੀ।

ਚਾਰਲਸ ਥੀਓਫਿਲਸ ਮੈਟਕਾਫ਼ ਦਾ ਜਨਮ 1785 ਵਿੱਚ ਕਲਕੱਤਾ ਵਿੱਚ ਹੋਇਆ ਸੀ, ਜੋ ਕਿ ਸਰ ਥਾਮਸ ਮੈਟਕਾਫ਼ ਦਾ ਪੁੱਤਰ ਸੀ, ਜੋ ਈਸਟ ਇੰਡੀਆ ਕੰਪਨੀ ਦਾ ਇੱਕ ਅਧਿਕਾਰੀ ਅਤੇ ਡਾਇਰੈਕਟਰ ਸੀ। ਉਨ੍ਹੀ ਸਾਲ ਦੀ ਉਮਰ ਵਿੱਚ ਉਸਨੂੰ ਦੂਜੇ ਐਂਗਲੋ-ਮਰਾਠਾ ਯੁੱਧ ਦੀ ਅੰਤਿਮ ਮੁਹਿੰਮ ਦੌਰਾਨ ਜਨਰਲ ਲੇਕ ਦਾ ਰਾਜਨੀਤਿਕ ਸਹਾਇਕ ਨਿਯੁਕਤ ਕੀਤਾ ਗਿਆ ਸੀ। 1808 ਵਿੱਚ, ਸਿਰਫ਼ 23 ਸਾਲ ਦੀ ਉਮਰ ਵਿੱਚ, ਉਸਨੂੰ ਲਾਰਡ ਮਿੰਟੋ ਨੇ ਲਾਹੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਇੱਕ ਮਿਸ਼ਨ 'ਤੇ ਰਾਜਦੂਤ ਵਜੋਂ ਕੰਮ ਕਰਨ ਲਈ ਚੁਣਿਆ ਸੀ।



ਮਹਾਰਾਜਾ ਰਣਜੀਤ ਸਿੰਘ ਵੱਲੋਂ ਭੇਂਟ ਕੀਤੀ ਦਸਤਾਰ ਅਤੇ ਹੱਥ ਲਿਖਤ ਵੇਰਵੇ

ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਸਿੱਖ ਸਾਮਰਾਜ ਵਿਚਕਾਰ ਵਧਦੇ ਤਣਾਅ ਨੂੰ ਵੇਖਦਿਆਂ ਮੈਟਕਾਫ਼ ਨੂੰ ਸਿੱਖ ਦਰਬਾਰ ਨਾਲ ਰਸਮੀ ਕੂਟਨੀਤਕ ਸਬੰਧ ਸਥਾਪਤ ਕਰਨ ਅਤੇ ਸਤਲੁਜ ਦਰਿਆ ਦੇ ਪੂਰਬ ਵੱਲ ਫੈਲਾਅ ਨੂੰ ਰੋਕਣ ਲਈ ਭੇਜਿਆ ਗਿਆ ਸੀ। 25 ਅਪ੍ਰੈਲ 1809 ਨੂੰ ਅੰਮ੍ਰਿਤਸਰ ਦੀ ਸੰਧੀ ਹੋਈ, ਜਿਸਨੇ ਸਤਲੁਜ ਦੇ ਪੱਛਮ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਭੂਸੱਤਾ ਨੂੰ ਮਾਨਤਾ ਦਿੱਤੀ ਅਤੇ ਉਸਨੂੰ ਇਸਦੇ ਪੂਰਬ ਵੱਲ ਫੈਲਣ ਤੋਂ ਰੋਕ ਦਿੱਤਾ। ਮੈਟਕਾਫ਼ ਲਗਭਗ ਚਾਰ ਤੋਂ ਪੰਜ ਮਹੀਨੇ ਲਾਹੌਰ ਵਿੱਚ ਰਿਹਾ ਅਤੇ ਇਹ ਸੰਭਾਵਨਾ ਹੈ ਕਿ ਉਸਦੀ ਰਿਹਾਇਸ਼ ਦੌਰਾਨ ਉਸਨੂੰ ਇਹ ਦਸਤਾਰ ਤੋਹਫ਼ੇ ਵਜੋਂ ਦਿੱਤੀ ਗਈ। ਪੰਜਾਬ ਵਿੱਚ ਰਹਿੰਦਿਆਂ ਉਸਨੇ ਇੱਕ ਪੰਜਾਬੀ ਔਰਤ ਨਾਲ ਰਿਸ਼ਤਾ ਸ਼ੁਰੂ ਕੀਤਾ ਜਿਸ ਤੋਂ ਉਸਦੇ ਤਿੰਨ ਪੁੱਤਰ ਸਨ। ਜਿਹਨਾਂ ਨੂੰ ਬਾਅਦ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ ਭੇਜ ਦਿੱਤਾ ਗਿਆ ਸੀ।

## ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਕੀਤੀ ਗੱਲਬਾਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪਹਿਲੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਗੱਲਬਾਤ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵਾਂ ਨੇਤਾਵਾਂ ਦੀ ਕਾਫੀ ਦੇਰ ਬਾਅਦ ਇਹ ਆਹੋ ਸਾਹਮਣੇ ਦੀ ਮੁਲਾਕਾਤ ਸੀ। ਇਸ ਮੁਲਾਕਾਤ ਸਬੰਧੀ ਭਾਵੇਂ ਐਮ ਪੀ ਢੇਸੀ ਨੇ ਵੇਰਵੇ ਜਨਤਕ ਨਹੀਂ ਕੀਤੇ। ਪਰ ਉਹਨਾਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਦਾ ਰੁਝੇਵਿਆਂ 'ਚੋਂ ਸਮਾਂ ਦੇਣ ਲਈ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਇਸ ਮੌਕੇ ਸਾਡੀ ਸਰਕਾਰ ਦੀਆਂ ਲੋੜਾਂ ਲਈ ਨੀਤੀਆਂ ਤੇ ਚਰਚਾ ਕੀਤੀ ਹੈ, ਆ ਰਹੇ ਬਜ਼ਟ ਅਤੇ ਹੋਰ ਕਾਫੀ ਗੱਲਾਂ ਹੋਈਆਂ ਹਨ। ਦੇਸ਼ ਦੇ ਵਿਕਾਸ ਦੇ ਨਾਲ ਨਾਲ ਉਹਨਾਂ ਸਲੋਹ ਹਲਕੇ ਲਈ ਹਾਂ ਪੱਖੀ ਗੱਲਬਾਤ ਵੀ ਸ਼ਾਮਿਲ ਹੈ।



ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਐਮ ਪੀ ਤਨਮਨਜੀਤ ਸਿੰਘ ਢੇਸੀ

## ਸਵਰਗੀ ਕੇਸਰ ਸਿੰਘ ਰਾਮਪੁਰੀ ਦੀ ਯਾਦ ਵਿੱਚ ਸ਼ਰਧਾਂਜ਼ਲੀ ਪ੍ਰੋਗਰਾਮ 30 ਨਵੰਬਰ ਨੂੰ ਹੋਵੇਗਾ

**ਡਰਬੀ (ਪੰਜਾਬ ਟਾਈਮਜ਼) – ਇਥੋਂ ਦੇ ਉਘੇ ਬਜ਼ੁਰਗ ਲੇਖਕ ਸ: ਕੇਸਰ ਸਿੰਘ ਰਾਮਪੁਰੀ ਬੀਤੇ ਸਾਲ 16 ਦਸੰਬਰ 2024 ਨੂੰ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨੇ ਆਪਣੇ ਜੀਵਨ ਵਿੱਚ ਇੱਕ ਦਰਜਣ ਦੇ ਕਰੀਬ ਕਿਤਾਬਾਂ ਲਿਖੀਆਂ ਤੇ ਇਸ ਦੇ ਇਲਾਵਾ ਬਹੁਤ ਸਾਰੇ ਕੌਮੀ ਅਤੇ ਵਿਸ਼ਵ ਪੱਧਰ ਦੇ ਸਾਹਿਤਕ ਸਮਾਗਮਾਂ ਵਿੱਚ ਭਾਗ ਲਿਆ ਅਤੇ ਸਾਹਿਤਕ ਪਰਚੇ ਵੀ ਲਿਖੇ ਤੇ ਪੜ੍ਹੇ। ਰਾਮਪੁਰੀ ਜੀ ਦੇ ਦੋਸਤਾਂ ਮਿੱਤਰਾਂ ਅਤੇ ਸਭ ਰਿਸ਼ਤੇਦਾਰਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕੇਸਰ ਸਿੰਘ ਰਾਮਪੁਰੀ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਪਰਿਵਾਰ ਵੱਲੋਂ 30 ਨਵੰਬਰ 2025 ਨੂੰ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਦੁਪਹਿਰ 1:00 ਵਜੇ ਕਰਵਾਇਆ ਜਾ ਰਿਹਾ ਹੈ। ਬੇਨਤੀ ਹੈ ਕਿ ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਰਾਮਪੁਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ ਤੇ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਗੁਰੂ ਚਰਨਾਂ ਵਿੱਚ ਅਰਦਾਸ ਕਰੀਏ।**




ਸਵਰਗੀ ਕੇਸਰ ਸਿੰਘ ਰਾਮਪੁਰੀ


JSR CONTRACTS LTD T/A
JSR 247 RECOVERY

Reliable Vehicle Transport & Recovery Services – Local and Nationwide

We provide professional and efficient vehicle transport solutions tailored to your needs:



• Local and Nationwide Vehicle Transport – Single or multiple vehicles
• Trade Plate Deliveries & Collections – Fast and compliant vehicle movements
• Auction Collections & Dealership Transfers – Safe and timely service
• Transport for Non-Runners & Damaged Vehicles – Secure and careful handling
• Customer Handovers, Scheduled Deliveries, Professional presentation every time
• Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ.ਐਸ.ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੁਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:
WhatsApp Phone: 07462 760 215
Email:info@jsr247recovery.com
www.jsr247recovery.com



# ਬੀ ਬੀ ਸੀ ਨੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਤੋਂ ਮੰਗੀ ਮੁਆਫ਼ੀ ਪਰ ਮੁਆਵਜ਼ਾ ਦੇਣ ਦੀ ਮੰਗ ਨੂੰ ਠੁਕਰਾਇਆ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀ ਬੀ ਸੀ ਵੱਲੋਂ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਤੋਂ ਪੈਨੋਰਾਮਾ ਪ੍ਰੋਗਰਾਮ ਦੀ ਇੱਕ ਕੜੀ ਲਈ ਮਾਫ਼ੀ ਮੰਗੀ ਹੈ। ਜਿਸ ਵਿੱਚ ਉਨ੍ਹਾਂ ਦੇ 6 ਜਨਵਰੀ 2021 ਦੇ ਇੱਕ ਸੰਬੋਧਨ ਦੇ ਹਿੱਸਿਆਂ ਨੂੰ ਗਲਤ ਤਰੀਕੇ ਨਾਲ ਜੋੜ-ਤੋੜ ਦਿੱਤਾ ਸੀ। ਲੇਕਨ ਬੀ ਬੀ ਸੀ ਨੇ ਟਰੰਪ ਦੀ ਮੁਆਵਜ਼ੇ ਦੀ ਮੰਗ ਨੂੰ ਠੁਕਰਾ ਦਿੱਤਾ ਹੈ।***

ਬੀ ਬੀ ਸੀ ਨੇ ਕਿਹਾ ਕਿ ਪ੍ਰੋਗਰਾਮ ਦੇ ਉਸ ਹਿੱਸੇ ਨੇ "ਇਹ ਗ਼ਲਤ ਪ੍ਰਭਾਵ ਦਿੱਤਾ ਕਿ ਰਾਸ਼ਟਰਪਤੀ ਟਰੰਪ ਨੇ ਹਿੰਸਕ ਕਾਰਵਾਈ ਦਾ ਸਿੱਧਾ ਸੱਦਾ ਦਿੱਤਾ ਸੀ" ਅਤੇ ਕਿਹਾ ਕਿ 2024 ਦੇ ਉਸ ਪ੍ਰੋਗਰਾਮ ਨੂੰ ਮੁੜ ਪ੍ਰਸਾਰਿਤ ਨਹੀਂ ਕੀਤਾ ਜਾਵੇਗਾ। ਟਰੰਪ ਦੇ ਵਕੀਲਾਂ ਨੇ ਬੀ ਬੀ ਸੀ ਨੂੰ ਸੋਧ, ਮਾਫ਼ੀ ਮੰਗਣ ਅਤੇ ਮੁਆਵਜ਼ਾ ਨਾ ਦੇਣ ਦੀ ਸੂਰਤ ਵਿੱਚ ਇੱਕ ਬਿਲੀਅਨ ਡਾਲਰ ਦੇ ਮੁਆਵਜ਼ੇ ਲਈ ਮੁਕੱਦਮੇ ਦੀ ਧਮਕੀ ਦਿੱਤੀ ਸੀ। ਇਸ ਮਾਮਲੇ ਨੂੰ ਲੈ ਕੇ ਬੀ ਬੀ ਸੀ ਦੇ ਮਹਾਂ ਨਿਰਦੇਸ਼ਕ ਟਿਮ ਡੇਵੀ ਅਤੇ ਖ਼ਬਰਾਂ ਦੀ ਮੁਖੀ ਡੇਬੋਰਾ ਟਰਨੇਸ ਨੇ ਅਸਤੀਫ਼ਾ ਦੇ ਦਿੱਤਾ ਸੀ।

ਬੀ ਬੀ ਸੀ ਨਿਊਜ਼ ਨੇ ਵ੍ਹਾਈਟ ਹਾਊਸ ਨੂੰ ਇਸ ਸੰਬੰਧ ਵਿੱਚ ਟਿੱਪਣੀ ਲਈ ਵੀ ਸੰਪਰਕ ਕੀਤਾ ਸੀ।ਬੀ ਬੀ ਸੀ ਨੇ ਇਹ ਮਾਫ਼ੀ ਬੀ ਬੀ ਸੀ ਪੈਨੋਰਮਾ ਵਿੱਚ ਟਰੰਪ ਦੇ ਬਿਆਨ ਦਾ ਡੇਲੀ ਟੈਲੀਗ੍ਰਾਫ ਵੱਲੋਂ ਖੁਲਾਸਾ ਕੀਤੇ ਜਾਣ ਤੋਂ ਬਾਅਦ ਮੰਗੀ ਹੈ।ਬੀ ਬੀ ਸੀ ਨੇ ਕਿਹਾ ਕਿ ਆਲੋਚਨਾ ਤੋਂ ਬਾਅਦ ਪੈਨੋਰਮਾ ਪ੍ਰੋਗਰਾਮ ਦੀ ਟਰੰਪ ਦੇ ਸੰਬੋਧਨ ਦੀ ਐਡਿਟਿੰਗ ਦੇ ਪੱਖ ਤੋਂ ਨਜ਼ਰਸਾਨੀ ਕੀਤੀ



ਗਈ। ਅਦਾਰੇ ਨੇ ਕਿਹਾ, "ਅਸੀਂ ਮੰਨਦੇ ਹਾਂ ਕਿ ਸਾਡੇ ਅਧਿਕਾਰੀ ਨੇ ਗੈਰ-ਇਰ-ਾਦਤਨ ਇਹ ਪ੍ਰਭਾਵ ਪੈਦਾ ਕੀਤਾ ਕਿ ਅਸੀਂ ਸੰਬੋਧਨ ਦਾ ਇੱਕ ਨਿਰੰਤਰ ਹਿੱਸਾ ਦਿਖਾ ਰਹੇ ਸਾਂ, ਨਾ ਕਿ ਸੰਬੋਧਨ ਦੇ ਵੱਖ-ਵੱਖ ਬਿੰਦੂਆਂ ਦੇ ਅੰਸ਼ ਅਤੇ ਇਸ ਨਾਲ ਇਹ ਗ਼ਲਤ ਪ੍ਰਭਾਵ ਪੈਦਾ ਹੋਇਆ ਕਿ ਰਾਸ਼ਟਰਪਤੀ ਟਰੰਪ ਨੇ ਹਿੰਸਕ ਕਾਰਵਾਈ ਦਾ ਸਿੱਧਾ ਸੱਦਾ ਦਿੱਤਾ ਸੀ।

ਬੀ ਬੀ ਸੀ ਦੇ ਚੇਅਰਮੈਨ ਸਮੀਰ ਸ਼ਾਹ ਨੇ ਵਾਈਟ ਹਾਊਸ ਨੂੰ ਨਿੱਜੀ ਪੱਤਰ ਲਿਖ ਕੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਮੁਆਫ਼ੀ ਮੰਗੀ ਹੈ।

ਜ਼ਿਕਰਯੋਗ ਹੈ ਕਿ ਟਰੰਪ ਨੇ ਪਿਛਲੇ ਐਤਵਾਰ ਨੂੰ ਬੀ ਬੀ ਸੀ ਨੂੰ ਮੁਆਫ਼ੀ ਮੰਗਣ ਅਤੇ ਮੁਆਵਜ਼ੇ ਦੀ ਮੰਗ ਕਰਦਿਆਂ ਸ਼ੁੱਕਰਵਾਰ ਸ਼ਾਮੀਂ 5 ਵਜੇ ਤੱਕ ਦਾ ਸਮਾਂ ਦਿੱਤਾ ਸੀ। ਅਜੇਹਾ ਨਾ ਕਰਨ ਤੇ ਇੱਕ ਅਰਬ ਡਾਲਰ ਦੇ ਮਾਣਹਾਨੀ ਦਾਅਵੇ ਦੀ ਚਿਤਾਵਨੀ ਦਿੱਤੀ ਸੀ।

## ਯੂ ਕੇ ਪਾਰਲੀਮੈਂਟ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸਬੰਧੀ ਸਮਾਗਮ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਪਾਰਲੀਮੈਂਟ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਆਲ ਪਾਰਟੀਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ, ਸਿੱਖ ਫੈਡਰੇਸ਼ਨ ਯੂ ਕੇ ਅਤੇ ਸਿੱਖ ਨੈਟਵਰਕ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਉਹਨਾਂ ਦੇ ਜੀਵਨ, ਸਿੱਖ ਫਿਲਾਸਫੀ ਅਤੇ ਵਿਸ਼ਵਾਸ਼ ਦੀ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੇ ਗਏ ਸਿਧਾਂਤ ਅਤੇ ਕੁਰਬਾਨੀ ਬਾਰੇ ਵਿਚਾਰਾਂ ਹੋਈਆਂ। ਸਮਾਗਮ ਦੀ ਸ਼ੁਰੂਆਤ ਕਰਦਿਆਂ ਭਾਈ ਕਰਨਜੀਤ ਸਿੰਘ ਅਤੇ ਖਾਲਸਾ ਅਕੈਡਮੀ ਯੂ ਕੇ ਦੇ ਬੱਚਿਆਂ ਨੇ ਗੁਰਬਾਣੀ ਕਰਿਤਨ ਗਾਇਨ ਕੀਤਾ। ਇਸ ਸਮਾਗਮ ਵਿੱਚ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖ ਦੇ ਚੇਅਰਮੈਨ ਜਸ ਅਠਵਾਲ, ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਹਰਪ੍ਰੀਤ ਕੌਰ ਉੱਪਲ, ਐਮ ਵਰਿੰਦਰ ਸਿੰਘ ਜੱਸ, ਐਮ ਪੀ ਸੁਰੀਨਾ ਬ੍ਰੈਕਨਰਿਜ, ਡਾ: ਲੌਰੇਨ ਸੁਲੀਵਾਨ, ਐਮ ਪੀ ਤਨਮਨਜੀਤ ਸਿੰਘ ਢੇਸੀ, ਅਤੇ ਸੈਲੀ ਜੇਮਸਨ ਆਦਿ ਹਾਜ਼ਰ ਹੋਏ। ਵਾਰਵਿਕ ਯੂਨੀਵਰਸਿਟੀ ਤਪਂ ਡਾ: ਹਰਜਿੰਦਰ ਸਿੰਘ ਲਾਲੀ ਨੇ ਯੂ ਐਸ ਏ ਢਾਂਚੇ ਅਤੇ ਰਾਸ਼ਟਰੀ ਸਿੱਖਿਆ ਬੋਰਡਾਂ ਅੰਦਰ ਸਿੱਖ ਕੀਰਤਨ ਦੀ ਰਸਮੀ ਮਾਨਤਾ ਬਾਰੇ ਕਿਹਾ ਕਿ ਇਹ ਸਿੱਖ ਸੱਭਿਆਚਾਰ ਅਤੇ ਵਿਦਿਅਕ ਪ੍ਰਸਾਰੇ ਲਈ ਅਹਿਮ ਪ੍ਰਾਪਤੀ ਹੈ। ਇਸ ਤੋਂ ਇਲਾਵਾ ਡਾ: ਐਲਿਸ ਜਿਲ ਐਡਵਰਡਸ ਦੀ ਮਨੁੱਖੀ ਅਧਿਕਾਰਾਂ ਬਾਰੇ ਰਿਪੋਰਟ ਤੇ ਗੁਰਪ੍ਰੀਤ ਸਿੰਘ ਜੌਹਲ ਨੇ ਚਰਚਾ ਕੀਤੀ।

ਦਬਿੰਦਰਜੀਤ ਸਿੰਘ ਓ ਬੀ ਈ, ਜਸ ਸਿੰਘ, ਮਨਕਮਲ ਸਿੰਘ ਨੇ ਸਿੱਖ ਮਸਲਿਆਂ ਸਬੰਧੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਸਿੱਖ ਹੱਕਾਂ ਅਤੇ ਪ੍ਰਚਾਰ ਪ੍ਰਸਾਰ ਲਈ ਸਮੇਂ ਸਮੇਂ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਨੂੰ ਭਾਈ ਅਮਰੀਕ ਸਿੰਘ ਗਿੱਲ ਨੇ ਸਨਮਾਨ ਚਿੰਨ ਭੇਂਟ ਕੀਤੇ।




ਐਮ ਪੀ ਪ੍ਰੀਤ ਕੌਰ ਗਿੱਲ ਦਾ ਸਨਮਾਨ ਕਰਦੇ ਹੋਏ ਭਾਈ ਅਮਰੀਕ ਸਿੰਘ ਗਿੱਲ

## ਪੰਜਾਬ ਯੂਨੀਵਰਸਿਟੀ ਸਿਰਫ਼ ਪੰਜਾਬ ਦੀ ਹੈ - ਗੁਰੂ ਨਾਨਕ ਗੁਰਦੁਆਰਾ ਸਮੈਦਿਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਪੁਰਾਣੇ ਅਤੇ ਇਤਿਹਾਸਕ ਗੁਰਦੁਆਰਿਆਂ ਵਿੱਚੋਂ ਜਾਣੇ ਜਾਂਦੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਨੇ ਪੰਜਾਬ ਯੂਨੀਵਰਸਿਟੀ ਸਬੰਧੀ ਕਿਹਾ ਹੈ ਕਿ ਇਹ ਪੰਜਾਬ ਦੀ ਵਿਰ-ਾਸਤ ਹੈ ਜਿਸ ਤੇ ਸਿਰਫ਼ ਪੰਜਾਬ ਦਾ ਹੱਕ ਹੈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਤਿੰਦਰ ਸਿੰਘ ਨੇ ਕਿਹਾ ਕਿ ਭਾਰਤ ਦੀ ਕੇਂਦਰੀ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸਥਿਤੀ ਅਤੇ ਖੁਦਮੁਖਤਿਆਰੀ ਵਿੱਚ ਦਖਲ ਦੇਣਾ ਚਿੰਤਾ ਦਾ ਵਿਸ਼ਾ ਹੈ ਜਿਸ ਦੀ ਅਸੀਂ ਨਿੰਦਾ ਕਰਦੇ ਹਾਂ। ਪੰਜਾਬ ਯੂਨੀਵਰਸਿਟੀ ਸਿਰਫ਼ ਇੱਕ ਵਿਦਿਅਕ ਸੰਸਥਾ ਨਹੀਂ ਹੈ, ਇਹ ਪੰਜਾਬ ਦੀ ਸੱਭਿਆਚਾਰਕ, ਭਾਸ਼ਾਈ ਅਤੇ ਅਕਾਦਮਿਕ ਪਛਾਣ ਦਾ ਇੱਕ ਜ਼ਰੂਰੀ ਅਤੇ ਇਤਿਹਾਸਕ ਥੰਮ੍ਹ ਹੈ। ਇਸਦੀ ਸਥਾਪਨਾ, ਪ੍ਰਬੰਧ ਅਤੇ ਵਿਰਾਸਤ ਪੰਜਾਬ ਦਾ ਅਨਿੱਖੜਵਾਂ ਹਿੱਸਾ ਹਨ।ਸਾਲਾਂ ਤੋਂ ਪੰਜਾਬ ਨੂੰ ਕੇਂਦਰ ਵੱਲੋਂ ਲਗਾਤਾਰ ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਯੂਨੀਵਰਸਿਟੀ 'ਤੇ ਵਧੇਰੇ ਕੇਂਦਰੀ ਨਿਯੰਤਰਣ ਦੀ ਕੋਸ਼ਿਸ਼ ਸਿੱਖਿਆ ਦੇ ਖੇਤਰ ਵਿੱਚ ਇਸ ਦਬਾਅ ਨੂੰ ਵਧਾਉਣਾ, ਪੰਜਾਬੀ ਲੋਕਾਂ ਦੇ ਅਧਿਕਾਰਾਂ ਅਤੇ ਇੱਛਾਵਾਂ ਨੂੰ ਹਾਸ਼ੀਏ 'ਤੇ ਧੱਕਣ ਵੱਲ ਇੱਕ ਹੋਰ ਕਦਮ ਸੀ, ਜੋ ਹਾਲ ਦੀ ਘੜੀ ਟਲ ਗਿਆ ਹੈ। ਭਾਈ ਜਤਿੰਦਰ ਸਿੰਘ ਨੇ ਉਕਤ ਮਾਮਲੇ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਦੱਈਆਂ ਵੱਲੋਂ ਨਿਭਾਏ ਰੋਲ ਦੀ ਸ਼ਲਾਘਾ ਕਰਦਿਆਂ, ਨੌਜਵਾਨਾਂ ਦੇ ਸੰਘਰਸ਼ ਦੀ ਸ਼ਲਾਘਾ ਕੀਤੀ।


ਭਾਈ ਜਤਿੰਦਰ ਸਿੰਘ ਬਾਸੀ

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਸਵ: ਸ੍ਰ. ਉਮਰਾਓ ਅਟਵਾਲ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਬ੍ਰਿਟੇਨ ਵਲੋਂ ਸ਼ਰਨਾਰਥੀ ਨੀਤੀ ’ਤੇ ਵੱਡਾ ਝਟਕਾ

## ✪ ਪੀਆਰ ਲਈ 20 ਸਾਲਾਂ ਦੀ ਉਡੀਕ, ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਲੇਬਰ ਸਰਕਾਰ ਦਾ ਸਖ਼ਤ ਕਦਮ

ਲੰਡਨ-ਬ੍ਰਿਟੇਨ ਦੀ ਲੇਬਰ ਸਰਕਾਰ ਨੇ ਹੁਣੇ ਜਿਹੇ ਦੇਸ਼ ਵਿੱਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਲਈ ਇੱਕ ਅਜਿਹਾ ਨੀਤੀਗਤ ਬਦਲਾਅ ਐਲਾਨ ਕੀਤਾ ਹੈ ਜੋ ਕਿ ਸਖਤ ਮੰਨਿਆ ਜਾ ਰਿਹਾ ਹੈ। ਇਸ ਨਵੀਂ ਨੀਤੀ ਅਨੁਸਾਰ, ਸ਼ਰਨਾਰਥੀਆਂ ਨੂੰ ਹੁਣ ਸਥਾਈ ਨਿਵਾਸ (ਪੀਆਰ) ਦੀ ਬਜਾਏ ਸਿਰਫ਼ ਅਸਥਾਈ ਸਥਿਤੀ ਮਿਲੇਗੀ ਅਤੇ ਪੀਆਰ ਹਾਸਲ ਕਰਨ ਲਈ ਉਡੀਕ ਦਾ ਸਮਾਂ ਪੰਜ ਸਾਲਾਂ ਤੋਂ ਵਧਾ ਕੇ 20 ਸਾਲ ਕਰ ਦਿੱਤਾ ਗਿਆ ਹੈ। ਗ੍ਰਹਿ ਸਕੱਤਰ ਯਾਬਾਨਾ ਮਹਿਮੂਦ ਨੇ ਇਸ ਨੂੰ 'ਦੇਸ਼ ਨੂੰ ਇਕਜੁੱਟ ਕਰਨ ਵਾਲਾ ਕਦਮ' ਕਿਹਾ ਹੈ, ਪਰ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਨੂੰ 'ਬੇਰਹਿਮੀ ਵਾਲੀ ਨੀਤੀ' ਕਰਾਰ ਦਿੱਤਾ ਹੈ। ਇਹ ਬਦਲਾਅ ਖਾਸ ਤੌਰ 'ਤੇ ਫਰਾਂਸ ਤੋਂ ਗੈਰ-ਕਾਨੂੰਨੀ ਛੋਟੀਆਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ, ਜਿਸ ਨਾਲ ਭਾਰਤੀ ਵਿਦਿਆਰਥੀਆਂ ਅਤੇ ਕੁਆਲੀਫਾਈਡ ਵਰਕਰਾਂ ਵਰਗੇ ਕਾਨੂੰਨੀ ਪ੍ਰਵਾਸੀਆਂ ਵਿੱਚ ਵੀ ਚਿੰਤਾ ਪੈਦਾ ਹੋ ਗਈ ਹੈ।

ਲੇਬਰ ਸਰਕਾਰ ਦੇ ਇਸ ਫੈਸਲੇ ਨੂੰ ਰਾਜਨੀਤਕ ਰੂਪ ਵਿੱਚ ਰਿਫਾਰਮ ਯੂਕੇ ਪਾਰਟੀ (ਆਰਯੂਕੇਪੀ) ਦੇ ਵਧਦੇ ਪ੍ਰਭਾਵ ਨੂੰ ਜਵਾਬ ਮੰਨਿਆ ਜਾ ਰਿਹਾ ਹੈ। ਆਰਯੂਕੇਪੀ ਨੇ ਪਿਛਲੇ ਕੁਝ ਸਾਲਾਂ ਵਿੱਚ ਪ੍ਰਵਾਸ ਨੂੰ ਰਾਸ਼ਟਰੀ ਏਜੰਡੇ ਦਾ ਕੇਂਦਰ ਬਣਾ ਕੇ ਚੋਣਾਂ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਸੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਨੂੰ 'ਸੁਧਾਰ ਵਾਲਾ ਕਦਮ' ਕਹਿ ਕੇ ਪੇਸ਼ ਕੀਤਾ ਹੈ, ਜੋ ਡੈਨਮਾਰਕ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਤੋਂ ਪ੍ਰੇਰਿਤ ਹੈ। ਡੈਨਿਸ਼ ਮਾਡਲ ਵਿੱਚ ਵੀ ਸ਼ਰਨਾਰਥੀਆਂ ਨੂੰ ਲੰਮੇ ਸਮੇਂ ਤੱਕ ਅਸਥਾਈ ਸਥਿਤੀ ਵਿੱਚ ਰੱਖਿਆ ਜਾਂਦਾ ਹੈ ਅਤੇ ਨਾਗਰਿਕਤਾ ਲਈ ਵੱਡੀਆਂ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਬ੍ਰਿਟੇਨ ਵਿੱਚ ਵੀ ਹੁਣ ਇਸੇ ਤਰ੍ਹਾਂ ਦਾ 'ਅਸਥਾਈ ਸੁਰੱਖਿਆ' ਸਿਸਟਮ ਲਾਗੂ ਹੋਵੇਗਾ, ਜਿਸ ਅਧੀਨ ਸ਼ਰਨਾਰਥੀ ਕੰਮ ਕਰ ਸਕਣਗੇ ਪਰ ਨਾਗਰਿਕਤਾ ਜਾਂ ਪੀਆਰ ਲਈ 20 ਸਾਲਾਂ ਤੱਕ ਉਡੀਕ ਕਰਨੀ ਪਵੇਗੀ।

ਗ੍ਰਹਿ ਸਕੱਤਰ ਯਾਬਾਨਾ ਮਹਿਮੂਦ, ਜੋ ਖੁਦ ਦੱਖਣ ਏਸ਼ੀਆਈ ਵਿਰਾਸਤ ਵਾਲੀ ਕੈਬਨਿਟ ਮੰਤਰੀ ਹਨ, ਨੇ ਹਾਊਸ ਆਫ਼ ਕਾਮਨਜ਼ ਵਿੱਚ ਬਿਆਨ ਦੇਣ ਤੋਂ ਪਹਿਲਾਂ ਕਿਹਾ, "ਗੈਰ-ਕਾਨੂੰਨੀ ਪ੍ਰਵਾਸ ਬ੍ਰਿਟੇਨ ਨੂੰ ਤੋੜ ਰਿਹਾ ਹੈ। ਮੈਂ ਆਪਣੀਆਂ ਅੱਖਾਂ ਨਾਲ ਵੇਖ ਸਕਦੀ ਹਾਂ ਅਤੇ ਮੇਰੇ ਸਹਿਯੋਗੀ ਵੀ ਇਹ ਮਹਿਸੂਸ ਕਰ ਰਹੇ ਹਨ। ਲੇਬਰ ਸਰਕਾਰ ਵਜੋਂ ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੇ ਦੇਸ਼ ਨੂੰ ਇਕਜੁੱਟ ਕਰੀਏ। ਜੇ ਅਸੀਂ ਇਸ ਮੁੱਦੇ ਨੂੰ ਨਹੀਂ ਨਿਭਾਇਆ ਤਾਂ ਬ੍ਰਿਟੇਨ ਬਹੁਤ ਵੱਡੇ ਸੰਕਟ ਵਿੱਚ ਫਸ ਜਾਵੇਗਾ।"

ਯਾਬਾਨਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਹ ਨੀਤੀ ਸਿਰਫ਼ ਗੈਰ-ਕਾਨੂੰਨੀ ਰਸਤਿਆਂ ਰਾਹੀਂ ਆਉਣ ਵਾਲਿਆਂ ਲਈ ਹੈ, ਪਰ ਇਸ ਨਾਲ ਕਾਨੂੰਨੀ ਪ੍ਰਵਾਸੀ ਵੀ ਪ੍ਰਭਾਵਿਤ ਹੋਣ ਦੀ ਚਿੰਤਾ ਹੈ।

ਇਸ ਨੀਤੀ ਦਾ ਉਦੇਸ਼ ਫਰਾਂਸੀਸੀ ਕੰਟੀਨੈਂਟਲ ਤੋਂ ਛੋਟੀਆਂ ਰਬੜ ਦੀਆਂ ਕਿਸ਼ਤੀਆਂ ਵਿੱਚ ਆਉਣ ਵਾਲੇ ਹਜ਼ਾਰਾਂ ਪ੍ਰਵਾਸੀਆਂ ਨੂੰ ਰੋਕਣਾ ਹੈ। ਪਿਛਲੇ ਤਿੰਨ ਸਾਲਾਂ ਵਿੱਚ ਇਸ ਰਸਤੇ ਰਾਹੀਂ 50,000 ਤੋਂ ਵੱਧ ਲੋਕ ਬ੍ਰਿਟੇਨ ਪਹੁੰਚੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੱਧ ਪੂਰਬ ਅਤੇ ਅਫਰੀਕਾ ਤੋਂ ਹਨ। ਸਰਕਾਰ ਨੇ ਇਸ ਨੂੰ ਰੋਕਣ ਲਈ ਨਵੇਂ ਨਿਯਮ ਬਣਾਏ ਹਨ। ਇਸ ਵਿੱਚ ਸ਼ਾਮਲ ਹੈ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਤੁਰੰਤ ਵਾਪਸ ਭੇਜਣ ਦਾ ਪ੍ਰੋਗਰਾਮ, ਜੋ ਰਵਾਂਡਾ ਪਲਾਨ ਵਾਂਗ ਹੈ ਪਰ ਵਧੇਰੇ ਸਖ਼ਤ। ਇਸ ਨਾਲ ਬ੍ਰਿਟੇਨ ਦੇ ਬਜਟ 'ਤੇ ਵੀ ਅਸਰ ਪਵੇਗਾ, ਕਿਉਂਕਿ ਅਸਥਾਈ ਸ਼ਰਨਾਰਥੀਆਂ ਲਈ ਰਿਹਾਇਸ਼ ਅਤੇ ਸਹਾਇਤਾ ਦੀ ਲਾਗਤ ਘੱਟ ਹੋਵੇਗੀ। ਪਰ ਇਸ ਨੀਤੀ ਨੂੰ ਲੈ ਕੇ ਵਿਰੋਧ ਵੀ ਜ਼ੋਰਦਾਰ ਹੈ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਐਮਨੈਸਟੀ ਇੰਟਰਨੈਸ਼ਨਲ ਨੇ ਇਸ ਨੂੰ 'ਯੂਰਪੀਅਨ ਯੂਨੀਅਨ ਦੇ ਮਾਨਵ ਅਧਿਕਾਰਾਂ ਦੇ ਖਿਲਾਫ਼' ਕਿਹਾ ਹੈ। ਐਮਨੈਸਟੀ ਦੇ ਡਾਇਰੈਕਟਰ ਨੇ ਕਿਹਾਕਿ ਇਹ ਲੋਕਾਂ ਨੂੰ ਅਨਿਸ਼ਚਿਤਤਾ ਵਿੱਚ ਰੱਖੇਗਾ ਅਤੇ ਉਹਨਾਂ ਦੇ ਅਧਿਕਾਰਾਂ ਨੂੰ ਖ਼ਤਮ ਕਰੇਗਾ।"



ਪੰਜਾਬ ਟਾਈਮਜ ਅਨੁਸਾਰ ਬ੍ਰਿਟੇਨ ਦੀ ਇਹ ਨੀਤੀ ਯੂਰਪ ਵਿੱਚ ਵਧਦੀ ਪ੍ਰਵਾਸ ਵਿਰੋਧੀ ਭਾਵਨਾ ਦਾ ਹਿੱਸਾ ਹੈ। ਇਟਲੀ, ਜਰਮਨੀ ਅਤੇ ਫਰਾਂਸ ਵਰਗੇ ਦੇਸ਼ਾਂ ਨੇ ਵੀ ਆਪਣੀਆਂ ਸਰਹੱਦਾਂ ਸਖ਼ਤ ਕੀਤੀਆਂ ਹਨ। ਬ੍ਰਿਟੇਨ ਵਿੱਚ ਇਸ ਨਾਲ ਚੋਣਾਂ ਵਿੱਚ ਵੀ ਅਸਰ ਪਵੇਗਾ, ਕਿਉਂਕਿ ਆਰਯੂਕੇਪੀ ਨੇ ਇਸ ਨੂੰ ਆਪਣੀ ਜਿੱਤ ਕਰਾਰ ਦਿੱਤਾ ਹੈ। ਪਾਰਟੀ ਦੇ ਲੀਡਰ ਨੇ ਕਿਹਾ, "ਲੇਬਰ ਪਾਰਟੀ ਨੇ ਅੰਤ ਵਿੱਚ ਸਾਡੀਆਂ ਗੱਲਾਂ ਮੰਨ ਲਈਆਂ ਹਨ।" ਸੰਖੇਪ ਵਿੱਚ, ਲੇਬਰ ਸਰਕਾਰ ਦਾ ਇਹ ਕਦਮ ਬ੍ਰਿਟੇਨ ਨੂੰ 'ਸੁਰੱਖਿਅਤ ਅਤੇ ਇਕਜੁੱਟ' ਬਣਾਉਣ ਦੀ ਕੋਸ਼ਿਸ਼ ਹੈ, ਪਰ ਇਸ ਨਾਲ ਮਨੁੱਖੀ ਅਧਿਕਾਰਾਂ ਅਤੇ ਆਰਥਿਕ ਵਿਕਾਸ ਨੂੰ ਝਟਕਾ ਲੱਗੇਗਾ। ਭਾਰਤੀ ਪ੍ਰਵਾਸੀ ਵੀ ਇਸ ਤੋਂ ਪ੍ਰਭਾਵਿਤ ਹੋਣਗੇ, ਅਤੇ ਅੱਗੇ ਚੱਲ ਕੇ ਇਸ ਨੂੰ ਕਾਮਨਜ਼ ਵਿੱਚ ਚੁਣੌਤੀ ਵੀ ਮਿਲ ਸਕਦੀ ਹੈ।

# ਭਾਈ ਹਵਾਰਾ ਨੂੰ ਪੰਜਾਬ ਜੇਲ੍ਹ ਵਿੱਚ ਤਬਦੀਲ ਕਰਨ ਦੀ ਪਟੀਸ਼ਨ ’ਤੇ ਦੋ ਹਫਤਿਆਂ ਬਾਅਦ ਹੋਵੇਗੀ ਸੁਣਵਾਈ



## ✪ ਸੁਪਰੀਮ ਕੋਰਟ ਵਿਚ ਬੇਅੰਤ ਸਿੰਘ ਕਤਲ ਮਾਮਲੇ ’ਤੇ ਹੋਈ ਸੁਣਵਾਈ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਬੇਅੰਤ ਸਿੰਘ ਕਤਲ ਮਾਮਲੇ ਵਿਚ ਬੱਬਰ ਖਾਲਸਾ ਦੇ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ ਸੁਣਵਾਈ ਦੋ ਹਫ਼ਤਿਆਂ ਲਈ ਮੁਲਤਵੀ ਕਰ ਦਿੱਤੀ ਹੈ। ਇਸ ਪਟੀਸ਼ਨ ਜ਼ਰੀਏ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਸਾਲ 1995 ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ।

ਦੱਸਣਾ ਬਣਦਾ ਹੈ ਕਿ ਭਾਈ ਹਵਾਰਾ 31 ਅਗਸਤ, 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਗੇਟ 'ਤੇ ਹੋਏ ਧਮਾਕੇ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਇਸ ਧਮਾਕੇ ਵਿਚ ਉਸ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋਰ ਮਾਰੇ ਗਏ ਸਨ।

# ਪਾਕਿ ਵਿਚ ਗੁਰਧਾਮਾਂ ਦੇ ਗੁੰਬਦਾਂ ਦੀ ਸੇਵਾ ਕਰਨ ਵਾਲੇ ਸਿੱਖ ਮਜ਼ਦੂਰ ਨੂੰ ਕੀਤਾ ਅਗਵਾ

## ✪ ਖ਼ੁਫ਼ੀਆ ਏਜੰਸੀ ਨੇ ਜਾਂਚ ਦੇ ਨਾਂਅ ’ਤੇ ਮੋਰ ਸਿੰਘ ਨੂੰ ਗੁਪਤ ਟਿਕਾਣੇ ’ਤੇ ਰਖਿਆ,ਖਾੜਕੂਆਂ ਨਾਲ ਮਿਲੇ ਹੋਣ ਦਾ ਸ਼ੱਕ

ਅੰਮ੍ਰਿਤਸਰ-ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਤੋਂ ਨਾਟਕੀ ਢੰਗ ਨਾਲ ਤਕਰੀਬਨ 11 ਮਹੀਨੇ ਪਹਿਲਾਂ ਅਗਵਾ ਕੀਤੇ ਗਏ ਪੋਲੀਓ ਦੇ ਸ਼ਿਕਾਰ ਸਿੱਖ ਨੌਜਵਾਨ ਬਾਦਲ ਸਿੰਘ, ਉਸ ਦੇ ਭਰਾ ਸੂਰਜ ਸਿੰਘ ਅਤੇ ਬਜ਼ੁਰਗ ਪਿਤਾ ਮਨਮੋਹਨ ਸਿੰਘ ਤੋਂ ਬਾਅਦ ਹੁਣ ਗੁਰਦੁਆਰਿਆਂ ਦੇ ਗੁੰਬਦਾਂ ਦੀ ਸੇਵਾ ਕਰਨ ਵਾਲੇ ਸਿੱਖ ਮਜ਼ਦੂਰ ਮੋਰ ਸਿੰਘ ਨੂੰ ਅਗਵਾ ਕੀਤੇ ਜਾਣ ਬਾਰੇ ਜਾਣਕਾਰੀ ਮਿਲੀ ਹੈ।

ਮੋਰ ਸਿੰਘ ਦੇ ਪੁੱਤਰ ਸਿਕੰਦਰ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਤੋਂ ਦੱਸਿਆ ਕਿ ਉਸ ਦੇ ਪਿਤਾ ਸਿੰਧ ਸੂਬੇ ਦੇ ਕਸ਼ਮੋਰ ਜ਼ਿਲ੍ਹੇ ਵਿਚਲੇ ਗੁਰਦੁਆਰਿਆਂ ਦੇ ਗੁੰਬਦਾਂ ਦੀ ਉਸਾਰੀ ਕਰਦੇ ਹਨ। ਤਕਰੀਬਨ 20 ਦਿਨ ਪਹਿਲਾਂ ਜਦੋਂ ਉਹ ਆਪਣੇ ਘਰ ਵਾਪਸ ਪਰਤੇ ਤਾਂ ਉਨ੍ਹਾਂ ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਗੈਸ ਮੀਟਰ ਦੀ ਸ਼ਿਕਾਇਤ ਦਾ ਹਵਾਲਾ ਦੇ ਕੇ ਬਾਹਰ ਬੁਲਾਇਆ ਅਤੇ ਅਗਵਾ ਕਰਕੇ ਆਪਣੇ ਨਾਲ ਲੈ ਗਏ।




ਦੁਕਾਨ 'ਤੇ ਸੇਵਾਦਾਰ ਵਜੋਂ ਕੰਮ ਕਰਦੇ ਸਿਕੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਨਨਕਾਣਾ ਸਾਹਿਬ ਦੀ ਸਥਾਨਕ ਪੁਲਿਸ ਨੇ ਇਸ ਬਾਰੇ 'ਚ ਇਹ ਕਹਿ ਕੇ ਸ਼ਿਕਾਇਤ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਆਈ. ਐੱਸ. ਆਈ. ਦੇ ਲੋਕ ਮੋਰ ਸਿੰਘ ਨੂੰ ਕਿਸੇ ਗੁਪਤ ਜਗ੍ਹਾ 'ਤੇ ਰੱਖ ਕੇ ਉਸ ਕੋਲੋਂ ਪੁੱਛਗਿੱਛ ਕਰ ਰਹੇ ਹਨ ਅਤੇ ਜਾਂਚ ਖ਼ਤਮ ਹੋਣ ਉਪਰੰਤ ਉਸ ਨੂੰ ਘਰ ਭੇਜ ਦਿੱਤਾ ਜਾਵੇਗਾ। ਸ੍ਰੀ ਨਨਕਾਣਾ ਸਾਹਿਬ ਦੇ ਮੁਹੱਲਾ ਗੁਰਦੁਆਰਾ ਬਾਲ ਲੀਲਾ ਵਿਖੇ ਕਿਰਾਏ ਦੇ ਘਰ ਵਿਚ ਰਹਿੰਦੇ ਉਕਤ ਨੌਜਵਾਨ ਨੇ ਸਿੱਖ ਜਥੇਬੰਦੀਆਂ ਤੋਂ ਅਪੀਲ ਕੀਤੀ ਹੈ ਕਿ ਉਸ ਦੇ ਪਿਤਾ ਦੀ ਰਿਹਾਈ ਯਕੀਨੀ ਬਣਾਈ ਜਾਵੇ।

ਜਾਣਕਾਰੀ ਅਨੁਸਾਰ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਤੰਬੂ ਸਾਹਿਬ 'ਚ ਲੰਬੇ ਸਮੇਂ ਤੱਕ ਸੇਵਾ ਕਰਦੇ ਰਹੇ ਮੋਰ ਸਿੰਘ ਦੇ ਮੋਬਾਈਲ ਵਿਚੋਂ ਉੱਥੇ ਰਹਿ ਰਹੇ ਕੁਝ ਭਾਰਤੀ ਖਾੜਕੂਆਂ ਦੀਆਂ ਵੀਡੀਓਜ਼ ਮਿਲਣ ਕਰਕੇ ਉਸ ਨੂੰ ਆਈ.ਐੱਸ.ਆਈ. ਵਲੋਂ ਅਗਵਾ ਕੀਤਾ ਗਿਆ ਹੈ।

ਪ੍ਰਗਟ ਭਏ ਗੁਰੂ ਤੇਗ ਬਹਾਦਰ॥ ਸਿਗਲ ਸ੍ਰਿਸਟ ਪੈ ਢਾਪੀ ਚਾਦਰ॥
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

## ਗੁਰੂ ਤੇਗ ਬਹਾਦੁਰ ਗੁਰਦਵਾਰਾ, 106 ਈਸਟਪਾਰਕ ਰੋਡ, ਲੈਸਟਰ ਵਿਖੇ




# ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਪੁਰਬ ’ਤੇ ਮਹਾਨ ਸਮਾਗਮ 25 ਨਵੰਬਰ ਨੂੰ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 1675 ਈ: ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਹਿੰਦੂਆਂ ਦੇ ਧਾਰਮਿਕ ਆਗੂਆਂ ਵੱਲੋਂ ਬੇਨਤੀ ਕਰਨ ਤੇ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਇਸ ਗੁਰੂ ਘਰ ਵਿਖੇ ਸਭ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਮਨਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ। ਆਪ ਦੇ ਚਰਨਾਂ ’ਚ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਨ ਲਈ ਇਹਨਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

ਸ਼ਹੀਦੀ ਪੁਰਬ ਸਬੰਧੀ 19 ਨਵੰਬਰ ਬੁੱਧਵਾਰ ਸ਼ਾਮ 4:00 ਵਜੇ ਤੋਂ 25 ਨਵੰਬਰ ਮੰਗਲਵਾਰ ਸ਼ਾਮ ਤੱਕ ਪੂਰਾ ਹਫਤਾ ਰੋਜ਼ਾਨਾ ਦੀਵਾਨ ਸਜਾਏ ਜਾਣਗੇ, ਜਿਸ ਦੌਰਾਨ ਕੀਰਤਨੀ ਜਥੇ ਅਤੇ ਪੰਥ ਦੇ ਪ੍ਰਚਾਰਕ ਜਥੇ ਹਾਜ਼ਰੀ ਭਰ ਕੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਗੇ।



## === ਸ਼ਹੀਦੀ ਦਿਨ ਦੇ ਵਿਸ਼ੇਸ਼ ਪ੍ਰੋਗਰਾਮ: ===

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 23-11-2025 ਸ਼ਾਮ 4:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ਮੰਗਲਵਾਰ 25-11-2025 ਸ਼ਾਮ 4:00 ਵਜੇ**

ਉਪਰੰਤ ਦੀਵਾਨ ਸਜੇਗਾ, ਜਿਸ ਦੌਰਾਨ ਕੀਰਤਨੀ ਅਤੇ ਪ੍ਰਚਾਰਕ ਜਥੇ ਹਾਜ਼ਰੀ ਭਰਨਗੇ ਅਤੇ ਸੰਗਤਾਂ ਨੂੰ ਨਿਹਾਲ ਕਰਨਗੇ।

**25 ਨਵੰਬਰ ਨੂੰ ਦਿਨ ਮੰਗਲਵਾਰ ਨੂੰ ਸਵੇਰ ਤੋਂ ਸ਼ਾਮ ਤੱਕ ਸਾਰਾ ਦਿਨ ਦੀਵਾਨ ਸਜਣਗੇ ਜਿਸ ਦੌਰਾਨ ਕੀਰਤਨੀ ਜਥੇ ਅਤੇ ਹੋਰ ਪ੍ਰਚਾਰਕ ਜਥੇ ਹਾਜ਼ਰੀ ਭਰਨਗੇ।**

**ਗੁਰੂ ਘਰ ਵਿਖੇ ਚੱਲ ਰਹੀਆਂ ਹਫਤਾਵਾਰ ਸੇਵਾਵਾਂ:** * ਕੋਹਿਨੂਰ ਰੇਡੀਓ 97.3 ਐਫ ਐਮ * ਹਰ ਹਫ਼ਤੇ ਬੁੱਧਵਾਰ ਨੂੰ ਦੁਪਿਹਰ 10:45 ਵਜੇ ਸੰਗਤਾਂ ਵੱਲੋਂ ਮੇਨ ਹਾਲ ਵਿੱਚ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਹੁੰਦਾ ਹੈ। * ਹਰ ਹਫ਼ਤੇ ਮੰਗਲਵਾਰ ਨੂੰ ਦੁਪਹਿਰ 11 ਤੋਂ 12 ਵਜੇ ਤੱਕ ਬਜ਼ੁਰਗਾਂ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਵਾਸਤੇ ਮੇਨ ਹਾਲ ਵਿੱਚ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ।

**ਵਧੇਰੇ ਜਾਣਕਾਰੀ ਲਈ ਸੰਪਰਕ:** ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ: 07834 764903, ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ: 07877 889115

## ਬੇਨਤੀ ਕਰਤਾ - ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਲੈਸਟਰ

# GURDWARA GURU TEGH BAHADUR SAHIB

**106 EAST PARK ROAD LEICESTER, LE5 4QB.** TEL: **0116 2742453 / www.gtbgurdwara.com**

ਕਰਾਈਮ ਨਿਊਜ਼

# ਪੰਜਾਬ ਸਰਕਾਰ ਨੇ ਬੰਦ ਕਰਵਾਇਆ ਖਹਿਰਾ ਦਾ ਸੋਸ਼ਲ ਮੀਡੀਆ !



✪ ਖਹਿਰਾ ਬੋਲਿਆ ਕਿ ਇਹ ਸਭ ਪੁਲਿਸ ਰਾਜ ਦੇ ਸੰਕੇਤ

ਚੰਡੀਗੜ੍ਹ-ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਸਰਕਾਰ 'ਤੇ ਗੰਭੀਰ ਇਲਜ਼ਾਮ ਲਗਾਇਆ ਹੈ ਕਿ ਉਹਨਾਂ ਦੀ ਫੇਸਬੁੱਕ ਆਈਡੀ ਅਤੇ ਵੀਡੀਓਜ਼ ਨੂੰ ਸਰਕਾਰੀ ਦਬਾਅ ਹੇਠ ਹਟਾਇਆ ਗਿਆ ਹੈ। ਖਹਿਰਾ ਨੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਹੇਠ ਪੰਜਾਬ ਵਿੱਚ ਹੁਣ ਵਿਰੋਧ ਜਾਂ ਅਸਹਿਮਤੀ ਲਈ ਕੋਈ ਜਗ੍ਹਾ ਨਹੀਂ ਰਹੀ। ਉਨ੍ਹਾਂ ਨੇ ਕਿਹਾ- "ਪੰਜਾਬ ਵਿੱਚ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਸਰਕਾਰ ਹੇਠ ਵਿਰੋਧ ਲਈ ਕੋਈ ਥਾਂ ਨਹੀਂ। ਮੇਰੀ ਫੇਸਬੁੱਕ ਆਈਡੀ ਅਤੇ ਵੀਡੀਓਜ਼ ਡਿਲੀਟ ਕਰਵਾ ਦਿੱਤੀਆਂ ਗਈਆਂ ਹਨ। ਇਹ ਸਭ ਪੁਲਿਸ ਰਾਜ ਦੇ ਸੰਕੇਤ ਹਨ।"

ਖਹਿਰਾ ਨੇ ਅੱਗੇ ਕਿਹਾ ਕਿ ਇਸ ਤਰ੍ਹਾਂ ਦੀ ਕਾਰਵਾਈ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਨੇ ਫੇਸਬੁੱਕ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੀ ਆਈਡੀ ਮੁੜ ਬਹਾਲ ਕੀਤੀ ਜਾਵੇ, ਕਿਉਂਕਿ ਇਹ ਬੋਲਣ ਤੇ ਪ੍ਰਗਟਾਓ ਦੀ ਆਜ਼ਾਦੀ 'ਤੇ ਹਮਲਾ ਹੈ।

# ਬ੍ਰਿਟੇਨ ਵਿੱਚ ਕੇਅਰ ਟੇਕਰ ਲਗਵਾਉਣ ਦਾ ਝਾਂਸਾ ਦੇ ਕੇ ਕੀਤੀ 36 ਲੱਖ ਦੀ ਮਾਰੀ ਠੱਗੀ

## ✪ ਐਜੂਕੇਸ਼ਨ ਕੰਸਲਟੈਂਟ ਏਜੰਸੀ ਚਲਾਉਣ ਵਾਲੇ ਕਾਰੋਬਾਰੀ ਸ਼ਿਕਾਇਤ ਤੇ ਤਿੰਨ ਮੁਲਜ਼ਮਾਂ ਦੇ ਖਿਲਾਫ ਕੇਸ ਦਰਜ

ਲੁਧਿਆਣਾ-ਲੁਧਿਆਣਾ ਦੇ ਲੜਕੀਆਂ ਨੂੰ ਇੰਗਲੈਂਡ ਵਿੱਚ ਕੇਅਰ ਵਰਕਰ ਲਗਵਾਉਣ ਦਾ ਝਾਂਸਾ ਦੇ ਕੇ ਲੁਧਿਆਣਾ ਦੇ ਤਿੰਨ ਵਿਅਕਤੀਆਂ ਨੇ 36 ਲੱਖ ਰੁਪਏ ਦੀ ਧੋਖਾਧੜੀ ਕੀਤੀ। ਇਸ ਕੇਸ ਵਿੱਚ ਥਾਣਾ ਡਿਵੀਜ਼ਨ ਨੰਬਰ ਪੰਜ ਦੀ ਪੁਲਿਸ ਨੇ ਐਜੂਕੇਸ਼ਨ ਓਵਰਸੀਜ਼ ਐਂਡ ਕੰਸਲਟੈਂਟ ਦੇ ਮਾਲਕ ਹਰਜੀਤ ਸਿੰਘ ਦੀ ਸ਼ਿਕਾਇਤ 'ਤੇ ਸਾਧੂ ਸੁੰਦਰ ਸਿੰਘ ਨਗਰ ਕਲੋਨੀ ਈਸਾ ਨਗਰੀ ਦੇ ਰਹਿਣ ਵਾਲੇ ਰਾਜਕੁਮਾਰ ਉਰਫ ਰੋਕੀ, ਉਸਦੇ ਭਰਾ ਅਸ਼ੋਕ ਕੁਮਾਰ ਅਤੇ ਸਾਧੂ ਸੁੰਦਰ ਸਿੰਘ ਨਗਰ ਕਲੋਨੀ ਦੇ ਵਾਸੀ ਅਭਿਸ਼ੇਕ ਨਥੈਨੀਅਲ ਦੇ ਖਿਲਾਫ ਧੋਖਾਧੜੀ, ਅਪਰਾਧਿਕ ਸਾਜ਼ਿਸ਼, ਦਸਤਾਵੇਜ਼ਾਂ ਨਾਲ ਛੇੜਛਾੜ ਅਤੇ ਆਈਪੀਸੀ ਦੀਆਂ ਹੋਰ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਗੁਰਦੇਵ ਨਗਰ ਦੇ ਮਲਹਾਰ ਰੋਡ ਤੇ ਐਜੂਕੇਸ਼ਨ ਓਵਰਸੀਜ ਐਂਡ ਕੰਸਲਟੈਂਟ ਏਜੰਸੀ ਚਲਾਉਣ ਵਾਲੇ ਹਰਜੀਤ ਸਿੰਘ ਨੇ ਦੱਸਿਆ ਕਿ ਤਿੰਨੋ ਮੁਲਜਮ ਉਸਦੇ ਪੁਰਾਣੇ ਵਾਕਫ ਹਨ। ਕੁੱਝ ਸਮਾਂ ਪਹਿਲਾਂ ਮੁਲਜਮ ਰਾਜਕੁਮਾਰ ਉਰਫ ਰੋਕੀ ਇੰਗਲੈਂਡ ਗਿਆ ਅਤੇ ਵਾਪਸ ਆਉਣ ਤੇ ਦੱਸਿਆ ਕਿ ਇੰਗਲੈਂਡ ਵਿੱਚ ਕਈ ਬਜ਼ੁਰਗ ਵਿਅਕਤੀਆਂ ਨੂੰ ਮੈਡੀਕਲ ਕੇਅਰ ਟੇਕਰ ਦੀ ਜਰੂਰਤ ਹੈ।




ਜੇਕਰ ਕੋਈ ਕਲਾਇੰਟ ਹੈ ਤਾਂ ਉਹ ਬੜੀ ਆਸਾਨੀ ਨਾਲ ਉਨਾਂ ਨੂੰ ਇੰਗਲੈਂਡ ਭੇਜ ਸਕਦਾ ਹੈ। ਕੇਅਰ ਟੇਕਰ ਵੀਜ਼ਾ ਲਗਵਾਉਣ ਦੀ ਗੱਲ ਕਹਿ ਕੇ ਕਲਾਇੰਟ ਕੋਲੋਂ 18 ਲੱਖ ਰੁਪਏ ਲੈਣ ਦੀ ਗੱਲ ਆਖੀ। ਲੁਧਿਆਣਾ ਦੀਆਂ ਦੋ ਲੜਕੀਆਂ ਨੇ ਵਿਦੇਸ਼ ਜਾਣ ਲਈ ਹਰਜੀਤ ਸਿੰਘ ਨਾਲ ਸੰਪਰਕ ਕੀਤਾ। ਹਰਜੀਤ ਸਿੰਘ ਨੇ ਰਾਜਕੁਮਾਰ ਅਤੇ ਹੋਰ ਮੁਲਜ਼ਮਾਂ ਦੇ ਝਾਂਸੇ ਵਿੱਚ ਆ ਕੇ ਦੋਵਾਂ ਲੜਕੀਆਂ ਨੂੰ ਬਤੌਰ ਕੇਅਰ ਟੇਕਰ ਇੰਗਲੈਂਡ ਭੇਜਣ ਦੀ ਤਿਆਰੀ ਸ਼ੁਰੂ ਕੀਤੀ। ਉਸਨੇ ਦੋਵਾਂ ਲੜਕੀਆਂ ਕੋਲੋਂ 18-18 ਲੱਖ ਰੁਪਏ ਲੈ ਕੇ ਰਕਮ ਰਾਜਕੁਮਾਰ ਅਤੇ ਉਸਦੇ ਸਾਥੀਆਂ ਦੇ ਹਵਾਲੇ ਕਰ ਦਿੱਤੀ। ਪੈਸੇ ਲੈਣ ਤੋਂ ਬਾਅਦ ਮੁਲਜ਼ਮਾਂ ਨੇ ਦੋਵਾਂ ਲੜਕੀਆਂ ਦਾ ਸੀਓ ਲੈਟਰ ਮੰਗਵਾ ਦਿੱਤਾ। ਦੋਵੇਂ ਕੁੜੀਆਂ ਇੰਗਲੈਂਡ ਵਿੱਚ ਬਤੌਰ ਕੇਅਰ ਟੇਕਰ ਲੱਗਣ ਦੀ ਤਿਆਰੀ ਕਰਨ ਲੱਗ ਪਈਆਂ। ਸਾਲ 2023 ਵਿੱਚ ਹੋਈ ਇਸ ਡੀਲ ਤੋਂ ਬਾਅਦ ਕਈ ਮਹੀਨੇ ਬੀਤ ਗਏ ਪਰ ਮੁਲਜ਼ਮਾਂ ਨੇ ਲੜਕੀਆਂ ਦਾ ਵੀਜ਼ਾ ਨਾ ਮੰਗਵਾਇਆ। ਹਰਜੀਤ ਸਿੰਘ ਨੇ ਜਦ ਉਨਾਂ ਨਾਲ ਸੰਪਰਕ ਕੀਤਾ ਤਾਂ ਉਹ ਲਗਾਤਾਰ ਲਾਰੇ ਲਗਾਉਂਦੇ ਰਹੇ। ਸ਼ੱਕ ਪੈਣ ਤੇ ਜਦ ਹਰਜੀਤ ਸਿੰਘ ਨੇ ਸੀਓ ਲੈਟਰ ਚੈੱਕ ਕੀਤਾ ਤਾਂ ਉਹ ਲੈਟਰ ਫਰਜ਼ੀ ਪਾਇਆ ਗਿਆ। ਹਰਜੀਤ ਸਿੰਘ ਵੱਲੋਂ ਸੰਪਰਕ ਕਰਨ ਤੇ ਮੁਲਜ਼ਮਾਂ ਨੇ ਇਹ ਆਖਿਆ ਕਿ ਉਹ 36 ਲੱਖ ਰੁਪਏ ਜਲਦੀ ਹੀ ਵਾਪਸ ਕਰ ਦੇਣਗੇ। ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਮੁਲਜ਼ਮਾਂ ਨੇ ਹਰਜੀਤ ਸਿੰਘ ਦੀ ਰਕਮ ਵਾਪਸ ਨਾ ਕੀਤੀ। ਹਰਜੀਤ ਸਿੰਘ ਨੇ ਦੱਸਿਆ ਕਿ ਉਸਨੇ ਆਪਣੇ ਦੋਵਾਂ ਕਲਾਇੰਟਾਂ ਨੂੰ ਆਪਣੇ ਕੋਲੋਂ ਪੈਸੇ ਵਾਪਸ ਕਰ ਦਿੱਤੇ ਸਨ। ਜਦ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਨੂੰ ਰਕਮ ਨਾ ਮੋੜੀ ਤਾਂ ਉਸਨੇ ਪੁਲਿਸ ਕਮਿਸ਼ਨਰ ਨੂੰ ਇੱਕ ਲਿਖਤ ਸ਼ਿਕਾਇਤ ਦਿੱਤੀ। ਕਈ ਮਹੀਨਿਆਂ ਦੀ ਪੜਤਾਲ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ ਪੰਜ ਦੀ ਪੁਲਿਸ ਨੇ ਤਿੰਨਾਂ ਮੁਲਜ਼ਮਾਂ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਉਨਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਅਗਵਾ ਕੀਤੇ ਨਨਕਾਣਾ ਸਾਹਿਬ ਦੇ ਤਿੰਨ ਸਿੱਖਾਂ ਦੀ 11 ਮਹੀਨਿਆਂ ਬਾਅਦ ਵੀ ਨਹੀਂ ਮਿਲੀ ਕੋਈ ਜਾਣਕਾਰੀ



ਬਾਦਲ ਸਿੰਘ, ਸੂਰਜ ਸਿੰਘ ਅਤੇ ਮਨਮੋਹਨ ਸਿੰਘ

ਅੰਮ੍ਰਿਤਸਰ-ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਤੋਂ ਨਾਟਕੀ ਢੰਗ ਨਾਲ ਤਕਰੀਬਨ 11 ਮਹੀਨੇ ਪਹਿਲਾਂ ਅਗਵਾ ਕੀਤੇ ਗਏ ਪੋਲੀਓ ਦੇ ਸ਼ਿਕਾਰ ਅਪਾਹਜ ਸਿੱਖ ਨੌਜਵਾਨ ਬਾਦਲ ਸਿੰਘ (30 ਸਾਲ), ਭਰਾ ਸੂਰਜ ਸਿੰਘ ਅਤੇ ਉਸ ਦੇ ਬਜ਼ੁਰਗ ਪਿਤਾ ਮਨਮੋਹਨ ਸਿੰਘ ਬਾਰੇ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ। ਕੁਝ ਪਾਕਿਸਤਾਨੀ ਸਿੱਖਾਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਗੱਲਬਾਤ ਦੌਰਾਨ ਖ਼ਦਸ਼ਾ ਜ਼ਾਹਿਰ ਕਰਦਿਆਂ ਦੱਸਿਆ ਕਿ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਦੇ ਆਦੇਸ਼ਾਂ 'ਤੇ ਅੱਤਵਾਦ ਵਿਰੋਧੀ ਵਿਭਾਗ (ਸੀ. ਟੀ. ਡੀ.) ਵਲੋਂ ਇਨ੍ਹਾਂ ਤਿੰਨਾਂ ਨੂੰ ਪਾਬੰਦੀਸ਼ੁਦਾ ਸੰਗਠਨ ਫ਼ਿਤਨਾ ਅਲ-ਖ਼ਵਾਰੀਜ, ਅਲ-ਜ਼ੈਨਬੀਅਨ ਅਤੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਸੰਬੰਧਿਤ 'ਖ਼ਤਰਨਾਕ ਅੱਤਵਾਦੀ' ਦੱਸਿਆ ਜਾ ਰਿਹਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸੰਬੰਧਿਤ ਵਿਭਾਗ ਵਲੋਂ ਇਨ੍ਹਾਂ ਦਾ ਝੂਠਾ ਮੁਕਾਬਲਾ ਬਣਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਸ੍ਰੀ ਨਨਕਾਣਾ ਸਾਹਿਬ ਵਿਚ ਬੁੱਚੇਕੀ ਰੋਡ ਵਿਖੇ ਧੌਲਰ ਵਾਲੇ ਕਬਰਸਤਾਨ ਦੇ ਨਜ਼ਦੀਕ ਚੁੰਗੀ ਨੰਬਰ 5 ਵਿਖੇ ਕਿਰਾਏ ਦੇ ਘਰ ਵਿਚ ਰਹਿੰਦੇ ਇਕ ਪਰਿਵਾਰ ਦੇ ਉਕਤ ਤਿੰਨੋਂ ਮੈਂਬਰਾਂ ਨੂੰ ਕਿਸੇ ਗੁਪਤ ਸਥਾਨ 'ਤੇ ਰੱਖਿਆ ਗਿਆ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਮਨਮੋਹਨ ਸਿੰਘ ਆਪਣੇ ਪਰਿਵਾਰ ਨਾਲ 22-23 ਸਾਲ ਪਹਿਲਾਂ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਰਹੀਮ ਯਾਰ ਖ਼ਾਨ ਦੇ ਚੱਕ ਨੰਬਰ 91 ਐੱਨ. ਬੀ. ਤੋਂ ਸ੍ਰੀ ਨਨਕਾਣਾ ਸਾਹਿਬ ਵਿਖੇ ਆਬਾਦ ਹੋਇਆ ਅਤੇ ਧਰਮ ਪਰਿਵਰਤਨ ਕਰਕੇ ਪਰਿਵਾਰ ਦੇ ਸਾਰੇ ਮੈਂਬਰ ਸਿੱਖ ਬਣੇ। ਪਾਕਿ ਸਿੱਖਾਂ ਨੇ ਦੱਸਿਆ ਕਿ ਬਾਦਲ ਸਿੰਘ ਪੋਲੀਓ ਕਾਰਨ ਬਿਨਾ ਸਹਾਰੇ ਦੇ ਚੱਲਣ ਫਿਰਨ ਤੋਂ ਅਸਮਰਥ ਹੈ।

# ਚੰਡੀਗੜ੍ਹ ਦੇ ਹਸਪਤਾਲ ਚੋਂ ਫਰਾਰ ਹੋਇਆ ਫ਼ਾਸੀ ਦੀ ਸਜ਼ਾ ਵਾਲਾ ਬਲਾਤਕਾਰ ਕੈਦੀ ਭਈਆ

ਚੰਡੀਗੜ੍ਹ-ਮੌਤ ਦੀ ਸਜ਼ਾ ਭੁਗਤ ਰਿਹਾ ਇੱਕ ਕੈਦੀ ਭਈਆ ਚੰਡੀਗੜ੍ਹ ਦੇ ਹਸਪਤਾਲ ਵਿੱਚੋਂ ਇੱਕ ਪੁਲਿਸ ਮੁਲਾਜ਼ਮ ਨੂੰ ਧੱਕਾ ਦੇ ਕੇ ਫਰਾਰ ਹੋ ਗਿਆ। ਕੈਦੀ ਨੇ ਪੁਲਿਸ ਮੁਲਾਜ਼ਮ ਤੋਂ ਆਪਣੇ ਆਪ ਨੂੰ ਛੁਡਾ ਲਿਆ ਅਤੇ ਹੱਥਕੜੀਆਂ ਸੁੱਟ ਦਿੱਤੀਆਂ। ਹੁਣ, ਪੰਜਾਬ ਪੁਲਿਸ ਦੇ ਨਾਲ, ਚੰਡੀਗੜ੍ਹ ਪੁਲਿਸ ਨੇ ਵੀ ਇਸ ਮਾਮਲੇ ਵਿੱਚ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਦੋਸ਼ੀ ਸੋਨੂੰ ਨੇ 5 ਸਾਲ ਦੀ ਬੱਚੀ ਨਾਲ ਬਲਾਤਕਾਰ ਅਤੇ ਕਤਲ ਕਰ ਦਿੱਤਾ ਸੀ। ਇਸ ਮਾਮਲੇ ਵਿੱਚ ਲੁਧਿਆਣਾ ਦੀ ਇੱਕ ਅਦਾਲਤ



ਨੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਹ ਲੁਧਿਆਣਾ ਕੇਂਦਰੀ ਜੇਲ੍ਹ ਵਿੱਚ ਬਿਮਾਰ ਹੋ ਗਿਆ। ਜਿਸ ਤੋਂ ਬਾਅਦ ਪੰਜਾਬ ਪੁਲਿਸ ਉਸਨੂੰ ਜਾਂਚ ਲਈ ਚੰਡੀਗੜ੍ਹ ਦੇ ਜੀਐਮਸੀਐਚ ਹਸਪਤਾਲ ਲੈ ਕੇ ਆਈ ਸੀ।

ਸੋਨੂੰ ਇਲਾਜ ਲਈ ਲੁਧਿਆਣਾ ਜੇਲ੍ਹ ਆਇਆ: ਦੋਸ਼ੀ ਸੋਨੂੰ ਸਿੰਘ (29) ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦੇ ਫਤਿਹਪੁਰ ਜ਼ਿਲ੍ਹੇ ਦੇ ਪਿੰਡ ਤੇਸਾਹੀ ਬਜ਼ੁਰਗ ਦਾ ਰਹਿਣ ਵਾਲਾ ਹੈ। ਸੋਨੂੰ ਲੁਧਿਆਣਾ ਕੇਂਦਰੀ ਜੇਲ੍ਹ ਵਿੱਚ ਮੌਤ ਦੀ ਸਜ਼ਾ ਕੱਟ ਰਿਹਾ ਹੈ। ਦੋਸ਼ੀ ਕੁਝ ਸਮੇਂ ਤੋਂ ਬਿਮਾਰ ਸੀ।

ਪੰਜਾਬ ਪੁਲਿਸ ਸੋਮਵਾਰ ਨੂੰ ਦੋਸ਼ੀ ਸੋਨੂੰ ਨੂੰ ਇਲਾਜ ਲਈ ਚੰਡੀਗੜ੍ਹ ਦੇ ਜੀਐਮਸੀਐਚ-32 ਲੈ ਕੇ ਆਈ ਸੀ। ਰਾਤ ਉਸਨੇ ਟਾਇਲਟ ਜਾਣ ਦਾ ਬਹਾਨਾ ਬਣਾਇਆ। ਫਿਰ ਉਸਦੀ ਸੁਰੱਖਿਆ ਲਈ ਤਾਇਨਾਤ ਪੁਲਿਸ ਵਾਲੇ ਉਸਨੂੰ ਟਾਇਲਟ ਲੈ ਗਏ। ਜਿਵੇਂ ਹੀ ਪੁਲਿਸ ਸੋਨੂੰ ਨੂੰ ਟਾਇਲਟ ਲੈ ਗਈ, ਉਸਨੇ ਪੁਲਿਸ ਕਰਮਚਾਰੀ ਨੂੰ ਧੱਕਾ ਦੇ ਕੇ ਫਰਾਰ ਹੋ ਗਿਆ। ਇਸ ਤੋਂ ਬਾਅਦ ਹਸਪਤਾਲ ਵਿੱਚ ਹਫੜਾ-ਦਫੜੀ ਮਚ ਗਈ। ਪੰਜਾਬ ਪੁਲਿਸ ਦੇ ਨਾਲ-ਨਾਲ ਚੰਡੀਗੜ੍ਹ ਪੁਲਿਸ ਨੇ ਵੀ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ।

# ਆਖਿਰ ਬਾਦਲ ਦਲ ਨੇ ਕਿਵੇਂ ਕੀਤੀ ਧਮਾਕੇਦਾਰ ਵਾਪਸੀ, 'ਆਪ' ਦੀ ਜਿੱਤ ਦਾ ਕਾਰਨ ਕੀ ਹੈ ?

## ✪ ਅਕਾਲੀ ਦਲ ਵਾਰਿਸ ਪੰਜਾਬ ਦੇ ਆਪਣੇ ਗੜ੍ਹ ਤਰਨਤਾਰਨ ਵਿਚ ਕਿਵੇਂ ਪਛੜਿਆ ?
## ✪ ਕਾਂਗਰਸ ਦੀ ਹਾਰ ਦਾ ਕਾਰਣ ਰਾਜ ਵੜਿੰਗ ਤੇ ਲੀਡਰਸ਼ਿਪ ਦੀ ਫੁਟ ਬਣੀ



**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**
9815700916



ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਬੀਤੇ ਸ਼ੁੱਕਰਵਾਰ ਨੂੰ ਐਲਾਨੇ ਗਏ ਨਤੀਜੇ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ 42,649 ਵੋਟਾਂ ਹਾਸਿਲ ਕਰ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ। ਉਹਨਾਂ ਨੇ ਆਪਣੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ 12,091 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੇ 30,558 ਵੋਟਾਂ ਹਾਸਿਲ ਕੀਤੀਆਂ।

ਪੰਥਕ ਜਥੇਬੰਦੀਆਂ ਦੇ ਉਮੀਦਵਾਰ ਮਨਦੀਪ ਸਿੰਘ ਖ਼ਾਲਸਾ ਨੂੰ 19,620, ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ ਨੂੰ 15,078, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਨੂੰ 6239 ਵੋਟਾਂ ਪਈਆਂ। ਜਦਕਿ ਕਾਂਗਰਸ ਅਤੇ ਭਾਜਪਾ ਸਮੇਤ 12 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ।

ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਮੁਤਾਬਕ 'ਆਪ' ਦੀ ਜਿੱਤ ਲਈ ਪਾਰਟੀ ਦਾ ਸੱਤਾ ਵਿੱਚ ਹੋਣਾ ਅਤੇ ਉਮੀਦਵਾਰ ਦਾ ਸਥਾਨਕ ਹੋਣਾ ਵੀ ਵੱਡਾ ਕਾਰਨ ਸੀ। ਆਪ ਪਾਰਟੀ ਨੇ 3 ਵਾਰ ਵਿਧਾਇਕ ਰਹੇ ਹਰਮੀਤ ਸਿੰਘ ਸੰਧੂ ਨੂੰ ਉਮੀਦਵਾਰ ਬਣਾ ਕੇ ਸਿਆਸੀ ਦਾਅ ਖੇਡਿਆ ਹੈ। ਅਕਾਲੀ ਦਲ ਦੋਫਾੜ ਹੋਣ ਦਾ ਫ਼ਾਇਦਾ ਵੀ ਪਾਰਟੀ ਨੂੰ ਮਿਲਦਾ ਦਿਖਿਆ ਹੈ। ਆਮ ਆਦਮੀ ਪਾਰਟੀ ਲਈ ਇਹ ਜਿੱਤ ਬੇਹੱਦ ਖਾਸ ਮੰਨੀ ਜਾ ਰਹੀ ਹੈ।

ਅਕਾਲੀ ਦਲ ਵਾਰਿਸ ਆਪਣੇ ਗੜ੍ਹ ਵਿਚ ਕਿਵੇਂ ਪਛੜੀ-ਸਿਆਸੀ ਮਾਹਿਰਾਂ ਅਨੁਸਾਰ ਵਾਰਿਸ ਪੰਜਾਬ ਦੇ ਅਕਾਲੀ ਦਲ ਨੇ ਆਪਣੀ ਰਣਨੀਤੀ ਵਿੱਚ ਕਈ ਗਲਤੀਆਂ ਕੀਤੀਆਂ, ਜਿਨ੍ਹਾਂ ਨੇ ਨਾ ਸਿਰਫ਼ ਮਨਦੀਪ ਸਿੰਘ ਵਰਗਾ ਕਮਜ਼ੋਰ ਉਮੀਦਵਾਰ ਖੜਾ ਕਰਕੇ ਪੂਰੀ ਜਥੇਬੰਦੀ ਦੇ ਅਕਸ ਨੂੰ ਲੋਕਾਂ ਵਿੱਚ ਘਟਾਇਆ ਸੀ। ਜਦ ਕਿ ਇਸਦੇ ਉਲਟ ਬਾਦਲ ਅਕਾਲੀ ਦਲ ਤੇ ਆਪ ਨੇ ਵਧੀਆ ਉਮੀਦਵਾਰ ਦਿਤੇ, ਜਿਹਨਾਂ ਦਾ ਆਪਣਾ ਆਧਾਰ ਸੀ।

ਡਾਕਟਰ ਪਰਮਜੀਤ ਸਿੰਘ ਦਾ ਮੰਨਣਾ ਹੈ ਕਿ ਮਨਦੀਪ ਸਿੰਘ, ਜਿਨ੍ਹਾਂ ਦਾ ਭਰਾ ਭਾਈ ਸੰਦੀਪ ਸਿੰਘ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਹੱਤਿਆ ਦੇ ਦੋਸ਼ੀ ਵਜੋਂ ਜੇਲ੍ਹ ਵਿੱਚ ਹੈ, ਇੱਕ ਅਜਿਹੇ ਪਰਿਵਾਰ ਨਾਲ ਸਬੰਧਤ ਹਨ ਜਿਸ ਨੂੰ ਪੰਥਕ ਹਲਕਿਆਂ ਵਿਚ ਭਾਵੀ ਕੁਰਬਾਨੀ ਵਾਲਾ ਮੰਨਿਆ ਜਾਂਦਾ ਹੈ। ਪਰ ਇਹ ਪਰਿਵਾਰਕ ਵਿਰਾਸਤ ਚੋਣ ਮੈਦਾਨ ਵਿੱਚ ਕੰਮ ਨਹੀਂ ਆਈ। ਉਹਨਾਂ ਦਾ ਕਹਿਣਾ ਹੈ ਕਿ ਉਮੀਦਵਾਰ ਪੜ੍ਹਿਆ ਲਿਖਿਆ, ਵਧੀਆ ਗਿਆਨਵਾਨ ਬੁਲਾਰਾ ਕੌਮ ਤੇ ਪੰਜਾਬ ਪ੍ਰਤੀ ਇਮਾਨਦਾਰ ਹੋਣਾ ਚਾਹੀਦਾ, ਲੋਕਾਂ ਵਿਚ ਜਨ ਆਧਾਰ ਹੋਣਾ ਚਾਹੀਦਾ। ਪਰ ਅਸੀਂ ਉਹੀ ਪੁਰਾਣਾ ਸ਼ਹੀਦ ਪਰਿਵਾਰਾਂ ਵਾਲਾ ਫਿਨੋਮਨਾ ਲੈਕੇ ਤੁਰ ਪਏ ਜਿਸ ਕਰਕੇ ਸਿਮਰਨਜੀਤ ਸਿੰਘ ਮਾਨ ਰਾਜਨੀਤੀ ਵਿਚ ਪਛੜਿਆ ਸੀ। ਅੱਜ ਹਾਲਾਤ ਹਨ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਆਪਣੇ ਗੜ੍ਹ ਵਿਚੋਂ ਹਾਰ ਗਏ।

ਸਿਆਸੀ ਮਾਹਿਰ ਗੰਗਵੀਰ ਰਠੌਰ ਦਾ ਕਹਿਣਾ ਹੈ ਕਿ ਲੋਕਾਂ ਨੂੰ ਸਿਰਫ਼ ਭਾਵੁਕ ਭਾਵਨਾਵਾਂ ਨਾਲ ਨਹੀਂ ਜਿੱਤਿਆ ਜਾ ਸਕਦਾ, ਇਸ ਦੇ ਲਈ ਯੋਗ ਨੈਰੇਟਿਵ, ਉਮੀਦਵਾਰ, ਵਿਉਂਤਬੰਦੀ, ਪਾਰਟੀ ਸਟਰਕਚਰ ਦੀ ਲੋੜ ਹੁੰਦੀ ਹੈ। ਮਨਦੀਪ ਸਿੰਘ ਨੇ ਨਾ ਆਪਣੀ ਲਹਿਰ ਬਣਾਈ, ਨਾ ਹੀ ਮੀਡੀਆ ਜਾਂ ਸੋਸ਼ਲ ਮੀਡੀਆ ਵਿੱਚ ਉਭਰੇ। ਨਾ ਹੀ ਪੰਥਕ ਧਿਰਾਂ ਵਿਚ ਤਾਲਮੇਲ ਵਾਲੀ ਮੁਹਿੰਮ ਦਿਖੀ।

ਰਠੌਰ ਦਾ ਕਹਿਣਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ (ਪੁਨਰ ਸੁਰਜੀਤ) ਲਈ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਦੂਜੇ ਨੰਬਰ ਤੇ ਆਉਣਾ ਇੱਕ ਵੱਡੀ ਚੁਣੌਤੀ ਹੈ। ਪਾਰਟੀ ਬਣਾਉਣ ਤੋਂ ਬਾਅਦ, ਉਹ ਵੀ ਇਕਜੁੱਟ ਇਕਾਈ ਵਜੋਂ ਜਾਂ ਮੈਦਾਨੀ ਪੱਧਰ 'ਤੇ ਵੱਡੇ ਤੌਰ 'ਤੇ ਜ਼ਿਆਦਾ ਕੰਮ ਕਰਦੇ ਨਹੀਂ ਦਿਸੇ, ਹਾਲਾਂਕਿ ਇਸਦੇ ਕੁਝ ਨੇਤਾ ਤਰਨ ਤਾਰਨ ਵਿੱਚ ਪ੍ਰਚਾਰ ਲਈ ਜ਼ਰੂਰ ਪਹੁੰਚੇ ਸਨ।

ਪ੍ਰੋਫੈਸਰ ਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਥਕ ਲੀਡਰਸ਼ਿਪ ਨੂੰ ਤਿਖੇ ਨਾਰੇਬਾਜਾਂ ਤੋਂ ਬਚਕੇ ਜਮਹੂਰੀਅਤ ਦੀ ਸ਼ੈਲੀ ਸਿਰਜਣੀ ਚਾਹੀਦੀ ਹੈ। ਮੌਕਾਪ੍ਰਸਤ ਤੇ ਦਾਗੀ ਲੀਡਰਸ਼ਿਪ ਦੇ ਦਬਾਅ ਤੋਂ ਬਾਹਰ ਨਿਕਲਣਾ ਚਾਹੀਦਾ। ਕਿਹਾ ਜਾਂਦਾ ਹੈ ਕਿ ਨਵੇਂ ਅਕਾਲੀ ਦਲ ਦੇ ਕੁਝ ਲੀਡਰ ਇਸ ਨਤੀਜੇ ਬਾਅਦ ਮੁੜ ਬਾਦਲ ਦਲ ਨਾਲ ਜੁੜ ਸਕਦੇ ਹਨ। ਪਰ ਇਹ ਮੌਕਾਪ੍ਰਸਤ ਲੋਕ ਕੌਮ ਦਾ ਕੁਝ ਸੰਵਾਰ ਨਹੀਂ ਸਕਣਗੇ।

# ਪੰਥ ਦੀ ਸਿਆਸੀ ਪਰਿਭਾਸ਼ਾ ਕੀ ਹੈ

ਪੰਥ ਦਾ ਅਸਲ ਅਰਥ ਪੰਜਾਬ ਹੈ - ਇੱਕ ਅਜਿਹਾ ਪੰਜਾਬ ਜੋ ਸਭ ਪੰਜਾਬੀਆਂ ਨੂੰ ਆਪਣਾ ਮੰਨੇ ਅਤੇ 'ਸਰਬੱਤ ਦਾ ਭਲਾ' ਵਾਲੀ ਸਿਆਸਤ ਕਰੇ। ਵਾਰਿਸ ਪੰਜਾਬ ਨੇ ਇਸ ਨੂੰ ਅਜੇ ਤੱਕ ਪ੍ਰਮੋਟ ਨਹੀਂ ਕੀਤਾ। ਦਬੇ-ਕੁਚਲੇ ਭਾਈਚਾਰਿਆਂ ਨੂੰ ਨਾਲ ਲੈਣਾ ਪਵੇਗਾ। ਪੰਜਾਬ ਦੀ ਪੰਥਕ ਸਿਆਸਤ ਪੰਜਾਬ ਦੇ ਅਸਲ ਮੁੱਦਿਆਂ - ਖੇਤੀਬਾੜੀ, ਆਰਥਿਕ ਵਿਕਾਸ, ਬੇਰੁਜ਼ਗਾਰੀ, ਨਸ਼ਿਆਂ ਵਿਰੋਧੀ ਮੁਹਿੰਮ, ਵਾਤਾਵਰਨ, ਪੰਜਾਬ ਦੀ ਖੁਦਮੁਖਤਿਆਰੀ - ਤੇ ਖੜ੍ਹੀ ਹੋਵੇਗੀ ਜਿਸ ਤੋਂ ਸਾਰੀਆਂ ਰਾਜਨੀਤਕ ਪਾਰਟੀਆਂ ਭਗੌੜੀਆਂ ਹਨ। ਨੌਜਵਾਨ ਲੀਡਰਸ਼ਿਪ ਨੂੰ ਬਜ਼ੁਰਗ ਸਿਆਣਿਆਂ ਦੇ ਸਹਿਯੋਗ ਨਾਲ ਅੱਗੇ ਵਧਾਉਣਾ ਪਵੇਗਾ। ਨਵੇਂ ਅਕਾਲੀ ਦਲ ਨਾਲ ਏਕਤਾ ਕਰਨੀ ਹੋਵੇਗੀ, ਪਰ ਦਾਗੀ ਲੀਡਰਾਂ ਨੂੰ ਅਹੁਦੇ ਦੇਣ ਤੋਂ ਗੁਰੇਜ਼ ਕਰਨਾ ਪਵੇਗਾ। ਪੰਜਾਬ ਪੱਖੀ ਏਜੰਡਾ ਪ੍ਰਮੋਟ ਕਰੋ -ਵੱਖ ਵੱਖ ਮਾਹਿਰ ਬੁੱਧੀਜੀਵੀਆਂ ਨਾਲ ਟੇਬਲ ਟਾਕ ਕਰੋ। ਪੰਜਾਬ ਦਾ ਖੁਦਮੁਖਤਿਆਰੀ ਰਾਜਨੀਤਕ ਏਜੰਡਾ ਆਰਥਿਕ ਅਤੇ ਖੇਤੀਬਾੜੀ ਏਜੰਡਾ ਸਾਹਮਣੇ ਲਿਆਓ। ਬਸਪਾ ਨਾਲ ਗਠਜੋੜ ਕਰਕੇ ਲੋਕ ਪੱਖੀ ਸਿਆਸਤ ਬਣਾਓ। ਪੰਜਾਬੀ ਹਿੰਦੂ ਭਾਈਚਾਰੇ ਨੂੰ ਸ਼ਾਮਲ ਕਰੋ, ਖਾਸ ਕਰਕੇ ਰੰਘਰੇਟਿਆਂ ਨੂੰ ਮਾਣ ਦਿਓ। ਜੱਟ-ਰੰਘਰੇਟਾ ਵਿਵਾਦ ਖਤਮ ਕਰੋ, ਕਿਉਂਕਿ ਇਹ ਸਿੱਖ ਰਾਜਨੀਤੀ ਲਈ ਖਤਰਨਾਕ ਹੈ। ਆਪਣੀ ਬੌਧਿਕ, ਗਿਆਨਵਾਨ, ਇਮਾਨਦਾਰ ਲੀਡਰਸ਼ਿਪ ਸਿਰਜੋ। ਇਹ ਸਾਰੇ ਕਦਮ ਭਵਿੱਖ ਵਿੱਚ ਜਿੱਤ ਦਾ ਰਾਹ ਖੋਲ੍ਹਣਗੇ।

### ਕੀ ਬਾਦਲ ਦਲ ਸਿਆਸਤ ਵਿਚ ਉਭਰ ਸਕੇਗਾ

ਬਾਦਲ ਦਲ ਦੀ ਤਰਨਤਾਰਨ ਵਿਚ ਜਿਤ ਦਾ ਕਾਰਣ ਮਜਬੂਤ ਉਮੀਦਵਾਰ ਸੀ। ਪਰ ਅਜੇ ਤਕ ਬਾਦਲ ਦਲ ਨੇ ਪੰਜਾਬ ਪਖੀ ਏਜੰਡੇ ਤੇ ਨੀਤੀਆਂ ਵਿਚ ਵਿਚ ਹਾਂ ਪਖੀ ਹੁੰਗਾਰਾ ਨਹੀਂ ਭਰਿਆ। ਮੌਕਾਪ੍ਰਸਤ ਲੀਡਰਸ਼ਿਪ ਦੇ ਸਿਰ ਉਪਰ ਉਹ ਪੰਜਾਬ ਵਿਚ ਸਿਆਸੀ ਭਵਿੱਖ ਨਹੀਂ ਸਿਰਜ ਸਕਦੇ। ਉਹਨਾਂ ਨੂੰ ਅਨੰਦਪੁਰ ਮਤੇ ਅਰਥਾਤ ਪੰਜਾਬ ਦੀ ਖੁਦਮੁਖਤਿਆਰੀ ਵਲ ਦੁਬਾਰਾ ਜਾਣਾ ਪਵੇਗਾ। ਕੇਂਦਰੀ ਪਾਰਟੀਆਂ ਨਾਲ ਗਠਜੋੜ ਕਰਨ ਦੀ ਥਾਂ ਪੰਥਕ ਗਠਜੋੜ ਦਾ ਮੋਰਚਾ ਬਣਾਉਣਾ ਪਵੇਗਾ। ਦਲਿਤਾਂ ਨਾਲ ਸਾਂਝ ਬਨਾਉਣ ਲਈ ਬਸਪਾ ਨਾਲ ਸਾਂਝ ਵਧਾਉਣੀ ਪਵੇਗੀ। ਮੋਰਚਾ ਰਾਜਨੀਤੀ ਨੂੰ ਅਪਨਾਉਣਾ ਪਵੇਗਾ ਜੋ ਅਕਾਲੀ ਦਲ ਦੀ ਰਾਜਨੀਤਕ ਤਾਕਤ ਸੀ। ਸ਼੍ਰੋਮਣੀ ਕਮੇਟੀ ਨੂੰ ਪੰਥਕ ਪ੍ਰਚਾਰ ਲਈ ਨਵੀਆਂ ਯੋਜਨਾਵਾਂ ਘੜਨੀਆਂ ਪੈਣਗੀਆਂ।

ਸਿਆਸੀ ਮਾਹਿਰ ਡਾਕਟਰ ਪਰਮੋਦ ਕੁਮਾਰ ਕਹਿੰਦੇ ਹਨ ਕਿ ਅਕਾਲੀ ਦਲ ਦਾ ਦੂਜੇ ਨੰਬਰ ਉਪਰ ਆਉਣਾ ਦਿਖਾਉਂਦਾ ਹੈ ਕਿ ਅਕਾਲੀ ਦਲ ਮੁੜ ਵਾਪਸੀ ਦੀ ਰਾਹ 'ਤੇ ਆ ਰਿਹਾ ਹੈ। ਜੋ ਲੋਕ ਮੰਨ ਰਹੇ ਸਨ ਕਿ ਅਕਾਲੀ ਦਲ ਨੂੰ ਸਿੱਖਾਂ ਦਾ ਸਮਰਥਨ ਨਹੀਂ ਮਿਲ ਰਿਹਾ, ਉਨ੍ਹਾਂ ਲਈ ਸਾਫ਼ ਹੋ ਗਿਆ ਹੈ ਕਿ ਹੁਣ ਲੋਕ ਅਕਾਲੀ ਦਲ ਨਾਲ ਵੀ ਹਨ।"

ਹਮੀਰ ਸਿੰਘ ਵਿਸ਼ਲੇਸ਼ਕ ਦਾ ਕਹਿਣਾ ਹੈ ਕਿ ਜੇ ਅਕਾਲੀ ਵੋਟਰ ਵੰਡੇ ਰਹੇ, ਤਾਂ ਅਕਾਲੀ ਧੜੇ ਹਾਰਦੇ ਹੀ ਰਹਿਣਗੇ।

ਚੋਣ ਨਤੀਜਿਆਂ ਬਾਰੇ ਗੱਲ ਕਰਦਿਆਂ ਅਰਸ਼ਦੀਪ ਕਲੇਰ ਨੇ ਕਿਹਾ ਕਿ ਲੋਕਾਂ ਦੀ ਕਚਹਿਰੀ ਦੇ ਵਿਚ ਸ਼੍ਰੋਮਣੀ ਅਕਾਲੀ ਦਲ ਜਿੱਤਿਆ ਹੈ ਤੇ ਲੋਕਾਂ ਨੇ 2027 ਦੀਆਂ ਚੋਣਾਂ ਲਈ ਇਸ ਗੱਲ 'ਤੇ ਮੋਹਰ ਲਗਾ ਦਿੱਤੀ ਹੈ ਕਿ ਲੋਕਾਂ ਦੀ ਪਹਿਲੀ ਪਸੰਦ ਸ਼੍ਰੋਮਣੀ ਅਕਾਲੀ ਦਲ ਹੈ। ਅਰਸ਼ਦੀਪ ਕਲੇਰ ਨੇ ਕਿਹਾ ਕਿ ਮਨਦੀਪ ਸਿੰਘ ਨੇ ਆਪ ਮੰਨਿਆ ਹੈ ਕਿ ਜੇ ਉਹ ਚੋਣ ਨਾ ਲੜਦੇ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਜਾਣਾ ਸੀ। ਇਸ ਗੱਲ ਤੋਂ ਸਪਸ਼ਟ ਹੈ ਕਿ ਇਹ ਧਿਰਾਂ ਏਜੰਸੀਆਂ ਦੇ ਇਸ਼ਾਰੇ 'ਤੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨੂੰ ਹਰਾਉਣ ਲਈ ਹੀ ਚੋਣ ਲੜਦੀਆਂ ਹਨ।

# ਟਰੰਪ ਦੀ ਟੈਰਿਫ ਪਾਲਿਸੀ ਕਿਉਂ ਪਈ ਉਲਟੀ ! ਮਹਿੰਗਾਈ ਨਾਲ ਕਿਉਂ ਹਿੱਲਿਆ ਅਮਰੀਕਾ ?

## ✪ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਭਾਰੀ ਵਾਧਾ: ਆਮ ਅਮਰੀਕੀ ਦਾ ਬਜਟ ਤਬਾਹ
## ✪ ਕਈ ਦੇਸ਼ਾਂ ਤੋਂ ਆਉਣ ਵਾਲੀਆਂ ਖੁਰਾਕੀ ਚੀਜ਼ਾਂ ਉਪਰ ਟੈਰਿਫ ਹਟਾਉਣ ਦਾ ਕੀਤਾ ਫ਼ੈਸਲਾ

ਵਾਸ਼ਿੰਗਟਨ-ਅਮਰੀਕਾ ਵਿਚ ਮਹਿੰਗਾਈ ਦੀ ਲਹਿਰ ਅਜਿਹੀ ਚੱਲ ਪਈ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਅਮਰੀਕਾ ਫਸਟ' ਨੀਤੀ ਵੀ ਇਸ ਦੀ ਗਰਮੀ ਨੂੰ ਸਹਿ ਨਹੀਂ ਸਕੀ। ਸੱਤਾ ਸੰਭਾਲਦੇ ਹੀ ਲਾਏ ਗਏ ਭਾਰੀ ਟੈਰਿਫਾਂ ਨੇ ਵਿਦੇਸ਼ੀ ਸਾਮਾਨ ਨੂੰ ਮਹਿੰਗਾ ਕਰਕੇ ਅਮਰੀਕੀ ਉਦਯੋਗਾਂ ਨੂੰ ਉਤਸ਼ਾਹਿਤ ਤੇ ਵਿਕਸਤ ਕਰਨ ਦਾਅਵਾ ਕੀਤਾ ਸੀ, ਪਰ ਨਤੀਜੇ ਉਲਟੇ ਨਿਕਲੇ। ਘਰੇਲੂ ਬਾਜ਼ਾਰ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਆਕਾਸ਼ ਛੂਹਣ ਲੱਗੀਆਂ, ਜਿਸ ਨਾਲ ਆਮ ਅਮਰੀਕੀ ਪਰਿਵਾਰਾਂ ਦਾ ਬਜਟ ਤਬਾਹ ਹੋ ਗਿਆ। ਹੁਣ ਵ੍ਹਾਈਟ ਹਾਊਸ ਨੇ ਇਹ ਸਵੀਕਾਰ ਕਰ ਲਿਆ ਹੈ ਅਤੇ ਕਈ ਦੇਸ਼ਾਂ ਤੋਂ ਆਉਣ ਵਾਲੀਆਂ ਖੁਰਾਕੀ ਚੀਜ਼ਾਂ ਤੇ ਟੈਰਿਫ ਹਟਾਉਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਨਾ ਸਿਰਫ਼ ਮਹਿੰਗਾਈ ਨੂੰ ਰੋਕਣ ਦੀ ਕੋਸ਼ਿਸ਼ ਹੈ, ਸਗੋਂ ਟਰੰਪ ਦੀ ਆਰਥਿਕ ਨੀਤੀ ਤੇ ਵੀ ਸਵਾਲ ਉੱਠ ਰਹੇ ਹਨ।



ਟਰੰਪ ਨੇ ਜਨਵਰੀ 2025 ਵਿੱਚ ਸੱਤਾ ਸੰਭਾਲਨ ਤੋਂ ਤੁਰੰਤ ਬਾਅਦ ਵਿਸ਼ਵ ਦੇ ਵੱਡੇ ਵਪਾਰਕ ਦੇਸ਼ਾਂ ਉਪਰ ਭਾਰੀ ਟੈਰਿਫ ਲਾ ਦਿੱਤੇ ਸਨ। ਚੀਨ, ਭਾਰਤ, ਅਰਜਨਟੀਨਾ, ਇਕਵਾਡੋਰ, ਗਵਾਟੇਮਾਲਾ ਅਤੇ ਐੱਲ ਸਲਵਾਡੋਰ ਵਰਗੇ ਦੇਸ਼ਾਂ ਤੋਂ ਆਉਣ ਵਾਲੀਆਂ ਚੀਜ਼ਾਂ ਉਪਰ 10 ਤੋਂ 15 ਫ਼ੀਸਦੀ ਤੱਕ ਦੇ ਟੈਰਿਫ ਲੱਗੇ। ਉਦੇਸ਼ ਸੀ ਵਿਦੇਸ਼ੀ ਕੰਪਨੀਆਂ ਨੂੰ ਝਟਕਾ ਦੇਣਾ ਅਤੇ ਅਮਰੀਕੀ ਨਿਰਮਾਣ ਨੂੰ ਉਤਸ਼ਾਹਿਤ ਕਰਨਾ, ਪਰ ਵਾਸਤਵ ਵਿੱਚ ਇਹ ਨੀਤੀ ਅਮਰੀਕੀ ਭੋਜਨ ਪ੍ਰਣਾਲੀ ਉਪਰ ਭਾਰੀ ਪਈ। ਕੌਫ਼ੀ, ਕੇਲੇ, ਬੀਫ਼, ਟਮਾਟਰ ਅਤੇ ਫ਼ਲਾਂ ਦੀਆਂ ਕੀਮਤਾਂ ਵਿੱਚ 20-30 ਫ਼ੀਸਦੀ ਵਾਧਾ ਹੋ ਗਿਆ। ਰੋਜ਼ਾਨਾ ਦੀਆਂ ਚੀਜ਼ਾਂ ਜਿਵੇਂ ਕਿ ਚਾਹ, ਕੋਕੋ ਅਤੇ ਮਸਾਲੇ ਵੀ ਮਹਿੰਗੇ ਹੋ ਗਏ, ਜਿਸ ਨਾਲ ਆਮ ਘਰਾਂ ਦੀ ਖਰਚਾ ਵਧ ਗਿਆ।

ਅਮਰੀਕੀ ਵਿੱਤ ਖ਼ਾਤੇ ਅਨੁਸਾਰ, ਇਹ ਟੈਰਿਫ ਇੱਕ ਆਮ ਪਰਿਵਾਰ ਲਈ ਪ੍ਰਤੀ ਸਾਲ 1200 ਡਾਲਰ ਦਾ ਵਾਧੂ ਟੈਕਸ ਵਾਂਗ ਕੰਮ ਕਰ ਰਹੇ ਹਨ। ਫੈਡਰਲ ਰਿਜ਼ਰਵ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਟੈਰਿਫਾਂ ਕਾਰਨ ਮਹਿੰਗਾਈ ਦਰ 0.5ਫ਼ੀਸਦੀ ਵਧ ਗਈ ਹੈ। ਅਗਸਤ 2025 ਵਿੱਚ ਲਾਏ ਗਏ ਇਹ ਟੈਰਿਫ ਸਪਲਾਈ ਚੇਨ ਨੂੰ ਪ੍ਰਭਾਵਿਤ ਕਰਕੇ ਕੀਮਤਾਂ ਵਧਾਉਣ ਵਾਲੇ ਸਾਬਿਤ ਹੋਏ। ਨਤੀਜੇ ਵਜੋਂ, ਸਤੰਬਰ 2025 ਵਿੱਚ ਮਹਿੰਗਾਈ ਦਰ 3 ਫ਼ੀਸਦੀ ਤੱਕ ਪਹੁੰਚ ਗਈ, ਜੋ ਜੁਲਾਈ ਦੇ 2.7 ਫ਼ੀਸਦੀ ਤੋਂ ਵੱਧ ਹੈ। ਇਹ ਵਾਧਾ ਨਾ ਸਿਰਫ਼ ਖੁਰਾਕ ਤਤਕ ਸੀਮਿਤ ਰਿਹਾ, ਸਗੋਂ ਘਰੇਲੂ ਵਸਤਾਂ ਜਿਵੇਂ ਕਿ ਲੱਕੜ, ਫ਼ਰਨੀਚਰ ਅਤੇ ਰਸੋਈ ਦੇ ਸਾਮਾਨ ਤੇ ਵੀ ਪ੍ਰਭਾਵ ਪਾਇਆ, ਜਿਸ ਨਾਲ ਹਾਊਸਿੰਗ ਕ੍ਰਾਈਸਿਸ ਹੋਰ ਡੂੰਘੀ ਹੋ ਗਈ।

ਅਮਰੀਕੀ ਆਰਥਿਕ ਮਾਹਿਰਾਂ ਨੇ ਟਰੰਪ ਦੀ ਇਸ ਨੀਤੀ ਨੂੰ ਸ਼ੁਰੂ ਤੋਂ ਹੀ ਗਲਤ ਦੱਸਿਆ ਹੈ। ਨਿਊਯਾਰਕ ਟਾਈਮਜ਼ ਵਿੱਚ ਛਪੀ ਰਿਪੋਰਟ ਮੁਤਾਬਕ, ਟੈਰਿਫਾਂ ਨੇ ਅਮਰੀਕੀ ਉਦਯੋਗਾਂ ਨੂੰ ਵਿਕਸਤ ਕਰਨ ਦੀ ਬਜਾਏ ਵਧੇਰੇ ਨੁਕਸਾਨ ਪਹੁੰਚਾਇਆ ਹੈ, ਕਿਉਂਕਿ ਬਹੁਤੀਆਂ ਚੀਜ਼ਾਂ ਅਮਰੀਕਾ ਵਿੱਚ ਉਤਪਾਦਿਤ ਨਹੀਂ ਹੋ ਸਕਦੀਆਂ। ਵਾਲ ਸਟ੍ਰੀਟ ਜਰਨਲ ਨੇ ਲਿਖਿਆ ਕਿ ਟਰੰਪ ਦੇ ਟੈਰਿਫਾਂ ਨੇ ਮੰਦੀ ਦੇ ਖ਼ਤਰੇ ਨੂੰ ਵਧਾ ਦਿੱਤਾ ਹੈ ਅਤੇ ਛੋਟੇ ਵਪਾਰੀਆਂ ਨੂੰ 'ਜਿਆਦਾ ਨੁਕਸਾਨ ਹੋ ਰਿਹਾ ਹੈ। ਯੇਲ ਯੂਨੀਵਰਸਿਟੀ ਦੇ ਬਜਟ ਲੈਬ ਨੇ ਅੰਦਾਜ਼ਾ ਲਗਾਇਆ ਹੈ ਕਿ 2025 ਦੇ ਟੈਰਿਫਾਂ ਕਾਰਨ ਕੀਮਤਾਂ ਵਿੱਚ 2.3 ਫ਼ੀਸਦੀ ਵਾਧਾ ਹੋਇਆ ਹੈ, ਜੋ ਪ੍ਰਤੀ ਪਰਿਵਾਰ ੩800 ਡਾਲਰ ਦਾ ਨੁਕਸਾਨ ਹੈ। ਆਰਥਿਕ ਵਿਸ਼ਲੇਸ਼ਕ ਐਰਿਕਾ ਯਾਰਕ ਨੇ ਕਿਹਾ, "ਟੈਰਿਫ ਇੱਕ ਟੈਕਸ ਹੈ ਜੋ ਅਮਰੀਕੀ ਉਪਭੋਗਤਾਵਾਂ ਉਪਰ ਪੈਂਦਾ ਹੈ, ਨਾ ਕਿ ਵਿਦੇਸ਼ੀ ਉਤਪਾਦਕਾਂ ਉਪਰ।"

ਇਸ ਦੇ ਨਤੀਜੇ ਵਜੋਂ, ਵ੍ਹਾਈਟ ਹਾਊਸ ਤੇ ਦਬਾਅ ਵਧ ਗਿਆ। 14 ਨਵੰਬਰ 2025 ਨੂੰ ਟਰੰਪ ਨੇ ਐਗਜ਼ੀਕਿਊਟਿਵ ਆਰਡਰ ਜਾਰੀ ਕੀਤਾ, ਜਿਸ ਨਾਲ ਅਰਜਨਟੀਨਾ, ਇਕਵਾਡੋਰ, ਗਵਾਟੇਮਾਲਾ ਅਤੇ ਐੱਲ ਸਲਵਾਡੋਰ ਤੋਂ ਆਉਣ ਵਾਲੀਆਂ 100 ਤੋਂ ਵੱਧ ਖੁਰਾਕੀ ਚੀਜ਼ਾਂ ਤੇ ਟੈਰਿਫ ਹਟਾ ਦਿੱਤੇ ਗਏ। ਇਸ ਵਿੱਚ ਬੀਫ਼, ਕੌਫ਼ੀ, ਕੇਲੇ, ਟਮਾਟਰ, ਚਾਹ, ਫ਼ਲ ਜੂਸ, ਕੋਕੋ, ਮਸਾਲੇ ਅਤੇ ਫ਼ਲਾਂ ਵਰਗੀਆਂ ਚੀਜ਼ਾਂ ਸ਼ਾਮਲ ਹਨ। ਇਹ ਫ਼ੈਸਲਾ ਰਾਤੋ-ਰਾਤ ਲਾਗੂ ਹੋ ਗਿਆ । ਵਿੱਤ ਮੰਤਰੀ ਸਕਾਟ ਬੇਸੇਂਟ ਨੇ ਕਿਹਾ, "ਇਹ ਕਦਮ ਖੁਰਾਕੀ ਕੀਮਤਾਂ ਵਿੱਚ ਗਿਰਾਵਟ ਲਿਆਏਗਾ ਅਤੇ ਅਮਰੀਕੀ ਪਰਿਵਾਰਾਂ ਨੂੰ ਰਾਹਤ ਪਹੁੰਚਾਏਗਾ।" ਉਨ੍ਹਾਂ ਨੇ ਸੰਕੇਤ ਦਿੱਤਾ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਹੋਰ ਵੀ ਫ਼ੈਸਲੇ ਲਏ ਜਾਣਗੇ।

ਇਸ ਤੋਂ ਇਲਾਵਾ, ਟਰੰਪ ਨੇ ਹਾਲ ਹੀ ਵਿੱਚ ਇੱਕ ਹੋਰ ਵੱਡਾ ਐਲਾਨ ਕੀਤਾ ਹੈ - ਹਰ ਅਮਰੀਕੀ ਨੂੰ ਘੱਟੋ-ਘੱਟ 2000 ਡਾਲਰ ਦਾ 'ਟੈਰਿਫ਼ ਡਿਵੀਡੈਂਡ' ਦੇਣ ਦਾ ਵਾਅਦਾ ਕੀਤਾ ਹੈ। ਇਹ ਰਕਮ ਟੈਰਿਫਾਂ ਤੋਂ ਆਉਣ ਵਾਲੀ ਆਮਦਨੀ ਤੋਂ ਵੰਡੀ ਜਾਵੇਗੀ। ਟਰੰਪ ਨੇ ਟਰੂਥ ਸੋਸ਼ਲ ਤੇ ਪੋਸਟ ਕੀਤਾ, "ਟੈਰਿਫਾਂ ਨਾਲ ਅਸੀਂ ਅਰਬਾਂ ਡਾਲਰ ਇਕੱਠੇ ਕੀਤੇ ਹਨ, ਜੋ ਹੁਣ ਤੁਹਾਡੇ ਖਾਤੇ ਵਿੱਚ ਪਹੁੰਚ ਜਾਣਗੇ।" ਪਰ ਮਾਹਿਰ ਇਸ ਨੂੰ ਅਸੰਭਵ ਦੱਸ ਰਹੇ ਹਨ। ਬੇਸੇਂਟ ਨੇ ਹੀ ਸੰਕੇਤ ਦਿੱਤਾ ਕਿ ਇਹ ਰਕਮ ਸਿਰਫ਼ ਉਨ੍ਹਾਂ ਪਰਿਵਾਰਾਂ ਨੂੰ ਮਿਲੇਗੀ ਜਿਨ੍ਹਾਂ ਦੀ ਆਮਦਨੀ 100,000 ਡਾਲਰ ਤੋਂ ਘੱਟ ਹੈ। ਡੈਮੋਕਰੈਟਾਂ ਨੇ ਇਸ ਨੂੰ 'ਚੋਰੀ ਦਾ ਡਰਾਮਾ' ਕਿਹਾ ਹੈ, ਕਿਉਂਕਿ ਟੈਰਿਫਾਂ ਨੇ ਪਹਿਲਾਂ ਹੀ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਹੈ।

ਅਮਰੀਕੀ ਅਖ਼ਬਾਰਾਂ ਵਿੱਚ ਵੀ ਇਸ ਬਾਰੇ ਤਿੱਖੀ ਆਲੋਚਨਾ ਹੋ ਰਹੀ ਹੈ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਟਰੰਪ ਦੇ ਟੈਰਿਫਾਂ ਨੇ ਆਮ ਉਪਭੋਗਤਾਵਾਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਹੁਣ ਇਹ ਰੋਲਬੈਕ ਉਨ੍ਹਾਂ ਦੀ ਗਲਤੀ ਨੂੰ ਸਵੀਕਾਰਨ ਵਾਂਗ ਹੈ। ਵਾਲ ਸਟ੍ਰੀਟ ਜਰਨਲ ਨੇ ਚੇਤਾਵਨੀ ਦਿੱਤੀ ਕਿ ਜੇਕਰ ਟੈਰਿਫ ਨਾ ਹਟਾਏ ਗਏ ਹੁੰਦੇ ਤਾਂ ਮੰਦੀ ਆ ਸਕਦੀ ਸੀ। ਬੀਬੀਸੀ ਅਤੇ ਰਾਇਟਰਜ਼ ਨੇ ਰਿਪੋਰਟ ਕੀਤਾ ਕਿ ਇਹ ਫ਼ੈਸਲਾ ਲੋਕਾਂ ਦੀ ਨਾਰਾਜ਼ਗੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਹੈ, ਪਰ ਅਸਲ ਮਹਿੰਗਾਈ ਨੂੰ ਰੋਕਣ ਲਈ ਵੱਡੇ ਸੁਧਾਰ ਚਾਹੀਦੇ ਹਨ। ਭਾਰਤ ਵਰਗੇ ਦੇਸ਼ਾਂ ਲਈ ਵੀ ਇਹ ਖ਼ਬਰ ਚੰਗੀ ਹੈ। ਭਾਰਤ ਤੋਂ ਆਉਣ ਵਾਲੀਆਂ ਚਾਹ ਅਤੇ ਮਸਾਲਿਆਂ ਤੇ ਟੈਰਿਫ ਹਟਣ ਨਾਲ ਅਮਰੀਕੀ ਬਾਜ਼ਾਰ ਵਿੱਚ ਭਾਰਤੀ ਉਤਪਾਦ ਵਧੇਗਾ।

ਟਰੰਪ ਪ੍ਰਸ਼ਾਸਨ ਦੀ ਇਹ ਉਲਟਫੇਰ ਅਮਰੀਕੀ ਰਾਜਨੀਤੀ ਵਿੱਚ ਵੱਡਾ ਮੋੜ ਹੈ। ਅਮਰੀਕਾ ਨੂੰ ਇੱਕ ਅਜਿਹੀ ਆਰਥਿਕ ਨੀਤੀ ਦੀ ਲੋੜ ਹੈ ਜੋ 'ਅਮਰੀਕਾ ਫਸਟ' ਨੂੰ ਸੱਚਮੁੱਚ ਅਮਲ ਵਿੱਚ ਲਿਆਵੇ, ਨਾ ਕਿ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਵੇ।

## ਮਾਲ ਖਾਨੇ ਦੀ ਨਸ਼ਾ ਤਸਕਰੀ ਵਿਚ ਬਰਾਮਦ ਡਰੱਗ ਮਨੀ ਮੁਨਸ਼ੀ ਜੂਏ ਵਿਚ ਹਾਰ ਗਿਆ

ਜਗਰਾਓਂ/ਸਿੱਧਵਾਂ ਬੇਟ-ਥਾਣਾ ਸਿੱਧਵਾਂ ਬੇਟ ਦੇ ਮਾਲ ਖਾਨੇ ਦਾ ਮੁਨਸ਼ੀ ਜੂਏ ਵਿਚ ਡਰੱਗ ਮਨੀ ਦੇ ਇੱਕ ਵੱਡੇ ਕੇਸ ਵਿਚ ਬਰਾਮਦ ਕੀਤੀ ਸਵਾ ਕਰੋੜ ਰੁਪਏ ਦੀ ਡਰੱਗ ਮਨੀ ਹਾਰ ਗਿਆ। ਮਾਲ ਖਾਨੇ ਦੇ ਮੁਨਸ਼ੀ ਵੱਲੋਂ ਸਵਾ ਕਰੋੜ ਡਕਾਰ ਜਾਣ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਸਾਲ 2023 ਵਿਚ ਦਰਜ ਨਸ਼ਾ ਤਸਕਰੀ ਦੇ ਵੱਡੇ ਮਾਮਲੇ 'ਚ ਬਰਾਮਦ ਸਵਾ ਕਰੋੜ ਰੁਪਏ ਦੀ ਨਕਦੀ ਵਾਲਾ ਸੀਲ ਕੀਤਾ ਪੈਕਟ ਕੇਸ ਦੀ ਤਾਰੀਕ 'ਤੇ ਖੋਲ੍ਹਿਆ ਤਾਂ ਉਸ ਵਿਚੋਂ ਨਕਦੀ ਗਾਇਬ ਸੀ। ਇਸ ਦਾ ਖ਼ੁਲਾਸਾ ਹੁੰਦੇ ਹੀ ਜਗਰਾਓਂ ਪੁਲਿਸ ਵਿਚ ਹੜਕੰਪ ਮੱਚ ਗਿਆ। ਜਿਸ ਤੋਂ ਬਾਅਦ ਮਾਲ ਖਾਨੇ ਦੇ ਮੁਨਸ਼ੀ ਹੌਲਦਾਰ ਗੁਰਦਾਸ ਸਿੰਘ ਖ਼ਿਲਾਫ਼ ਸਵਾ ਕਰੋੜ ਰੁਪਏ ਗਾਇਬ ਕਰਨ ਦੇ ਮਾਮਲੇ 'ਚ ਉਸੇ ਥਾਣਾ ਸਿੱਧਵਾਂ ਬੇਟ ਵਿਖੇ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਜਗਰਾਓਂ ਸੀਆਈਏ ਸਟਾਫ਼ ਦੀ ਪੁਲਿਸ ਨੇ ਸਾਲ 2023 ਦੇ ਦਸੰਬਰ ਮਹੀਨੇ ਵਿਚ ਨਸ਼ਾ ਤਸੱਕਰੀ 'ਚ ਸਵਾ ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਸੀ। ਇਹ ਡਰੱਗ ਮਨੀ ਸਬੰਧਤ ਥਾਣੇ ਸਿੱਧਵਾਂ ਬੇਟ ਦੇ ਮਾਲ ਖਾਨੇ 'ਚ ਕਾਨੂੰਨੀ ਕਾਰਵਾਈ ਤਹਿਤ ਸੀਲ ਕਰਕੇ ਰੱਖੀ ਗਈ ਸੀ। ਬੀਤੇ ਦਿਨੀਂ ਇਸ ਕੇਸ ਦੀ ਤਾਰੀਕ ਪੇਸ਼ੀ ਸੀ। ਜਦੋਂ ਅਦਾਲਤ ਵਿਚ ਕੇਸ ਪ੍ਰਾਪਰਟੀ ਵਾਲਾ ਪੈਕੇਟ ਖੋਲ੍ਹਿਆ ਗਿਆ ਤਾਂ ਉਸ ਵਿਚ ਸਵਾ ਕਰੋੜ ਰੁਪਇਆ ਗਾਇਬ ਸੀ। ਇਹ ਮਾਮਲਾ ਜਿੱਥੇ ਕੋਰਟ ਦੀ ਕਾਰਵਾਈ ਵਿਚ ਲਿਆਂਦਾ ਗਿਆ, ਉਥੇ ਜਗਰਾਓਂ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਵੀ ਇਸ 'ਤੇ ਤੁਰੰਤ ਐਕਸ਼ਨ ਲੈਂਦਿਆਂ ਬੀਤੀ ਰਾਤ ਮਾਲ ਖਾਨੇ ਦੇ ਮੁਨਸ਼ੀ ਗੁਰਦਾਸ ਸਿੰਘ 'ਤੇ ਸਵਾ ਕਰੋੜ ਰੁਪਏ ਗਾਇਬ ਕਰਨ ਦੇ ਮਾਮਲੇ ਵਿਚ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ।



# ਵੈਸਟ ਮਿਡਲੈਂਡਜ਼ ਦੇ ਨਸਲੀ ਹਮਲਿਆਂ ਨੇ ਸਿੱਖ ਬੀਬੀਆਂ ਦੀ ਅਜ਼ਾਦੀ ਖੋਹੀ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

## ✪ ਨਸਲਵਾਦੀ ਗੁੰਡਿਆਂ ਕਾਰਨ ਘਰੋਂ ਇਕੱਲੀਆਂ ਨਿਕਲਣ ਤੋਂ ਡਰੀਆਂ



ਯੂਕੇ ਦੇ ਵੈਸਟ ਮਿਡਲੈਂਡਜ਼ ਖੇਤਰ ਵਿੱਚ ਹੋ ਰਹੇ ਨਸਲਵਾਦੀ ਅਤੇ ਧਾਰਮਿਕ ਭਾਵਨਾਵਾਂ ਨਾਲ ਪ੍ਰੇਰਿਤ ਹਮਲਿਆਂ ਨੇ ਸਿੱਖ ਭਾਈਚਾਰੇ, ਖਾਸ ਕਰਕੇ ਸਿੱਖ ਔਰਤਾਂ ਵਿੱਚ ਡੂੰਘੀ ਦਹਿਸ਼ਤ ਪੈਦਾ ਕਰ ਦਿੱਤੀ ਹੈ। ਵਾਲਸਾਲ, ਓਲਡਬਰੀ ਅਤੇ ਵੌਲਵਰਹੈਂਪਟਨ ਵਰਗੀਆਂ ਥਾਵਾਂ ਤੇ ਹੋਏ ਜਿਨਸੀ ਹਮਲਿਆਂ, ਹਿੰਸਕ ਹਮਲਿਆਂ ਅਤੇ ਨਫ਼ਰਤ ਅਪਰਾਧਾਂ ਕਾਰਨ ਸਿੱਖ ਔਰਤਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਬਦਲਣੀ ਪੈ ਰਹੀ ਹੈ। ਇੱਕੋ ਜਿਹੀ ਉਮਰ ਦੀਆਂ ਦੋ ਸਿੱਖ ਔਰਤਾਂ ਉਪਰ ਵੱਖ ਵੱਖ ਥਾਵਾਂ ਉਪਰ ਹੋਏ ਜਿਨਸੀ ਹਮਲੇ, ਨੇ ਪੂਰੇ ਸਿੱਖ ਭਾਈਚਾਰੇ ਨੂੰ ਪਰੇਸ਼ਾਨ ਕਰ ਦਿੱਤਾ ਹੈ। ਇਸ ਨਾਲ ਹੀ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ ਤੇ ਹਮਲੇ ਅਤੇ ਇੱਕ ਔਰਤ ਤੇ ਇਲੈਕਟ੍ਰਿਕ ਸਟਨ ਡਿਵਾਈਸ ਨਾਲ ਹਮਲਾ ਵੀ ਜੁੜਿਆ ਹੈ। ਔਰਤਾਂ ਹੁਣ ਇਕੱਲੀਆਂ ਬਾਹਰ ਨਿਕਲਣ ਤੋਂ ਪਾਸਾ ਵਟ ਰਹੀਆਂ ਹਨ, ਉਹਨਾਂ ਜਿਮ ਜਾਣਾ ਛੱਡ ਦਿੱਤਾ ਹੈ ਅਤੇ ਗਰੁੱਪਾਂ ਵਿੱਚ ਘੁੰਮਦੀਆਂ ਹਨ। ਇਹ ਨਸਲਵਾਦੀ ਦਹਿਸ਼ਤ ਸਿੱਖ ਔਰਤਾਂ ਦੀ ਆਜ਼ਾਦੀ ਨੂੰ ਖਤਮ ਕਰ ਰਹੀ ਹੈ।

ਸੁਖਵਿੰਦਰ ਕੌਰ, ਜੋ ਸਿੱਖ ਵੁਮੈਨਜ਼ ਏਡ ਦੀ ਆਗੂ ਹੈ ਅਤੇ ਵੈਸਟ ਮਿਡਲੈਂਡਜ਼ ਵਿੱਚ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਦੀ ਮਦਦ ਕਰਦੀ ਹੈ, ਨੇ ਕਿਹਾ ਕਿ "ਮੈਂ ਪਹਿਲਾਂ ਅਜਿਹਾ ਕਦੇ ਨਹੀਂ ਵੇਖਿਆ। ਔਰਤਾਂ ਹੁਣ ਜਿਮ ਜਾਣ ਲਈ ਸਹਿਜ ਨਹੀਂ ਮਹਿਸੂਸ ਕਰ ਰਹੀਆਂ, ਇਕੱਲੀਆਂ ਤੁਰਨ ਜਾਂ ਦੌੜਨ ਤੋਂ ਬਚ ਰਹੀਆਂ ਹਨ। ਉਹ ਗਰੁੱਪਾਂ ਵਿੱਚ ਰਹਿੰਦੀਆਂ ਹਨ।" ਵਾਲਸਾਲ ਵਿੱਚ ਹੋਏ ਇੱਕ ਹਮਲੇ ਨੇ ਕੋਵੈਂਟਰੀ ਤੱਕ ਪੰਜਾਬੀ ਔਰਤਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ।

ਨਾਨਕਸਰ ਗੁਰਦੁਆਰਾ ਵਿੱਚ ਸੇਵਾ ਕਰਨ ਵਾਲੀ ਕਮ ਕੌਰ ਨੇ ਦੱਸਿਆ ਕਿ ਇਹਨਾਂ ਘਟਨਾਵਾਂ ਨੇ ਖੇਤਰ ਵਿੱਚ ਰਹਿਣ ਵਾਲੇ ਸਿੱਖਾਂ ਲਈ 'ਹਰ ਚੀਜ਼ ਬਦਲ ਦਿੱਤੀ ਹੈ'। ਸਿੱਖ ਬੀਬੀਆਂ ਗੁਰਦੁਆਰਾ ਇਕੱਲੀ ਜਾਣ ਤੋਂ ਡਰਦੀਆਂ ਹਨ ਅਤੇ ਆਪਣੀ ਬਜ਼ੁਰਗ ਮਾਂ ਨੂੰ ਮੁੱਖ ਦਰਵਾਜ਼ਾ ਖੋਲ੍ਹਣ ਵੇਲੇ ਸਾਵਧਾਨ ਰਹਿਣ ਲਈ ਕਹਿੰਦੀਆਂ ਹਨ। ਬੀਬੀ ਇੰਦਰਜੀਤ ਕੌਰ, 32 ਸਾਲਾਂ ਦੀ, ਕਹਿੰਦੀ ਹੈ ਕਿ ਉਹ ਕੰਮ ਜਾਂਦੇ ਸਮੇਂ ਵਾਧੂ ਸਾਵਧਾਨੀਆਂ ਅਪਣਾਉਂਦੀ ਹੈ - ਸਟੇਸ਼ਨ ਨੇੜੇ ਪਾਰਕਿੰਗ ਲੱਭਦੀ ਹੈ ਅਤੇ ਹੈੱਡਫੋਨਾਂ ਵਿੱਚ ਪਾਠ ਸੁਣਦੀ ਹੈ ਤਾਂ ਜੋ ਪਛਾਣ ਨਾ ਹੋਵੇ। ਸੁਰਿੰਦਰ ਕੌਰ, 57 ਸਾਲਾਂ ਦੀ, ਜਿਸ ਦੀਆਂ ਤਿੰਨ ਧੀਆਂ ਹਨ, ਨੇ ਕਿਹਾ: "ਅਸੀਂ ਧੀਆਂ ਨਾਲ ਤੁਰਦੇ ਹਾਂ ਪਰ ਅਪਰਾਧਾਂ ਕਾਰਨ ਦਹਿਸ਼ਤ ਵਿੱਚ ਹਾਂ।" ਸੁਰਿੰਦਰ ਬਾਜਵਾ, 55 ਸਾਲਾਂ ਦੀ, ਜੋ ਵਾਲਸਾਲ ਵਿੱਚ ਵੱਡੀ ਹੋਈ, ਕਹਿੰਦੀ ਹੈ ਕਿ "ਇਹ 1970-80 ਦੇ ਨਸਲਵਾਦ ਨਾਲ ਇਹ ਵਰਤਾਰਾ ਮਿਲਦਾ ਜੁਲਦਾ ਹੈ, ਜਦੋਂ ਨਸਲਵਾਦੀ ਪੰਜਾਬੀਆਂ ਪਿਛੇ ਕੁੱਤੇ ਛੱਡਦੇ ਸਨ। ਉਹ ਸਮਾਂ ਹੁਣ ਵਾਪਸ ਆ ਗਿਆ ਜਾਪਦਾ ਹੈ।"

ਇਥੇ ਜ਼ਿਕਰਯੋਗ ਹੈ ਕਿ ਅਕਤੂਬਰ ਅੰਤ ਵਿੱਚ ਵੌਲਵਰਹੈਂਪਟਨ ਵਿੱਚ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ ਤੇ ਹਿੰਸਕ ਹਮਲੇ ਹੋਏ ਸਨ। ਇਸ ਹਫ਼ਤੇ ਸ਼ੁਰੂ ਵਿੱਚ ਇੱਕ 50 ਸਾਲਾਂ ਦੀ ਔਰਤ ਉਪਰ ਨਸਲੀ ਹਮਲਾ ਹੋਇਆ ਸੀ, ਜਿੱਥੇ ਬਿਜਲੀ ਵਾਲਾ ਝਟਕਾ ਦੇਣ ਵਾਲਾ ਹਥਿਆਰ ਇਲੈਕਟ੍ਰਿਕ ਸਟਨ ਵਰਤੀ ਗਈ। ਲੇਬਰ ਐੱਮਪੀ ਪ੍ਰੀਤ ਕੌਰ ਗਿੱਲ ਨੇ ਐਕਸ ਤੇ ਲਿਖਿਆ ਕਿ ਪੀੜਤਾ ਸਿੱਖ ਸੀ, ਪਰ ਪੁਲਿਸ ਨੇ ਪਛਾਣ ਦੀ ਪੁਸ਼ਟੀ ਨਾ ਕੀਤੀ। ਵਾਲਸਾਲ ਵਿੱਚ ਗੋਰੇ ਨਸਲਵਾਦੀ ਜੌਨ ਐਸ਼ਬੀ (32) ਨੂੰ ਜਿਨਸੀ ਹਮਲੇ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਓਲਡਬਰੀ ਵਿੱਚ ਵੀ ਇਹੋ ਜਿਹਾ ਕੇਸ ਸੀ। ਇਹ ਹਮਲੇ ਨਾ ਸਿਰਫ਼ ਜਿਨਸੀ ਹਿੰਸਾ ਨਾਲ ਸਬੰਧਿਤ ਹਨ, ਸਗੋਂ ਨਸਲਵਾਦ ਨਾਲ ਜੁੜੇ ਹਨ - ਹਮਲਾਵਰਾਂ ਨੇ 'ਆਪਣੇ ਦੇਸ਼ ਵਾਪਸ ਜਾ' ਵਰਗੇ ਸ਼ਬਦ ਬੋਲੇ, ਨਸਲੀ ਗਾਲਾਂ ਕਢੀਆਂ।

ਸੁਆਲ ਇਹ ਹੈ ਕਿ ਯੂਕੇ ਦੀ ਪੁਲਿਸ ਨਸਲਵਾਦੀ ਗੁੰਡਿਆਂ ਨੂੰ ਕੰਟਰੋਲ ਕਰਨ ਵਿੱਚ ਅਸਮਰਥ ਕਿਉਂ? ਵੈਸਟ ਮਿਡਲੈਂਡਜ਼ ਪੁਲਿਸ ਨੇ ਗ੍ਰਿਫ਼ਤਾਰੀਆਂ ਕੀਤੀਆਂ ਹਨ ਅਤੇ ਗਸ਼ਤ ਵੀ ਵਧਾਈ , ਪਰ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਹੈ। ਚੀਫ ਸੁਪਰਿੰਟੈਂਡੈਂਟ ਫਿਲ ਡੌਲਬੀ ਨੇ ਗੁਰਦੁਆਰਾ ਕਮੇਟੀ ਨੂੰ ਭਰੋਸਾ ਦਿੱਤਾ ਕਿ ਉਹ ਰਾਜਨੀਤਿਕ ਲੋਕਾਂ, ਔਰਤਾਂ ਗਰੁੱਪਾਂ ਅਤੇ ਲੀਡਰਾਂ ਨਾਲ ਮੀਟਿੰਗਾਂ ਕਰ ਰਹੇ ਹਨ। ਪਰ ਸਿੱਖ ਭਾਈਚਾਰੇ ਨੂੰ ਲੱਗ ਰਿਹਾ ਹੈ ਕਿ ਨਫ਼ਰਤ ਅਪਰਾਧ ਵਧ ਰਹੇ ਹਨ ਅਤੇ ਪੁਲਿਸ ਦੀ ਪਹੁੰਚ ਕਮਜ਼ੋਰ ਹੈ। ਲੇਬਰ ਕਾਉਂਸਲਰ ਸਿਮਰਨ ਚੀਮਾ ਨੇ ਕਿਹਾ ਕਿ ਲੋਕ ਧਾਰਮਿਕ ਚਿੰਨ੍ਹ ਪਹਿਨਣ ਤੋਂ ਡਰਦੇ ਹਨ ਅਤੇ ਬਾਹਰ ਜਾਣ ਤੋਂ ਘਬਰਾਉਂਦੇ ਹਨ। ਉਹਨਾਂ ਨੇ ਵਾਲਸਾਲ ਕਾਉਂਸਲ ਵੱਲੋਂ ਗੁਰਦੁਆਰਿਆਂ ਵਿਖੇ ਵਾਧੂ ਸੀਸੀਟੀਵੀ ਲਗਾਉਣ ਦੀ ਗੱਲ ਕੀਤੀ। ਪੁਲਿਸ ਨੇ ਕਿਹਾ ਕਿ ਉਹ ਨਫ਼ਰਤ ਅਪਰਾਧਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਵੈਸਟਰਮਿਨਸਟਰ ਵਿੱਚ ਐਂਟੀ-ਸਿੱਖ ਨਫ਼ਰਤ ਅਪਰਾਧਾਂ ਬਾਰੇ ਮੀਟਿੰਗ ਹੋਈ, ਜਿੱਥੇ ਲੇਬਰ ਪੀਅਰ ਲੌਰਡ ਸਹੋਤਾ ਨੇ 'ਟੌਕਸਿਕ ਪਾਲੀਟੀਕਲ ਐਨਵਾਇਰਨਮੈਂਟ' ਨੂੰ ਜ਼ਿੰਮੇਵਾਰ ਠਹਿਰਾਇਆ। ਪੁਲਿਸ ਦੀ ਅਸਮਰੱਥਾ ਨੂੰ ਵਧਦੇ ਨਸਲਵਾਦ ਨਾਲ ਜੋੜਿਆ ਜਾ ਰਿਹਾ ਹੈ।

ਯੂਕੇ ਦੀਆਂ ਅੰਗਰੇਜ਼ੀ ਅਖਬਾਰਾਂ ਵਿੱਚ ਇਸ ਮਾਮਲੇ ਨੂੰ ਵਿਆਪਕ ਕਵਰੇਜ ਮਿਲੀ ਹੈ। ਗਾਰਡੀਅਨ ਨੇ ਵਿਸਥਾਰ ਨਾਲ ਲਿਖਿਆ ਕਿ ਕਿਵੇਂ ਇਹ ਨਸਲਵਾਦੀ ਹਮਲੇ ਸਿੱਖ ਔਰਤਾਂ ਦੀ ਜ਼ਿੰਦਗੀ ਬਦਲ ਰਹੇ ਹਨ ਅਤੇ ਡਰ ਅਸਲੀ ਹੈ। ਬੀਬੀਸੀ ਨੇ ਨਸਲਵਾਦੀ ਗੁੰਡਿਆਂ ਦੀਆਂ ਗ੍ਰਿਫ਼ਤਾਰੀਆਂ, ਨੂੰ ਹਾਈਲਾਈਟ ਕੀਤਾ ਹੈ।

# 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ 41 ਸਾਲ ਬਾਅਦ ਵੀ ਨਿਆਂ ਨਹੀਂ ਮਿਲਿਆ

## ✪ ਪੀਯੂਡੀਆਰ ਦੀ ਰਿਪੋਰਟ ਦਿੱਲੀ 1984: ਡੀਲੇਅ ਇਨ ਜਸਟਿਸ ਵਿਚ ਸਮੁੱਚੇ ਵੇਰਵੇ ਦਿੱਤੇ




ਮਨੁੱਖੀ ਅਧਿਕਾਰ ਸੰਗਠਨ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਨੇ ਨਵੰਬਰ 1984 ਦੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ਼ ਨਾ ਮਿਲਣ ਕਾਰਣ ਸਖ਼ਤ ਚਿੰਤਾ ਪ੍ਰਗਟਾਈ ਹੈ। ਸੰਗਠਨ ਦੀ ਨਵੀਂ ਰਿਪੋਰਟ 'ਦਿੱਲੀ 1984: ਡੀਲੇਅ ਇਨ ਜਸਟਿਸ' ਮੁਤਾਬਕ, ਕਰੀਬ 650 ਐਫ.ਆਈ.ਆਰਾਂ ਵਿਚੋਂ ਸਿਰਫ਼ 13 ਮਾਮਲੇ ਹੀ ਅਦਾਲਤਾਂ ਵਿਚ ਲੜੇ ਜਾ ਰਹੇ ਨੇ ਅਤੇ 41 ਸਾਲ ਬਾਅਦ ਵੀ ਦੋਸ਼ੀਆਂ ਨੂੰ ਸਜ਼ਾਵਾਂ ਬਹੁਤ ਘੱਟ ਮਿਲੀਆਂ ਨੇ।

ਰਿਪੋਰਟ ਮੁਤਾਬਕ 1984 ਵਿਚ ਦਿੱਲੀ ਵਿਚ 2,756 ਸਿੱਖ ਮਾਰੇ ਗਏ ਸਨ। ਨਾਨਾਵਤੀ ਕਮਿਸ਼ਨ ਦੇ ਹੁਕਮਾਂ 'ਤੇ ਦਿੱਲੀ ਪੁਲਿਸ ਨੇ 650 ਐਫ.ਆਈ.ਆਰਾਂ ਦਰਜ ਕੀਤੀਆਂ ਸਨ, ਪਰ ਅੱਜ ਤੱਕ ਜ਼ਿਆਦਾਤਰ ਮਾਮਲੇ ਠੰਡੇ ਬਸਤੇ ਵਿਚ ਪਏ ਨੇ। ਸਭ ਤੋਂ ਆਖ਼ਰੀ ਵੱਡੀ ਸਜ਼ਾ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ 2018 ਵਿਚ ਮਿਲੀ ਸੀ, ਜਦੋਂ ਉਸ ਨੂੰ ਸਰਸਵਤੀ ਵਿਹਾਰ ਵਿਚ ਇਕ ਸਿੱਖ ਪਿਤਾ-ਪੁੱਤ ਨੂੰ ਮਾਰਨ ਦੇ ਦੋਸ਼ ਵਿਚ ਉਮਰ ਕੈਦ ਸੁਣਾਈ ਗਈ। ਜਸਟਿਸ ਐੱਸ. ਮੁਰਲੀਧਰ ਦੀ ਬੈਂਚ ਨੇ ਇਸ ਨੂੰ "ਮਨੁੱਖਤਾ ਵਿਰੋਧੀ ਜੁਰਮ" ਕਿਹਾ ਸੀ।

ਮਨੁੱਖੀ ਅਧਿਕਾਰ ਸੰਗਠਨ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਮੁਤਾਬਕ ਸ਼ੁਰੂ ਵਿਚ 442 ਲੋਕਾਂ ਨੂੰ ਸਜ਼ਾ ਹੋਈ ਸੀ, ਪਰ ਇਸ ਵਿਚੋਂ 89 ਇਕੋ ਮਾਮਲੇ ਦੇ ਸਨ ਅਤੇ ਬਾਅਦ ਵਿਚ 15 ਨੂੰ ਬਰੀ ਕਰ ਦਿੱਤਾ ਗਿਆ। ਜ਼ਿਆਦਾਤਰ ਸਜ਼ਾਵਾਂ ਕਤਲ ਦੀਆਂ ਨਹੀਂ, ਸਗੋਂ ਗੈਰ-ਕਾਨੂੰਨੀ ਇਕੱਠ ਤੇ ਸਾੜ ਫੂਕ ਦੀਆਂ ਸਨ।

ਇਸ ਰਿਪੋਰਟ ਵਿਚ ਕਈ ਗਵਾਹੀਆਂ ਦਾ ਹਵਾਲਾ ਦਿੱਤਾ ਗਿਆ ਹੈ ਜਿਨ੍ਹਾਂ ਮੁਤਾਬਕ ਪੁਲਿਸ ਨੇ ਦੋਸ਼ੀਆਂ ਦੀ ਮਦਦ ਕੀਤੀ ਅਤੇ ਉੱਚ ਪੱਧਰੀ ਆਗੂਆਂ ਤੋਂ ਹਿੰਸਕ ਗੁੰਡਿਆਂ ਨੂੰ ਹੁਕਮ ਆ ਰਹੇ ਸਨ। ਸਿੱਖ ਔਰਤਾਂ ਨਾਲ ਹੋਈ ਜਿਨਸੀ ਹਿੰਸਾ ਦੀਆਂ ਗਵਾਹੀਆਂ ਵੀ ਸਾਹਮਣੇ ਆਈਆਂ ਨੇ ਪਰ ਜ਼ਿਆਦਾਤਰ ਮਾਮਲੇ ਦਬਾ ਦਿਤੇ ਗਏ ਹਨ।

ਤਿਲਕ ਵਿਹਾਰ (ਜਿਸ ਨੂੰ 'ਵਿਧਵਾ ਕਾਲੋਨੀ' ਵੀ ਕਿਹਾ ਜਾਂਦਾ ਹੈ) ਦੇ ਗੁਰਦੁਆਰੇ 'ਤੇ ਪਹਿਲਾਂ ਲਿਖਿਆ ਹੁੰਦਾ ਸੀ "ਇਨਸਾਫ਼ ਦੀ ਦੇਰੀ ਇਨਸਾਫ਼ ਤੋਂ ਇਨਕਾਰ ਹੈ" - ਹੁਣ ਸਿਰਫ਼ "ਇਨਸਾਫ਼ ਇਨਕਾਰ" ਲਿਖਿਆ ਰਹਿ ਗਿਆ ਹੈ। ਇੱਥੇ ਬਣੇ ਮਿਊਜ਼ੀਅਮ ਵਿਚ 1984 ਦੇ ਸ਼ਹੀਦਾਂ ਦੀ ਯਾਦ ਨੂੰ ਜਿਉਂਦਾ ਰੱਖਿਆ ਜਾਂਦਾ ਹੈ।

ਸ਼ੰਮੀ ਕੌਰ ਤੇ ਪੱਪੀ ਕੌਰ ਵਰਗੀਆਂ ਔਰਤਾਂ, ਜਿਨ੍ਹਾਂ ਨੇ ਆਪਣੀਆਂ ਅੱਖੀਂ 10-10 ਪਰਿਵਾਰਕ ਮੈਂਬਰ ਕਤਲ ਹੁੰਦੇ ਤੇ ਔਰਤਾਂ ਨਾਲ ਬਲਾਤਕਾਰ ਹੁੰਦੇ ਵੇਖੇ ਹਨ, ਅੱਜ ਵੀ ਦੂਜਿਆਂ ਦੇ ਮਾਮਲਿਆਂ ਵਿਚ ਅਦਾਲਤਾਂ ਦੇ ਚੱਕਰ ਲਗਾ ਰਹੀਆਂ ਨੇ। ਉਨ੍ਹਾਂ ਦਾ ਕਹਿਣਾ ਹੈ: "ਜੇ ਇਕ ਵੀ ਦੋਸ਼ੀ ਨੂੰ ਸਜ਼ਾ ਮਿਲ ਜਾਵੇ, ਸਾਡੇ ਲਈ ਕਾਫ਼ੀ ਹੈ।"

ਪੀਯੂਡੀਆਰ ਨੇ ਕਿਹਾ ਕਿ ਭਾਰਤੀ ਨਿਆਂ ਪ੍ਰਣਾਲੀ ਵਿਆਪਕ ਜਨਤਕ ਕਤਲੇਆਮ ਦੇ ਮਾਮਲੇ ਨਿਪਟਾਉਣ ਲਈ ਤਿਆਰ ਨਹੀਂ ਹੈ। ਅੱਜ ਵੀ ਹਜ਼ਾਰਾਂ ਪੀੜਤ ਪਰਿਵਾਰ ਇਨਸਾਫ਼ ਦੀ ਉਡੀਕ ਵਿਚ ਨੇ।

# ਮੈਕਸੀਕੋ ਵਿੱਚ ਜੇਨ ਜੀ ਦਾ ਜ਼ਬਰਦਸਤ ਪ੍ਰਦਰਸ਼ਨ

## ✪ ਮੇਅਰ ਕਾਰਲੋਸ ਮੈਨਜ਼ੋ ਦੇ ਕਤਲ ਤੋਂ ਬਾਅਦ ਹਜ਼ਾਰਾਂ ਲੋਕ ਸਰਕਾਰ ਵਿਰੁਧ ਸੜਕਾਂ 'ਤੇ ਉਤਾਰੇ ✪ ਅਪਰਾਧ ਅਤੇ ਸਰਕਾਰੀ ਜ਼ੁਲਮ ਵਧਣ ਦੇ ਕਾਰਨਾਂ ਨੂੰ ਲੈ ਕੇ ਗੁੱਸਾ ਵਧਿਆ

ਮੈਕਸੀਕੋ ਦੀ ਰਾਜਧਾਨੀ ਮੈਕਸੀਕੋ ਸਿਟੀ ਦੀਆਂ ਗਲੀਆਂ ਵਿੱਚ ਹਜ਼ਾਰਾਂ ਨੌਜਵਾਨਾਂ ਨੇ ਸਰਕਾਰ ਵਿਰੁੱਧ ਭਾਰੀ ਪ੍ਰਦਰਸ਼ਨ ਕੀਤੇ ਹਨ। ਇਹ ਪ੍ਰਦਰਸ਼ਨ ਜੇਨ ਜੀ (ਜਨਰੇਸ਼ਨ ਜ਼ੀ) ਨਾਮਕ ਨੌਜਵਾਨ ਵਰਗ ਵੱਲੋਂ ਲੀਡ ਕੀਤੇ ਜਾ ਰਹੇ ਹਨ, ਜੋ ਅਪਰਾਧ, ਭ੍ਰਿਸ਼ਟਾਚਾਰ ਅਤੇ ਸਰਕਾਰੀ ਨੀਤੀਆਂ ਦੀ ਨਾਕਾਮੀ ਨੂੰ ਲੈ ਕੇ ਗੁੱਸੇ ਵਿੱਚ ਹਨ। ਇਸ ਸਮੂਹਿਕ ਗੁੱਸੇ ਦਾ ਕੇਂਦਰ ਬਿੰਦੂ ਬਣਿਆ ਹੈ ਉਰੂਆਪਨ ਸ਼ਹਿਰ ਦੇ ਮੇਅਰ ਕਾਰਲੋਸ ਅਲਬੈਰਟੋ ਮੈਨਜ਼ੋ ਰੌਡਰੀਗੁਜ਼ ਦਾ ਕਤਲ, ਜਿਸ ਨੂੰ ਡਰੱਗ ਮਾਫੀਆ ਨੇ ਅੰਤਰਰਾਸ਼ਟਰੀ ਮਰਦਾਂ ਦੇ ਦਿਵਸ (ਡੇ ਆਫ਼ ਦਿ ਡੈੱਡ) ਦੌਰਾਨ ਕੀਤਾ ਸੀ। ਇਸ ਘਟਨਾ ਨੇ ਪੂਰੇ ਦੇਸ਼ ਵਿੱਚ ਇੱਕ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ ਅਤੇ ਨੌਜਵਾਨਾਂ ਨੂੰ ਸੜਕਾਂ 'ਤੇ ਉਤਰਨ ਲਈ ਮਜਬੂਰ ਕਰ ਦਿੱਤਾ।




ਮੇਅਰ ਮੈਨਜ਼ੋ, ਜੋ 40 ਸਾਲ ਦੇ ਸਨ, ਡਰੱਗ ਮਾਫੀਆ ਵਿਰੁੱਧ ਖੁੱਲ੍ਹ ਕੇ ਬੋਲਣ ਵਾਲੇ ਅਤੇ ਕਾਰਵਾਈ ਕਰਨ ਵਾਲੇ ਇੱਕ ਸਾਹਸੀ ਆਗੂ ਸਨ। ਉਹ ਉਰੂਆਪਨ ਵਿੱਚ ਮੇਅਰ ਬਣਨ ਤੋਂ ਬਾਅਦ ਡਰੱਗ ਮਾਫੀਆ ਦੇ ਵਿਰੋਧ ਇੱਕ ਮੁਹਿੰਮ ਚਲਾ ਰਹੇ ਸਨ। ਨਵੰਬਰ 1, 2025 ਨੂੰ, ਜਦੋਂ ਪੂਰਾ ਮੈਕਸੀਕੋ ਡੇ ਆਫ਼ ਦਿ ਡੈੱਡ ਮਨਾ ਰਿਹਾ ਸੀ, ਮੈਨਜ਼ੋ ਨੂੰ ਇੱਕ ਫੈਸਟੀਵਲ ਦੌਰਾਨ ਗੋਲੀਆਂ ਮਾਰ ਦਿੱਤੀਆਂ ਗਈਆਂ। ਉਹ ਆਪਣੇ ਬੱਚੇ ਨੂੰ ਚੁੱਕ ਕੇ ਖੜ੍ਹੇ ਸਨ ਜਦੋਂ ਹਮਲਾਵਰਾਂ ਨੇ ਫਾਇਰਿੰਗ ਕੀਤੀ। ਹਸਪਤਾਲ ਵਿੱਚ ਉਹਨਾਂ ਦੀ ਮੌਤ ਹੋ ਗਈ। ਇਹ ਕਤਲ ਨਾ ਸਿਰਫ਼ ਇੱਕ ਵਿਅਕਤੀਗਤ ਹਮਲਾ ਸੀ, ਸਗੋਂ ਸਰਕਾਰੀ ਨੀਤੀਆਂ ਦੀ ਨਾਕਾਮੀ ਦਾ ਪ੍ਰਤੀਕ ਬਣ ਗਿਆ।

ਇਸ ਕਤਲ ਤੋਂ ਬਾਅਦ, ਜੇਨ ਜੀ ਨੇ ਸੋਸ਼ਲ ਮੀਡੀਆ 'ਤੇ ਮੁਹਿੰਮ ਸ਼ੁਰੂ ਕੀਤੀ ਅਤੇ ਮੈਕਸੀਕੋ ਸਿਟੀ ਵਿੱਚ ਇੱਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ। ਇਹ ਨੌਜਵਾਨ, ਜਿਨ੍ਹਾਂ ਦੀ ਉਮਰ 18 ਤੋਂ 25 ਸਾਲ ਵਿਚਕਾਰ ਹੈ, ਪਹਿਲਾਂ ਵੀ ਸੋਸ਼ਲ ਮੀਡੀਆ ਰਾਹੀਂ ਆਵਾਜ਼ ਉਠਾਉਂਦੇ ਰਹੇ ਹਨ ਪਰ ਅਜੇ ਤੱਕ ਸੜਕਾਂ 'ਤੇ ਇੰਨੇ ਵਿਸ਼ਾਲ ਪੈਮਾਨੇ 'ਤੇ ਨਹੀਂ ਉੱਤਰੇ ਸਨ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਅਪਰਾਧ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ। ਮੈਕਸੀਕੋ ਵਿੱਚ ਹਰ ਸਾਲ ਹਜ਼ਾਰਾਂ ਹੱਤਿਆਵਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਡਰੱਗ ਮਾਫੀਆ ਨਾਲ ਜੁੜੀਆਂ ਹੁੰਦੀਆਂ ਹਨ। ਇਹ ਮਾਫੀਆ ਨਾ ਸਿਰਫ਼ ਨਸ਼ੇ ਤਸਕਰੀ ਕਰਦੇ ਹਨ, ਸਗੋਂ ਲੁੱਟ ਅਤੇ ਭ੍ਰਿਸ਼ਟਾਚਾਰ ਵੀ ਫੈਲਾਉਂਦੇ ਹਨ। ਜੇਨ ਜੀ ਨੌਜਵਾਨਾਂ ਨੇ ਰੈਲੀ ਵਿੱਚ ਨਾਅਰੇ ਲਗਾਏ, "ਭ੍ਰਿਸ਼ਟਾਚਾਰ ਨੂੰ ਖ਼ਤਮ ਕਰੋ, ਨਿਆਂ ਦਿਓ!" ਅਤੇ "ਮੋਰੇਨਾ ਬਾਹਰ!" (ਸ਼ੀਨਬਾਮ ਦੀ ਪਾਰਟੀ ਦਾ ਨਾਮ)।

ਪ੍ਰਦਰਸ਼ਨਾਂ ਦੌਰਾਨ, ਹਜ਼ਾਰਾਂ ਲੋਕ ਜ਼ੋਕਾਲੋ ਵਿੱਚ ਇਕੱਠੇ ਹੋਏ, ਜਿੱਥੇ ਉਹਨਾਂ ਨੇ ਸਫੇਦ ਝੰਡੀਆਂ ਲਹਿਰਾਈਆਂ ਅਤੇ ਕਾਊਬਵਾਇ ਹੈਟ ਪਹਿਨੇ। ਇਹ ਸਭ ਮੈਨਜ਼ੋ ਨੂੰ ਸ਼ਰਧਾਂਜਲੀ ਸੀ। ਪ੍ਰਦਰਸ਼ਕਾਰੀਆਂ ਵਿੱਚ ਜ਼ਿਆਦਾਤਰ ਨੌਜਵਾਨ ਸਨ, ਪਰ ਕੁਝ ਵਡੀ ਉਮਰ ਵਾਲੇ ਵੀ ਸ਼ਾਮਲ ਹੋਏ, ਜੋ ਵਿਰੋਧੀ ਦਲਾਂ ਦੇ ਸਮਰਥਕ ਸਨ। ਉਹਨਾਂ ਨੇ ਸਰਕਾਰ 'ਤੇ ਅਪਰਾਧੀਆਂ ਨੂੰ ਸਜ਼ਾ ਨਾ ਦੇਣ ਦੇ ਇਲਜ਼ਾਮ ਲਗਾਏ।

ਸਰਕਾਰ ਵੱਲੋਂ ਇਸ ਨੂੰ ਜਵਾਬ ਵਿੱਚ ਰਾਸ਼ਟਰਪਤੀ ਸ਼ੀਨਬਾਮ ਨੇ ਇਹਨਾਂ ਪ੍ਰਦਰਸ਼ਨਾਂ ਨੂੰ ਰਾਜਨੀਤਕ ਸਾਜ਼ਿਸ਼ ਕਰਾਰ ਦਿੱਤਾ। ਉਹਨਾਂ ਨੇ ਕਿਹਾ ਕਿ ਇਹ ਦੱਖਣੀ-ਉਪਗੀ ਪਾਰਟੀਆਂ ਵੱਲੋਂ ਉਹਨਾਂ ਦੀ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਹੈ। ਸ਼ੀਨਬਾਮ, ਜੋ 2024 ਵਿੱਚ ਚੁਣੀ ਗਈ ਅਤੇ ਮੈਕਸੀਕੋ ਦੀ ਪਹਿਲੀ ਔਰਤ ਰਾਸ਼ਟਰਪਤੀ ਹਨ, ਨੇ ਦਾਅਵਾ ਕੀਤਾ ਕਿ ਆਨਲਾਈਨ ਮੁਹਿੰਮ ਫ਼ਰਜ਼ੀ ਅਕਾਊਂਟਾਂ ਰਾਹੀਂ

ਚਲਾਈ ਜਾ ਰਹੀ ਹੈ। ਉਹਨਾਂ ਨੇ ਆਪਣੀ ਸੋਸ਼ਲਿਸਟ ਪਾਰਟੀ ਮੋਰੇਨਾ ਦੀ ਨੀਤੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਜੋ ਅਪਰਾਧ ਨਾਲ ਨਿਪਟਣ ਲਈ ਸਮਾਜਿਕ ਪ੍ਰੋਗਰਾਮਾਂ 'ਤੇ ਜ਼ੋਰ ਦਿੰਦੀ ਹੈ ਨਾ ਕਿ ਸੈਨਿਕ ਕਾਰਵਾਈ 'ਤੇ। ਪਰ ਪ੍ਰਦਰਸ਼ਕਾਰੀ ਇਸ ਨਾਲ ਸਹਿਮਤ ਨਹੀਂ। ਉਹ ਕਹਿੰਦੇ ਹਨ ਕਿ ਅਜਿਹੀਆਂ ਨੀਤੀਆਂ ਨੇ ਡਰੱਗ ਮਾਫੀਆ ਨੂੰ ਮਜ਼ਬੂਤ ਕੀਤਾ ਹੈ ਅਤੇ ਆਮ ਲੋਕਾਂ ਨੂੰ ਡਰ ਵਿੱਚ ਜੀਉਣ ਲਈ ਮਜਬੂਰ ਕੀਤਾ ਹੈ।

ਪ੍ਰਦਰਸ਼ਨਾਂ ਦੌਰਾਨ ਹਿੰਸਾ ਵੀ ਵਧ ਚੁਕੀ ਹੈ। ਨੈਸ਼ਨਲ ਪੈਲੇਸ, ਜੋ ਰਾਸ਼ਟਰਪਤੀ ਦਾ ਅਧਿਕਾਰਿਕ ਨਿਵਾਸ ਹੈ, ਦੇ ਬਾਹਰ ਪ੍ਰਦਰਸ਼ਕਾਰੀਆਂ ਨੇ ਸੁਰੱਖਿਆ ਬੈਰੀਅਰਾਂ ਨੂੰ ਨੁਕਸਾਨ ਪਹੁੰਚਾਇਆ ਸੀ। ਪੁਲਿਸ ਨੇ ਅੱਥਰੂ ਗੈਸ ਅਤੇ ਲਾਠੀਆਂ ਨਾਲ ਭੀੜ ਨੂੰ ਤਿੱਤਰ ਬਿਤਰ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ 120 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਸਨ ਅਤੇ ਕਈ ਗ੍ਰਿਫ਼ਤਾਰ ਕੀਤੇ ਗਏ ਸਨ।

ਮੈਕਸੀਕੋ ਵਿੱਚ ਅਪਰਾਧ ਵਧਣ ਦੇ ਕਾਰਨ ਬਹੁਤ ਡੂੰਘੇ ਹਨ। ਦੇਸ਼ ਵਿੱਚ ਡਰੱਗ ਮਾਫੀਆ ਕਾਰਣ ਹੱਤਿਆਵਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਸਰਕਾਰੀ ਭ੍ਰਿਸ਼ਟਾਚਾਰ ਨੇ ਇਸ ਨੂੰ ਹੋਰ ਵਧਾ ਦਿੱਤਾ ਹੈ, ਜਿੱਥੇ ਪੁਲਿਸ ਅਤੇ ਅਧਿਕਾਰੀ ਮਾਫੀਆ ਨਾਲ ਮਿਲੇ ਹੋਏ ਹਨ। ਇਹ ਪ੍ਰਦਰਸ਼ਨ ਵਿਦੇਸ਼ੀ ਮੀਡੀਆ ਵਿੱਚ ਵੀ ਚਰਚਾ ਦਾ ਵਿਸ਼ਾ ਬਣੇ ਹਨ, ਜਿੱਥੇ ਇਸ ਨੂੰ ਲਾਤੀਨ ਅਮਰੀਕਾ ਵਿੱਚ ਨੌਜਵਾਨ ਵਿਦਰੋਹ ਵਜੋਂ ਵੇਖਿਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਵੀ ਮੈਕਸੀਕੋ ਵਿੱਚ ਅਜਿਹੇ ਪ੍ਰਦਰਸ਼ਨ ਹੋਏ ਹਨ, ਪਰ ਜੇਨ ਜੀ ਦੀ ਭੂਮਿਕਾ ਨਵੀਂ ਹੈ। ਇਹ ਨੌਜਵਾਨ ਟਿਕਟਾਕ ਅਤੇ ਇੰਸਟਾਗ੍ਰਾਮ ਵਰਗੀਆਂ ਪਲੇਟਫਾਰਮਾਂ 'ਤੇ ਐਕਟਿਵ ਹਨ ਅਤੇ ਗਲੋਬਲ ਮੁਦਿਆਂ ਜਿਵੇਂ ਵਾਤਾਵਰਨ ਤਬਦੀਲੀ ਅਤੇ ਸੋਸ਼ਲ ਜਸਟਿਸ ਨਾਲ ਜੁੜੇ ਹਨ। ਪਰ ਅਪਰਾਧ ਦੇ ਮੁੱਦੇ ਨੇ ਉਹਨਾਂ ਨੂੰ ਲੋਕਲ ਰਾਜਨੀਤੀ ਵੱਲ ਖਿੱਚਿਆ ਹੈ। ਵਿਸ਼ਲੇਸ਼ਕਾਂ ਅਨੁਸਾਰ, ਇਹ ਪ੍ਰਦਰਸ਼ਨ ਸ਼ੀਨਬਾਮ ਦੀ ਸਰਕਾਰ ਲਈ ਚੁਣੌਤੀ ਬਣ ਸਕਦੇ ਹਨ, ਕਿਉਂਕਿ ਉਹਨਾਂ ਨੂੰ ਅਜੇ ਇੱਕ ਸਾਲ ਵੀ ਨਹੀਂ ਹੋਇਆ। ਜੇਕਰ ਅਪਰਾਧ ਨੂੰ ਨਹੀਂ ਰੋਕਿਆ ਗਿਆ ਤਾਂ ਇਹ ਅੰਦੋਲਨ ਵਧੇਰੇ ਵਿਸ਼ਾਲ ਹੋ ਸਕਦਾ ਹੈ।

ਸਰਕਾਰੀ ਜ਼ੁਲਮ ਵਧਣ ਦੇ ਇਲਜ਼ਾਮ ਵੀ ਗੰਭੀਰ ਹਨ। ਪ੍ਰਦਰਸ਼ਕਾਰੀ ਕਹਿੰਦੇ ਹਨ ਕਿ ਪੁਲਿਸ ਅਤੇ ਸੁਰੱਖਿਆ ਬਲ ਅਕਸਰ ਅਪਰਾਧੀਆਂ ਨਾਲ ਮਿਲੇ ਹੁੰਦੇ ਹਨ ਅਤੇ ਵਿਰੋਧੀਆਂ 'ਤੇ ਜ਼ੁਲਮ ਕਰਦੇ ਹਨ। ਮੈਨਜ਼ੋ ਦੇ ਕਤਲ ਵਿੱਚ ਵੀ ਸੁਰੱਖਿਆ ਦੀ ਕਮੀ ਨੂੰ ਲੈ ਕੇ ਸਵਾਲ ਉੱਠੇ ਹਨ। ਸ਼ੀਨਬਾਮ ਨੇ ਸੁਰੱਖਿਆ ਵਿੱਚ ਬਦਲਾਅ ਦੀ ਗੱਲ ਕੀਤੀ ਹੈ ਪਰ ਨੌਜਵਾਨਾਂ ਨੂੰ ਇਹ ਕਾਫ਼ੀ ਨਹੀਂ ਲੱਗ ਰਿਹਾ। ਇਸ ਅੰਦੋਲਨ ਨੇ ਵਿਦੇਸ਼ੀ ਨੇਤਾਵਾਂ ਨੂੰ ਵੀ ਚਿੰਤਿਤ ਕੀਤਾ ਹੈ, ਜੋ ਮੈਕਸੀਕੋ ਦੀ ਅੰਦਰੂਨੀ ਸਥਿਰਤਾ ਨੂੰ ਅਮਰੀਕਾ ਨਾਲ ਸੰਬੰਧਾਂ ਲਈ ਜ਼ਰੂਰੀ ਮੰਨਦੇ ਹਨ।

ਅੰਤ ਵਿੱਚ, ਇਹ ਪ੍ਰਦਰਸ਼ਨ ਮੈਕਸੀਕੋ ਦੇ ਭਵਿੱਖ ਨੂੰ ਦਰਸਾਉਂਦੇ ਹਨ। ਜੇਨ ਜੀ ਨੇ ਸਾਬਤ ਕੀਤਾ ਹੈ ਕਿ ਨੌਜਵਾਨ ਬਦਲਾਅ ਲਿਆਉਣ ਵਾਲੇ ਹਨ। ਜੇਕਰ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਨੂੰ ਨਹੀਂ ਸੁਣਿਆ ਤਾਂ ਇਹ ਗੁੱਸਾ ਵਧੇਰੇ ਫੈਲ ਸਕਦਾ ਹੈ।

## ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਐਲਾਨਣ ਦੀ ਮੰਗ ਦਾ ਜਵਾਬ ਦੇਵੇ ਪੰਜਾਬ ਸਰਕਾਰ

### ✪ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਘੋਸ਼ਿਤ ਕਰਨ ਅਤੇ ਸ਼ਹਿਰ ਦੀ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਕਦਮ ਚੁੱਕਣ ਦੀ ਮੰਗ ਕਰਨ ਵਾਲੀ ਇਕ ਜਨਹਿਤ ਪਟੀਸ਼ਨ 'ਤੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਹੈ। ਕੇ.ਐਸ ਰਾਜੂ ਲੀਗਲ ਟਰੱਸਟ ਵਲੋਂ ਦਾਇਰ ਪਟੀਸ਼ਨ ਵਿਚ ਪੰਜਾਬ ਸਰਕਾਰ ਨੂੰ ਸ਼ਹਿਰ ਦੀਆਂ ਹੱਦਾਂ ਅੰਦਰ ਸਿਗਰਟ/ਤੰਬਾਕੂ ਉਤਪਾਦਾਂ, ਸ਼ਰਾਬ ਅਤੇ ਮਾਸ ਦੀ ਵਿੱਕਰੀ/ਸੇਵਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਅੰਮ੍ਰਿਤਸਰ, ਜਿਸ ਦੀ ਸਥਾਪਨਾ 1577 ਵਿਚ ਗੁਰੂ ਰਾਮਦਾਸ ਜੀ ਵਲੋਂ ਕੀਤੀ ਗਈ ਸੀ, ਭਾਰਤ ਦੇ ਸਭ ਤੋਂ ਪਵਿੱਤਰ ਅਤੇ ਇਤਿਹਾਸਕ ਸ਼ਹਿਰਾਂ ਵਿਚੋਂ ਇੱਕ ਹੈ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ, ਦੁਰਗਿਆਣਾ ਮੰਦਰ, ਰਾਮ ਤੀਰਥ ਮੰਦਰ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਜਨਮ ਸਥਾਨ ਗੁਰੂ ਮਹਿਲ ਗੁਰਦੁਆਰੇ ਵਰਗੇ ਪਵਿੱਤਰ ਅਸਥਾਨਾਂ ਦਾ ਘਰ ਹੈ। ਇਸ ਸ਼ਹਿਰ ਵਿਚ ਹਰ ਰੋਜ਼ ਭਾਰਤ ਅਤੇ ਵਿਦੇਸ਼ਾਂ ਤੋਂ ਲੱਖਾਂ ਸ਼ਰਧਾਲੂ ਅਤੇ ਸੈਲਾਨੀ ਆਉਂਦੇ ਹਨ। ਇਨ੍ਹਾਂ ਵਿਚੋਂ ਲਗਭਗ 90 ਫ਼ੀਸਦੀ ਧਾਰਮਿਕ ਜਾਂ ਅਧਿਆਤਮਿਕ ਕਾਰਨਾਂ ਕਰਕੇ ਆਉਂਦੇ ਹਨ। ਆਪਣੀ ਪਵਿੱਤਰ ਸਥਿਤੀ ਦੇ ਬਾਵਜੂਦ, ਸ਼ਹਿਰ ਦਾ ਭੌਤਿਕ ਅਤੇ ਨੈਤਿਕ ਵਾਤਾਵਰਨ ਕਾਫ਼ੀ ਵਿਗੜ ਗਿਆ ਹੈ।

# ਦਿੱਲੀ ਧਮਾਕੇ 'ਚ ਵਰਤੀ ਕਾਰ ਦਾ ਪ੍ਰਬੰਧ ਕਰਨ ਵਾਲਾ ਦੋਸ਼ੀ ਐਨ.ਆਈ.ਏ. ਨੇ ਕੀਤਾ ਗ੍ਰਿਫ਼ਤਾਰ

## ✪ ਡਾ. ਉਮਰ ਨਬੀ ਨਾਲ ਮਿਲ ਕੇ ਰਚੀ ਸੀ ਹਿੰਸਕ ਸਾਜਿਸ਼





ਨਵੀਂ ਦਿੱਲੀ-ਦਿੱਲੀ ਲਾਲ ਕਿਲ੍ਹਾ ਧਮਾਕੇ ਦੇ ਮਾਮਲੇ 'ਚ ਆਪਣੀ ਪਹਿਲੀ ਗ੍ਰਿਫ਼ਤਾਰੀ' ਵਿਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਡਾ. ਉਮਰ ਨਬੀ ਦੇ ਕਸ਼ਮੀਰ ਅਧਾਰਿਤ ਸਹਾਇਕ ਨੂੰ ਆਪਣੀ ਹਿਰਾਸਤ 'ਚ ਲੈ ਲਿਆ ਹੈ, ਜਿਸ 'ਤੇ ਦੋਸ਼ ਹੈ ਕਿ ਉਸ ਨੇ ਡਾ. ਉਮਰ ਨਾਲ ਮਿਲ ਕੇ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚੀ ਸੀ। ਦੂਜੇ ਪਾਸੇ, ਉਕਤ ਧਮਾਕੇ, ਜਿਸ 'ਚ 13 ਲੋਕਾਂ ਦੀ ਮੌਤ ਹੋ ਗਈ ਸੀ, ਤੋਂ ਇਕ ਹਫ਼ਤੇ ਬਾਅਦ ਰਾਸ਼ਟਰੀ ਜਾਂਚ ਏਜੰਸੀ ਨੇ ਕਿਹਾ ਕਿ ਕਾਰ ਦਾ ਡਰਾਈਵਰ ਡਾ. ਉਮਰ ਨਬੀ ਇਕ ਆਤਮਘਾਤੀ ਹਮਲਾਵਰ ਸੀ। ਏਜੰਸੀ ਨੇ ਕਿਹਾ ਕਿ ਦਿੱਲੀ ਧਮਾਕੇ 'ਚ ਸ਼ਾਮਿਲ ਹੁੰਡਈ ਆਈ-20 ਕਾਰ ਗ੍ਰਿਫ਼ਤਾਰ ਕੀਤੇ ਗਏ ਆਮਿਰ ਰਾਸ਼ਿਦ ਅਲੀ ਦੇ ਨਾਂਅ 'ਤੇ ਰਜਿਸਟਰ ਸੀ। ਅਲੀ ਨੂੰ ਜੰਮੂ-ਕਸ਼ਮੀਰ ਪੁਲਿਸ ਨੇ ਧਮਾਕੇ ਤੋਂ ਕੁਝ ਘੰਟੇ ਬਾਅਦ ਪੰਪੋਰ ਵਿਚ ਉਸ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਸ ਨੂੰ ਐਨ.ਆਈ.ਏ. ਵਲੋਂ ਦਿੱਲੀ (ਜਿਥੇ ਉਸ ਨੂੰ ਪੁੱਛਗਿੱਛ ਲਈ ਲਿਆਂਦਾ ਗਿਆ ਸੀ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਦਿੱਲੀ ਪੁਲਿਸ ਤੋਂ ਕੇਸ ਆਪਣੇ ਕਬਜ਼ੇ 'ਚ ਲੈਣ ਤੋਂ ਬਾਅਦ ਇਕ ਵਿਸ਼ਾਲ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਹੈ। ਐਨ.ਆਈ.ਏ. ਨੂੰ ਜਾਂਚ ਤੋਂ ਪਤਾ ਲੱਗਾ ਹੈ ਕਿ ਆਮਿਰ ਰਾਸ਼ਿਦ ਅਲੀ ਉਸ ਕਾਰ ਦੀ ਖਰੀਦਦਾਰੀ ਦੀ ਸਹੂਲਤ ਲਈ ਦਿੱਲੀ ਆਇਆ ਸੀ, ਜਿਸ ਦੀ ਵਰਤੋਂ 'ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ' (ਆਈ.ਈ.ਡੀ.) ਵਜੋਂ ਕੀਤੀ ਗਈ ਸੀ। ਐਨ. ਆਈ. ਏ. ਨੇ ਵਾਹਨ ਚਾਲਕ ਕਥਿਤ ਹਮਲਾਵਰ ਡਰਾਈਵਰ ਦੀ ਫੋਰੈਂਸਿਕ ਤੌਰ 'ਤੇ ਪਛਾਣ ਸਥਾਪਤ ਕਰ ਲਈ ਹੈ, ਜਿਸ ਨੂੰ ਫਰੀਦਾਬਾਦ ਸਥਿਤ ਅਲ ਫਲਾਹ ਯੂਨੀਵਰਸਿਟੀ ਦਾ ਜਨਰਲ ਮੈਡੀਸਨ ਵਿਭਾਗ ਦਾ ਸਹਾਇਕ ਪ੍ਰੋਫੈਸਰ ਤੇ ਕਸ਼ਮੀਰ ਦੇ ਪੁਲਵਾਮਾ ਦਾ ਰਹਿਣ ਵਾਲਾ ਡਾ. ਉਮਰ ਉਨ ਨਬੀ ਚਲਾ ਰਿਹਾ ਸੀ। ਅੱਤਵਾਦ ਵਿਰੋਧੀ ਏਜੰਸੀ ਨੇ ਡਾ. ਨਬੀ ਨਾਲ ਸੰਬੰਧਿਤ ਇਕ ਹੋਰ ਵਾਹਨ ਵੀ ਜ਼ਬਤ ਕੀਤਾ ਹੈ। ਇਸ ਮਾਮਲੇ ਵਿਚ ਐਨ.ਆਈ.ਏ. ਨੇ ਹੁਣ ਤੱਕ 73 ਗਵਾਹਾਂ ਤੋਂ ਪੁੱਛਗਿੱਛ ਕੀਤੀ ਹੈ, ਜਿਨ੍ਹਾਂ 'ਚ ਧਮਾਕੇ 'ਚ ਜ਼ਖ਼ਮੀ ਹੋਏ ਲੋਕ ਵੀ ਸ਼ਾਮਿਲ ਹਨ। ਦਿੱਲੀ ਪੁਲਿਸ ਵਿਚਲੇ ਸੂਤਰਾਂ ਨੇ ਲਾਲ ਕਿਲ੍ਹੇ ਨੇੜੇ ਕਾਰ ਧਮਾਕੇ ਵਾਲੀ ਥਾਂ ਤੋਂ ਤਿੰਨ ਕਾਰਤੂਸ, ਜਿਨ੍ਹਾਂ 'ਚ ਦੋ ਜ਼ਿੰਦਾ ਤੇ ਇਕ ਖਾਲੀ ਸੀ, ਮਿਲਣ ਦੀ ਪੁਸ਼ਟੀ ਕੀਤੀ ਹੈ। ਸੂਤਰਾਂ ਨੇ ਕਿਹਾ ਕਿ 9 ਐੱਮ.ਐੱਮ. ਕੈਲੀਬਰ ਦੇ ਇਹ ਕਾਰਤੂਸ ਅਜਿਹੇ ਹਥਿਆਰ ਦੇ ਹਨ, ਜੋ ਕੋਈ ਆਮ ਨਾਗਰਿਕ ਨਹੀਂ ਰੱਖ ਸਕਦਾ। ਇਹ ਕਾਰਤੂਸ ਆਮ ਕਰਕੇ ਹਥਿਆਰਬੰਦ ਬਲਾਂ ਜਾਂ ਵਿਸ਼ੇਸ਼ ਇਜਾਜ਼ਤ ਵਾਲੇ ਲੋਕਾਂ ਕੋਲ ਹੀ ਹੁੰਦੇ ਹਨ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕਾਰਤੂਸ ਬਰਾਮਦ ਹੋਣ ਦੇ ਬਾਵਜੂਦ, ਘਟਨਾ ਸਥਾਨ ਤੋਂ ਕੋਈ ਵੀ ਪਿਸਤੌਲ ਜਾਂ ਇਸ ਦਾ ਕੋਈ ਵੀ ਹਿੱਸਾ ਨਹੀਂ ਮਿਲਿਆ। ਪੁਲਿਸ ਨੇ ਕਿਹਾ ਕਿ ਇਹ ਕਾਰਤੂਸ ਆਮ ਤੌਰ 'ਤੇ ਸਿਰਫ ਹਥਿਆਰਬੰਦ ਬਲਾਂ ਜਾਂ ਵਿਸ਼ੇਸ਼ ਇਜਾਜ਼ਤ ਵਾਲੇ ਲੋਕਾਂ ਕੋਲ ਹੁੰਦੇ ਹਨ। ਪੱਛਮੀ ਬੰਗਾਲ ਤੋਂ ਡਾਕਟਰ ਤੇ ਹਰਿਆਣਾ ਤੋਂ ਟੈਕਸੀ ਡਰਾਈਵਰ ਨੂੰ ਹਿਰਾਸਤ ਵਿਚ ਲਿਆ।

ਐਨ. ਆਈ. ਏ. ਨੇ ਵੱਖਰੇ ਤੌਰ 'ਤੇ ਪੱਛਮੀ ਬੰਗਾਲ ਦੇ ਉੱਤਰ ਦਿਨਾਜਪੁਰ ਜ਼ਿਲ੍ਹੇ ਦੇ ਦਾਲਕੋਲਾ ਇਲਾਕੇ ਦੇ ਨਿਵਾਸੀ ਡਾ. ਜਾਨਿਸਾਰ ਆਲਮ ਨੂੰ ਹਿਰਾਸਤ 'ਚ ਲਿਆ ਹੈ। ਇਸ ਮਾਮਲੇ 'ਚ ਹਰਿਆਣਾ ਦੇ ਇਕ ਟੈਕਸੀ ਚਾਲਕ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਜਾਂਚ ਸੂਤਰਾਂ ਅਨੁਸਾਰ ਮੁੱਖ ਸ਼ੱਕੀ ਡਾਕਟਰ ਉਮਰ ਨਬੀ ਦਿੱਲੀ ਬੰਬ ਧਮਾਕੇ ਤੋਂ ਠੀਕ ਪਹਿਲਾਂ ਨੂਹ ਦੀ ਹਿਦਾਇਤ ਕਾਲੋਨੀ ਵਿਚ ਇਕ ਕਿਰਾਏ ਦੇ ਮਕਾਨ 'ਚ ਰੁਕਿਆ ਸੀ। ਪੁਲਿਸ ਸੂਤਰਾਂ ਅਨੁਸਾਰ 10 ਨਵੰਬਰ ਨੂੰ ਡਾ. ਉਮਰ ਆਪਣੀ ਆਈ-20 ਕਾਰ 'ਚ ਧਮਾਕਖੇਜ਼ ਸਮਗਰੀ ਲੈ ਕੇ ਇਸ ਕਿਰਾਏ ਦੇ ਮਕਾਨ ਤੋਂ ਨਿਕਲਿਆ ਸੀ।

ਦੱਸਿਆ ਜਾ ਰਿਹਾ ਹੈ ਕਿ ਇਹ ਘਰ ਯੂਨੀਵਰਸਿਟੀ ਦੇ ਇਲੈਕਟ੍ਰੀਸ਼ਨ ਸ਼ੋਏਬ ਦੀ ਸਾਲੀ ਦਾ ਹੈ, ਜੋ ਪਹਿਲਾਂ ਤੋਂ ਹੀ ਪੁਲਿਸ ਹਿਰਾਸਤ ਵਿਚ ਹੈ। ਇਸ ਨਾਲ ਸੰਬੰਧਿਤ ਇਕ ਘਟਨਾਕ੍ਰਮ ਵਿਚ ਡਾ. ਅਦੀਲ ਦੀ ਰਿਹਾਇਸ਼ ਤੋਂ 14 ਮੋਬਾਈਲ ਫੋਨ ਬਰਾਮਦ ਹੋਣ ਤੋਂ ਬਾਅਦ ਇਕ ਵੱਡੀ ਜਾਂਚ ਸ਼ੁਰੂ ਕੀਤੀ ਗਈ ਹੈ। ਇਨ੍ਹਾਂ ਉਪਕਰਣਾਂ 'ਚ ਸਪੱਸ਼ਟ ਤਸਵੀਰਾਂ, ਵੀਡੀਓ ਕਾਲ ਅਤੇ ਕਸ਼ਮੀਰ ਦੀਆਂ ਕਈ ਔਰਤਾਂ ਨਾਲ ਦੇਰ ਰਾਤ ਦੀ ਇਨਕ੍ਰਿਪਟਿਡ ਗੱਲਬਾਤ ਦੇ ਰਿਕਾਰਡ ਸਨ, ਜੋ ਸੇਸ਼ਨ ਅਤੇ ਵਟਸਐਪ ਵਰਗੇ ਐਪਸ ਦੇ ਜ਼ਰੀਏ ਕੀਤੀਆਂ ਗਈਆਂ ਸਨ।

# ਨਾਜਾਇਜ਼ ਸੰਬੰਧਾਂ ਨੇ ਉਜਾੜ ਦਿਤਾ ਘਰ, ਪ੍ਰਵਾਸੀ ਪੰਜਾਬੀ ਨੇ ਕੁੱਟ-ਕੁੱਟ ਕੇ ਮਾਰ ਦਿੱਤੀ ਪਤਨੀ

ਲੋਹੀਆਂ-ਇਥੋਂ ਦੇ ਨੇੜਲੇ ਪਿੰਡ ਜਮਸ਼ੇਰ ਵਿਚ ਇਕ ਵਿਅਕਤੀ ਵੱਲੋਂ ਆਪਣੀ ਪਤਨੀ ਨੂੰ ਨਾਜਾਇਜ਼ ਸੰਬੰਧ ਹੋਣ ਦੇ ਸ਼ੱਕ ਕਾਰਣ ਭਾਰੀ ਕੁੱਟਮਾਰ ਕਰਕੇ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੇ ਪਿਤਾ ਰਾਣਾ ਵਾਸੀ ਅੱਪਰਾ ਥਾਣਾ ਫਿਲੌਰ ਵੱਲੋਂ ਪੁਲਸ ਨੂੰ ਦਿੱਤੀ ਸ਼ਿਕਾਇਤ ਮੁਤਾਬਕ ਉਸ ਦਾ ਜਵਾਈ ਕ੍ਰਿਸ਼ਨ ਲਾਲ ਜਮਸ਼ੇਰ ਥਾਣਾ ਲੋਹੀਆਂ, ਜੋ ਪਿਛਲੇ 9 ਮਹੀਨਿਆਂ ਤੋਂ ਕੰਮਕਾਜ ਵਾਸਤੇ ਵਿਦੇਸ਼ ਗਿਆ ਹੋਇਆ ਸੀ ਅਤੇ ਅਚਾਨਕ 2 ਨਵੰਬਰ 2025 ਨੂੰ ਪਿੰਡ ਪਰਤ ਆਇਆ। ਉਸ ਨੇ ਆਪਣੇ ਪਰਿਵਾਰ ਨਾਲ ਮਿਲ ਕੇ ਆਪਣੀ ਪਤਨੀ ਅਨੂੰ ਬਾਲਾ, ਜੋ 2 ਬੱਚਿਆਂ ਦੀ ਮਾਂ ਸੀ, ਦੀ ਕਾਫ਼ੀ ਕੁੱਟਮਾਰ ਕੀਤੀ ਅਤੇ ਬਾਅਦ ਵਿਚ ਸਿਵਲ ਹਸਪਤਾਲ ਲੋਹੀਆਂ ਵਿਖੇ ਇਹ ਕਹਿ ਕਿ ਇਲਾਜ ਲਈ ਦਾਖ਼ਲ ਕਰਵਾ ਦਿੱਤਾ ਕਿ ਅਨੂੰ ਬਾਲਾ ਦਾ ਅਚਾਨਕ ਐਕਸੀਡੈਂਟ ਹੋ ਗਿਆ ਸੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੈ ਪਰ ਸੱਟਾਂ ਗੰਭੀਰ ਹੋਣ ਕਾਰਣ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ। ਜਿੱਥੇ ਅਨੂੰ ਬਾਲਾ ਨੇ ਹੋਸ਼ ਆਉਣ 'ਤੇ ਪੁਲਸ ਨੂੰ ਬਿਆਨ ਦਿੱਤਾ ਕਿ ਉਸ ਨੂੰ ਉਸ ਦੇ ਪਤੀ ਕ੍ਰਿਸ਼ਨ ਲਾਲ, ਜੇਠ ਕਾਲਾ, ਸੱਸ ਜਗੀਰ ਕੌਰ ਅਤੇ ਜਠਾਣੀ ਜੋਤ ਪਤਨੀ ਕਾਲਾ ਨੇ ਘੋਟਣੇ ਅਤੇ ਲੋਹੇ ਦੇ ਪਾਈਪ ਨਾਲ ਕੁੱਟਿਆ ਅਤੇ ਗੰਭੀਰ ਸੱਟਾਂ ਮਾਰੀਆਂ ਹਨ।



ਜਾਣਕਾਰੀ ਅਨੁਸਾਰ ਪਿੰਡ ਜਮਸ਼ੇਰ ਦੇ ਹੀ ਇਕ ਲੜਕੇ ਅਮਰਜੀਤ ਬਾਈ ਨੇ ਕੁਝ ਫੋਟੋਆਂ ਮ੍ਰਿਤਕ ਅਨੂੰ ਬਾਲਾ ਨਾਲ ਖਿੱਚਵਾ ਕੇ ਵਾਇਰਲ ਕੀਤੀਆਂ ਸਨ ਤੇ ਉਹ ਫੋਟੋਆਂ ਉਸ ਦੀ ਜੇਠਾਣੀ ਜੋਤ ਨੇ ਮ੍ਰਿਤਕਾ ਦੇ ਪਤੀ ਕ੍ਰਿਸ਼ਨ ਲਾਲ ਨੂੰ ਭੇਜੀਆਂ ਸਨ, ਜਿਸ ਕਰ ਕੇ ਉਸ ਦਾ ਪਤੀ ਅਚਾਨਕ ਹੀ ਕੁਝ ਦੱਸੇ ਬਿਨਾਂ ਵਿਦੇਸ਼ ਤੋਂ ਵਾਪਸ ਪਰਤ ਆਇਆ ਤੇ ਸਾਰੇ ਪਰਿਵਾਰ ਨੇ ਰਲ ਕੇ ਉਸ ਨਾਲ ਭਾਰੀ ਕੁੱਟਮਾਰ ਕੀਤੀ।

ਇਸ ਦੇ ਬਾਅਦ ਉਸ ਨੂੰ ਇਲਾਜ ਲਈ ਲੋਹੀਆਂ ਤੋਂ ਜਲੰਧਰ ਰੈਫਰ ਕਰ ਦਿੱਤਾ ਗਿਆ, ਫਿਰ ਉਸ ਨੂੰ ਮ੍ਰਿਤਕਾ ਦੇ ਪਿਤਾ ਨੇ ਨਿੱਜੀ ਹਸਪਤਾਲ ਦੇ ਆਈ. ਸੀ. ਯੂ. ਵਿਚ ਦਾਖਲ ਕਰਵਾਇਆ ਪਰ ਅਨੂੰ ਬਾਲਾ ਦੀ ਸੱਟਾਂ ਦੀ ਤਾਬ ਨਾ ਝੱਲਣ ਕਾਰਨ ਮੌਤ ਹੋ ਗਈ।

ਥਾਣਾ ਲੋਹੀਆਂ ਖਾਸ ਦੇ ਥਾਣਾ ਮੁਖੀ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਅਨੂੰ ਬਾਲਾ ਦੇ ਬਿਆਨਾਂ ਦੇ ਆਧਾਰ 'ਤੇ ਉਸ ਦੇ ਪਤੀ ਕ੍ਰਿਸ਼ਨ ਲਾਲ, ਸੱਸ ਜਗੀਰ ਕੌਰ, ਜੇਠ ਕਾਲਾ ਤੇ ਜੇਠਾਣੀ ਜੋਤ ਅਤੇ ਬਾਈ ਅਮਰਜੀਤ 'ਤੇ ਕਤਲ ਦਾ ਮਾਮਲਾ ਦਰਜ ਕਰਕੇ ਕ੍ਰਿਸ਼ਨ ਲਾਲ ਤੇ ਉਸ ਦੀ ਮਾਤਾ ਜਗੀਰ ਕੌਰ ਨੂੰ ਕਾਬੂ ਕਰਕੇ 2 ਦਿਨ ਦੇ ਪੁਲਸ ਰਿਮਾਂਡ 'ਤੇ ਲੈ ਲਿਆ ਹੈ ਜਦਕਿ ਮ੍ਰਿਤਕਾ ਦਾ ਜੇਠ ਕਾਲਾ, ਉਸ ਦੀ ਪਤਨੀ ਜੋਤ ਅਤੇ ਬਾਈ ਅਮਰਜੀਤ ਫ਼ਰਾਰ ਹਨ, ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਮੋਹਾਲੀ ਵਿਚ 10 ਕਰੋੜ ਰੁਪਏ ਦੀ ਨਕਲੀ ਕਰੰਸੀ ਫੜੀ, ਦੋ ਗ੍ਰਿਫ਼ਤਾਰ



ਮੋਹਾਲੀ-ਮੋਹਾਲੀ ਪੁਲਿਸ ਨੇ ਇੱਕ ਅੰਤਰਰਾਜੀ ਗਿਰੋਹ ਤੋਂ 10 ਕਰੋੜ ਦੀ ਨਕਲੀ ਅਤੇ ਪੁਰਾਣੀ ਕਰੰਸੀ ਜ਼ਬਤ ਕੀਤੀ ਹੈ। ਇਸ ਮਾਮਲੇ ਵਿੱਚ, ਪੁਲਿਸ ਨੇ ਹਰਿਆਣਾ ਦੇ ਕੁਰੂਕਸ਼ੇਤਰ ਦੇ ਰਹਿਣ ਵਾਲੇ ਸਚਿਨ ਅਤੇ ਗੁਰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਗਿਰੋਹ ਨੇ ਕਈ ਲੋਕਾਂ ਨਾਲ ਧੋਖਾਧੜੀ ਕੀਤੀ ਹੈ। ਐਸਐਸਪੀ ਹਰਮਨਦੀਪ ਸਿੰਘ ਹੰਸ ਨੇ ਦੱਸਿਆ ਕਿ ਜਾਂਚ ਜਾਰੀ ਹੈ। ਐਸਐਸਪੀ ਹੰਸ ਨੇ ਦੱਸਿਆ ਕਿ ਪੁਲਿਸ ਨੂੰ ਦੋਵਾਂ ਮੁਲਜ਼ਮਾਂ ਦੀਆਂ ਸ਼ੱਕੀ ਗਤੀਵਿਧੀਆਂ ਬਾਰੇ ਖੁਫੀਆ ਜਾਣਕਾਰੀ ਮਿਲੀ ਸੀ। ਇਸ ਤੋਂ ਬਾਅਦ, ਐਸਪੀ (ਦਿਹਾਤੀ) ਮਨਪ੍ਰੀਤ ਸਿੰਘ ਅਤੇ ਡੀਐਸਪੀ ਬਿਕਰਮਜੀਤ ਸਿੰਘ ਬਰਾੜ ਦੀ ਨਿਗਰਾਨੀ ਹੇਠ ਇੱਕ ਟੀਮ ਬਣਾਈ ਗਈ। ਟੀਮ ਨੇ ਪੁਰਾਣੇ ਅੰਬਾਲਾ-ਕਾਲਕਾ ਹਾਈਵੇਅ 'ਤੇ ਘੱਗਰ ਪੁਲ ਦੇ ਨੇੜੇ ਇੱਕ ਨਾਕਾ ਸਥਾਪਤ ਕੀਤਾ ਅਤੇ ਇੱਕ ਸਕਾਰਪੀਓ-ਐਨ ਨੂੰ ਰੋਕਿਆ। ਤਲਾਸ਼ੀ ਦੌਰਾਨ, 11.05 ਲੱਖ ਦੀ ਅਸਲੀ ਕਰੰਸੀ ਅਤੇ ਲਗਭਗ 9.88 ਕਰੋੜ ਦੀ ਨਕਲੀ ਕਰੰਸੀ ਜ਼ਬਤ ਕੀਤੀ ਗਈ। ਪੁੱਛਗਿੱਛ ਦੌਰਾਨ, ਦੋਸ਼ੀਆਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਬੰਡਲਾਂ ਦੇ ਉੱਪਰ ਅਤੇ ਹੇਠਾਂ ਅਸਲੀ ਨੋਟ ਰੱਖੇ ਸਨ, ਜਦੋਂ ਕਿ ਵਿਚਕਾਰਲੇ ਹਿੱਸੇ ਨੂੰ ਨਕਲੀ ਨੋਟਾਂ ਨਾਲ ਭਰਿਆ ਹੋਇਆ ਸੀ। ਇਹ ਗਿਰੋਹ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਕਈ ਧੋਖਾਧੜੀ ਦੇ ਮਾਮਲਿਆਂ ਵਿੱਚ ਸ਼ਾਮਲ ਦੱਸਿਆ ਜਾਂਦਾ ਹੈ।

# India Must Break the Chains of a Slave Mindset



**Iqbal Singh Lalpura**
**Mobile 9780003333**

For nearly a thousand years, India lived under foreign rule—first under the invaders from Central Asia, later under the Mughals, and finally under the British. The result was not just political submission but a slow and painful decline of confidence, courage, and reasoning. The foreign rulers came with a master's mindset, disciplined, organized, and ambitious. The ruled learned to survive by pretending loyalty, showing false happiness, and hiding truth. Over generations, this created a deep mental slavery that continued even after 1947.

The chains were removed, but the mindset of slavery remained. Indians became free in law but not in thought. The British system of authority, hierarchy, and fear remained intact. In place of reasoning, obedience took root,in place of service, self-interest grew. The ordinary citizen began to believe that power must always be worshipped, not questioned.

Mahatma Gandhi warned that India's independence would be incomplete if it did not change the heart and habits of its people. True Swaraj, he said, meant not the rule of Indians over India, but rule of truth over untruth, character over greed, and duty over selfishness. Yet, as the decades passed, that moral freedom remained distant.

When people live under slavery for centuries, they develop skills of survival, not strength of conviction. They learn to lie for small things, avoid responsibility, and submit to the powerful. The greatest casualty of slavery is reasoning. People forget to ask, "Why should we follow this person?" Instead, they follow whoever seems strong or rich. This mentality ,of serving power instead of serving truth ,has become India's deepest weakness.

Against this moral darkness rose Guru Nanak Dev Ji, the first great reformer of mind and soul. He did not come to build a religion but to awaken humanity. At a time when kings ruled through cruelty and priests exploited faith, Guru Nanak called both to account. He described Babar, the invading emperor, as the leader of "Paap ki Janj" the wedding party of sin "and condemned the priestly class as "Ujjade ka bandh "the destroyers of righteousness. His words were not political rebellion ,they were a moral revolution.

Guru Nanak gave India the idea of true freedom ,the freedom of the soul from fear, falsehood, and discrimination. He declared that all human beings are equal before God; that a woman is not inferior to man but the giver of life; that living with honour is higher than living in comfort; that the highest worship is service to humanity; and that one must be ready to sacrifice one's head for the right cause.

This was the birth of inner sovereignty, the foundation of self-rule in the truest sense. Two centuries later, Guru Gobind Singh Ji transformed those angels of Guru Nanak into saint-soldiers "Khalsa" who could defend righteousness with sword and soul. Thus, the teachings of Guru Nanak found their ultimate expression in disciplined courage—the fusion of truth, compassion, and valour.

The vision of Guru Nanak and Guru Gobind Singh offered India a moral constitution long before 1947. It was a code of truthful living, equality, and service—values that should guide every democracy. Unfortunately, the systems we inherited after independence often betrayed these principles.

Freedom without discipline is a shallow victory. The rulers changed, but the ruling mentality did not. Bureaucracy remained rigid, politics became personal, and justice grew slow. The colonial master was replaced by a political one. Legislators, bureaucrats, and judges "the pillars of governance" are meant to be servants of the people, but many have become servants of power.

Swami Vivekananda once said, "We need not only political revolution but a spiritual one. What we want is man-making." His call remains unfulfilled. Without moral awakening, no nation can remain truly free. The media, once called the fourth pillar of democracy, has also lost its sacred purpose. Instead of being a watchdog of truth, it has become a business of sensation. Instead of research and verification, we see noise and bias. The role of the media should be to educate, awaken, and question, not to divide or entertain. Truthful journalism is the lifeblood of democracy, yet today much of it serves profit rather than the people. When watchdogs turn into traders, truth becomes a casualty.

This decline of moral standards is not confined to politics or press. Even in our religious and charitable institutions, greed has entered the sacred. Recent allegations of corruption in the management of religious places have deeply hurt the collective conscience of society. When institutions meant for worship and service turn into centres of power and wealth, it is not only financial betrayal ,it is spiritual treason.

The same sense of moral failure is visible in tragic events that shake the nation. The recent Delhi bomb blast once again exposed the cost of negligence and moral decay. The release of Nithari convicts, accused of horrific crimes against children, has wounded public faith in justice. These incidents are not isolated. They reflect a larger collapse of accountability, when laws exist but conscience sleeps.

True governance demands accountability and compassion together. Both were present in India's greatest models of rule ,Ram Rajya and Khalsa Raj. Lord Rama ruled not as a monarch but as a moral guide. Every citizen had equal access to justice; no one went hungry or unheard. Gandhi's dream of independent India was based on this same ideal ,a government guided by truth, service, and simplicity.

Khalsa Raj under Maharaja Ranjit Singh was another shining example of just governance. His administration was marked by equality, religious tolerance, and courage. He abolished the death penalty, protected temples, mosques, and gurdwaras alike, and ruled with humility and accountability. Foreign visitors described his government as the most humane in the East. He was powerful, yet simple; rich, yet detached. His Raj reflected the same spirit Guru Nanak envisioned,a kingdom where truth and compassion ruled, not tyranny and greed.

But the India of today needs to rediscover that spirit. Freedom is not a gift that lasts forever; it must be earned daily by truth and service. Legislators must remember they are the custodians of people's faith. Bureaucrats must remember they are not rulers but servants of law. Judges must remember that delayed justice is denied justice. The power they hold is not for privilege but for protection.

Winston Churchill once said, "The price of greatness is responsibility." That price must be paid by every Indian institution ,political, judicial, or spiritual. Responsibility means living by truth, not convenience. It means standing for justice even when it is unpopular.

Abraham Lincoln, the liberator of slaves, reminded his nation that "Those who deny freedom to others deserve it not for themselves." In India, the truth is reversed: those who misuse freedom will soon lose it. Corruption, falsehood, and selfishness are forms of inner slavery. Nelson Mandela, who endured 27 years of imprisonment, said, "To be free is not merely to cast off one's chains but to live in a way that respects and enhances the freedom of others." This message is universal. Freedom carries responsibility—the duty to be truthful, compassionate, and just. If India wishes to rise as a moral power in the world, it must reform its institutions through truth-based accountability. Every citizen must also become a reformer—honest in work, fair in dealings, kind in behaviour, and fearless in speaking truth.

At the same time, it must be acknowledged that under Prime Minister Narendra Modi, India has regained a sense of national pride and global respect. Yet, pride alone is not enough. Human development ,education, morality, compassion, and service , cannot come from government alone. It is the duty of society. Every citizen, every teacher, every parent, and every institution must participate in building the moral wealth of the nation.

Guru Nanak Dev Ji gave humanity a simple message: "Sachhu orai sabh ko upar sach aachaar." Truth is above all, but higher still is truthful living.

That message is the medicine for India's moral illness. It teaches us that truth is not only to be spoken ,it is to be lived. India's second freedom struggle, therefore, must be against mental slavery ,the slavery of fear, lies, and greed. It must be fought with conscience and compassion, not hatred and violence. When truth becomes our habit, service our faith, and courage our culture, then no ruler, no enemy, and no corruption can enslave India again. That will be the day when the land of Guru Nanak and Guru Gobind Singh, of Rama and Ranjit Singh, of Gandhi and Vivekananda, shall once again stand as the light of truth to the world—a free nation of free minds.

*Former Chairman National Commission for Minorities Government of India*

# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



ਸਨੇਹਾ ਪੁੱਜਿਆ ਕਿ ਪੰਜਾਬ ਟਾਈਮਜ਼ ਦੇ ਪਿਛਲੇ ਅੰਕ 'ਚ ਜਥੇਦਾਰ ਮਹਿੰਦਰ ਸਿੰਘ ਜੀ ਖਹਿਰਾ ਸਾਹਿਬ ਦਾ ਇਕ ਮਜਮੂਨ ਛਪਿਆ ਹੋਇਆ, ਵੇਖ ਲੈਣਾ। ਉਹਨਾਂ ਦਾ ਇਹ ਮਜਮੂਨ, 'ਨੌਂਵੇਂ ਪਾਤਸ਼ਾਹ ਦੇ 350ਵੇਂ ਗੁਰਪੁਰਬ ਨੂੰ ਸਮਰਪਿਤ' ਅੰਗ੍ਰੇਜ਼ੀ ਵਿੱਚ ਪਿਛਲੇਰੇ ਅੰਕ ਵਿਚ ਛਪੇ, ਮੇਰੇ ਲੇਖ ਤੇ ਹੀ ਟੀਕਾ-ਟਿਪਣੀ ਸੀ। ਮੇਰਾ ਇਹ ਲੇਖ X Twitter, LinkedIn, Facebook ਆਦਿ ਤੇ ਵੀ ਸਾਂਝਾ ਕੀਤਾ ਹੋਇਆ ਹੈ ਤਾਂ ਕਿ ਪੰਜਾਬੀ ਨਾ ਪੜ ਸਕਣ ਵਾਲਿਆਂ, ਖਾਸ ਕਰ ਨਵੀਆਂ ਪੀੜੀਆਂ ਤਕ ਵੀ ਪੁੱਜ ਜਾਵੇ।

ਸੱਭਿਅਕ ਲਹਿਜੇ ਅਤੇ ਭਾਸ਼ਾ ਵਿਚ ਵਿਵਾਦ-ਸੰਵਾਦ ਹੋਣੇ ਚਾਹੀਦੇ ਹਨ, ਕੁਝ ਸੁਣੀਏ ਕੁਝ ਕਹੀਏ ਤਾਂ ਗੁਰੂ ਸਾਹਿਬਾਨਾਂ ਦਾ ਉਪਦੇਸ਼ ਵੀ ਹੈ। ਪੜ੍ਹਨਾ-ਲਿਖਣਾ ਨਿਰੰਤਰ ਲਗਨ, ਮੇਹਨਤ ਅਤੇ ਸਮਾਂ ਮੰਗਦਾ ਹੈ। ਵਿਸ਼ਲੇਸ਼ਣ-ਨਿਰੀਖਣ ਕਰਨਾ ਲੇਖਕਾਂ-ਪਾਠਕਾਂ ਦੀ ਅਜ਼ਾਦੀ ਤੇ ਹਕ ਹੈ। ਜਥੇਦਾਰ ਜੀ ਦੀਆਂ ਤਿੰਨਾਂ ਟਿਪਣੀਂਆਂ ਤੇ ਪ੍ਰਤੀਕਰਮ ਦੇਣਾ ਬਣਦਾ ਸੀ। ਪਰ ਮੇਰੇ ਪ੍ਰਮੁੱਖ ਕੇਂਦਰੀ ਵਿਸ਼ੇ ਤੋਂ ਬਾਹਰਲੇ ਮਸੌਦੇ ਤੇ, ਸਮਾਂ ਨਾ ਹੋਣ ਕਾਰਨ ਅਤੇ ਸੰਭਵ ਨਹੀਂ, ਕਿ ਖਿਲਾਰੇ ਵਿੱਚ ਪਿਆ ਜਾ ਸਕੇ। ਕਥਿਤ ਤਿੰਨ ਨੁਕਤਿਆਂ ਬਾਰੇ ਮੇਰੀ ਸਮਝ ਇਵੇਂ ਹੈ:

1. ਗੁਰੂ ਸਾਹਿਬਾਨ ਦਾ '...ਨਿਰਮਲ ਪੰਥ...' ਅਧਿਆਤਮਕਤਾ ਪੱਖੌਂ ਬ੍ਰਹਿਮੰਡ ਵਿੱਚ ਵਿਆਪਕ ਰੂਹਾਨੀ ਚੇਤਨਤਾ ਦਾ ਪ੍ਰਤੀਕ ਹੈ ਅਤੇ ਸਮਾਜਿਕ ਸੰਕਲਪ ਵਜੋਂ, ਮਾਨਵ-ਵਾਦੀ ਤੇ ਸਰਬਤ ਦੇ ਭਲੇ ਲਈ ਪ੍ਰਕਾਸ਼ਮਾਨ ਰਸਤਾ ਹੈ...।

2. ਗੁਰੂ ਸਹਿਬਾਨਾਂ ਨੇ ਨਿਰੰਤਰ ਇਕ-ਸਾਰਤਾ 'ਚ 15ਵੀਂ ਤੋਂ 18ਵੀਂ ਸਦੀਆਂ ਦੇ ਗੁਰੂ ਕਾਲ ਦੁਰਾਨ, ਬਦਲਦੀਆਂ ਪ੍ਰਸਥਿਤੀਆਂ ਦੇ ਵਿਭਿੰਨ ਪ੍ਰਸੰਗਾਂ ਵਿੱਚ ਚੇਤਾਵਨੀਆਂ ਨਾਲ, ਸਮੇਂ ਦੀਆਂ ਹਾਣੀ ਸਿਧਾਂਤਕ ਜੁਗਤਾਂ, ਢੁਕਵੇਂ ਕਾਰਨਾਮਿਆਂ ਅਤੇ ਕੁਰਬਾਨੀਆਂ ਨਾਲ ਨਿਭਿਆ।

3. ਹਿੰਦੂ ਬਹੁ-ਸੰਮਤੀ ਦੇ ਇਤਿਹਾਸ, ਇਸਦੇ ਰਾਜਨੀਤਕ ਵਰਤਾਰਿਆਂ ਅਤੇ ਹਿੰਦੂਤਵੀ ਘਟਨਾਕ੍ਰਮਾਂ ਦੀ ਖਾਸੀਅਤ ਅਤੇ ਇਸਦੇ ਪ੍ਰਭਾਵਾਂ ਤੇ ਕਿਰਿਆਵਾਂ ਨਾਲ ਨਿਭਣ ਬਾਰੇ, ਸਿੱਖਾਂ ਵਿੱਚ ਭਾਵਨਾਤਮਕ ਵਿਭਿੰਨਤਾ ਵੀ ਹੈ, ਅਸਪਸ਼ਟਤਾ ਵੀ ਹੈ, ਵਿਖਰੇਵੇਂ ਵੀ ਹਨ...।

ਜਥੇਦਾਰ ਖਹਿਰਾ ਜੀ ਨੂੰ ਆਪਣੇ ਵਿਚਾਰਾਂ ਅਤੇ ਹਮ-ਖਿਆਲੀ ਹਵਾਲਿਆਂ ਅਧਾਰਤ ਸਵਾਲ ਖੜੇ ਕਰਨ ਦਾ ਵੀ ਅਧਿਕਾਰ ਹੈ। ਗੁਰੂ ਕਾਲ ਅਤੇ ਸਿਖ ਲਹਿਰ ਦੇ ਸਮਿਆਂ ਵੇਲੇ 'ਹਿੰਦੂਤਵੀਆਂ ਵਲੋਂ ਲਾਈ ਢਾਹ' ਤੇ ਖੋਜ-ਪੜਤਾਲ ਤੇ ਪ੍ਰਚਾਰ ਕਰੋ ਜੀ। ਨਾਲੇ 'ਸੂਰਜ ਤੇ ਚੰਦਰ ਵੰਸ਼ੀਆਂ'' ਅਤੇ ਸਬੰਧਿਤ ਹਿੰਦੂ ਧਿਰਾਂ ਸਾਹਮਣੇ ਆਪਣੇ ਸਵਾਲ ਖੜੇ ਕਰੋ। ਪਰ ਇਸ ਲੇਖਕ ਨੂੰ ਹਾਲ ਦੀ ਘੜੀ, ਅਗਾਂਹ ਵਿਸ਼ਲੇਸ਼ਣ ਤੇ ਵਿਸਥਾਰ ਲਈ, ਹਥਲੇ ਤੇ ਮਿਥੇ ਰੁਝੇਵੇਂ ਅਤੇ ਸਮਾਂ, ਆਗਿਆ ਨਹੀਂ ਦਿੰਦੇ।

..............................

Sneha came to know that in the last issue of Punjab Times, an essay by Jathedar Mahendra Singh Ji Khaira Sahib was published. His essay, 'Dedicated to the 350th Gurpurab of the Ninth Guru', was a commentary on my article published in English in the last issue. This article of mine has also been shared on Twitter, LinkedIn, Facebook etc. so that it reaches those who cannot read Punjabi, especially the new generations.

There should be debates and dialogues in civilized tone and language, let us listen to something and say something, it is also the teaching of the Gurus. Reading and writing requires constant dedication, hard work and time. It is the freedom and right of the writers and readers to analyze and observe. It was necessary to respond to the three comments of Jathedar ji. But due to lack of time and it is not possible to dwell on the draft outside my main central topic. My understanding of the said three points is as follows:

1. The '...pure religion...' of the Gurus is a symbol of universal spiritual consciousness in the universe in terms of spirituality and as a social concept, it is a humanist and enlightened path for the good of all...

2. The Guru's companions, in constant unity, during the Guru's reign from the 15th to the 18th centuries, dealt with the changing circumstances in various contexts with warnings, with the correct theoretical strategies of the time, with appropriate deeds and sacrifices.

3. There is emotional diversity, ambiguity, and division among Sikhs regarding the history of Hindu pluralism, its political phenomena and the nature of Hindutva developments, and dealing with its effects and actions....

Jathedar Khaira Ji also has the right to raise questions based on his own views and like-minded references. Please do research and publicize the 'destruction by Hindutvas' during the Guru period and the Sikh movement. Also, raise your questions before the 'Sun and Moon Vanshias' and related Hindu parties. But this author, at the present time, does not allow further analysis and elaboration, due to busy schedules and time.

.....................................

After the TarnTaran byelection, refreshed Shiromani Akali Dal, the leadership of Sukhbir Singh Badal - assuming lessons are being learnt of the last ten years and also the experiences and experiments of voters/people with the Punjab governments since 2017- can be key factors in propelling the SAD inclusive, to be on the way to re-establishing itself as a functioning opposition for Punjab and to be ready for governance in 2027.

......................................

It's clear from the TarnTaran poll that in Punjab, if all democratic, federal, pro-Punjab regional revival, development and progress, older and younger Akalis come together with the historic-kind Shiromani Akali Dal; the success in 2027 Punjab Election is possible.

What is needed in run-up to Punjab Election 2027? A clear and sustained narrative combined with inclusive Shiromani Akali Dal campaign on Sikh-Panthic, Punjab-Punjabi, Punjabis-Punjabiat issues. There has to be a futuristic vision and values driven plan coupled with a solid programme for transforming Punjab's Economy, The SAD will have to be inclusive by accommodating all willing to join Akalis of various groups. The SAD would have to be form a pro-Punjab strategic alliance to win and succeed.

.....................................

'Sikhs in British-Indian colonial and WW1 history' as a subject, is under researched, under reported and has little space in school, college and university curriculum. No surprise that so much ignorance continues to prevails in Britain that the white supremist and racist elements continue with their hate propaganda and crimes, and victimisation of innocents people in streets and at public places. The media generally and the BBC particularly should play a responsible role in spreading education.

.......................................

BBC apologised to President Trump over the Panorama editing of its programme, but refuses to pay compensation. That is a fair enough position to take; editorial errors had to be rectified. But the BBC as a public broadcaster should not be paying out millions of pounds of public money to any powerful billionaires. Only a competent BBC can hold the power to account ... why should the USA president put his hands on ordinary British people's license fee money which funds the BBC. So, after the resignations of two bosses, the successors should resolve the matter and fight for freedom of journalism, which must be maintained despite Trump's threats.



...........................................

For once, the Trillionaire Elon Musk posts a meaningful X post that Solar electricity will become by far the biggest source of power for civilization ...what a truth in post!

.......................................

Recently, the Canadian government ministers Maninder Singh Sidhu and Anita Anand responsible for Trade and Investment and Foreign Affairs respectively, met with their Indian counterparts Piyush Goyal and Dr S.Jaishanker. They discussed a wide range of opportunities in complementary economic sectors and bilateral relations. These are positive developments after the disturbing and terrible incidents of 2023 involving assassination of H S Nijjar, threats to some others and the publications of 5 Is intelligence reports. In the best interests of our communities in Canada and the bilateral Indo-Canadian relations, the issues should be thoroughly investigated, those responsible should be brought to justice and a positive closure should be arrived at for a better and productive future.


* * * * * * *

# ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਨਹੀਂ, ਸਗਲ ਸ੍ਰਿਸ਼ਟ ਦੀ ਚਾਦਰ ਹਨ
# ਗੁਰੂ ਤੇਗ ਬਹਾਦਰ ਸਾਹਿਬ ਨੇ ਬਲੀਦਾਨ ਨਹੀਂ, ਸ਼ਹਾਦਤ ਦਿੱਤੀ ਸੀ

## ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੀਸਰੇ ਰਾਹ ਦਾ ਸਪੱਸ਼ਟ ਐਲਾਨਨਾਮਾ ਸੀ


ਸਿੱਖਾਂ ਦੇ ਵੱਡੇ ਹਿੱਸੇ ਦੀ ਮਾਨਸਿਕ ਨਸਲਕੁਸ਼ੀ ਕੀਤੀ ਜਾ ਚੁੱਕੀ ਹੈ, ਉਹ ਆਪਣੇ ਇਤਿਹਾਸ, ਆਪਣਾ ਨਿਆਰਾਪਣ, ਆਪਣੀ ਅੱਡਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਬਚਾਉਣ ਲਈ ਆਪਣੇ ਭਵਿੱਖ ਬਾਰੇ ਬਿਲਕੁੱਲ ਚਿੰਤਤ ਨਹੀਂ ਹਨ । ਮਿਲਾਨ ਕੁੰਦਰਾ ਲਿਖਦੇ ਹਨ ਇਕ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਕੌਮ ਨੂੰ ਨਸ਼ਟ ਕਰਨ ਵਿੱਚ ਪਹਿਲਾ ਕਦਮ ਉਸ ਦੀ ਯਾਦਾਸ਼ਤ ਨੂੰ ਮੇਟ ਦੇਣਾ ਹੁੰਦਾ ਹੈ । ਉਸ ਦੀਆਂ ਕਿਤਾਬਾਂ, ਉਸ ਦੇ ਸੱਭਿਆਚਾਰ ਅਤੇ ਉਸ ਦੇ ਇਤਿਹਾਸ ਨੂੰ ਤਬਾਹ ਕਰ ਦੇਵੋ । ਫਿਰ ਕਿਸੇ ਕੋਲੋਂ ਨਵੀਆਂ ਕਿਤਾਬਾਂ ਲਿਖਵਾ ਲਵੋ, ਨਵਾਂ ਸੱਭਿਆਚਾਰ ਘੜ ਲਵੋ, ਇਕ ਨਵਾਂ ਇਤਿਹਾਸ ਰੱਚ ਲਵੋ । ਕੁਝ ਚਿਰ ਬਾਅਦ ਉਹ ਕੌਮ ਆਪੇ ਇਹ ਗੱਲ ਭੁੱਲ ਜਾਵੇਗੀ ਕਿ ਉਹ ਕੀ ਹੈ ਤੇ ਕੀ ਸੀ॥। ਮਨੁੱਖ ਦੀ ਸੱਤਾ ਦੇ ਖਿਲਾਫ਼ ਜੱਦੋ-ਜਹਿਦ ਭੁੱਲ-ਭੁਲਾ ਜਾਣ ਦੇ ਖਿਲਾਫ਼ ਯਾਦ ਰੱਖਣ ਦੀ ਜੱਦੋ-ਜਹਿਦ ਹੈ । ਹਰ ਸਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਇਹੀ ਪ੍ਰਚਾਰਿਆ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਪਾਸ ਅਨੰਦਪੁਰ ਵਿਖੇ ਕਸ਼ਮੀਰੀ ਬ੍ਰਾਹਮਣ ਫਰਿਆਦ ਲੈ ਕੇ ਆਏ ਕਿ ਤਤਕਾਲੀ ਮੁਲਕ ਦਾ ਬਾਦਸ਼ਾਹ ਔਰੰਗਜ਼ੇਬ ਉਨ੍ਹਾਂ ਦਾ ਜਬਰਦਸਤੀ ਧਰਮ ਬਦਲਣਾ ਚਾਹੁੰਦਾ ਹੈ, ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦੇ ਕੇ ਹਿੰਦੂਆਂ ਦਾ ਧਰਮ ਬਚਾਇਆ, ਇਸ ਕਰਕੇ ਉਹ ਹਿੰਦ ਦੀ ਚਾਦਰ ਹਨ ।

ਹੱਥਲੇ ਲੇਖ ਵਿੱਚ ਅਸੀਂ ਵੱਖ-ਵੱਖ ਸਰੋਤਾਂ ਦੇ ਆਧਾਰ 'ਤੇ ਇਹ ਸਪੱਸ਼ਟ ਕਰਾਂਗੇ ਕਿ (1) ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਨਹੀਂ ਸਗਲ ਸ੍ਰਿਸ਼ਟ ਦੀ ਚਾਦਰ ਹਨ (2) ਗੁਰੂ ਤੇਗ ਬਹਾਦਰ ਸਾਹਿਬ ਨੇ ਬਲੀਦਾਨ ਨਹੀਂ, ਸ਼ਹਾਦਤ ਦਿੱਤੀ ਸੀ (3) ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੀਸਰੇ ਰਾਹ ਦਾ ਸਪੱਸ਼ਟ ਐਲਾਨ ਸੀ (4) ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵਿੱਚੋਂ ਪ੍ਰਗਟ ਹੋਇਆ, ਖ਼ਾਲਸਾ (5) ਸਿੱਖ ਇਤਿਹਾਸਕਾਰਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਵਿਆਖਿਆ ਕਿਵੇਂ ਕੀਤੀ ਹੈ । ਸ੍ਰੀ ਗੁਰ ਸੋਭਾ ਦਾ ਲਿਖਾਰੀ ਕਵੀ ਸੈਨਾਪਤਿ ਜੋ ਅੰਮ੍ਰਿਤ ਛੱਕ ਕੇ ਸੈਣਾ ਸਿੰਘ ਸਜਿਆ, ਗੁਰੂ ਗੋਬਿੰਦ ਸਿੰਘ ਦਾ ਸਮਕਾਲੀ ਕਵੀ ਹੈ । ਕਵੀ ਸੈਨਾਪਤਿ ਨੇ ਸ੍ਰੀ ਗੁਰ ਸੋਭਾ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਤਿੰਨ ਸਾਲ ਮਗਰੋਂ ਹੀ 1711 ਈ: ਵਿੱਚ ਕੀਤੀ। ਕਵੀ ਸੈਨਾਪਤਿ ਸ੍ਰੀ ਗੁਰ ਸੋਭਾ ਦੇ ਪੰਨਾ 65 ਉੱਤੇ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਗਲ ਸ੍ਰਿਸ਼ਟੀ ਦੀ ਚਾਦਰ ਦੱਸਦਾ ਹੈ, ਉਥੇ ਤਿਲਕ-ਜਨੇਊ ਅਤੇ ਸਿੱਖ ਧਰਮ ਦੇ ਨਾਲ-ਨਾਲ ਸਰਬ ਧਰਮ ਬਚਾਉਣ ਦੀ ਵੀ ਗਵਾਹੀ ਦਿੰਦਾ ਹੈ, ਅਰਥਾਤ :



ਪ੍ਰਗਟ ਭਏ ਗੁਰ ਤੇਗ ਬਹਾਦਰ ।
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ ।
ਸਗਲ ਸ੍ਰਿਸ਼ਟਿ ਜਾ ਕਾ ਜਸ ਭਯੋ ।
ਜਿਹ ਤੇ ਸਰਬ ਧਰਮ ਬੰਚਯੋ ।
ਤੀਨ ਲੋਕ ਮੈ ਜੈ ਜੈ ਭਈ ।
ਸਤਿਗੁਰ ਪੈਜ ਰਾਖਿ ਇਮ ਲਈ ।
ਤਿਲਕ ਜਨੇਊ ਅਰਿ ਧਰਮ ਸਾਲਾ (ਸਿੱਖ ਧਰਮ)। ਅਟਲ ਕਰੀ ਗੁਰ ਭਏ ਦਿਆਲਾ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਵੱਖ-ਵੱਖ ਸਰੋਤਾਂ ਵਿੱਚ ਸਿੱਖ ਇਤਿਹਾਸਕਾਰਾਂ ਨੇ ਵਿਆਖਿਆ ਕਿਵੇਂ ਕੀਤੀ ਹੈ, ਦਾਸ ਉਨ੍ਹਾਂ ਵਿੱਚੋਂ ਕੁਝ ਹਵਾਲੇ ਪਾਠਕਾਂ ਨਾਲ ਸਾਂਝੇ ਕਰੇਗਾ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਿੰਸੀਪਲ ਤੇਜਾ ਸਿੰਘ ਤੇ ਡਾ: ਗੰਡਾ ਸਿੰਘ ਵੱਲੋਂ ਛਪੀ ਸਿੱਖ ਇਤਿਹਾਸ (1469-1765) ਦੀ ਪੁਸਤਕ ਦੇ ਪੰਨਾ 59-60-61 ਦਾ ਸਾਰ ਅੰਸ਼ ਹੇਠ ਲਿਖੇ ਅਨੁਸਾਰ ਹੈ । ਔਰੰਗਜ਼ੇਬ ਸਿੱਖਾਂ ਨੂੰ ਇਕ ਕੌਮ ਵਜੋਂ ਵੱਧਣ ਫੁੱਲਣ ਤੋਂ ਰੋਕਣਾ ਚਾਹੁੰਦਾ ਸੀ । ਅਜਿਹੀ ਨੀਤੀ ਉਸ ਦੇ ਬਾਬੇ ਜਹਾਂਗੀਰ ਨੇ ਸ਼ੁਰੂ ਕਰ ਦਿੱਤੀ ਹੋਈ ਸੀ । ਔਰੰਗਜ਼ੇਬ ਨੇ ਸੱਤਵੇਂ ਗੁਰੂ ਹਰਿ ਸਾਹਿਬ ਨੂੰ ਆਪਣੇ ਪਾਸ ਦਿੱਲੀ ਪੁੱਜਣ ਲਈ ਹੁਕਮ ਭੇਜਿਆ, ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਦਿੱਲੀ ਸੱਦਿਆ ਤੇ ਨੌਵੇਂ ਗੁਰੂ ਸਾਹਿਬ ਨੂੰ 1665 ਵਿੱਚ ਦਿੱਲੀ ਬੁਲਾਇਆ (ਨੋਟ-ਗੁਰੂ ਸਾਹਿਬ ਦੀ ਸ਼ਹਾਦਤ 1675 ਈ: ਨੂੰ ਹੋਈ, 1665 ਤੋਂ 1675 ਤੱਕ ਵਾਪਰੀਆਂ ਘਟਨਾਵਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਔਰੰਗਜ਼ੇਬ ਸਿੱਖਾਂ ਨੂੰ ਇਕ ਕੌਮ ਵਜੋਂ ਵੱਧਣ ਫੁੱਲਣ ਤੋਂ ਰੋਕਣਾ ਚਾਹੁੰਦਾ ਸੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਮੁੱਖ ਕਾਰਨ ਵੀ ਇਹੀ ਸੀ) ਜੇ ਸੱਤਵੇਂ ਤੇ ਅੱਠਵੇਂ ਗੁਰੂ ਸਾਹਿਬਾਨ ਦੇਰ ਤੱਕ ਜੀਊਂਦੇ ਰਹਿੰਦੇ ਤਾਂ ਪਤਾ ਨਹੀਂ ਔਰੰਗਜ਼ੇਬ ਹੱਥੋਂ ਉਨ੍ਹਾਂ ਨਾਲ ਕੀ ਵਾਪਰਦੀ। (ਨੋਟ-ਜਹਾਂਗੀਰ ਤੋਂ ਲੈ ਕੇ ਔਰੰਗਜ਼ੇਬ ਤੱਕ ਬਾਬੇ ਕੇ ਤੇ ਬਾਬਰਕਿਆਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਜੰਗ ਜਾਰੀ ਰਹੀ । ਔਰੰਗਜ਼ੇਬ ਨੇ ਗੁਰੂ ਹਰਿ ਰਾਏ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਤਿੰਨ ਹਮਲੇ ਕੀਤੇ, ਪਰ ਕਾਮਯਾਬ ਨਹੀਂ ਹੋਇਆ, ਪੂਰਾ ਵਿਸਥਾਰ ਜਾਨਣ ਲਈ ਪੜ੍ਹੋ ਗੁਰੂ ਹਰਿ ਰਾਏ ਸਾਹਿਬ ਦੀ ਜੀਵਨੀ ਲੇਖਕ ਪ੍ਰਿੰ: ਸਤਿਬੀਰ ਸਿੰਘ ਪੰਨਾ 112-113) ਪ੍ਰਿੰ: ਤੇਜਾ ਸਿੰਘ ਤੇ ਡਾ: ਗੰਡਾ ਸਿੰਘ ਜੀ ਲਿਖਦੇ ਹਨ : ਗੁਰੂ ਤੇਗ ਬਹਾਦਰ ਜੀ ਆਪਣੇ ਸਰੀਰ ਨੂੰ ਤਾਂ ਮਿਟਾ ਗਏ ਪਰ ਉਨ੍ਹਾਂ ਨੇ ਸਿੱਖਾਂ ਦਾ ਬਿਖੜਾ ਰਾਹ ਰੁਸ਼ਨਾ ਦਿੱਤਾ । ਅਜਿਹੀਆਂ ਸ਼ਹੀਦੀਆਂ ਦੇ ਰੂਬਰੂ ਖੜੋ ਕੇ ਹੀ ਕੌਮਾਂ ਆਪਣੀਆਂ ਹੋਣੀਆਂ ਪਲਟਾਉਣ ਲਈ ਫੈਸਲੇ ਕਰਦੀਆਂ ਹਨ । ਇਸ ਸ਼ਹੀਦੀ ਤੋਂ ਅਗਲਾ ਸਿੱਖ ਇਤਿਹਾਸ ਉਨ੍ਹਾਂ ਫੈਸਲਿਆਂ ਨੂੰ ਚੰਗੀ ਤਰ੍ਹਾਂ ਨਿਰੂਪਣ ਕਰਦਾ ਹੈ ।

ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਛਪੇ ਪੰਜਾਬ ਦਾ ਇਤਿਹਾਸ, ਗੁਰੂ ਕਾਲ 1469 ਤੋਂ 1708 ਤੱਕ ਦੀ ਜਿਲਦ ਪੰਜਵੀਂ ਦੇ ਪੰਨਾ 152 ਉੱਤੇ ਡਾ: ਸੁਖਦਿਆਲ ਸਿੰਘ ਜੀ ਲਿਖਦੇ ਹਨ : ਗੁਰੂ ਤੇਗ ਬਹਾਦਰ ਜੀ ਸਿੱਖ ਰਾਸ਼ਟਰ ਦੇ ਨੌਵੇਂ ਗੁਰੂ ਸਨ । ਇਨ੍ਹਾਂ ਦਾ ਸਮਾਂ 1664 ਈ: ਤੋਂ ਲੈ ਕੇ 1675 ਈ: ਤੱਕ ਦਾ ਸੀ। ਆਪ ਜੀ ਦੇ ਸਮੇਂ ਤੱਕ ਸਿੱਖ ਧਰਮ ਆਪਣਾ ਅੱਠ ਪੀੜੀਆਂ ਦਾ ਵਿਕਾਸ ਤਹਿ ਕਰ ਚੁੱਕਿਆ ਸੀ । ਪਿੱਠ ਭੂਮੀ ਦੇ ਤੌਰ 'ਤੇ ਸਿੱਖ ਰਾਸ਼ਟਰ ਦੇ ਪਾਸ ਆਪਣਾ ਧਾਰਮਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਇਕ ਕੇਂਦਰੀ ਧਾਰਮਿਕ ਅਸਥਾਨ (ਸ੍ਰੀ ਦਰਬਾਰ ਸਾਹਿਬ) ਅਤੇ ਸਿੱਖ ਰਾਸ਼ਟਰ ਦੇ ਆਤਮ ਨਿਰਣੇ ਦਾ ਪ੍ਰਤੀਕ (ਸ੍ਰੀ ਅਕਾਲ ਤਖ਼ਤ ਸਾਹਿਬ) ਆਦਿ ਪ੍ਰਮੁੱਖ ਸੰਸਥਾਵਾਂ ਸਥਾਪਤ ਹੋ ਚੁੱਕੀਆਂ ਸਨ॥॥। ਭਾਵੇਂ ਗੁਰੂ ਜੀ ਦੀ ਰਿਹਾਇਸ਼ ਦਾ ਕੇਂਦਰ ਇਕ ਹਿੰਦੂ ਰਿਆਸਤ (ਬਿਲਾਸਪੁਰ) ਵਿੱਚ ਸੀ ਪਰ ਸਾਰਾ ਪੰਜਾਬ, ਜਿਥੇ ਕਿ ਸਿੱਖ ਰਾਸ਼ਟਰ ਵਿਕਸਤ ਹੋ ਰਿਹਾ ਸੀ, ਮੁਗਲ ਸਾਮਰਾਜ ਵਿੱਚ ਸੀ ਇਸ ਕਰਕੇ ਗੁਰੂ ਜੀ ਦਾ ਮੁਗਲ ਸਾਮਰਾਜ ਨਾਲ ਸਿੱਧਾ ਟਕਰਾਅ ਸੀ (ਨੋਟ-ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਇਹ ਵੀ ਇਕ ਕਾਰਨ ਸੀ)

ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਚੌਥੇ ਸੰਸਕਰਣ (1974) ਦੇ ਪੰਨਾ 600 ਉੱਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਿੱਖ ਕੌਮ ਦੇ ਨੌਵੇਂ ਬਾਦਸ਼ਾਹ ਵਜੋਂ ਸੰਬੋਧਨ ਕੀਤਾ ਹੈ । ਗੁਰੂ ਸਾਹਿਬ ਨੂੰ (ਜੂਨ 1670) ਨੂੰ ਦੁਬਾਰਾ ਗ੍ਰਿਫਤਾਰ ਕਰ ਲੈਣ ਤੋਂ ਇਹ ਸਿੱਧ ਹੁੰਦਾ ਹੈ ਕਿ ਔਰੰਗਜ਼ੇਬ ਉਨ੍ਹਾਂ ਨੂੰ ਪੰਜਾਬ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਇਜਾਜ਼ਤ ਨਹੀਂ ਸੀ ਦੇਣੀ ਚਾਹੁੰਦਾ ।

ਗੁਰੂ ਸਾਹਿਬ ਦੀ ਮਾਲਵਾ ਤੇ ਬਾਂਗਰ ਦੇ ਇਲ-ਾਕੇ ਦੀ ਯਾਤਰਾ ਸਮੇਂ ਉਨ੍ਹਾਂ ਦੇ ਬਹੁਤ ਸਾਰੇ ਅਨੁਯਾਈ ਬਣ ਜਾਣ ਦੀ ਗਵਾਹੀ ਸਿੱਖ ਸਰੋਤਾਂ ਵਿੱਚੋਂ ਮਿਲਦੀ ਹੈ । ਮੁਗਲ ਸਰਕਾਰ ਨੂੰ ਬਹੁਤ ਸਾਰੇ ਪੈਰੋਕਾਰਾਂ ਦੇ ਇਕੱਠੇ ਹੋ ਰਹੇ ਜਾਣ ਕਾਰਨ ਰਾਜਨੀਤਿਕ ਗੜਬੜ ਦਾ ਖ਼ਤਰਾ ਭਾਸਦਾ ਸੀ । ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਚਾਰ ਦਾ ਸੰਬੰਧ

**ਗੁਰੂ ਤੇਗ ਬਹਾਦਰ ਨੇ ਬਲੀਦਾਨ ਨਹੀਂ ਦਿੱਤਾ ਸ਼ਹਾਦਤ ਦਿੱਤੀ ਅਤੇ ਉਨ੍ਹਾਂ ਦੀ ਸ਼ਹਾਦਤ ਵਿੱਚੋਂ ਪ੍ਰਗਟ ਹੋਇਆ ਖ਼ਾਲਸਾ । ਖ਼ਾਲਸਾ ਦੇ ਨਿਰਾਲੇ ਚੋਜ ਨਿਰ ਭਉ, ਨਿਰਵੈਰ ਆਪਾ ਵਾਰੂ ਪ੍ਰਵਿਰਤੀ ਨੇ ਸਦੀਆਂ ਦੇ ਦੱਬੇ ਕੁਚਲੇ ਲੋਕਾਂ ਦੇ ਕਪਾਟ ਖੋਲ੍ਹ ਦਿੱਤੇ । ਉਹ ਹਰ ਕਿਸਮ ਦੇ ਭੈਅ ਨੂੰ ਵਿਸਾਰ ਕੇ, ਲੋਹੜੇ ਦਾ ਆਤਮ ਵਿਸ਼ਵਾਸ਼ ਲੈ ਕੇ ਸਵਾ ਸਵਾ ਲੱਖ ਨਾਲ ਜੂਝਣ ਦੇ ਜਜ਼ਬੇ ਅਧੀਨ ਵੱਡੇ ਵੱਡੇ ਜਰਵਾਣਿਆਂ ਨਾਲ ਦੋ ਦੋ ਹੱਥ ਕਰਨ ਲੱਗ ਪਏ । ਪਲਾਂ ਪਲਾਂ ਵਿੱਚ ਹਜ਼ਾਰਾਂ ਲੋਕ ਸਾਹਿਬਾਂ ਦਾ ਅੰਮ੍ਰਿਤ ਛੱਕ ਕੇ ਬਾਜਾਂ ਉੱਤੇ ਭਾਰੂ ਚਿੜੀਆਂ ਬਣਨ ਲੱਗੇ । ਮਨੁੱਖੀ ਜਮੀਰ ਨੇ ਅਜਿਹੀ ਕਰਵਟ ਲਈ ਕਿ ਹੰਨੇ ਹੰਨੇ ਮੀਰ ਪੈਦਾ ਹੋ ਗਏ।**

ਸਾਰੀ ਗੈਰ-ਮੁਸਲਿਮ ਪਰਜਾ ਦੀ ਧਾਰਮਿਕ ਅਜ਼ਾਦੀ ਤੇ ਮਾਨਵੀ ਅਧਿਕਾਰਾਂ ਨਾਲ ਜੁੜਿਆ ਹੋਇਆ ਸੀ । ਗੁਰੂ ਸਾਹਿਬ ਦਾ ਪ੍ਰਚਾਰ ਜਮੀਰ ਦੀ ਅਜ਼ਾਦੀ ਦੇ ਅਧਿਕਾਰ ਨੂੰ ਬਰਕਰਾਰ ਰੱਖਣ ਤੇ ਰਾਜ-ਸੱਤਾ ਨੂੰ ਇਸ ਦੇ ਵਿੱਚ ਕਿਸੇ ਪ੍ਰਕਾਰ ਦੀ ਵੀ ਦਖਲ-ਅੰਦਾਜ਼ੀ ਨੂੰ ਰੋਕਣ ਦੇ ਦ੍ਰਿੜ ਸੰਕਲਪ ਨੂੰ ਪ੍ਰਤਿਪਾਦਤ ਕਰਦਾ ਸੀ (ਹਵਾਲਾ-ਸ੍ਰੀ ਗੁਰੂ ਤੇਗ ਬਹਾਦਰ, ਜੀਵਨ ਯਾਤਰਾਵਾਂ ਅਤੇ ਸ਼ਹਾਦਤ, ਸੰਪਾਦਕ ਡਾ: ਦਿਲਜੀਤ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ)

ਮੁਗਲ ਬਾਦਸ਼ਾਹ ਔਰੰਗਜ਼ੇਬ ਅਧੀਨ ਮੁਗਲ ਸਰਕਾਰ ਨੇ ਗੈਰ-ਮੁਸਲਮਾਨਾਂ ਪ੍ਰਤੀ ਧਾਰਮਿਕ ਤੌਰ ਤੇ ਅਸਹਿਣਸ਼ੀਲ ਤੇ ਪੱਖਪਾਤੀ ਨੀਤੀ ਅਪਣਾਈ ਹੋਈ ਸੀ । ਬਾਦਸ਼ਾਹ ਦੇ ਹੁਕਮਾਂ ਅਨੁਸਾਰ ਹਿੰਦ ਦੇ ਕਈ ਹਿੱਸਿਆਂ ਵਿੱਚ ਗੈਰ-ਮੁਸਲਿਮ ਪਰਜਾ ਦੇ ਧਰਮ-ਅਸਥਾਨ ਢਹਿ ਢੇਰੀ ਕਰ ਦਿੱਤੇ ਸਨ । ਉਨ੍ਹਾਂ ਦੀਆਂ ਪਾਠਸ਼ਾਲਾਵਾਂ ਵਿੱਚ ਧਰਮ-ਗ੍ਰੰਥ ਪੜ੍ਹਾਉਣ ਉਤੇ ਪਾਬੰਦੀਆਂ ਲਗਾ ਦਿੱਤੀਆਂ ਸਨ । ਧਾਰਮਿਕ ਤਿਉਹਾਰ ਖੁੱਲ੍ਹੇਆਮ ਭਾਵ ਜਨਤਕ ਪੱਧਰ ਉੱਤੇ ਮਨਾਉਣ ਲਈ ਰੋਕਾਂ ਲਾ ਦਿੱਤੀਆਂ ਸਨ । ਇਕ ਕਿਸਮ ਨਾਲ ਗੈਰ-ਮੁਸਲਮਾਨਾਂ ਦੀ ਧਾਰਮਿਕ ਅਜ਼ਾਦੀ ਉੱਤੇ ਪੂਰਨ ਪਾਬੰਦੀ ਲਗਾ ਦਿੱਤੀ ਸੀ । ਔਰੰਗਜ਼ੇਬ ਦਾਰਾਉਲ ਹਰਬ (ਕਾਫਰਾਂ ਦੀ ਧਰਤੀ) ਨੂੰ ਦਾਰਾ-ਉਲ ਇਸਲਾਮ (ਮੋਮਨਾ ਦੀ ਧਰਤੀ) ਬਣਾਉਣਾ ਚਾਹੁੰਦਾ ਸੀ । ਬਾਦਸ਼ਾਹ ਔਰੰਗਜ਼ੇਬ ਦੇ ਤੁਅੱਸਬੀ, ਅਸਹਿਣਸ਼ੀਲਤਾ ਤੇ ਪੱਖ-ਪਾਤੀ ਵਿਹਾਰ ਨੇ ਸਿੱਖ ਪੰਥ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਸੀ । ਨਤੀਜੇ ਵਜੋਂ ਸਿੱਖ ਧਰਮ ਦੇ ਪ੍ਰਚਾਰਕਾਂ ਨੂੰ ਮੁਲਕ ਦੇ ਨਗਰਾਂ ਤੇ ਸ਼ਹਿਰਾਂ ਵਿੱਚੋਂ ਖਦੇੜ ਦਿੱਤਾ ਗਿਆ ਸੀ । ਇਕ ਕਿਸਮ ਨਾਲ ਔਰੰਗਜ਼ੇਬ ਨੇ ਸਿੱਖ ਧਰਮ ਦੇ ਪ੍ਰਚਾਰ ਉੱਤੇ ਵੀ ਪਾਬੰਦੀ ਲਗਾ ਦਿੱਤੀ, ਕਿਉਂਕਿ ਹਰ ਇਕ ਗੈਰ-ਇਸਲਾਮੀ ਧਰਮ ਦੇ ਲੋਕਾਂ ਨੂੰ ਕਾਫਰ ਹੀ ਸਮਝਦਾ ਸੀ ।

ਬਾਕੀ ਹਿਸਾ ਸਫਾ 28 ਤੇ ਪੜ੍ਹੋ

## 27 ਸਫ਼ੇ ਦੀ ਬਾਕੀ

1675 ਈ: ਨੂੰ ਵੈਸਾਖੀ ਵਾਲੇ ਦਿਨ ਸਿੱਖਾਂ ਦਾ ਬੇ-ਸ਼ੁਮਾਰ ਗਿਣਤੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਆਦੇਸ਼ ਉਪਦੇਸ਼ ਸੁਣਨ ਲਈ ਅਨੰਦਪੁਰ ਆਉਣਾ ਅਤੇ ਸਿੱਖਾਂ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਸੱਚਾ ਪਾਤਸ਼ਾਹ ਦੇ ਲਕਬ ਨਾਲ ਸੰਬੋਧਨ ਕਰਨ ਨੂੰ ਵੀ ਮੁਗਲ ਹਕੂਮਤ ਰਾਜਨੀਤੀ ਤੋਂ ਪ੍ਰੇਰਿਤ ਅਤੇ ਬਗਾਵਤ ਦੇ ਨਜ਼ਰੀਏ ਤੋਂ ਦੇਖਦੀ ਸੀ ।(ਹਵਾਲਾ-ਗੁਰੂ ਤੇਗ ਬਹਾਦਰ, ਵਿਰਸਾ ਤੇ ਵਿਰਾਸਤ, ਲੇਖਕ ਪ੍ਰੋ: (ਡਾਕਟਰ) ਬਲਵੰਤ ਸਿੰਘ ਢਿੱਲੋਂ, ਪ੍ਰਕਾਸ਼ਨ ਸਿੰਘ ਬਰਦਰਜ਼)

ਤੇ ਅੰਤ ਵਿੱਚ ਪ੍ਰੋ: ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ ਦੀ ਤੀਸਰੀ ਐਡੀਸ਼ਨ (2004) ਦੇ ਪੰਨਾ 227 ਉੱਤੇ ਲਿਖਦੇ ਹਨ : ਪੂਰਬ ਸਰ ਹੋ ਗਿਆ ਗੁਰੂ ਜੀ ਆਪਣੇ ਪਰਿਵਾਰ ਨਾਲ ਅਨੰਦਪੁਰ ਵਾਪਿਸ ਆ ਗਏ, ਕੁਝ ਦੇਰ ਮਾਲਵੇ ਵਿੱਚ ਘੁੰਮੇ ਅਤੇ ਏਧਰ ਅਨੰਦਪੁਰ ਦੀਆਂ ਰੌਣਕਾਂ ਦਿਨੋ ਦਿਨ ਵੱਧਣ ਲੱਗੀਆਂ । ਇਕ ਦਿਨ ਉਥੇ ਕਸ਼ਮੀਰ ਤੋਂ ਕੁਝ ਪੰਡਤ ਆਏ, ਜਿਨ੍ਹਾਂ ਦੇ ਦਿਲ ਉਦਾਸੀ ਨਾਲ ਭਰੇ ਹੋਏ ਸਨ । ਕਿਸੇ ਆਸਰੇ ਨੂੰ ਟੋਲਦੇ ਟੋਲਦੇ ਗੁਰੂ ਤੇਗ ਬਹਾਦਰ ਦੇ ਦਰਬਾਰ ਵਿੱਚ ਪਹੁੰਚ ਗਏ । ਉਨ੍ਹਾਂ ਨੇ ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਫ਼ਰਿਆਦ ਕੀਤੀ। ਹਜ਼ੂਰ ਨੇ ਫ਼ਰਿਆਦ ਸੁਣੀ ਅਤੇ ਉਹ ਕਿਸੇ ਗਹਿਰ, ਗੰਭੀਰ, ਉਦਾਸੀ ਨਾਲ ਭਰ ਗਏ । ਉਸ ਵੇਲੇ ਨੌਂ ਸਾਲ ਦੇ ਗੋਬਿੰਦ ਸਿੰਘ (ਗੋਬਿੰਦ ਰਾਏ) ਨੇ ਆਪਣੇ ਪਿਤਾ ਨੂੰ ਆ ਵਿਖਾਲੀ ਦਿੱਤੀ ਅਤੇ ਉਨ੍ਹਾਂ ਦੀ ਉਦਾਸੀ ਦਾ ਕਾਰਨ ਪੁੱਛਿਆ, ਗੁਰੂ ਤੇਗ ਬਹਾਦਰ ਨੇ ਦੱਸਿਆ ਕਿ ਇਨਸਾਨ ਦੁਖੀ ਹੈ ਅਤੇ ਕਿਸੇ ਪੂਰਨ ਮਰਦ ਦੇ ਸ਼ਹੀਦ ਹੋਣ ਦਾ ਵਕਤ ਆ ਗਿਆ ਹੈ । ਗੁਰੂ ਗੋਬਿੰਦ ਸਿੰਘ (ਉਸ ਵੇਲੇ ਗੋਬਿੰਦ ਰਾਏ) ਨੇ ਹੈਰਾਨ ਹੋ ਕੇ ਪੁੱਛਿਆ ਆਪ ਤੋਂ ਬਿਨਾਂ ਪੂਰਨ ਮਰਦ ਕੌਣ ਹੈ? ਗੁਰੂ ਤੇਗ ਬਹਾਦਰ ਨੇ ਖੁਸ਼ੀ ਵਿੱਚ ਪੁੱਤਰ ਨੂੰ ਚੁੰਮਿਆ ਅਤੇ ਅਸੀਸ ਦਿੱਤੀ, ਤੇ ਪੰਡਤਾਂ ਨੂੰ ਚਿਰੰਜੀਵ ਧਰਵਾਸ ਦੇ ਕੇ ਵਾਪਸ ਭੇਜ ਦਿੱਤਾ । ਉਧਰ ਦੁਸ਼ਮਣ ਲੋਕਾਂ ਨੇ ਔਰੰਗਜ਼ੇਬ ਨੂੰ ਜਾ ਸਿਖਾਇਆ ਕਿ ਜੇ ਹਿੰਦੋਸਤਾਨ ਨੂੰ ਦਾਰੁਲ-ਇਸਲਾਮ ਵਿੱਚ ਬਦਲਣਾ ਹੈ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੋ। ਸ਼ਹਿਨਸ਼ਾਹ ਨੇ ਕੁਝ ਅਹਿਦੀਏ ਗੁਰੂ ਜੀ ਵੱਲ ਭੇਜੇ ਪਰ ਉਨ੍ਹਾਂ ਦੀ ਫਕੀਰੀ ਨੇ ਅਹਿਦੀਆਂ ਉੱਤੇ ਐਸਾ ਅਸਰ ਪਾਇਆ, ਕਿ ਉਹ ਕੇਵਲ ਗੁਰੂ ਜੀ ਤੋਂ ਦਿੱਲੀ ਆਉਣ ਦਾ ਇਕਰਾਰ ਲੈ ਕੇ ਵਾਪਸ ਚਲੇ ਗਏ । ਗੁਰੂ ਜੀ ਆਪਣੀਆਂ ਪਿਆਰੀਆਂ ਸੰਗਤਾਂ ਨੂੰ ਆਖਰੀ ਦਰਸ਼ਨ ਦੇਣ ਲਈ ਮਾਲਵੇ ਗਏ ਅਤੇ ਦੋ ਮਹੀਨਿਆਂ ਪਿੱਛੋਂ ਆਗਰੇ ਪਹੁੰਚ ਗਏ । ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾਲ ਸੰਬੰਧਿਤ ਉਪਰ ਕਥਾ ਨੂੰ ਧਿਆਨ ਵਿੱਚ ਰੱਖ ਕੇ ਅਣਜਾਣ ਇਤਿਹਾਸਕਾਰ ਅਕਸਰ ਇਹ ਆਖਦੇ ਹਨ, ਕਿ ਗੁਰੂ ਜੀ ਹਿੰਦੂ ਧਰਮ ਨੂੰ ਬਚਾਉਣ ਲਈ ਸ਼ਹੀਦ ਹੋਏ ਸਨ । ਅਸੀਂ ਇਸ ਕਥਨ ਨਾਲ ਸਹਿਮਤ ਨਹੀਂ, ਕਿਉਂਕਿ ਪਿਛਲੇ ਗੁਰੂ ਸਾਹਿਬ-ਾਨ ਦੇ ਜੀਵਨ, ਗੁਰੂ ਗ੍ਰੰਥ ਸਾਹਿਬ ਅਤੇ ਸਮੁੱਚੇ ਰੂਪ ਵਿੱਚ ਗੁਰੂ ਨਾਨਕ-ਸੱਚ ਇਸ ਗੱਲ ਦੀ ਪੁਸ਼ਟੀ ਨਹੀਂ ਕਰਦੇ । ਸਾਡੇ ਖਿਆਲ ਵਿੱਚ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਚਾਰ ਅਸਲੀਅਤਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ :

(1) ਉਨ੍ਹਾਂ ਰਾਹਾਂ ਨੂੰ ਬਚਾਉਣਾ ਜੋ ਕਿ ਪੂਰਨ ਸਨ। (ਤੀਸਰਾ ਰਾਹ, ਤੀਸਰਾ ਪੰਥ)

(2) ਔਰੰਗਜ਼ੇਬ ਜਿਸ ਇਸਲਾਮੀ ਜਨੂੰਨ ਦਾ ਪੁਜਾਰੀ ਸੀ, ਉਸ ਨਾਲ ਆਖਰੀ ਮਰਦ ਦੇ ਸੁਪਨੇ ਨੂੰ ਜਰਬ ਪਹੁੰਚਦੀ ਸੀ : ਸੋ ਗੁਰੂ ਜੀ ਨੇ ਇਸ ਨੂੰ ਰੋਕਣਾ ਸੀ ।

(3) ਤੀਸਰੇ ਰਾਹ ਦਾ ਸਪੱਸ਼ਟ ਐਲਾਨ ਕਰਨਾ।


(4) ਸਿੱਖ ਸ਼ਹੀਦੀ ਨੂੰ ਨਵੇਂ ਅਰਥਾਂ ਨਾਲ ਭਰਪੂਰ ਕਰਨਾ ਅਤੇ ਮੌਤ ਦੇ ਅਧਿਆਤਮਕ ਸਰੂਪ ਵਿੱਚ ਇਕ ਨਵੀਂ ਤਾਸੀਰ ਪੈਦਾ ਕਰਨੀ।

ਪ੍ਰੋ: ਹਰਿੰਦਰ ਸਿੰਘ ਮਹਿਬੂਬ ਤੀਸਰੀ ਐਡੀਸ਼ਨ ਦੇ ਹੀ ਪੰਨਾ 614 ਉੱਤੇ ਲਿਖਦੇ ਹਨ : ਖ਼ਾਲਸਾ ਗੁਰੂ ਨਾਨਕ ਸਾਹਿਬ ਦੇ ਖਿਆਲ ਵਿੱਚ ਮੌਜੂਦ ਸੀ ਅਤੇ ਪੰਨਾ 356 ਉੱਤੇ ਲਿਖਦੇ ਹਨ ਗੋਬਿੰਦ ਸਿੰਘ ਨਾਨਕ ਦਾ ਹੀ ਆਖਰੀ ਨਾਮ ਹੈ । ਗੁਰੂ ਤੇਗ ਬਹਾਦਰ ਨੇ ਬਲੀਦਾਨ ਨਹੀਂ ਦਿੱਤਾ ਸ਼ਹਾਦਤ ਦਿੱਤੀ ਅਤੇ ਉਨ੍ਹਾਂ ਦੀ ਸ਼ਹਾਦਤ ਵਿੱਚੋਂ ਪ੍ਰਗਟ ਹੋਇਆ ਖ਼ਾਲਸਾ । ਖ਼ਾਲਸਾ ਦੇ ਨਿਰਾਲੇ ਚੋਜ ਨਿਰ ਭਉ, ਨਿਰਵੈਰ ਆਪਾ ਵਾਰੂ ਪ੍ਰਵਿਰਤੀ ਨੇ ਸਦੀਆਂ ਦੇ ਦੱਬੇ ਕੁਚਲੇ ਲੋਕਾਂ ਦੇ ਕਪਾਟ ਖੋਲ੍ਹ ਦਿੱਤੇ । ਉਹ ਹਰ ਕਿਸਮ ਦੇ ਭੈਅ ਨੂੰ ਵਿਸਾਰ ਕੇ, ਲੋਹੜੇ ਦਾ ਆਤਮ ਵਿਸ਼ਵਾਸ਼ ਲੈ ਕੇ ਸਵਾ ਸਵਾ ਲੱਖ ਨਾਲ ਜੂਝਣ ਦੇ ਜਜ਼ਬੇ ਅਧੀਨ ਵੱਡੇ ਵੱਡੇ ਜਰਵਾਣਿਆਂ ਨਾਲ ਦੋ ਦੋ ਹੱਥ ਕਰਨ ਲੱਗ ਪਏ । ਪਲਾਂ ਪਲਾਂ ਵਿੱਚ ਹਜ਼ਾਰਾਂ ਲੋਕ ਸਾਹਿਬਾਂ ਦਾ ਅੰਮ੍ਰਿਤ ਛੱਕ ਕੇ ਬਾਜਾਂ ਉੱਤੇ ਭਾਰੂ ਚਿੜੀਆਂ ਬਣਨ ਲੱਗੇ । ਮਨੁੱਖੀ ਜਮੀਰ ਨੇ ਅਜਿਹੀ ਕਰਵਟ ਲਈ ਕਿ ਹੰਨੇ ਹੰਨੇ ਮੀਰ ਪੈਦਾ ਹੋ ਗਏ। ਸਭ ਜਾਲਮ ਮੈਦਾਨੋ ਨਿਖੇੜ ਦਿੱਤੇ ਗਏ ਅਤੇ ਸਹੀ ਮਾਅਨਿਆਂ ਵਿੱਚ ਏਥੇ ਪਹਿਲਾ ਲੋਕ-ਰਾਜ (ਬੰਦਾ ਸਿੰਘ ਬਹਾਦਰ ਨੇ ਨਾਨਕਸ਼ਾਹੀ ਸਿੱਕਾ ਚਲਾ ਕੇ ਖ਼ਾਲਸਾ ਰਾਜ ਸਥਾਪਤ ਕੀਤਾ) ਸਥਾਪਤ ਹੋਇਆ । ਇਹ ਕ੍ਰਿਸ਼ਮਾ ਸੀ ਜੋ ਕਿਸੇ ਦੁਨਿਆਵੀ ਅੱਖ ਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ (ਹਵਾਲਾ-ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ, ਲੇਖਕ-ਸ: ਗੁਰਤੇਜ ਸਿੰਘ) ਆਸ ਕਰਦਾ ਹਾਂ ਪਾਠਕ ਜਨ ਇਹ ਪੜ੍ਹਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੇ ਅਸਲ ਕਾਰਨ ਜਾਣ ਲੈਣਗੇ ।

# ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ

## ਪਾਠਕਾਂ ਦੇ ਪੱਤਰ

ਜਦੋਂ ਭੀ ਇਹ ਗੱਲ ਹੁੰਦੀ ਹੈ ਝੱਟ ਆਖ ਦਿੰਦੇ ਹਾਂ ਕਿ ਸਰਕਾਰ ਦਾ ਕਸੂਰ ਹੈ, ਇਹ ਜਵਾਬ ਜ਼ਿਆਦਾ ਆ ਰਿਹਾ ਹੈ। ਚਲੋ ਜਿਤਨੀ ਸਰਕਾਰ ਕਸੂਰਵਾਰ ਹੈ ਉਤਨੀ ਹੀ ਆਮ ਪਬਲਿਕ। ਗੱਲ ਕਰੀਏ 50 ਸਾਲ ਪਹਿਲਾਂ ਦੀ ਉਸ ਤੋਂ ਸ਼ੁਰੂ ਕਰਦੇ ਹਾਂ। ਪੁਲਸ ਡਿਪਾਰਟਮੈਂਟ ਵਿੱਚ ਸਿਰਫ਼ ਪੰਜਾਬ ਦਾ ਇਕ ਆਈ.ਜੀ. ਰੈਂਕ ਸੀ ਤਿੰਨ ਚਾਰ ਉਸ ਦੇ ਨਾਲ ਡੀ.ਆਈ.ਜੀ. ਸਨ, ਮੈਂ ਦਸੂਹਾ-ਮੁਕੇਰੀਆਂ-ਟਾਂਡਾ-ਹਾਜੀਪੁਰ-ਗੜ੍ਹਦੀਵਾਲਾ ਜੋ ਚਾਰੇ ਅੱਜ ਥਾਣੇ ਹਨ, ਸਿਰਫ਼ ਇਕ ਡੀ.ਐਸ.ਪੀ. ਹੁੰਦਾ ਸੀ, ਇਕ ਵਿੱਚ ਤਿੰਨ ਐਮ.ਐਲ.ਏ. ਸਨ, ਅਗਰ ਦਸੂਹੇ ਦਾ ਕੇਸ ਹੈ ਦੂਸਰਾ ਐਮ.ਐਲ.ਏ. ਦਖ਼ਲ ਨਹੀਂ ਦੇ ਸਕਦਾ, ਅਗਰ ਟਾਂਡੇ ਹਲਕੇ ਵਿੱਚ ਜਾ ਕੇ ਕੁਝ ਕਹੇ ਝੱਟ ਐਮ.ਐਲ.ਏ. ਸਾਹਿਬ ਪੁੱਛਦੇ ਸਨ ਡੀ.ਐਸ.ਪੀ. ਪਾਸ ਤਿੰਨ ਐਮ.ਐਲ.ਏ. ਸਾਹਿਬ ਸਨ। ਹੁਣ ਦਸੂਹੇ ਦਾ ਵੱਖਰਾ ਡੀ.ਐਸ.ਪੀ., ਮੁਕੇਰੀਆਂ ਦਾ ਵੱਖਰਾ, ਟਾਂਡੇ ਦਾ ਵੱਖਰਾ ਅਰਥਾਤ ਹਰ ਐਮ.ਐਲ.ਏ. ਨੂੰ ਇਕ ਆਪਣਾ ਇਲਾਕਾ ਸੰਭਾਲ ਦਿੱਤਾ ਜੋ ਮਰਜੀ ਕਰੇ ਦੂਸਰਾ ਦਖਲ ਨਹੀਂ ਦਿੰਦਾ। ਹਰ ਇਕ ਮਨ-ਮਾਨੀ ਕਰਦਾ ਹੈ ਕਾਨੂੰਨ ਕੀ ਕਰੇ। ਪਹਿਲਾਂ ਇਕੱਠੇ ਪਰਿਵਾਰ ਹੁੰਦੇ ਸਨ ਇਕ ਬਜ਼ੁਰਗ ਸੋਟਾ ਲੈ ਕੇ ਗਲੀ ਵਿੱਚ ਬੈਠ ਜਾਂਦਾ ਸੀ ਹਰ ਇਕ ਜੋ ਲੰਘਦਾ ਉਸ ਨਾਲ ਸਤਿ-ਸ੍ਰੀ ਅਕਾਲ ਨਮਸਤੇ ਹੁੰਦੇ ਸਨ ਅਗਰ ਇਕ ਬੱਚਾ ਜਾਂ ਜਵਾਨ ਤਿੰਨ-ਚਾਰ ਗੇੜੇ ਕੱਢਦਾ ਝੱਟ ਬਾਪੂ ਜੀ ਸਵਾਲ ਕਰਦੇ ਸਨ ਕਿ ਕਾਕਾ ਕਿਥੇ ਜਾ ਰਿਹਾ ਹੈਂ ਕਿਉਂ ਗੇੜੇ ਦੇ ਰਿਹਾ ਹੈਂ। ਅੱਜ-ਕੱਲ੍ਹ ਅਸੀਂ ਆਪਣੇ ਪੁੱਤਰ ਨੂੰ ਨਹੀਂ ਪੁੱਛ ਸਕਦੇ ਕਿ ਤੁਸੀਂ ਕੀ ਕਰਦੇ ਹੋ, ਉਸ ਦਾ ਜਵਾਬ ਤੁਹਾਨੂੰ ਕੀ, ਮੈਂ ਜੋ ਮਰਜੀ ਕਰਾਂ, ਇਸ ਕਰਕੇ ਇਹ ਹੋ ਰਿਹਾ ਹੈ। ਅਗਰ ਕਿਤੇ ਪੈਗ ਲਾਉਣਾ ਹੁੰਦਾ ਸੀ ਜਾਂ even ਸ਼ਰਾਬ ਕੱਢਦੇ ਸੀ ਆਪਣੇ ਸਾਥੀਆਂ ਨੂੰ ਦੱਸ ਦੇਣਾ ਹਿੱਸਾ ਪੱਤੀ ਕਰ ਲੈਂਦੇ ਸਨ ਰਲ ਮਿਲ ਕੇ ਪੈਗ ਲਾ ਲੈਂਦੇ ਸਨ, ਝਗੜੇ ਦੀ ਨੌਬਤ ਨਹੀਂ ਸੀ ਪੈਂਦੀ। ਰਲ ਮਿਲ ਕੇ ਗੁਜ਼ਾਰਾ ਕਰ ਲੈਂਦੇ ਸਨ। ਹੁਣ ਤਾਂ ਦੂਸਰੇ ਘਰ ਪਤਾ ਨਹੀਂ ਕੀ ਹੋ ਰਿਹਾ ਹੈ। ਕੋਈ ਝਗੜਾ ਹੁੰਦਾ ਸੀ ਪਿੰਡ ਦੇ ਬਜ਼ੁਰਗ ਇਕੱਠੇ ਹੋ ਕੇ ਫੈਸਲਾ ਕਰ ਦਿੰਦੇ ਸੀ। ਪਹਿਲਾਂ ਥਾਣੇਦਾਰ S.H.O. ਐਫ.ਆਈ.ਆਰ. ਦਰਜ ਕਰ ਦੇਵੇ, ਕੋਈ ਕਾਰਨ ਨਹੀਂ ਕਿ ਸਜ਼ਾ ਨਾ ਹੋਵੇ, ਉਸ ਵਕਤ ਉਸ ਦਾ ਡੀ. ਐਸ. ਪੀ. ਜਾਂਚ ਕਰਦਾ ਸੀ, ਫਿਰ ਐਸ.ਪੀ. ਜਾਂਚ ਕਰਦਾ ਸੀ ਇਕ ਵੱਖਰਾ ਅਫ਼ਸਰ ਸੀ ਕੋਈ ਉਣਤਾਈ ਹੋਵੇ ਉਹ ਦੱਸਦਾ ਸੀ ਕਿ ਐਫ.ਆਈ.ਆਰ. ਵਿੱਚ ਇਹ ਨੁਕਸ ਹੈ ਠੀਕ ਕਰਕੇ ਅਦਾਲਤ ਵਿੱਚ ਕੇਸ ਜਾਂਦਾ ਸੀ, ਫਿਰ ਸਜ਼ਾ ਕਿਵੇਂ ਨਾ ਹੋਵੇ, ਹੁਣ ਐਫ.ਆਈ.ਆਰ. ਪਤਾ ਨਹੀਂ ਕਿਤਨੀਆਂ ਦਰਜ ਹੁੰਦੀਆਂ ਹਨ, ਮੁਨਸ਼ੀ ਨੂੰ ਹੀ ਵਧੇਰੇ ਹੱਕ ਹੈ । ਆਮ ਜਨਤਾ ਮਿਲ ਜੁੱਲ ਕੰਮ ਕਰੇ, ਇਕ ਦੂਸਰੇ ਨਾਲ ਸਾਂਝ ਰੱਖੇ, ਕਾਨੂੰਨ ਦੀ ਗੱਲ ਜਾਂ ਝਗੜਾ ਹੈ ਮਿਲ ਕੇ ਹੱਲ ਲੱਭੋ ਅਖੀਰ ਥਾਣੇ ਜਾਵੋ। ਫਿਰ ਦੇਖੋ ਪਹਿਲਾਂ ਵਾਲਾ ਕੰਮ ਹੋ ਜਾਵੇਗਾ, ਹੁਣ ਤਾਂ ਜੇਲ੍ਹਾਂ ਵਿੱਚ ਆਦਮੀ ਬੰਦ ਹਨ ਉਥੋਂ ਟੈਲੀਫੂਨ ਕਰਕੇ ਕੰਮ ਹੋ ਰਹੇ ਹਨ, ਧਮਕੀਆਂ ਮਿਲ ਰਹੀਆਂ ਹਨ, ਕਾਰਣ ਸਾਰਾ ਤਾਣਾ ਵਿਗੜ ਚੁੱਕਾ ਹੈ। ਅਫ਼ਸਰ ਆਪਣਾ ਤੌਰ ਤਰੀਕਾ ਬਦਲਣ, ਕੇਸ ਦੀ ਸਹੀ ਜਾਂਚ ਕਰਕੇ ਅਦਾਲਤ ਜਾਣ, ਹੁਣ ਦੇਖੋ ਕੋਈ ਛੋਟੀ ਚੋਰੀ ਕਰਦਾ ਐਫ.ਆਰ.ਆਈ. ਕੱਟ ਹੋ ਜਾਂਦੀ ਹੈ, ਕੁਝ ਦਿਨ ਵਿੱਚ ਵਾਪਸ ਘਰ ਆ ਜਾਂਦਾ, ਉਸ ਦਾ ਹੌਸਲਾ ਵੱਧ ਜਾਂਦਾ, ਫਿਰ ਵੱਡੇ ਕੰਮਾਂ ਵਿੱਚ ਪੈ ਜਾਂਦਾ ਹੈ ਅੱਗੇ ਅੱਗੇ ਬੱਸ ਗੈਂਗਾਂ ਬਣ ਜਾਂਦੀਆਂ ਹਨ ਅਗਰ ਸਰਕਾਰ ਨੌਕਰੀਆਂ ਦੇ ਹੋਰ ਰੁਜ਼ਗਾਰ ਦੇਵੇ । ਟ੍ਰੇਨਿੰਗ ਸੈਂਟਰ ਹੋਣ ਪਹਿਲਾਂ ਦੇਖੋ ਕੋਰਸ ਕਰਕੇ ਬੱਚੇ ਛੋਟੇ ਸਕੂਲ ਟੀਚਰ ਲੱਗ ਜਾਂਦੇ ਸੀ ਜਾਂ ਸਿਪਾਹੀ ਫੌਜ ਜਾਂ ਪੁਲਸ ਵਿੱਚ ਚਲਾ ਜਾਂਦਾ ਸੀ, ਛੋਟਾ ਮੋਟਾ ਕੰਮ ਖੋਲ੍ਹਣਾ ਸੋਖਾ ਸੀ, ਹੁਣ ਇਹ ਸਭ ਕੁਝ ਮੁਫ਼ਤ ਵਿੱਚ ਕਰਨਾ ਬਹੁਤ ਔਖਾ ਹੈ, ਫਿਰ ਜਨਤਾ ਕੀ ਕਰੇ। ਬੁਰੇ ਅਨਸਰਾਂ ਵਿੱਚ ਸ਼ਾਮਿਲ ਹੋਣਾ ਹੀ ਹੈ, ਹੋਰ ਕੀ ਕਰੇ। ਪ੍ਰਦੇਸ ਜਾਵੇ ਜਾਂ ਕੁਝ ਭੀ ਕਰ ਸਕਦਾ ਹੈ, ਸਰਕਾਰ ਨੂੰ ਭੀ ਉਪਰਾਲੇ ਕਰਨੇ ਚਾਹੀਦੇ ਹਨ, ਉਧਰ ਪਬਲਿਕ ਨੂੰ ਭੀ ਪੂਰਾ ਸਾਥ ਦੇਣਾ ਚਾਹੀਦਾ ਹੈ। ਜਿਤਨਾ ਸਰਕਾਰ ਦੋਸ਼ੀ ਹੈ ਉਤਨੀ ਹੀ ਪਬਲਿਕ ਦੋਸ਼ੀ ਹੈ, ਕਸੂਰ ਦੋਵਾਂ ਪਾਸਿਆਂ ਦਾ ਕੱਢੋ। ਸਰਕਾਰ ਦਾ ਸਾਥ ਦੇਵੋ, ਸਰਕਾਰ ਪਬਲਿਕ ਦਾ ਸਾਥ ਦੇਵੇ, ਪਬਲਿਕ ਦੀਆਂ ਲੋੜਾਂ ਪੂਰੀਆਂ ਹੋਣ ਸਭ ਕੁਝ ਠੀਕ ਹੋ ਜਾਵੇ-ਗਾ। ਗਲਤੀ ਮੁਆਫ਼



K.Singh Jogi

# ਸਾਊਦੀ ਅਰਬ ਵਿੱਚ 42 ਭਾਰਤੀਆਂ ਦੀ ਮੌਤ, ਡੀਜ਼ਲ ਟੈਂਕਰ ਨਾਲ ਟਕਰਾਈ ਬੱਸ



ਸਾਊਦੀ ਅਰਬ ਵਿੱਚ ਇੱਕ ਭਿਆਨਕ ਸੜਕ ਹਾਦਸੇ ਵਿੱਚ 42 ਭਾਰਤੀਆਂ ਦੀ ਮੌਤ ਹੋ ਗਈ ਜਦੋਂ ਮੱਕਾ ਤੋਂ ਮਦੀਨਾ ਜਾ ਰਹੀ ਬੱਸ ਇੱਕ ਡੀਜ਼ਲ ਟੈਂਕਰ ਨਾਲ ਟਕਰਾ ਗਈ ਅਤੇ ਅੱਗ ਲੱਗ ਗਈ। ਮ੍ਰਿਤਕਾਂ ਵਿੱਚ 20 ਔਰਤਾਂ ਅਤੇ 11 ਬੱਚੇ ਸ਼ਾਮਲ ਹਨ। ਰਿਪੋਰਟਾਂ ਅਨੁਸਾਰ, ਹਾਦਸੇ ਵਿੱਚ ਸਿਰਫ਼ ਬੱਸ ਡਰਾਈਵਰ ਹੀ ਬਚਿਆ।ਮ੍ਰਿਤਕਾਂ ਵਿੱਚੋਂ ਜ਼ਿਆਦਾਤਰ ਹੈਦਰਾਬਾਦ ਦੇ ਦੱਸੇ ਜਾ ਰਹੇ ਹਨ। ਇਹ ਹਾਦਸਾ ਮਦੀਨਾ ਤੋਂ ਲਗਭਗ 160 ਕਿਲੋਮੀਟਰ ਦੂਰ ਮੁਹਰਸ ਦੇ ਨੇੜੇ ਭਾਰਤੀ ਸਮੇਂ ਅਨੁਸਾਰ ਲਗਭਗ 1:30 ਵਜੇ ਵਾਪਰਿਆ। ਉਸ ਸਮੇਂ ਬਹੁਤ ਸਾਰੇ ਯਾਤਰੀ ਸੁੱਤੇ ਪਏ ਸਨ ਅਤੇ ਉਨ੍ਹਾਂ ਨੂੰ ਬਚਣ ਦਾ ਕੋਈ ਮੌਕਾ ਨਹੀਂ ਮਿਲਿਆ। ਤੇਲੰਗਾਨਾ ਸਰਕਾਰ ਨੇ ਕਿਹਾ ਹੈ ਕਿ ਉਹ ਰਿਆਧ ਵਿੱਚ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਹੈ।ਸੂਬਾ ਸਰਕਾਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਰੇਵੰਤ ਰੈਡੀ ਨੇ ਦਿੱਲੀ ਵਿੱਚ ਮੌਜੂਦ ਅਧਿਕਾਰੀਆਂ ਨੂੰ ਦੂਤਾਵਾਸ ਨਾਲ ਨੇੜਿਓਂ ਤਾਲਮੇਲ ਕਰਨ ਅਤੇ ਪੀੜਤਾਂ ਦੀ ਪਛਾਣ ਅਤੇ ਹੋਰ ਰਸਮੀ ਕਾਰਵਾਈਆਂ ਵਿੱਚ ਮਦਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚੋਂ ਬਾਰਾਂ ਭਾਰਤੀ ਪੀੜਤਾਂ ਦੀ ਪਛਾਣ ਹੋ ਗਈ ਹੈ। ਉਨ੍ਹਾਂ ਵਿੱਚ ਅਬਦੁਲ ਮੁਹੰਮਦ, ਮੁਹੰਮਦ ਮੌਲਾਨਾ, ਸੋਹੇਲ ਮੁਹੰਮਦ, ਮਸਤਾਨ ਮੁਹੰਮਦ, ਪਰਵੀਨ ਬੇਗਮ, ਜ਼ਕੀਆ ਬੇਗਮ, ਸ਼ੌਕਤ ਬੇਗਮ, ਫਰਹੀਨ ਬੇਗਮ, ਜ਼ਹੀਨ ਬੇਗਮ, ਮੁਹੰਮਦ ਮੰਜ਼ੂਰ, ਮੁਹੰਮਦ ਅਲੀ, ਗੌਸੀਆ ਬੇਗਮ ਸ਼ਾਮਲ ਹਨ। ਜੇਦਾਹ ਵਿੱਚ ਭਾਰਤੀ ਦੂਤਾਵਾਸ ਨੇ ਇੱਕ ਹੈਲਪਲਾਈਨ ਜਾਰੀ ਕੀਤੀ ਹੈ।

# ਬਾਬਾ ਗੁਰਮੁੱਖ ਸਿੰਘ ਕਾਰਸੇਵਾ ਵਾਲਿਆਂ ਨੂੰ ਯਾਦ ਕਰਦਿਆਂ

**30 ਨਵੰਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਰੱਬੀ ਰੰਗ ਵਿੱਚ ਰੰਗ-ਰਤੜੀਆਂ ਆਤਮਾਵਾਂ ਦੇ ਜੀਵਨ ਦਾ ਅੰਤਿਮ ਨਿਸ਼ਾਨਾ ਮਨੁੱਖਤਾ ਦੇ ਪਰਉਪਕਾਰ ਲਈ ਜੀਵਨ ਬਤੀਤ ਕਰਨਾ ਹੁੰਦਾ ਹੈ। ਬਾਬਾ ਗੁਰਮੁੱਖ ਸਿੰਘ ਕਾਰਸੇਵਾ ਵਾਲਿਆਂ ਦਾ ਜੀਵਨ ਇਸ ਗੱਲ ਦੀ ਪ੍ਰਤੱਖ ਉਦਾਹਰਣ ਹੈ। ਜਿਨ੍ਹਾਂ ਕਾਰਸੇਵਾ ਦੇ ਨਾਂਅ ਉਪਰ ਕਦਾਚਿਤ ਵੀ ਕਿਸੇ ਸ਼ਰਧਾਲੂ ਤੋਂ ਕੁਝ ਨਹੀਂ ਸੀ ਮੰਗਿਆ, ਉਨ੍ਹਾਂ ਵੱਲੋਂ ਕਾਰਸੇਵਾ ਸੇਵਾ ਦੇ ਖੇਤਰ ਵਿੱਚ ਕੀਤੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਸ਼ਰਧਾਲੂ ਸਵੈ-ਇੱਛਾ ਨਾਲ ਹੀ ਸੇਵਾ ਵਿੱਚ ਯੋਗਦਾਨ ਪਾਉਂਦੇ ਸਨ। ਅਜੋਕੇ ਸਮੇਂ ਵਿੱਚ ਅਜਿਹੇ ਵਿਰਲੇ ਇਨਸਾਨ ਉਂਗਲਾਂ 'ਤੇ ਗਿਣਨ ਯੋਗ ਹੋਣਗੇ। ਇਕ ਨਿਸ਼ਠਾਵਾਨ ਕਾਰਸੇਵਕ, ਬੇਲਾਗ, ਬੇਦਾਗ, ਰੱਬੀ ਰੂਹ ਬਾਬਾ ਗੁਰਮੁੱਖ ਸਿੰਘ ਦਾ ਜਨਮ 1849 ਈ: ਵਿੱਚ ਪਟਿਆਲਾ ਰਿਆਸਤ ਦੇ ਦਿਆਲਗੜ੍ਹ ਬੂੜੀਆ ਨਾਂਅ ਦੇ ਪਿੰਡ ਵਿੱਚ ਭਾਈ ਕਰਮ ਸਿੰਘ ਦੇ ਘਰ ਮਾਤਾ ਗੁਰਦੇਈ ਦੀ ਕੁੱਖ ਤੋਂ ਹੋਇਆ। ਉਸ ਸਮੇਂ ਗੁਰੂ ਘਰਾਂ ਦੀਆਂ ਇਮਾਰਤਾਂ ਵਧੇਰੇ ਕਰਕੇ ਕੱਚੀਆਂ ਸਨ। ਸੰਗਤ ਲਈ ਸੁੱਖ ਸਹੂਲਤਾਂ ਦੀ ਘਾਟ ਵੀ ਤਕਰੀਬਨ ਹਰ ਗੁਰੂ ਘਰ ਵਿੱਚ ਹੀ ਸੀ। ਜਨਮ ਤੋਂ ਹੀ ਇਨ੍ਹਾਂ ਦੇ ਹਿਰਦੇ ਵਿੱਚ ਆਪਣੇ ਸਾਧੂ ਸੁਭਾਅ ਪਿਤਾ ਤੋਂ ਗੁਰਬਾਣੀ ਪੜ੍ਹਨ ਅਤੇ ਵਿਚਾਰਨ ਦੇ ਸੰਸਕਾਰ ਬਣਨੇ ਸ਼ੁਰੂ ਹੋ ਗਏ। ਜਵਾਨੀ ਦੇ ਦਿਨਾਂ ਵਿੱਚ ਆਪ ਨੇ ਪਟਿਆਲਾ ਰਿਆਸਤ ਦੇ ਫ਼ੀਲ ਖਾਨੇ ਦੀ ਨੌਕਰੀ ਕੀਤੀ, ਬਾਅਦ ਵਿੱਚ ਉਸ ਸਮੇਂ ਦੀ ਅੰਗ੍ਰੇਜ਼ੀ ਫੌਜ ਵਿੱਚ ਭਰਤੀ ਹੋ ਗਏ। ਪਰ ਇਨਸਾਨੀਅਤ ਦੀ ਸੇਵਾ ਤੇ ਪਰਉਪਕਾਰੀ ਸੁਭਾਅ ਕਾਰਨ ਫੌਜ ਵਿੱਚ ਮਨ ਨਾ ਲੱਗਾ। ਉਥੋਂ ਅਸਤੀਫਾ ਦੇ ਕੇ ਪਟਿਆਲਾ ਤੋਂ ਕੁਝ ਦੂਰੀ 'ਤੇ ਇਕ ਬੀਆਵਾਨ ਥਾਂ 'ਤੇ ਪ੍ਰਭੂ ਦੇ ਚਿੰਤਨ ਵਿੱਚ ਜੁੱਟ ਗਏ। 12 ਸਾਲ ਤੱਕ ਗੁਰਬਾਣੀ ਸ਼ਬਦ ਦੀ ਅਰਾਧਨਾ ਕਰਨ ਤੋਂ ਪਿੱਛੋਂ ਮਨ ਪੂਰੀ ਤਰ੍ਹਾਂ ਸਾਧਿਆ ਗਿਆ। ਆਪਣੇ ਨਾਲ ਪਿਆਰ ਕਰਨ ਵਾਲੀਆਂ ਸਿੱਖ ਸੰਗਤਾਂ ਨਾਲ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ। 1903 ਈ: ਵਿੱਚ ਅੰਮ੍ਰਿਤਸਰ ਜਾ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਮਲਵਈ ਬੁੰਗੇ ਵਿੱਚ ਜਾ ਆਸਣ ਲਾਇਆ। ਉਥੇ ਹੀ ਸ੍ਰੀ ਦਰਬਾਰ ਸਾਹਿਬ ਦੇ ਉਘੇ ਕੀਰਤਨੀਏ ਭਾਈ ਸ਼ਾਮ ਸਿੰਘ ਦੀ ਸੰਗਤ ਮਿਲੀ। ਇਨ੍ਹਾਂ ਦੇ ਨਿੱਜੀ ਜੀਵਨ ਤੋਂ ਅਜਿਹੀ ਸਿੱਖਿਆ ਮਿਲੀ, ਜਿਸ ਨਾਲ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ ਤੋਂ ਇਲਾਵਾ ਆਪਣੇ ਜੀਵਨ ਦਾ ਨਿਸ਼ਾਨਾ ਕੇਵਲ ਗੁਰੂ ਘਰ ਦੀ ਨਿਸ਼ਕਾਮ ਸੇਵਾ ਬਣ ਗਿਆ।

ਅੰਮ੍ਰਿਤ ਵੇਲੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀਆਂ ਪੌੜੀਆਂ ਦੀ ਸਫ਼ਾਈ ਤੋਂ ਨਿੱਤ ਦਾ ਜੀਵਨ ਆਰੰਭ ਹੁੰਦਾ ਸੀ। 1914 ਈ: ਵਿੱਚ ਕਾਰਸੇਵਾ ਨੂੰ ਆਪਣੇ ਜੀਵਨ ਦਾ ਅਹਿਮ ਅੰਗ ਸਮਝ ਕੇ ਸੇਵਾ ਆਰੰਭੀ। ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜਾਂ ਸਰੋਵਰਾਂ ਵਿੱਚੋਂ ਸੰਤੋਖਸਰ ਸਾਹਿਬ ਦੇ ਸਰੋਵਰ ਦੀ ਕਾਰਸੇਵਾ ਸ਼ੁਰੂ ਕੀਤੀ। ਫਿਰ ਲਗਾਤਾਰ ਇਹ ਸਿਲਸਿਲਾ ਚੱਲਦਾ ਰਿਹਾ। 1923 ਤੋਂ 1928 ਤੱਕ ਆਪ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਸਫ਼ਾਈ, ਪੌੜੀਆਂ ਬਨਾਉਣ ਅਤੇ ਪਵਿੱਤਰ ਸਰੋਵਰ ਲਈ ਨਿਰੰਤਰ ਜਲ ਦੀ ਤਾਜ਼ਾ ਸਪਲਾਈ ਲਈ ਹੰਸਲੀ ਦੀ ਸੇਵਾ ਆਰੰਭੀ। ਇਸ ਸ਼ਲਾਘਾਯੋਗ ਕਾਰਜ ਦੀ ਹਰ ਪਾਸੇ ਖ਼ੂਬ ਪ੍ਰਸ਼ੰਸਾ ਹੋਈ। ਇਸ ਤੋਂ ਪਿੱਛੋਂ ਇਨ੍ਹਾਂ ਉਦਾਸੀ ਮਹਾਂਪੁਰਸ਼ ਸੰਤ ਪ੍ਰੀਤਮ ਦਾਸ ਅਤੇ ਸੰਤ ਸੰਤੋਖ ਦਾਸ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਅੰਮ੍ਰਿਤ ਸਰੋਵਰ ਲਈ ਜਲ ਪਹੁੰਚਾਉਣ ਵਾਲੀ ਹੰਸਲੀ ਦਾ ਨਵ-ਨਿਰਮਾਣ ਕਰਵਾਇਆ। ਅੰਮ੍ਰਿਤਸਰ ਤੋਂ ਬਾਅਦ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਗੁਰਧਾਮ ਦਾ ਨਵ-ਨਿਰਮਾਣ ਕਰਵਾਇਆ, ਫਿਰ ਸ੍ਰੀ ਖਡੂਰ ਸਾਹਿਬ ਦੇ ਗੁਰਦੁਆਰਾ ਤਪਿਆਣਾ ਸਾਹਿਬ ਦੀ ਇਮਾਰਤ ਦੀ ਨਵ-ਉਸਾਰੀ ਕਰਵਾਈ, ਨਾਲ ਹੀ ਪਵਿੱਤਰ ਸਰੋਵਰ ਵੀ ਤਿਆਰ ਕਰਵਾਇਆ। ਇਸ ਤੋਂ ਬਾਅਦ ਬਾਬਾ ਬਕਾਲਾ ਸਾਹਿਬ ਦੇ ਪਵਿੱਤਰ ਸਰੋਵਰ ਦੀਆਂ ਪੌੜੀਆਂ ਤੋਂ ਇਲਾਵਾ ਪਰਿਕਰਮਾ ਨੂੰ ਵੀ ਪੱਕੇ ਫਰਸ਼ ਵਿੱਚ ਬਦਲਿਆ। ਇਹ ਸਾਰੇ ਕਾਰਜ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਹੀ ਹੋਏ। ਉਦੋਂ ਤੱਕ ਆਵਾਜਾਈ, ਸੜਕਾਂ, ਮੋਟਰ-ਗੱਡੀਆਂ ਦੀਆਂ ਸਹੂਲਤਾਂ ਵੀ ਨਾ-ਮਾਤਰ ਹੀ ਹੁੰਦੀਆਂ ਸਨ। ਸੰਗਤ ਵਿੱਚੋਂ ਮਾਇਕ ਸਹਾਇਤਾ ਵੀ ਬਹੁਤ ਘੱਟ ਆਉਂਦੀ ਸੀ।



ਆਜ਼ਾਦੀ ਮਿਲਣ ਤੋਂ ਥੋੜ੍ਹਾ ਸਮਾਂ ਪਹਿਲਾਂ ਆਪ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਬਾਲ-ਲੀਲਾ ਅਤੇ ਗੁਰ-ਦੁਆਰਾ ਕਿਆਰਾ ਸਾਹਿਬ ਦੀਆਂ ਇਮਾਰਤਾਂ ਦੀ ਨਵਉਸਾਰੀ ਕਰਵਾਈ। 1947 ਈ: ਵਿੱਚ ਜਦੋਂ ਆਪ ਗੁਰੂ ਨਾਨਕ ਸਾਹਿਬ ਦੇ ਜਨਮ-ਅਸਥਾਨ ਦੀ ਨਵੀਂ ਇਮਾਰਤ ਦੀ ਤਿਆਰੀ ਦੀ ਯੋਜਨਾ ਉਲੀਕ ਰਹੇ ਸਨ ਤਾਂ ਬਦਕਿਸਮਤੀ ਨਾਲ ਪੰਜਾਬ ਦੋ ਟੋਟਿਆਂ ਵਿੱਚ ਵੰਡਿਆ ਗਿਆ। ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ ਅਸਥਾਨ ਦੀ ਇਮਾਰਤ ਦੀ ਸੇਵਾ ਦੇ ਨਵ-ਨਿਰਮਾਣ ਦੀ ਸੇਵਾ ਨਾ ਕਰਵਾਉਣ ਦੀ ਹਿਰਦੇ ਵੇਦਕ ਘਟਨਾ ਦਾ ਦੁੱਖ, ਦੇਸ਼ ਦੀ ਵੰਡ ਦਾ ਦੁੱਖ, ਭਰੇ-ਭਕੁੰਨੇ ਘਰਾਂ ਨੂੰ ਛੱਡ ਕੇ ਸ਼ਰਨਾਰਥੀ ਬਣ ਜਾਣ ਦੀਆਂ ਅਸਹਿ ਘਟਨਾਵਾਂ ਨੇ ਬਾਬਾ ਜੀ ਦੇ ਦਇਆ, ਨਿਮਰਤਾ ਅਤੇ ਪਰਉਪਕਾਰੀ ਮਨ 'ਤੇ ਡੂੰਘੀ ਸੱਟ ਮਾਰੀ।

ਜਦੋਂ ਆਪ ਦੇਸ਼ ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪੁੱਜੇ ਤਾਂ ਸ਼ਰਨਾਰਥੀਆਂ ਦਾ ਹੜ੍ਹ ਵੇਖ ਕੇ ਦਇਆ ਨਾਲ ਭਰਿਆ ਮਨ ਪਸੀਜਿਆ ਗਿਆ, ਭੁੱਖੇ ਭਾਣੇ ਸ਼ਰਨਾਰਥੀਆਂ ਲਈ ਲੰਗਰ ਦੀ ਸੇਵਾ ਆਰੰਭ ਕਰ ਦਿੱਤੀ। ਨਾਲ ਹੀ ਸੋਚ ਰਹੇ ਸਨ ਧੰਨ ਗੁਰੂ ਰਾਮ-ਦਾਸ ਜੀ ਦੇ ਇਸ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹੋਰ ਖੁੱਲ੍ਹਾ ਕੀਤਾ ਜਾਵੇ। 30 ਨਵੰਬਰ, 1947 ਨੂੰ ਪੰਜਾਬ ਦੇ ਹੋਏ ਦੋ ਟੋਟਿਆਂ ਦੇ ਗ਼ਮ ਅਤੇ ਵਿਛੜੇ ਗੁਰਧਾਮਾਂ ਦੇ ਨਾ ਸਹਾਰੇ ਜਾ ਸਕਣ ਦੇ ਦੁੱਖ ਦੀ ਚੀਸ ਦੌਰਾਨ ਉਨ੍ਹਾਂ ਨੂੰ ਸਦੀਵੀ ਬੁਲਾਵਾ ਆ ਗਿਆ। ਉਨ੍ਹਾਂ ਦਾ ਸਸਕਾਰ ਅਪਰਬਾਰੀ ਦੁਆਬ ਨਹਿਰ ਦੇ ਕਿਨਾਰੇ ਉਥੇ ਹੀ ਕੀਤਾ ਗਿਆ, ਜਿਥੇ ਉਹ ਆਪਣੀ ਕੁਟੀਆ ਵਿੱਚ ਬਿਰਾਜਦੇ ਸਨ। ਆਪ ਸੱਚਮੁੱਚ ਹੀ ਸੇਵਾ ਦੀ ਮੂਰਤੀ ਬਣ ਕੇ ਜੀਵੇ। ਅੱਜ ਤਕਰੀਬਨ ਹਰੇਕ ਕਾਰ ਸੇਵਕ ਉਨ੍ਹਾਂ ਨੂੰ ਆਪਣਾ ਪ੍ਰੇਰਨਾ-ਸਰੋਤ ਮੰਨਦਾ ਹੈ। ਅਨੇਕਾਂ ਕਾਰਸੇਵਾ ਕਰਨ ਵਾਲੀਆਂ ਹਸਤੀਆਂ ਅੱਜ ਉਨ੍ਹਾਂ ਦੀ ਵਿਦਾਈ ਵਾਲੇ ਦਿਨ ਉਨ੍ਹਾਂ ਦੀ ਯਾਦ ਵਿੱਚ ਜੁੜ ਰਹੀਆਂ ਹਨ।

# ਡੌਨਲਡ ਟਰੰਪ ਸਾਹਮਣੇ ਝੁਕਿਆ BBC ਨਿਊਜ਼, ਚੈਨਲ ਨੇ ਮੰਗੀ ਮੁਆਫ਼ੀ

ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਉਨ੍ਹਾਂ ਦੇ 6 ਜਨਵਰੀ, 2021 ਦੇ ਭਾਸ਼ਣ ਦੇ ਇੱਕ ਕਲਿੱਪ ਐਡਿਟ ਕਰਕੇ ਚਲਾਉਣ ਲਈ ਮੁਆਫੀ ਮੰਗੀ ਹੈ। ਹਾਲਾਂਕਿ, ਬੀਬੀਸੀ ਨੇ ਇਹ ਵੀ ਕਿਹਾ ਕਿ ਟਰੰਪ ਵੱਲੋਂ ਮਾਣਹਾਨੀ ਦੇ ਦਾਅਵੇ ਦੀਆਂ ਖਬਰਾਂ ਵੀ ਝੂਠੀਆਂ ਹਨ। ਬੀਬੀਸੀ ਵੱਲੋਂ, ਚੇਅਰਮੈਨ ਸਮੀਰ ਸ਼ਾਹ ਨੇ ਵ੍ਹਾਈਟ ਹਾਊਸ ਨੂੰ ਇੱਕ ਨਿੱਜੀ ਪੱਤਰ ਭੇਜਿਆ, ਜਿਸ ਵਿੱਚ ਟਰੰਪ ਦੇ ਭਾਸ਼ਣ ਨੂੰ ਐਡਿਟ ਕਰਨ ਵਿੱਚ ਗਲਤੀ ਲਈ ਅਫਸੋਸ ਪ੍ਰਗਟ ਕੀਤਾ ਗਿਆ। ਬੀਬੀਸੀ ਨੇ ਜਵਾਬ ਦਿੱਤਾ, "ਅਸੀਂ ਮੁਆਫੀ ਮੰਗਦੇ ਹਾਂ ਕਿ ਸੰਪਾਦਨ ਗੁੰਮਰਾਹਕੁੰਨ ਸਾਬਤ ਹੋਇਆ, ਪਰ ਇਹ ਜਾਣਬੁੱਝ ਕੇ ਕੀਤਾ ਗਿਆ ਕੰਮ ਨਹੀਂ ਸੀ। ਇਸ ਤੋਂ ਇਲਾਵਾ, ਮਾਣਹਾਨੀ ਦੇ ਦਾਅਵੇ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ।"


**ਗੁਰੂ ਨਾਨਕ ਦਰਬਾਰ ਗੁਰਦੁਆਰਾ ਈਰਥ ਅਤੇ ਬੈਲਵੀਡੀਅਰ ਵਿਖੇ**
**2 ਰਾਗੀਆਂ ਦੀ ਜ਼ਰੂਰਤ ਹੈ**

ਸਾਨੂੰ ਗੁਰੂ ਘਰ ਦੀਆਂ ਰੋਜ਼ਾਨਾ ਸੇਵਾਵਾਂ ਕਰਨ ਲਈ ਤਜ਼ਰਬੇਕਾਰ 2 ਰਾਗੀਆਂ ਦੀ ਜ਼ਰੂਰਤ ਹੈ। ਉਮੀਦਵਾਰਾਂ ਕੋਲ ਗੁਰਬਾਣੀ, ਕੀਰਤਨ ਅਤੇ ਧਾਰਮਿਕ ਸਿੱਖਿਆ ਦੇ ਖੇਤਰ 'ਚ ਸੇਵਾ ਨਿਭਾਉਣ ਦਾ ਗਿਆਨ ਹੋਣਾ ਜ਼ਰੂਰੀ ਹੈ। ਰਾਗੀ ਜੱਥੇ ਦੇ ਸੇਵਾਦਾਰ ਸਿੱਖ ਮਰਿਆਦਾ ਅਨੁਸਾਰ ਬਾਕੀ ਸਾਰੇ ਪ੍ਰੋਗਰਾਮਾਂ (ਵਿਆਹ, ਅੰਤਮ ਸੰਸਕਾਰ ਹੋਰ ਧਾਰਮਿਕ ਸੇਵਾਵਾਂ ਆਦਿ) ਵਿੱਚ ਮੁੱਖ ਗ੍ਰੰਥੀ (ਰਿਲੀਜਸ ਮਨਿਸਟਰ) ਦੇ ਸਹਾਇਕ ਹੋਣਗੇ। ਬੱਚਿਆਂ ਨੂੰ ਗੁਰਬਾਣੀ ਕੀਰਤਨ ਸਿਖਾਉਣ ਦੇ ਕਾਬਿਲ ਹੋਣ। ਇਹ ਯੋਗਤਾਵਾਂ ਰੱਖਣ ਵਾਲੇ ਨੂੰ 25 ਘੰਟੇ/ਹਫਤਾ ਯੂ ਕੇ ਦੇ ਕਾਨੂੰਨ ਮੁਤਾਬਕ (ਮਿਨੀਮਮ ਵੇਜ਼) ਤਨਖਾਹ ਦਿੱਤੀ ਜਾਵੇਗੀ।
ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ।
ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ:
**ਅਰਜ਼ੀਆਂ ਦੇਣ ਦੀ ਆਖਰੀ ਤਰੀਖ 5 ਦਸੰਬਰ 2025**

**Vacancies for 2 Ragis at**
**Guru Nanak Durbar Gurdwara Erith and Belvedere**

We require experienced 2 Ragis to assist with everyday duties of the Sikh Temple. Must have excellent skills, knowledge, reading ability and understanding of Kirtan and Gurbani. They will also be assisting with all the ceremonies associated with the Sikh Faith (marriages, funerals and other religious functions) under the guidance of the religious minister.
The posts are for 25 Hours per week and (minimum wage) wages will be paid in accordance with UK employment law. Full boarding and lodging facilities included. You must have the right to work in the UK.

**Closing date 5th December 2025**
Please apply in writing or email with full experience and skill details to General Secretary of the Gurdwara Sahib.

**GURU NANAK DURBAR GURDWARA (SIKH TEMPLE)**
**31 Mitchell Close, Belvedere, DA17 6AA**
Email:gurunanak-erith@hotmail.com

# ਗੁਰੂ ਬੈਠਾ ਅਮਰੁ ਸਰੂਪ ਹੋਇ


- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-16**

**ਭਾਈ ਪਾਰੋ**

ਬਿਆਸ ਤੋਂ ਪਾਰ ਸੁਲਤਾਨਪੁਰ ਲੋਧੀ ਨੇੜੇ ਡੱਲਾ ਨਗਰ ਦੇ ਨਿਵਾਸੀ ਭਾਈ ਪਾਰੋ ਨੇ ਗੁਰੂ ਅੰਗਦ ਸਾਹਿਬ ਦੀ ਸ਼ਰਣਿ ਖਡੂਰ ਸਾਹਿਬ ਪਹੁੰਚ ਕੇ ਸਿੱਖੀ ਧਾਰਨ ਕੀਤੀ ਸੀ। ਸਮਾਂ ਲੰਘਦਿਆਂ ਹੁਣ ਤੀਜੇ ਪਾਤਸ਼ਾਹ ਪਾਸ ਗੋਇੰਦਵਾਲ ਸਾਹਿਬ ਆ ਰਹੇ ਸਨ। ਗੁਰੂ ਸਾਹਿਬ ਨਾਲ ਏਨੀ ਸਾਂਝ ਬਣ ਗਈ ਕਿ ਦੋ-ਤਿੰਨ ਦਿਨਾਂ ਬਾਦ ਹੀ ਘੋੜੀ 'ਤੇ 40 ਕਿਲੋਮੀਟਰ ਦਾ ਪੰਧ ਕਰ ਕੇ ਬਾਣੀ ਪੜ੍ਹਦਿਆਂ ਸਹਜੇ ਸਹਜੇ ਆ ਪਹੁੰਚਦੇ। ਹਜ਼ੂਰ ਨੇ ਇਨ੍ਹਾਂ ਦੀ ਅੰਤਰ ਅਵਸਥਾ ਜਾਣਦਿਆਂ ਇਨ੍ਹਾਂ ਨੂੰ 'ਪਰਮ ਹੰਸ' ਕਹਿ ਕੇ ਆਸੀਸ ਬਖ਼ਸ਼ ਕੇ ਨਿਹਾਲ ਕਰ ਦਿੱਤਾ। ਆਸੀਸ ਪਾਕੇ ਭਾਈ ਜੀ ਸਦਕੇ ਹੋ ਗਏ।

ਦੋਹਰਾ॥ ਅੰਤਰਜਾਮੀ ਦਇਆਲ
ਪ੍ਰੇਮ ਭਾਉ ਤਾ ਕਾ ਲਖਾ।
ਨਾਨਕ ਨਦਰੀ ਨਦਰਿ ਨਿਹਾਲ
ਪਰਮ ਹੰਸ ਗੁਰਮੁਖ ਭਇਆ।6॥ ਮ.ਪ੍ਰ.
ਅੰਤਰਜਾਮੀ ਗੁਰ ਨੇ ਜਾਨਾ।(ਗੁਰੂ ਪਾਤਸ਼ਾਹ ਜੀ ਨੇ ਅਵਸਥਾ ਨੂੰ ਜਾਣਦਿਆਂ)
'ਪਰਮ ਹੰਸ' ਤਿਨ ਨਾਮ ਬਖਾਨਾ।
('ਪਰਮ ਹੰਸ' ਭਾਈ ਪਾਰੋ ਕਿਹਾ)
ਪੂਰਨ ਗਿਆਨ ਰਿਦੇ ਹੁਇ ਆਵਾ।
(ਭਾਈ ਜੀ ਦੇ ਕਪਾਟ ਖੁਲ੍ਹ ਗਏ)
ਏਕ ਰੂਪ ਸਭ ਜਗ ਦ੍ਰਿਸ਼ਟਾਵਾ।8॥
(ਸਾਰੇ ਜਗਤ ਦੀ ਸੋਝੀ ਹੋ ਆਈ)

**ਅਲ੍ਹਾ ਯਾਰ ਖ਼ਾਂ**

ਸਮਾਂ ਬੀਤਦਾ ਗਿਆ। ਇਕ ਡੱਲੇ ਤੋਂ ਤੁਰਨ ਲੱਗਿਆਂ ਮੌਸਮ ਕੁਝ ਖ਼ਰਾਬ ਸੀ ਜੋ ਬਿਆਸ ਤੱਕ ਪਹੁੰਚਦਿਆਂ ਹੋਰ ਖ਼ਰਾਬ ਹੋ ਗਿਆ। ਸਹਿਜ ਸੁਭਾਅ ਹੀ ਘੋੜੀ 'ਤੇ ਬੈਠੇ ਹੋਏ ਉੱਛਲਦੀਆਂ ਲਹਿਰਾਂ ਵਿਚ ਦਰਿਆ ਪਾਰ ਕਰ ਕੇ ਗੋਇੰਦਵਾਲ ਪਹੁੰਚ ਗਏ ਅਰ ਸਤਿਗੁਰਾਂ ਦੇ ਦਰਸ਼ਨ ਮੇਲੇ ਕਰ ਵਾਪਸ ਪਰਤ ਪਏ। ਬਿਆਸ ਕੰਢੇ ਜਲੰਧਰ ਦਾ ਨਵਾਬ -ਅਬਦੁੱਲਾ ਵੀ ਰੁਕਿਆ ਹੋਇਆ ਮੌਸਮ ਕੁਝ ਸ਼ਾਂਤ ਹੋਣ ਦੀ ਇੰਤਜ਼ਾਰ ਕਰ ਰਿਹਾ ਸੀ ਜਦੋਂ ਉਸ ਨੇ ਸਵੇਰੇ ਸਵੇਰੇ ਭਾਈ ਸਾਹਿਬ ਨੂੰ ਪਾਰ ਜਾਂਦਿਆਂ ਅਰ ਹੁਣ ਵਾਪਸ ਆਉਂਦਿਆ ਵੇਖਿਆ ਤਾਂ ਬੜਾ ਹੈਰਾਨ ਹੋਇਆ। ਕੋਲੋਂ ਲੰਘਣ ਲੱਗਿਆਂ ਉਸ ਨੇ ਭਾਈ ਸਾਹਿਬ ਨੂੰ ਪੁੱਛ ਹੀ ਲਿਆ ਕਿ ਮੈਂ ਸਵੇਰੇ ਤੁਹਾਨੂੰ ਜਾਂਦਿਆਂ ਅਤੇ ਹੁਣ ਆਉਂਦਿਆਂ ਵੇਖਿਆ ਹੈ, ਸ਼ੂਕਦਾ ਦਰਿਆ ਪਾਰ ਕਰਨ ਲੱਗਿਆਂ ਤੁਹਾਨੂੰ ਭੈ ਨਹੀਂ ਆਇਆ? ਭਾਈ ਸਾਹਿਬ ਨੇ ਕਿਹਾ,

'ਬਿਲਕੁੱਲ ਨਹੀਂ। ਸਾਡਾ ਧਿਆਨ ਸਤਿਗੁਰਾਂ ਦੇ ਬਚਨਾਂ ਵਿਚ ਸੀ -ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥ ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥ ਸਾਡਾ ਪਾਤਣ (ਮਲਾਹ) ਆਪਣੇ ਸਿੱਖਾਂ ਦਾ ਬੜਾ ਧਿਆਨ ਰੱਖਣ ਵਾਲਾ ਹੈ। ਸਾਨੂੰ ਕਾਹਦਾ ਭੈ'?

'ਉਹ ਕੌਣ ਹੈ ਜਿਸ 'ਤੇ ਤੁਹਾਨੂੰ ਏਨਾ ਭਰੋਸਾ ਹੈ'? ਨਵਾਬ ਨੇ ਪੁੱਛਿਆ ਤਾਂ ਭਾਈ ਪਾਰੋ ਕਿਹਾ,

'ਗੋਇੰਦਵਾਲ ਵਾਲੇ ਗੁਰੂ ਅਮਰਦਾਸ ਸਾਹਿਬ'। ਬਿਨਾਂ ਹੋਰ ਵਿਚਾਰ ਦੇ ਨਵਾਬ ਨੇ ਫਿਰ ਪੁੱਛਿਆ,

'ਮੈਨੂੰ ਵੀ ਕਿਵੇਂ ਉਨ੍ਹਾਂ ਨਾਲ ਮਿਲਾ ਸਕਦੇ ਹੋ'?

'ਹਮ ਕੋ ਸੰਗਿ ਲੇਹੁ ਦਰਸਾਵਹੁ।('ਮੈਨੂੰ ਵੀ ਨਾਲ ਲਿਜਾ ਕੇ ਦਰਸ਼ਨ ਕਰਵਾਉ) ਧੰਨ ਗੁਰੂ ਜਿਸ ਪਹਿ ਤੁਮ ਜਾਵਹੁ'।(ਜਿਸ ਮਹਾਨ ਗੁਰੂ ਕੋਲ ਤੁਸੀਂ ਜਾਂਦੇ ਹੋ')

'ਜ਼ਰੂਰ ਪਰ, ਜੇ ਉਨ੍ਹਾਂ ਨੂੰ ਮਿਲਣ ਦਾ ਲਾਭ ਲੈਣਾ ਹੈ ਤਾਂ ਮੇਰਾ ਸੁਝਾਅ ਹੈ ਕਿ ਆਹ ਲਾਮ-ਲਸ਼ਕਰ ਵਾਲਾ ਆਡੰਬਰ ਛੱਡ ਕੇ ਮਿਲੋ। ਮੈਂ ਕੱਲ੍ਹ ਫਿਰ ਆ ਕੇ ਤੁਹਾਨੂੰ ਨਾਲ ਲੈ ਜਾਵਾਂਗਾ'।

'ਸੁਭ੍ਹਾਨ ਅੱਲ੍ਹਾ! ਅੱਛਾ, ਮੈਨੂੰ ਇਹ ਵੀ ਮਨਜ਼ੂਰ ਏ।ਤੁਸੀਂ ਸਵੇਰੇ ਆ ਜਾਣਾ, ਮੈਂ ਤਿਆਰ ਹੋਵਾਂਗਾ'।

ਨਵਾਬ ਨੇ ਕਿਹਾ ਅਰ ਪਾਰੋ ਜੀ ਅਗਲੇ ਭਲਕ ਆਉਣ ਦਾ ਵਾਅਦਾ ਕਰ ਕੇ ਆਪਣੇ ਪਿੰਡ ਆ ਗਏ।

ਅਗਲੀ ਸਵੇਰ ਇਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਨਵਾਬ ਤਿਆਰ ਹੋਇਆ ਉਡੀਕ ਰਿਹਾ ਸੀ। ਉਸ ਨੇ ਸਿਪਾਹੀਆਂ ਦੀ ਕਮਾਨ ਆਪਣੇ ਪੁੱਤਰ ਨੂੰ ਸੌਂਪਦਿਆਂ ਇਕ ਚਿੱਠੀ ਸੂਬੇਦਾਰ ਵੱਲ ਜ਼ਿੰਮੇਦਾਰੀ ਛੱਡਣ ਦੀ ਲਿਖ ਦਿੱਤੀ। ਨਾਲ ਹੀ ਪੁੱਤਰ ਨੂੰ ਕਿਹਾ ਕਿ ਸੂਬੇਦਾਰ ਚੰਗੇ ਸੁਭਾਅ ਵਾਲਾ ਹੈ, ਮੈਂ ਲੰਮਾ ਸਮਾਂ ਈਮਾਨਦਾਰੀ ਨਾਲ ਉਸ ਦੀ ਚਾਕਰੀ ਕੀਤੀ ਹੈ ਉਹ ਜ਼ਰੂਰ ਖ਼ੁਸ਼ ਹੋ ਕੇ ਤੈਨੂੰ ਵੀ ਖ਼ਿਦਮਤ ਕਰਨ ਦਾ ਮੌਕਾ ਦੇਵੇਗਾ।

ਕਰਿ ਸਿਦਕ ਮੁਹਬਤ ਜੋ ਕਰੇ
ਮਿਲੇ ਰਬ ਤਿਸ ਆਇ।
ਤਿਨ ਫਰਜੰਦ ਬਿਦਿਆ ਕੀਆ
ਲੀਨੀ ਪਨਹਿ ਖੁਦਾਇ।20॥ ਮ.ਪ੍ਰ.

ਭਾਈ ਸਾਹਿਬ ਨਵਾਬ ਅਬਦੁੱਲਾ ਖਾਂ ਨੂੰ ਨਾਲ ਲੈ ਕੇ ਗੁਰੂ ਕੇ ਦਰਬਾਰ ਪਹੁੰਚੇ। ਰਾਹ ਵਿਚ ਆਉਂਦਿਆਂ ਸੰਖੇਪ ਜਿਹੀ ਹੋਈ ਵਾਕਫ਼ੀਅਤ ਤੋਂ ਭਾਈ ਜੀ ਨੇ ਜਾਂਚ ਲਿਆ ਕਿ ਇਸ ਦੇ ਅੰਦਰ ਧਰਮ ਦੀ ਚਿਣਗ ਹੈ, ਸਤਿਗੁਰੂ ਕਿਰਪਾ ਕਰਨ। ਪਹੁੰਚਣ 'ਤੇ ਨਵਾਬ ਨੇ ਬੜੇ ਅਦਬ ਨਾਲ ਹਜ਼ੂਰ ਨੂੰ ਸਿਜਦਾ ਕੀਤਾ ਅਰ ਬੈਠ ਗਿਆ। ਰਬਾਬੀ ਕੀਰਤਨ ਕਰ ਰਹੇ ਸਨ ਉਪਰੰਤ ਸਤਿਗੁਰੂ ਜੀ ਬਚਨ ਕਰਨ ਲੱਗੇ। ਭਾਈ ਜੀ ਨੇ ਦੇਖਿਆ ਇਹ ਬੜੇ ਧਿਆਨ ਨਾਲ ਹਜ਼ੂਰ ਦੇ ਨੂਰਾਨੀ ਚਿਹਰੇ ਦੇ ਦੀਦਾਰ ਕਰਦਾ ਬਚਨ ਸੁਣ ਰਿਹਾ ਸੀ। ਭਾਈ ਪਾਰੋ ਜੀ ਨੇ ਇਸ ਦੇ ਆਉਣ ਦਾ ਸਬੱਬ ਦੱਸਿਆ

ਪਾਰੋ ਨੇ ਸਭ ਕਹਯੋ ਪ੍ਰਸੰਗ।
ਜਿਸ ਪ੍ਰਕਾਰ ਆਨਯੋ ਸੋ ਸੰਗ।

ਤਾਂ ਸਤਿਗੁਰਾਂ ਇਸ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਘਰ 'ਜੀ ਆਇਆਂ' ਕਿਹਾ ਜੋ ਪਹਿਲਾਂ ਹੀ ਸਭ ਕੁਝ ਤਿਆਗ ਕੇ ਸਮਰਪਣ ਭਾਵਨਾ ਲੈ ਕੇ ਆਇਆ ਹੈ, ਗੁਰੂ ਕੀਆਂ ਖ਼ੁਸ਼ੀਆਂ ਮਿਲਣਗੀਆਂ। ਪੰਚਮ ਪਾਤਸ਼ਾਹ ਜੀ ਦੇ ਬਚਨ -ਅੰਮ੍ਰਿਤ ਦ੍ਰਿਸਟਿ ਪੇਖੈ ਹੁਇ ਸੰਤ॥ ਵਾਂਗ ਕੁਝ ਅਜਿਹੀ ਕਲਾ ਹੀ ਪਾਤਸ਼ਾਹ ਜੀ ਨੇ ਹੁਣ ਵਰਤਾਈ ਕਿ ਉਸ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ ਕਰ ਦਿੱਤਾ। ਕੱਲ੍ਹ ਦਾ ਅਬਦੁੱਲਾ ਹੁਣ ਅਲ੍ਹਾ ਯਾਰ ਖ਼ਾਂ ਹੋ ਗਿਆ ਅਰ ਆਉਣ ਵਾਲੇ ਸਮੇਂ ਵਿਚ ਸਿੱਖੀ ਦਾ ਪ੍ਰਚਾਰਕ ਬਣਿਆ।

ਐਸੀ ਅਮੋਲਕ ਕ੍ਰਿਪਾ-ਦ੍ਰਿਸ਼ਟੀ ਦੀ ਮੰਗ ਹੀ ਕਦੀ ਭਾਈ ਨੰਦ ਲਾਲ ਜੀ ਗੋਇਆ ਕਰਦੇ ਹਨ:

ਗੁ਼ਫ਼ਤਮ ਕਿ ਜਾਂ ਦਿਹੰਮ ਇਵਜ਼-ਇ ਯਕ ਨਿਗਾਹ-ਇ ਤੋ { ਮੈਂ ਕਿਹਾ (ਪਾਤਸ਼ਾਹ!) ਮੈਂ ਆਪ ਦੀ ਇਕ ਨਿਗਾਹ ਲਈ ਜਾਨ ਭੇਟ ਕਰਦਾ ਹਾਂ}

ਗੁ਼ਫ਼ਤਾ ਮਿਆਨ-ਇ ਮਾ ਓ ਤੋ ਸੌਦਾ ਨ ਮੇ ਸ਼ਵਦ।{ (ਹਜ਼ੂਰ) ਬੋਲੇ ਸਾਡੇ ਦਰਮਿਆਨ (ਇਸ ਨਿਗਾਹ ਦਾ) ਸੌਦਾ ਨਹੀਂ ਹੋ ਸਕਦਾ।

ਧੰਨ ਗੁਰੂ ਧੰਨ ਸਿਖ ਗੁਰ- ਲਾਲੂ ਭਾਈ ਡੱਲੇ ਪਿੰਡ ਵਿਚ ਇਕ ਲਾਲੂ ਨਾਂ ਦਾ ਜਗਿਆਸੂ ਰਹਿੰਦਾ ਸੀ ਜਿਸ ਦੀ ਭਾਈ ਪਾਰੋ ਜੀ ਨਾਲ ਨੇੜਤਾ ਹੋ ਗਈ। ਇਸ ਨੇੜਤਾ ਸਦਕਾ ਉਸ ਉੱਤੇ ਵੀ ਰੰਗ ਚੜ੍ਹਨ ਲੱਗਾ। ਭਾਈ ਸਾਹਿਬ ਦੇ ਸਮਝਾਉਣ ਨਾਲ ਲਾਲੂ ਵੀ ਨਾਮ-ਬਾਣੀ ਨਾਲ ਜੁੜ ਗਿਆ। ਹੌਲੀ-ਹੌਲੀ ਉਹ ਦਿਨ ਆ ਗਿਆ ਜਿਸ ਦਿਨ ਲਾਲੂ ਪਰਮਹੰਸ ਜੀ ਦੀ ਪੈਰੀਂ ਪੈ ਗਏ। ਪੁੱਛਣ 'ਤੇ ਆਖਿਓਸੁ,

'ਮੈਨੂੰ ਵੀ ਆਪਣੇ ਨਾਲ ਲਿਜਾ ਕੇ ਨਾਮ-ਬਾਣੀ ਦੇ ਦਾਤੇ ਦੇ ਦਰਸ਼ਨ ਕਰਵਾਉ'। ਭਾਈ ਸਾਹਿਬ ਨੇ ਮੰਨ ਲਿਆ ਅਰ ਉਸ ਨੂੰ ਆਪਣੇ ਨਾਲ ਗੋਇੰਦਵਾਲ ਲੈ ਆਏ।

ਹਜ਼ੂਰ ਨੂੰ ਨਮਸ਼ਕਾਰ ਕਰ ਕੇ ਭਾਈ ਪਾਰੋ ਜੀ ਦੇ ਨਾਲ ਲਾਲੂ ਵੀ ਸਨਮੁਖ ਬੈਠ ਗਿਆ। ਪਾਤਸ਼ਾਹ ਜੀ ਜਦੋਂ ਬਚਨ ਕੀਤੇ ਤਾਂ ਲਾਲੂ ਕਿਸੇ ਅਨੋਖੇ ਰਸ ਵਿਚ ਗੜੂੰਦ ਹੋ ਗਿਆ। ਜਦੋਂ ਵੀ ਨੇਤ੍ਰ ਖੋਲ੍ਹਦਾ, ਹਜ਼ੂਰ ਵੱਲ ਟਿਕਟਿਕੀ ਲਗਾ ਕੇ ਦੇਖਦਾ। ਜਦੋਂ ਪਰਮਹੰਸ ਜੀ ਨੇ ਗੁਰੂ ਸਾਹਿਬ ਨੂੰ ਲਾਲੂ ਦੀ ਜਗਿਆਸਾ ਬਾਰੇ ਦੱਸਿਆ ਤਾਂ ਲਾਲੂ ਉੱਠ ਕੇ ਫਿਰ ਚਰਨੀਂ ਆ ਪਿਆ। ਹਜ਼ੂਰ ਨੇ ਸੀਸ 'ਤੇ ਹੱਥ ਰੱਖ ਕੇ ਉਠਾਇਆ ਅਰ ਫ਼ੁਰਮਾਇਆ,

'ਲਾਲੂ! ਸਤਿਗੁਰੂ ਨਾਨਕ ਸਾਹਿਬ ਦੇ ਘਰ ਆਏ ਹੋ, ਜੀ ਆਇਆਂ! ਨਾਮ-ਬਾਣੀ ਨਾਲ ਜੁੜੋ, ਜਿੰਨਾ ਜੁੜੋਗੇ ਓਨਾ ਹੀ ਰੰਗ ਲਗੇਗਾ। ਸਾਰੇ ਪਦਾਰਥਾਂ ਦੀ ਪ੍ਰਾਪਤੀ ਹੋ ਜਾਵੇਗੀ ਅਰ ਕੋਈ ਭਟਕਣਾ ਨੇੜੇ ਨਹੀਂ ਆਵੇਗੀ'। ਅਜਿਹਾ ਬਚਨ ਕਰ ਕੇ ਲਾਲੂ ਨੂੰ ਸਿੱਖੀ ਜੀਵਨ ਦੀ ਦਾਤ ਬਖ਼ਸ਼ੀ ਅਰ ਭਾਈ ਪਾਰੋ ਜੀ ਦੇ ਨਾਲ ਵਿਦਾ ਕਰ ਦਿੱਤਾ।

ਜੋਤ ਸਬਦ ਘਟ ਗਿਆਨ ਪ੍ਰਗਾਸਾ।
ਨਿਜ ਸਰੂਪ ਲਾਲੂ ਮਨ ਭਾਸਾ।
ਦੇਖ ਦਿਸ ਗੁਰ ਬਚਨ ਉਚਾਰਾ।
ਲਾਲ ਭਇਆ ਲਾਲੂ ਮਮ ਪਿਆਰਾ।
33।ਮ.ਪ੍ਰ.

ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਦੇ ਸਦਕਾ ਲਾਲੂ ਗੁਰੂ ਕੇ ਲਾਲ ਹੋ ਗਏ।

ਕੁਦਰਤੀ ਨੇਮ ਹੈ ਕਿ ਨਿਰਮਲ ਜੀਵਨ ਦੀ ਖ਼ੁਸ਼ਬੂ ਆਲੇ-ਦੁਆਲੇ ਨੂੰ ਮਹਿਕਾਉਣ ਲੱਗ



**ਗੁਰੂ ਅਮਰਦਾਸ ਪਾਤਸ਼ਾਹ ਜੀ**

ਪੈਂਦੀ ਹੈ, ਇਸੇ ਤਰਹ ਹੋਰਨਾਂ ਦੇ ਨਾਲ ਇਕ ਪਠਾਨ ਸੌਦਾਗਰ ਜੋ ਦੂਰ-ਦੁਰਾਡੇ ਵਪਾਰ ਕਰਦਾ ਸੀ, ਭਾਈ ਲਾਲੂ ਜੀ ਦੀ ਸੰਗਤ ਕਰਨ ਲੱਗਾ। ਇਕ ਦਿਨ ਉਸ ਨੇ ਦੋ ਰਤਨ ਭਾਈ ਸਾਹਿਬ ਨੂੰ ਆ ਭੇਟ ਕੀਤੇ, ਅੱਗੇ ਭਾਈ ਜੀ ਨੇ ਉਹ ਲਿਆ ਕੇ ਹਜ਼ੂਰ ਦੇ ਚਰਨਾਂ ਵਿਚ ਲਿਆ ਰੱਖੇ ਅਰ ਸਾਰਾ ਹਾਲ ਕਹਿ ਸੁਣਾਇਆ।

ਲਾਲੂ ਲਾਲ ਲਿਏ ਕਰ ਦੋਇ।
(ਲਾਲੂ ਨੇ ਦੋਵੇਂ ਹੱਥ ਵਿਚ ਲੈ ਕੇ)
ਗੁਰੂ ਢਿਗ ਆਨਿ ਰਖੇ ਤਿਨ ਸੋਇ।
(ਗੁਰੂ ਸਾਹਿਬ ਕੋਲ ਆ ਰਖੇ)
ਪਿਖਿ ਸ੍ਰੀ ਅਮਰ ਬਚਨ ਮੁਖਿ ਭਾਖਾ।
(ਵੇਖ ਕੇ ਹਜ਼ੂਰ ਨੇ ਕਿਹਾ)
'ਨਾਮ ਰਤਨ ਹੀਅਰੇ ਮਹਿ ਰਾਖਾ'
(ਅਸੀਂ ਤੈਨੂੰ ਨਾਮ ਰਤਨ ਦੇ ਦਿਤਾ ਹੈ)।
52॥38॥ ਗੁ.ਪ੍ਰ.ਸੂ.

ਦਇਆਲੂ ਪਾਤਸ਼ਾਹ ਜੀ ਨੇ ਸਮਝਾਇਆ, 'ਭਾਈ ਲਾਲੂ! ਆਪਾਂ ਨੂੰ ਧਰਮ ਕਿਰਤ ਕਰ ਕੇ ਜੀਵਨ ਨਿਰਬਾਹ ਕਰਨਾ, ਸਤਿਗੁਰਾਂ ਦਾ ਹੁਕਮ ਹੈ। ਇਸ ਤਰਹ ਜਿੰਨਾ ਸਮਾਂ ਬਣੇ ਹੋਰਨਾਂ ਨੂੰ ਵੀ ਨਾਮ-ਬਾਣੀ ਨਾਲ ਜੋੜੋ ਪਰ, ਪੂਜਾ-ਭੇਟ 'ਤੇ ਨਿਰਬਾਹ ਕਰਨ ਵਾਲੇ ਪਾਸੇ ਚੱਲਣ ਤੋਂ ਬਚੋ। ਤੁਹਾਨੂੰ ਪਹਿਲੇ ਦਿਨ ਅਸੀਂ ਨਾਮ ਰਤਨ ਦੇ ਦਿੱਤਾ ਸੀ, ਉਸ ਦੀ ਸੰਭਾਲ ਕਰੋ। ਆਹ ਰਤਨ ਏਥੋਂ ਲੈ ਜਾਉ ਤੇ ਬਿਆਸ ਵਿਚ ਪ੍ਰਵਾਹ ਦਿਹੁ ਤਾਂ ਕਿ ਮਨ ਕਦੀ ਇਧਰ ਵਧੇ ਹੀ ਨਾਂਹ'।

'ਨਹੀ ਸੰਤਨ ਕੇ ਇਨ ਕਾ ਬਿਵਹਾਰ।
ਇਨ ਕੋ ਦੇਹੁ ਨਦੀ ਮੋ ਡਾਰ'।
ਸੁਨ ਬਚਨ ਦਿਆਲ ਮਨ ਕੀਆ ਬਿਚਾਰ।
ਨਦੀ ਮਾਹਿ ਦੀਨੇ ਵਹਿ ਡਾਰ।49॥

ਭਾਈ ਲਾਲੂ ਜੀ ਕਿਹਾ,

'ਸਤਿਬਚਨ ਪਾਤਸ਼ਾਹ ਜੀ! ਜਿਵੇਂ ਆਪ ਦਾ ਹੁਕਮ'।

ਇੰਨਾ ਕਹਿ ਕੇ ਉੱਠੇ ਤੇ ਗੁਰੂ ਹੁਕਮ ਅਨੁਸਾਰ ਰਤਨ ਆ ਕੇ ਵਹਿੰਦੇ ਬਿਆਸ ਵਿਚ ਵਗਾਹ ਮਾਰੇ। ਅਜਿਹਾ ਕਰਨ ਉਪਰੰਤ ਉਨ੍ਹਾਂ ਪ੍ਰਤੀਤ ਕੀਤਾ ਕਿ ਮੈਨੂੰ ਗੁਰੂ-ਪਿਤਾ ਜੀ ਨੇ ਜੀਵਨ ਵਿਚ ਲੱਗਣ ਵਾਲੇ ਠੇਡੇ ਤੋਂ ਹੱਥ ਦੇ ਕੇ ਬਚਾ ਲਿਆ ਹੈ। ਇਸ ਤੋਂ ਬਾਦ ਭਾਈ ਸਾਹਿਬ ਜੀ ਦੇ ਜੀਵਨ ਵਿਚ ਹੋਰ ਚੜ੍ਹਦੀ ਕਲਾ ਆਈ ਅਰ ਇਕ ਦਿਨ ਹਜ਼ੂਰ ਨੇ ਆਪ ਨੂੰ ਸਿੱਖੀ ਦਾ ਪ੍ਰਚਾਰਕ ਨਿਯਤ ਕੀਤਾ।

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**636. ਪਰਵਾਨ ਕੌਣ ਹੁੰਦਾ ਹੈ ਜਾਂ ਜਗਤ ਵਿਚ ਆਉਣਾ ਕਿਸਦਾ ਪਰਵਾਨ ਹੁੰਦਾ ਹੈ?**

ਜਿਨ੍ਹਾਂ ਗੁਰੂ ਅਨੁਸਾਰੀਆਂ ਨੇ ਆਪਣੇ ਅੰਦਰੋਂ ਹਉਮੈ ਦੂਰ ਕਰ ਕੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਹ ਅੰਦਰੋਂ ਬਾਹਰੋਂ ਪਵਿਤ੍ਰ ਹੁੰਦੇ ਹਨ, ਸੱਚੇ ਹੁੰਦੇ ਹਨ ਤੇ ਸੱਚ (ਸਦਾ ਥਿਰ ਪ੍ਰਭੂ) ਵਿਚ ਲੀਨ ਹੋ ਜਾਂਦੇ ਹਨ। ਹੇ ਨਾਨਕ ! ਜਗਤ ਵਿਚ ਆਏ (ਜੰਮੇ) ਉਹੀ ਬੰਦੇ ਕਬੂਲ ਹਨ ਜਿਨ੍ਹਾਂ ਨੇ ਗੁਰੂ ਦੀ ਮਤਿ ਲੈ ਕੇ ਪ੍ਰਭੂ ਦਾ ਧਿਆਨ ਧਰਿਆ ਹੈ । "ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ ॥ ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥ ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ॥4॥5॥38॥ ਅੰਗ 28" । ਅਤੇ "ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥ ਅੰਗ 648" । ਜਿਨ੍ਹਾਂ ਨੂੰ ਸ੍ਰੇਸ਼ਟ ਪਿਆਰ ਨਾ.ਲ ਗੁਰੂ ਆ ਮਿਲਦਾ ਹੈ, ਜਗਤ ਵਿਚ ਆਏ ਉਹ ਪਰਵਾਨ ਹੁੰਦੇ ਹਨ । (ਗੁਰੂ ਕਿਰਪਾ ਨਾ.ਲ) ਸਦਾ-ਥਿਰ ਪ੍ਰਭੂ (ਦੇ ਪ੍ਰੇਮ) ਵਿਚ ਰੰਗਣ ਨਾ.ਲ ਉਹਨਾਂ ਨੂੰ ਪਰਮਾਤਮਾ ਦੀ ਦਰਗਹ ਵਿਚ ਬੈਠਣ ਨੂੰ ਥਾਂ ਮਿਲ ਜਾਂਦੀ ਹੈ। "ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥ ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥ ਅੰਗ 52" । ਸਦਾ ਥਿਰ ਪ੍ਰਭੂ ਦਾ ਨਾਮ ਅੰਮ੍ਰਿਤ ਹੈ, ਇਸਦੀ ਕੀਮਤ ਕਹੀ ਨਹੀਂ ਜਾ ਸਕਦੀ । ਇਸਨੂੰ ਪੀਂਦਿਆਂ ਹੀ ਬੰਦਾ ਪਰਵਾਨ ਹੋ ਜਾਂਦਾ ਹੈ ਤੇ ਪੂਰੇ ਗੁਰੂ ਦੇ ਸ਼ਬਦ ਵਿਚ ਲੀਨ ਹੋ ਜਾਂਦਾ ਹੈ । "ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨਾ ਜਾਇ ॥ ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ॥2॥ ਅੰਗ 33" । ਗੁਰੂ ਦੇ ਹਿਤ, ਗੁਰੂ ਦੇ ਪ੍ਰੇਮ ਵਿਚ ਗੁਰੂ ਅਨੁਸਾਰੀਆਂ ਦੇ ਮੂੰਹ (ਨਾਮ ਦੀ ਲਾਲੀ ਨਾਲ) ਸੋਹਣੇ ਲੱਗਦੇ ਹਨ। ਉਹ ਪ੍ਰਭੂ ਦੀ ਸਦਾ-ਥਿਰ ਰਹਿਣ ਵਾ.ਲੀ ਭਗਤੀ ਕਰਦੇ ਹਨ, ਉਹ ਸਦਾ-ਥਿਰ ਪ੍ਰਭੂ (ਦੇ ਪ੍ਰੇਮ-ਰੰਗ) ਵਿਚ ਰੰਗੇ ਰਹਿੰਦੇ ਹਨ, (ਜਿਸ ਕਰਕੇ ਉਹ) ਸਦਾ-ਥਿਰ ਪ੍ਰਭੂ ਦੇ ਦਰ ਤੇ ਪੂਰਨ ਤੌਰ ਤੇ ਸੱਚੇ (ਸੁਰਖ਼ਰੂ) ਹੁੰਦੇ ਹਨ । ਉਹਨਾਂ ਦਾ ਜਗਤ ਵਿਚ ਆਉਣਾ ਪਰਵਾਨ ਹੁੰਦਾ ਹੈ ਤੇ ਉਹ ਆਪਣੀ ਸਾਰੀ ਕੁਲ ਦਾ ਭੀ ਉਧਾਰ ਕਰ ਲੈਂਦੇ ਹਨ। "ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥ ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥ ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ ॥7॥ ਅੰਗ 66" । ਹੇ ਨਾਨਕ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸ ਜਾਂਦਾ ਹੈ, ਉਹ ਪਰਵਾਨ ਹੁੰਦਾ ਹੈ ਤੇ ਘਰ-ਬਾਰੀ ਹੁੰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ । "ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥4॥40॥47॥ ਅੰਗ 108", ਜਿਸਨੇ ਤੈਨੂੰ ਜਾਣ ਲਿਆ ਉਹ ਘਰ-ਬਾਰੀ ਹੁੰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਤੇ ਪਰਵਾਨ ਹੁੰਦਾ ਹੈ। "ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਅੰਗ 385" । ਅਤੇ "ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥4॥8॥ ਅੰਗ 1329" । ਹੇ ਨਾਨਕ! ਆਖ, ਜਿਸਨੇ ਪੂਰੇ ਗੁਰੂ ਨਾ.ਲ ਮਿਲਾਪ ਕੀਤਾ ਉਹ ਘਰ-ਬਾਰੀ ਹੁੰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਤੇ ਪਰਵਾਨ ਹੁੰਦਾ ਹੈ। "ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ ॥4॥4॥5॥ ਅੰਗ 496" । ਕਈ ਮਨੁੱਖ ਗੁਰੂ ਦੇ ਪਿਆਰੇ ਸ਼ਬਦ ਰਾਹੀਂ ਸੱਚ (ਪ੍ਰਭੂ ਦੇ ਨਾਮ) ਦਾ ਵਪਾਰ ਕਰਦੇ ਹਨ । ਉਹ ਆਪ ਤਰ ਜਾਂਦੇ ਹਨ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦੇ ਹਨ । ਜਗਤ ਵਿਚ ਆਏ ਉਹ ਮਨੁੱਖ ਪਰਵਾਨ ਹੁੰਦੇ ਹਨ; ਪ੍ਰਭੂ ਪ੍ਰੀਤਮ ਨੂੰ ਮਿਲ ਕੇ ਉਹ ਸਦੀਵੀ ਸੁਖ (ਜੰਮਣ ਮਰਨ ਤੋਂ ਛੁਟਕਾਰਾ) ਪਾਉਂਦੇ ਹਨ । "ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ ਆਪਿ ਤਰਹਿ ਸਗਲੇ ਕੁਲ ਤਾਰੇ ॥ ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥6॥ ਅੰਗ 117" । ਗੁਰੂ ਅਨੁਸਾਰੀ ਜਿਉਂਦੇ ਜੀ ਤੇ ਮਰਨ ਉਪਰੰਤ ਵੀ ਪਰਵਾਨ ਹੁੰਦੇ ਹਨ । "ਗੁਰਮੁਖਿ ਜੀਵੈ ਮਰੈ ਪਰਵਾਣੁ ॥ ਅੰਗ 124" । ਪ੍ਰਭੂ ਦੀ ਭਗਤੀ ਕੀਤਿਆਂ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ । ਪਰ (ਪ੍ਰਭੂ ਦੀ ਭਗਤੀ) ਪ੍ਰਭੂ ਦੇ ਨਾਮ ਨੂੰ ਉਚਾਰਨਾ ਗੁਰੂ ਦੀ ਕਿਰਪਾ ਨਾ.ਲ ਹੁੰਦਾ ਹੈ । ਹੇ ਨਾਨਕ ! ਆਖ ਉਹ ਮਨੁੱਖ ਪਰਵਾਨ ਹੁੰਦਾ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ (ਦਾ ਨਾਮ) ਵਸਦਾ ਹੈ । "ਹਰਿ ਕੀ ਭਗਤਿ ਜਨਮੁ ਪਰਵਾਣੁ ॥ ਗੁਰ ਕਿਰਪਾ ਤੇ ਨਾਮੁ ਵਖਾਣੁ ॥3॥ ਕਹੁ ਨਾਨਕ ਸੋ ਜਨੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥4॥47॥116॥ ਅੰਗ 189" । ਗੁਰੂ ਪਾਰਬ੍ਰਹਮ ਨੂੰ ਆਪਣੇ ਨੇੜੇ ਸਮਝੋ । ਤਾਂ ਕਿ ਤੁਹਾਡਾ ਜਨਮ ਸਫਲਾ ਹੋਵੇ ਤੇ ਤੁਸੀਂ ਪਰਵਾਨ ਹੋਵੋ । "ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥3॥ ਅੰਗ 193" । ਉਹੀ ਮਨੁੱਖ ਜਗਤ ਵਿਚ ਆਇਆ ਪਰਵਾਨ ਹੁੰਦਾ ਹੈ ਜਿਸ ਨੇ ਮਾਲਕ-ਪ੍ਰਭੂ ਨੂੰ ਹਰੇਕ ਸਰੀਰ ਵਿਚ ਵਸਦਾ ਜਾਣ ਲਿਆ ਹੈ । "ਜਗ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਣਾ ਸੁਆਮੀ ਜਾਣੁ ॥3॥ ਅੰਗ 198"। ਜਿਹਨਾਂ ਨੇ ਆਤਮਿਕ ਅਨੰਦ ਨੂੰ ਜਾਣ ਲਿਆ ਤੇ ਪ੍ਰਭੂ ਦੇ ਪਿਆਰ ਨੂੰ ਸਹਜੇ ਹੀ ਮਾਣਿਆ, ਹੇ ਨਾਨਕ! ਉਹ ਧੰਨ ਧੰਨ ਧੰਨ ਹਨ, ਉਹਨਾਂ ਦਾ ਸੰਸਾਰ ਵਿਚ ਆਉਣਾ ਪਰਵਾਨ ਹੈ । "ਸਲੋਕੁ ॥ ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥1॥ ਅੰਗ 252"। ਕੀ ਸੌਣਾ ਤੇ ਕੀ ਜਾਗਣਾ ਗੁਰੂ ਅਨੁਸਾਰੀ ਦੋਨਾਂ ਹਾਲਤਾਂ 'ਚ ਪਰਵਾਨ ਹੁੰਦੇ ਹਨ । "ਸਲੋਕੁ ਮ: 4 ॥ ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥ ਅੰਗ 312" । ਜੋ ਸੇਵਕ ਰਾਮ ਰਾਮ ਦਾ ਜਾਪ ਕਰਦਾ ਹੈ ਉਸਦਾ ਜਗਤ ਵਿਚ ਆਉਣਾ ਪਰਵਾਨ ਹੁੰਦਾ ਹੈ । "ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ॥ ਅੰਗ 318" । ਹੇ ਨਾਨਕ! ਜਿਨ੍ਹਾਂ ਮਨੁੱਖਾਂ ਦੇ ਚਿੱਤ ਵਿਚ ਪਰਮਾਤਮਾ ਆ ਵਸਿਆ ਹੈ ਉਹਨਾਂ ਦਾ ਜਗਤ 'ਚ ਆਉਣਾ ਪਰਵਾਨ ਹੈ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**


## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਨੌਟਿੰਘਮ ਵਿਖੇ ਗੁਰਸਿੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

**ਮੁੱਖ ਕੰਮ :-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਜਾਣਦਾ ਹੋਵੇ । **ਸਥਾਨ :-** ਨੌਟਿੰਘਮ ਵਿਖੇ

**ਸਮਾਂ :-** ਦੋ ਸਾਲਾਂ ਲਈ ਸਵੇਰੇ ਸ਼ਾਮ ਫੁੱਲ ਟਾਈਮ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਹੋਵੇਗੀ ।

**ਸ਼ਰਤਾਂ :-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ । ਪੰਜਾਬੀ ਅੰਗਰੇਜ਼ੀ ਵਿੱਚ ਚੰਗੀ ਮੁਹਾਰਤ ਹੋਵੇ, ਤੇ ਪੜ੍ਹ ਅਤੇ ਬੋਲ ਤੇ ਲਿਖ ਸਕਦਾ ਹੋਵੇ। ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ । ਯੂ ਕੇ ਵਿੱਚ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ :-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 13 ਦਸੰਬਰ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ ।

## 1 Vacancy for (Tier - 5) Religious Worker

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening (full time work).

**Location:** Nottingham.

**Duration & Remuneration:** 2 years, attractive salary will be according to UK employment Law.

**Requirements:** Should be able to perform Kirtan and carry out other religious activities as listed in main duties. Must have good understanding of Gurmukhi and English. Must have sufficient experience. Work reference required from previous employer. Must have right to work in U.K.

*Candidates with knowledge and experience Please apply with 'cv' to Sri Guru Singh Sabha Gurdwara on address given below or via Email:a.mahil52@gmail.com / Email:ssgsecretary.rai@gmail.com*

For more Information Please contact:
S. Amrik Singh Mahil : +44 (0) 7956 494 844 (or)
S. Harjinder Singh Rai: +44 (0) 7989 424 263
Closing Date: 13th December 2025

**SRI GURU SINGH SABHA GURDWARA, NOTTINGHAM**
26 NOTTINGHAM ROAD, NOTTINGHAM, NG7 7AE, (U.K.)
Please Contact for more information Tel: 01159 622 132



## ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME........................................................................
ADDRESS....................................................................
..............................................POST CODE.........................
TEL...........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*

## (15 ਨਵੰਬਰ ਨੂੰ ਸ਼ਹੀਦੀ ਦਿਹਾੜਾ 'ਤੇ ਵਿਸ਼ੇਸ਼)

# ਲਾਸਾਨੀ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ

ਪ੍ਰੋ: ਸਰਚਾਂਦ ਸਿੰਘ ਖਿਆਲਾ
ਫ਼ੋਨ : 9781355522)



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-2

ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ ਅਤੇ ਆਸ-ਪਾਸ ਦੇ ਨਗਰਾਂ ਅਤੇ ਸਿੰਘਾਂ ਦੇ ਟਿਕਾਣਿਆਂ 'ਤੇ ਇਤਲਾਹ ਦਿੱਤੀ। ਜਿੱਥੋਂ ਅਨੇਕਾਂ ਸਿੰਘ ਬਾਬਾ ਜੀ ਦੀ ਅਗਵਾਈ ਵਿਚ ਧਰਮ ਹੇਤ ਸੀਸ ਦੇਣ ਲਈ ਹਾਜ਼ਰ ਹੋਏ। ਬਾਬਾ ਜੀ ਨੇ ਅਖੰਡ ਪਾਠ ਕਰਾਇਆ ਅਤੇ ਨਗਾਰਿਆਂ 'ਤੇ ਚੋਟਾਂ ਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦੇਣ ਦਾ ਹੁਕਮ ਕੀਤਾ।

ਇਸ ਤਰ੍ਹਾਂ ਦਲ ਖ਼ਾਲਸਾ ਦੀ ਗਿਣਤੀ ਕਾਫ਼ੀ ਹੋ ਗਈ ਸੀ। ਹਰੀਕੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਵਿਚ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ 'ਤੇ ਪਹੁੰਚ ਕੇ ਸਿੰਘਾਂ ਅਤੇ ਬਾਬਾ ਜੀ ਦੀਪ ਸਿੰਘ ਨੇ ਸਣੇ ਕੇਸੀਂ ਇਸ਼ਨਾਨ ਕੀਤਾ। ਘੋੜਿਆਂ ਨੂੰ ਵੀ ਖੁਰਕ ਦਿੱਤੀ ਗਈ। ਕੜਾਹ ਪ੍ਰਸਾਦਿ ਲੈ ਕੇ ਸੇਵਕਾਂ ਦੀ ਭੇਟਾ ਗੁਰੂ ਚਰਨਾਂ 'ਚ ਪਰਵਾਨ ਹੋਣ ਦੀ ਅਰਦਾਸ ਕੀਤੀ ਗਈ। ਕਿ, ਜਿੰਨਾ ਚਿਰ ਹਰਿਮੰਦਰ ਸਾਹਿਬ ਨੂੰ ਅਜ਼ਾਦ ਨਹੀਂ ਕਰਵਾ ਲੈ ਦੇ ਸ਼ਹੀਦੀ ਨਹੀਂ ਪਾਵਾਂਗਾ।

''ਮੁਹਿ ਮਰਨੇ ਕਾ ਚਾਉ ਹੈ,
ਮਰਉ ਤ ਹਰਿ ਕੈ ਦੁਆਰ।''

ਬਾਬਾ ਦੀਪ ਸਿੰਘ ਜੀ ਕੇਸਰੀ ਰੰਗ ਦਾ ਪੁਸ਼ਾਕ ਪਹਿਨਿਆ। ਸਾਰੇ ਸ਼ਸਤਰ ਸਰੀਰ 'ਤੇ ਸਜਾ ਲਏ। ਦੋ ਧਾਰਾ ਖੰਡਾ ਹੱਥ 'ਚ ਪਕੜਿਆ। ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਯੋਧਿਆਂ ਦੀ ਪਰਖ ਕਰਨ ਲਈ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਗੁਰੂ ਮਹਾਰਾਜ ਦੇ ਸਤਿਕਾਰ ਖ਼ਾਤਰ ਲੜ ਕੇ ਸ਼ਹੀਦੀ ਪਾਉਣ ਲਈ ਜਿਹੜਾ ਵੀ ਸਿੰਘ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜੋ ਕੋਈ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚੱਲਿਆ ਜਾਵੇ। ਇਸ ਵਕਤ ਬਾਬਾ ਜੀ ਨਾਲ ਅਨੇਕਾਂ ਮਜ਼ੈਲ ਵੀ ਆਣ ਮਿਲੇ ਸਨ, ਸਾਰੇ ਸਿੰਘ ਜੈਕਾਰੇ ਗਜਾਉਂਦੇ ਨਗਾਰਿਆਂ 'ਤੇ ਚੋਟਾਂ ਲਾਉਂਦੇ ਹੋਏ ਲਕੀਰ ਟੱਪ ਕੇ ਅੰਮ੍ਰਿਤਸਰ ਵੱਲ ਕੂਚ ਕਰਨਾ ਸ਼ੁਰੂ ਕੀਤਾ। ਸਿੰਘਾਂ ਦੀ ਚੜ੍ਹਾਈ ਬਾਰੇ ਅਫ਼ਗ਼ਾਨੀਆਂ ਨੂੰ ਖ਼ਬਰ ਮਿਲ ਚੁੱਕੀ ਸੀ। ਉਸ ਵਕਤ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਹਾਨ ਖ਼ਾਨ ਸਿੰਘਾਂ ਦਾ ਟਾਕਰਾ ਕਰਨ ਲਈ 20 ਹਜ਼ਾਰ ਦੀ ਫ਼ੌਜ ਲੈ ਕੇ ਗੋਹਲਵੜ ਪਿੰਡ ਕੋਲ ਪਹੁੰਚਿਆ। ਬਾਬਾ ਜੀ ਨੇ ਜਥੇ ਦੇ ਸਿੰਘਾਂ ਨਾਲ ਦੁਸ਼ਮਣ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ 'ਤੇ ਹੁਣ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਸਿੰਘਾਂ ਅਤੇ ਅਫ਼ਗ਼ਾਨਾਂ ਦੀ ਜ਼ਬਰਦਸਤ ਟੱਕਰ ਹੋਈ। ਰਣ ਤੱਤੇ ਮੈਦਾਨ 'ਚ ਰਣ ਸਿੰਗਾਂ ਅਤੇ ਨਗਾਰਿਆਂ ਦੀ ਗੂੰਜ ਵਿਚ ਦੋਹਾਂ ਦਲਾਂ ਦੇ ਸੂਰਬੀਰ ਇਕ ਦੂਜੇ ਨੂੰ ਲਲਕਾਰ ਕੇ ਟੁੱਟ ਕੇ ਪੈ ਗਏ। ਬੇਖ਼ੌਫ ਵੀਰਤਾ ਨਾਲ ਭਰਪੂਰ ਕੋਈ ਵੀ ਇਕ ਵੀ ਪੈਰ ਪਿਛਾਂਹ ਖਿੱਚੇ ਨਹੀਂ । ਸਾਰਾ ਮੈਦਾਨ-ਏ -ਜੰਗ ਖ਼ੂਨ ਨਾਲ ਲੱਥ ਪਥ ਹੋ ਗਿਆ। ਸਰੀਰ ਲਹੂ ਲੁਹਾਨ, ਕੱਪੜੇ ਖ਼ੂਨ ਨਾਲ ਰੰਗੇ ਹੋਏ, ਜਿਵੇਂ ਹੋਲੀ ਖੇਡ ਰਹੇ ਹੋਣ, ਪਰ ਮੈਦਾਨ ਛੱਡਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਫਿਰ ਅਫ਼ਗ਼ਾਨਾਂ ਦੇ ਪੈਰ ਉੱਖੜਨ ਲੱਗੇ ਤੇ ਸਿੰਘਾਂ ਦਾ ਟਾਕਰਾ ਨਾ ਕਰ ਸਕੇ। ਸਿੰਘ ਅਫ਼ਗ਼ਾਨਾਂ ਨੂੰ ਪਛਾੜ ਦੇ ਹੋਏ ਅੰਮ੍ਰਿਤਸਰ ਵਲ ਨੂੰ ਵਧ ਰਹੇ ਸਨ। ਇਤਨੇ ਨੂੰ ਜਹਾਨ ਖ਼ਾਨ ਦਾ ਸਹਾਇਕ ਅਤਾਈ ਖ਼ਾਨ ਆਪਣੀ ਭਾਰੀ ਫ਼ੌਜ ਲੈ ਕੇ ਆ ਗਿਆ, ਜਿਸ ਨਾਲ ਮੈਦਾਨ-ਏ-ਜੰਗ ਦਾ ਰੂਪ ਬਦਲ ਗਿਆ। ਇਸ ਘਮਸਾਨ ਦੀ ਜੰਗ ਅੰਦਰ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਸਿੰਘ ਇਕ-ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਦਾ ਮੈਦਾਨ ਤਿੰਨ ਕੋਹਾਂ ਵਿਚ ਫੈਲ ਚੁੱਕਿਆ ਸੀ। ਸਾਰਾ ਮੈਦਾਨ ਖ਼ੂਨ ਨਾਲ ਲੱਥ ਪਥ ਹੋ ਚੁਕਾ ਸੀ । ਬਾਬਾ ਜੀ ਅਤੇ ਸਿੰਘ ਵੀ ਤਬਾਹੀ ਮਚਾ ਰਹੇ ਸਨ। ਪੰਜ ਹਜ਼ਾਰੀ ਫ਼ੌਜ ਦਾ ਮਾਲਕ ਅਮੀਰ ਜਾਨ ਖ਼ਾਨ ਹਾਥੀ ਉੱਤੋਂ ਲੜਦਾ ਅਤੇ ਆਪਣੀ ਫ਼ੌਜ ਨੂੰ ਕਮਾਂਡ ਦੇ ਰਿਹਾ ਸੀ। ਉਸ ਵਕਤ ਪੰਜ ਸੌ ਸਿੰਘਾਂ ਦੇ ਜਥੇ ਨਾਲ ਆਪਣਾ ਜੰਗੀ ਜੌਹਰ ਦਿਖਾ ਰਹੇ ਭਾਈ ਦਿਆਲ ਸਿੰਘ ਨੇ ਘੋੜੇ ਦਾ ਪੌੜ ਜਾਨ ਖ਼ਾਨ ਦੇ ਹਾਥੀ ਦੇ ਮੱਥੇ 'ਤੇ ਰਖਾ ਕੇ ਤਲਵਾਰ ਦੇ ਵਾਰ ਨਾਲ ਅਮੀਰ ਜਾਨ ਖ਼ਾਨ ਦਾ ਸਿਰ ਲਾਹ ਦਿੱਤਾ। ਅਯੂਬ ਖਾਂ ਦਿਆਲ ਸਿੰਘ ਦੀ ਫੁਰਤੀ ਅਤੇ ਬਹਾਦਰੀ ਦੇਖ ਰਿਹਾ ਸੀ। ਇੰਨੇ ਨੂੰ ਅਮਾਨ ਖਾਂ, ਯਕੂਬ ਖਾਂ ਤੇ ਹੋਰ ਅਫ਼ਗ਼ਾਨੀ ਜਰਨੈਲ ਵੀ ਲਾਹੌਰ ਤੋਂ ਮੈਦਾਨ ਏ ਜੰਗ ਵਿਚ ਅੱਪੜ ਗਏ। ਸਿੰਘ ਪਠਾਣਾਂ ਦੇ ਹੰਕਾਰ ਦੂਰ ਕਰ ਰਹੇ ਸਨ। ਸਿੰਘਾਂ ਨੂੰ ਅੱਗੇ ਵਧਦਾ ਦੇਖ ਅਬਦਾਲੀਆਂ ਨੇ ਗਉਆਂ ਲਿਆ ਖੜੀਆਂ ਕੀਤੀਆਂ। ਬਾਬਾ ਦੀਪ ਸਿੰਘ ਜੀ ਦੇ ਆਦੇਸ਼ 'ਤੇ ਸਿੰਘਾਂ ਨੇ ਤੀਰ ਅਤੇ ਬੰਦੂਕਾਂ ਛੱਡ ਕੇ ਤਲਵਾਰਾਂ ਸੂਤ ਲਈਆਂ। ਉਸ ਵਕਤ ਯਕੂਬ ਖਾਂ ਨੇ ਬਾਬਾ ਦੀਪ ਸਿੰਘ ਨੂੰ ਯੁੱਧ ਲਈ ਵੰਗਾਰਿਆ। ਦੋਹਾਂ 'ਚ ਜ਼ਬਰਦਸਤ ਜੰਗ ਹੋਈ। ਦੋਹਾਂ ਦੇ ਘੋੜੇ ਮਾਰੇ ਗਏ। ਫਿਰ ਹੱਥੋਂ ਪਾਈ ਹੋ ਕੇ ਲੜੇ, ਬਾਬਾ ਦੀਪ ਸਿੰਘ ਜੀ ਨੇ ਗੁਰਜ ਦਾ ਵਾਰ ਕਰਦਿਆਂ ਯਕੂਬ ਖਾਂ ਦਾ ਸਿਰ ਸਣੇ ਫ਼ੌਲਾਦੀ ਟੋਪ ਚੂਰ- ਚੂਰ ਕਰ ਦਿੱਤਾ। ਅਫ਼ਗ਼ਾਨੀ ਸਿੰਘਾਂ ਦੇ ਕਰਤਬ ਦੇਖ ਅਸ਼ ਅਸ਼ ਕਰ ਉੱਠੇ। ਇੱਥੇ ਹੀ ਅਫ਼ਗ਼ਾਨ ਕਮਾਂਡਰ ਜਹਾਨ ਖ਼ਾਨ (ਗਿਆਨੀ ਗਿਆਨ ਸਿੰਘ ਅਨੁਸਾਰ ਅਮਾਨ ਖ਼ਾਨ) ਨੇ ਵੀ ਬਾਬਾ ਦੀਪ ਸਿੰਘ ਨਾਲ ਦਵੰਦ ਯੁੱਧ ਦੀ ਇੱਛਾ ਜਤਾਈ। ਬਾਬਾ ਦੀਪ ਸਿੰਘ ਨੇ ਉਸ ਨਾਲ ਦਵੰਦ ਯੁੱਧ ਕੀਤਾ। ਜਿੱਥੇ ਦੋਹਾਂ ਦੇ ਘੋੜੇ ਮਾਰੇ ਗਏ ਅਤੇ ਸੰਜੋਅ ਵੀ ਟੁੱਟ ਗਈਆਂ। ਅਖੀਰ ਦੋਹਾਂ ਦੇ ਆਪਸ ਵਿਚੀਂ ਸਾਂਝੇ ਵਾਰ ਨਾਲ ਦੋਹਾਂ ਦੇ ਸੀਸ ਲੱਥ ਗਏ।

'ਚਲੀ ਤੇਗ ਅਤਿ ਬੇਗ ਸੈਂ,
ਦੁਹੂੰ ਕੇਰ ਬਲ-ਵਾਰ॥
ਉਤਰ ਗਏ ਸਿਰ ਦੁਹੂੰ ਕੇ,
ਪਰਸ-ਪਰੈਂ ਇਕ ਸਾਰ॥''

ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਜਾਣ ਸਦਕਾ ਸਰੀਰ ਜ਼ਮੀਨ 'ਤੇ ਡਿੱਗ ਪਿਆ। ਇਹ ਕੌਤਕ ਦੇਖ ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਬਾਬਾ ਜੀ ਤੁਸਾਂ ਅਰਦਾਸ ਕੀਤੀ ਸੀ ਸੀਸ ਸੁਧਾਸਰ ਜਾ ਕੇ ਗੁਰੂ ਦੇ ਚਰਨਾਂ 'ਚ ਭੇਟ ਕਰਨਾ ਹੈ। ਇਹ ਹੁਣ ਕੀ ਭਾਣਾ ਵਰਤਾਇਆ ਜੇ? ਸੁਧਾਸਰ ਇੱਥੋਂ ਦੋ ਕੋਹ ਦੂਰ ਹੈ।


"ਢਿਗ ਤੈ ਏਕ ਸਿੰਘ ਪਿਖਿ ਕਹਯੋ।
ਪਰਣ ਤੁਮਾਰਾ ਦੀਪ ਸਿੰਘ ਰਹਯੋ।
ਗੁਰਪੁਰਿ ਜਾਇ ਸੀਸ ਮੈਂ ਦੈਹੋਂ।
ਸੋ ਤੇ ਦੋਇ ਕੋਸ ਇਸ ਠੈਹੋਂ।'।

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆਇਆ ਅਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਸਜੇ ਹੱਥ ਨਾਲ ਤਿੱਖਾ ਖੰਡਾ ਵਾਹੁੰਦੇ ਹੋਏ ਲੜਦੇ ਗਏ। ਗੋਲੀਆਂ, ਤਲਵਾਰਾਂ ਦੀ ਖਣਕ ਅਤੇ ਜੈਕਾਰਿਆਂ ਦੀ ਗੂੰਜ 'ਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਸ਼ਸਤਰ ਤੇ ਸ਼ਾਸਤਰ ਦਾ ਸੁਮੇਲ, 75 ਸਾਲਾਂ ਦੇ ਬੁੱਢਾ ਜਰਨੈਲ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਖੱਬੇ ਹੱਥ ਦੀ ਹਥੇਲੀ 'ਤੇ ਸੀਸ ਟਿਕਾਈ ਦੁਸ਼ਮਣਾਂ ਦੀ ਆਹੂ ਲਾਹ ਕੇ ਜਮਪੁਰੀ ਪਹੁੰਚਾ ਰਿਹਾ ਤੇ ਪਿੱਛੇ ਗੁਰੂ ਕੇ ਸਿੰਘ ਰਣ ਸਿੰਗਾ ਵਜਾਉਂਦੇ ਹੋਏ ਪੂਰੇ ਜੌਹਰ ਨਾਲ ਲੜਦੇ ਹਨ। ਸਿੰਘਾਂ ਦੇ ਧੜ ਸਿਰਾਂ ਤੋਂ ਬਿਨਾ ਲੜਨ ਦੀ ਇਸ ਅਸਚਰਜਤਾ ਅਤੇ ਅਜਿਹੇ ਅਲੋਕਾਰ ਅਲੌਕਿਕ ਦ੍ਰਿਸ਼ ਨੂੰ ਦੇਖ ਕੇ ਸਾਰੀ ਤੁਰਕਾਂ ਦੀ ਅਫ਼ਗ਼ਾਨੀ ਫ਼ੌਜ ਹੈਰਾਨ - ਪ੍ਰੇਸ਼ਾਨ ਅਤੇ ਭੈ-ਭੀਤ ਹੋ ਨੱਠਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਸ ਘਮਸਾਣ ਦੀ ਜੰਗ ਅੰਦਰ ਅਫ਼ਗ਼ਾਨ ਜਰਨੈਲਾਂ ਦੇ ਮਾਰੇ ਜਾਣ ਤੇ ਬਾਬਾ ਜੀ ਵੱਲੋਂ ਕਈ ਪਠਾਣ ਤੇ ਅਫ਼ਗ਼ਾਨੀਆਂ ਨੂੰ ਮਾਰ ਮੁਕਾਏ ਜਾਣ ਨਾਲ ਅਫ਼ਗ਼ਾਨੀ ਫ਼ੌਜ ਦੇ ਹੌਸਲੇ ਟੁੱਟ ਗਏ । ਬਾਬਾ ਦੀਪ ਸਿੰਘ ਜੀ ਲੜਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ, ਬਾਬਾ ਜੀ ਨੇ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦ-ਾਸ ਜੀ ਦੇ ਚਰਨਾਂ 'ਚ ਭੇਟ ਕਰਦਿਆਂ ਸੱਚਖੰਡ ਨੂੰ ਪਿਆਨਾ ਕੀਤਾ।ਇਸ ਤਰ੍ਹਾਂ ਇਹ ਸਾਰਾ ਕੌਤਕ ਅਕਾਲ ਪੁਰਖ ਜੀ ਨੇ ਬਾਬਾ ਦੀਪ ਸਿੰਘ ਜੀ ਰਾਹੀਂ ਗੁਰਬਾਣੀ ਦੇ ਮਹਾਂਵਾਕ

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ
ਸਿਰ ਦੀਜੈ ਕਾਣਿ ਨ ਕੀਜੈ।

ਨੂੰ ਅਮਲੀ ਰੂਪ 'ਚ ਸਿੱਧ ਕੀਤਾ।

ਇਸੇ ਤਰ੍ਹਾਂ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ। ਇਸ ਜੰਗ ਵਿੱਚ ਸਰਾਇ ਗੋਤ ਦਾ ਜੱਟ ਮਹਿਤ ਸਿੰਘ ਵੀ ਬਿਨ ਸੀਸ ਚਾਟੀਵਿੰਡ ਤਕ ਲੜਿਆ। ''ਜੱਟ ਸਰਾਇ ਮਹਿਤ ਸਿੰਘ ਤਯੋਂ ਹੀ ... ਲਰਯੋ ਕਬੰਧ ਤਾਂਹਿ ਕਾ ਭਾਰਾ''। ਜਥੇਦਾਰ ਰਾਮ ਸਿੰਘ ਵੀ ਬਿਨਾ ਸੀਸ ਲੜਿਆ। ''ਲਰਯੋ ਕਬੰਧ ਰਾਮ ਸਿੰਘ ਕੇਰਾ'' ਬੀਸ ਹਜ਼ਾਰੀ ਜ਼ਬਰਦਸਤ ਖਾਂ ਨਾਲ ਭਾਈ ਬਲਵੰਤ ਸਿੰਘ ਨੇ ਅਤੇ ਇਸੇ ਤਰਾਂ ਕਈ ਹੋਰਨਾਂ ਨੇ ਵੀ ਦਵੰਦ ਯੁੱਧ ਕੀਤੇ। ਇਸ ਘਮਸਾਨ ਦੀ ਜੰਗ ਅੰਦਰ ਅਫ਼ਗ਼ਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗ਼ਾਨੀ ਫ਼ੌਜ ਦੇ ਹੌਸਲੇ ਟੁੱਟ ਗਏ ।ਇੰਨੇ ਨੂੰ ਪਿੰਡ ਚੱਬੇ ਕੋਲ ਮੀਰ ਜਾਨ ਖਾਂ ਨੇ ਬਾਬੇ ਨੌਧ ਸਿੰਘ ਗਿੱਲ ਨੂੰ ਵੰਗਾਰਿਆ ਤਾਂ ਨੌਧ ਸਿੰਘ ਗਿੱਲ ਘੋੜਾ ਲੈ ਕੇ ਮੀਰ ਜਾਨ ਖਾਂ ਦੇ ਮੂਹਰੇ ਹੋ ਗਿਆ। ਲੜਾਈ 'ਚ ਦੋਹਾਂ ਦੇ ਘੋੜੇ ਢਿਗ ਪਏ, ਫਿਰ ਤਲਵਾਰਾਂ ਵੀ ਟੁੱਟ ਗਈਆਂ, ਸੰਜੋਆਂ ਅਤੇ ਢਾਲਾਂ ਵੀ ਟੁੱਟ ਗਈਆਂ, ਅਖੀਰ ਦੋਹਾਂ ਨੇ ਕਟਾਰਾਂ ਪਕੜ ਲਈਆਂ ਅਤੇ ਦੋਹਾਂ ਨੇ ਇੱਕੋ ਵਾਰ ਹੀ ਕਟਾਰਾਂ ਨੂੰ ਇਕ ਦੂਜੇ ਦੇ ਪੇਟ 'ਚ ਧਸਾ ਦਿੱਤੀਆਂ। ਬਾਬਾ ਨੌਧ ਸਿੰਘ ਜੀ ਜਿੱਥੇ ਸ਼ਹੀਦੀ ਪਾ ਗਏ ਉਸ ਥਾਂ ਤਰਨ ਤਾਰਨ ਰੋਡ 'ਤੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।



ਇਸੇ ਤਰਾਂ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ 'ਚ ਬਾਬਾ ਦੀਪ ਸਿੰਘ ਜੀ ਦੇ ਨਾਮਵਰ ਸਾਥੀ ਸਿੰਘਾਂ ਜਥੇਦਾਰ ਰਾਮ ਸਿੰਘ, ਜਥੇਦਾਰ ਸਜਣ ਸਿੰਘ, ਜਥੇਦਾਰ ਬਹਾਦਰ ਸਿੰਘ, ਜਥੇਦਾਰ ਹੀਰਾ ਸਿੰਘ, ਭਾਈ ਨਿਹਾਲ ਸਿੰਘ, ਭਾਈ ਸੰਤ ਸਿੰਘ, ਭਾਈ ਕੌਰ ਸਿੰਘ, ਭਾਈ ਸੁੱਧਾ ਸਿੰਘ, ਭਾਈ ਬਸੰਤ ਸਿੰਘ, ਭਾਈ ਬੀਰ ਸਿੰਘ, ਭਾਈ ਮੰਨਾ ਸਿੰਘ, ਭਾਈ ਹੀਰਾ ਸਿੰਘ, ਭਾਈ ਗੰਡਾ ਸਿੰਘ, ਭਾਈ ਲਹਿਣਾ ਸਿੰਘ, ਭਾਈ ਗੁਪਾਲ ਸਿੰਘ, ਭਾਈ ਰਣ ਸਿੰਘ, ਭਾਈ ਭਾਗ ਸਿੰਘ, ਭਾਈ ਨੱਥਾ ਸਿੰਘ,ਭਾਈ ਬਾਲ ਸਿੰਘ,ਭਾਈ ਤਾਰਾ ਸਿੰਘ ਕੰਗ ਦੇ ਨਾਮ ਗਿਆਨੀ ਗਿਆਨ ਸਿੰਘ ਨੇ ਗਿਣਵਾਏ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਧਰਮ ਤੋਂ ਪ੍ਰੇਰਿਤ ਸਾਡੇ ਬਜ਼ੁਰਗਾਂ ਵੱਲੋਂ ਕੀਤੇ ਗਏ ਕਾਰਨਾਮੇ ਕੌਮਾਂ ਦੀ ਸਮੁੱਚੀ ਚੇਤਨਤਾ - ਸਿਮਿ੍ਤੀਆਂ ਦਾ ਹਿੱਸਾ ਹੋ ਕੇ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਣਾ ਸਰੋਤ ਹੋ ਨਿੱਬੜਦੀਆਂ ਹਨ।


ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉੱਥੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।ਤਰਨ ਤਾਰਨ ਵਾਲੀ ਸੜਕ 'ਤੇ ਜਿੱਥੇ ਪਾਪਾ ਜੀ ਦਾ ਸਸਕਾਰ ਕੀਤਾ ਗਿਆ ਉੱਥੇ ਗੁਰਦੁਆਰਾ ਸ਼ਹੀਦ ਗੰਜ ਅਤੇ ਜਿਸ ਅਸਥਾਨ 'ਤੇ ਬਾਬਾ ਜੀ ਦਾ ਸੀਸ ਧੜ ਨਾਲੋਂ ਅਲੱਗ ਹੋਇਆ ਸੀ ਇਸ ਅਸਥਾਨ 'ਤੇ ਬਹੁਤ ਵੱਡੇ ਆਕਾਰ ਦਾ ਟਾਹਲੇ ਦਾ ਰੁੱਖ ਹੋਣ ਕਰਕੇ ਉੱਥੇ ਹੁਣ ਸ਼ਾਨਦਾਰ ਅਤੇ ਅਤਿ ਸੁੰਦਰ ਗੁਰਦੁਆਰਾ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਜਿਸ ਦੀ ਕਾਰਸੇਵਾ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਵਾਲੇ ਕਰਵਾ ਰਹੇ ਹਨ। ਇੱਥੇ ਲੰਗਰ ਹਾਲ ਦੀ ਤਿੰਨ ਮੰਜ਼ਲੀ ਨਵੀਂ ਇਮਾਰਤ ਦੀ ਉਸਾਰੀ ਦੀ ਕਾਰ ਸੇਵਾ ਚੱਲ ਰਹੀ ਹੈ। ਇੱਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੱਥਾ ਟੇਕਣ, ਸੇਵਾ ਅਤੇ ਮੁਰਾਦਾਂ ਪਾਉਣ ਆਉਂਦੀਆਂ ਹਨ। ਜਦ ਕਿ ਐਤਵਾਰ ਨੂੰ ਚੁਪਹਿਰਾ ਗੁਰਮਤਿ ਸਮਾਗਮ 'ਚ ਅਣਗਿਣਤ ਸੰਗਤਾਂ ਦੀ ਆਮਦ ਨਾਲ ਗੁਰਦੁਆਰਾ ਟਾਹਲਾ ਸਾਹਿਬ ਅੱਜ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਦਾ ਕੇਂਦਰ ਬਣ ਚੁੱਕਿਆ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਸਤਰਾਂ ਵਿਚ ਸੰਭਾਲ ਕੇ ਰੱਖਿਆ ਗਿਆ ਹੈ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।15 ਨਵੰਬਰ ਨੂੰ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਹੈ।

# ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸਿੱਖ ਲਹਿਰ, ਸਿੱਖ ਇਨਕਲਾਬ ਅਤੇ ਸਿੱਖ ਫਲਸਫੇ ਨੂੰ ਸਭ ਤੋਂ ਵੱਧ ਢਾਹ ਬਾਈਧਾਰ ਦੇ ਹਿੰਦੂ ਪਹਾੜੀ ਰਾਜਿਆਂ ਨੇ ਲਾਈ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-2**

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਦਾਸ ਨੇ ਪਿਛਲੇ ਅੰਕ ਵਿੱਚ ਜ਼ਿਕਰ ਕੀਤਾ ਜਾ ਸੀ ਕਿ ਹਿੰਦੋਸਤਾਨ 'ਤੇ ਜ਼ਬਰੀ ਇਸਲਾਮੀਅਤ ਥੋਪਣ ਵਾਲਿਆਂ ਨਾਲੋਂ ਕਿਤੇ ਵੱਧ ਸਿੱਖ ਲਹਿਰ ਦਾ ਵਿਰੋਧ ਬ੍ਰਾਹਮਣਵਾਦ ਨੇ ਕੀਤਾ ਹੈ। ਹਿੰਦੂਤਵ, ਬ੍ਰਾਹਮਣਵਾਦ ਦਾ ਹੀ ਨਵੀਨ ਨਾਮ ਹੈ। ਹਿੰਦੂਵਾਦ ਅਤੇ ਭਾਰਤੀ ਰਾਸ਼ਟਰਵਾਦ (ਹਿੰਦੂ ਰਾਸ਼ਟਰ) ਵਿੱਚ ਕੋਈ ਭੇਦ ਨਹੀਂ ਹੈ । ਹਿੰਦੂਵਾਦ ਭਾਰਤੀ ਰਾਸ਼ਟਰਵਾਦ ਦੀ ਚਾਲਕ ਸ਼ਕਤੀ ਹੈ, ਜਿਸ ਦਾ ਆਧਾਰ ਬ੍ਰਾਹਮਣਵਾਦ ਹੈ, ਸੰਘਾ ਜੀ ਦੇ "ਨੌਵੇਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਕਾਰਨਾਮਿਆਂ ਤੋਂ ਮਿਲਦੇ ਅਜੋਕੇ ਸਮਿਆਂ ਲਈ ਸੰਦੇਸ਼ ਅਤੇ ਅਗਵਾਈ" ''ਤੇ ਵਿਚਾਰ ਕਰੀਏ ਤਾਂ ਇਹ ਗੱਲ ਸੁੱਤੇ ਸਿੱਧ ਹੀ ਸਪੱਸ਼ਟ ਹੋ ਜਾਂਦੀ ਹੈ ਕਿ 'ਨੌਵੇਂ ਗੁਰੂ ਸਾਹਿਬਾਨ ਦੇ ਸੰਦੇਸ਼ ਦੀ ਅਗਵਾਈ, 'ਗੁਰੂ ਪੰਥ' ਨੇ 'ਗੁਰੂ ਗ੍ਰੰਥ ਸਾਹਿਬ' ਪਾਸੋਂ ਸੇਧ ਲੈ ਕੇ ਕਰਨੀ ਹੈ, ਪਰ ਦੂਜੇ ਪਾਸੇ ਨਰਿੰਦਰ ਮੋਦੀ ਤੇ ਉਸ ਦੀ ਸਰਕਾਰ ਅਜੋਕੇ ਸਮੇਂ ਵਿੱਚ 'ਮਨੂੰ ਸਮ੍ਰਿਤੀ' ਤੋਂ ਸੇਧ ਲੈ ਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ, ਜਦਕਿ ਨੌਵੇਂ ਗੁਰੂ ਸਾਹਿਬਾਨ ਦੇ ਸੰਦੇਸ਼, ਕਾਰਨਾਮੇ ਤੇ ਸ਼ਹਾਦਤ ਮਨੂੰ ਸਮ੍ਰਿਤੀ ਨੂੰ ਮੁੱਢੋਂ ਰੱਦ ਕਰਦੇ ਹਨ। ਮੁਗਲ ਕਾਲ ਵੇਲੇ ਮੁਸਲਮਾਨ ਹਿੰਦੂਆਂ ਨੂੰ ਕਾਫਰ ਕਹਿੰਦੇ ਸਨ, ਤੇ ਹਿੰਦੂ ਮੁਸਲਮਾਨਾਂ ਨੂੰ ਮਲੇਛ ਕਹਿੰਦੇ ਸਨ । ਮੁਸਲਮਾਨ ਬੁੱਤ ਤੋੜਨ ਵਾਲੇ, ਹਿੰਦੂ ਬੁੱਤ ਪੂਜਣ ਵਾਲੇ, ਇਸ ਕਰਕੇ ਹੀ ਗੁਰੂ ਸਾਹਿਬ ਨੇ 'ਤੀਸਰਾ ਪੰਥ' ਚਲਾਇਆ ਸੀ, ਜੋ ਨਾ ਬੁੱਤ ਤੋੜਦਾ ਹੈ ਤੇ ਨਾ ਬੁੱਤ ਪੂਜਦਾ ਹੈ, ਹੈਰਾਨੀ ਦੀ ਗੱਲ ਹੈ ਕਿ ਬੁੱਤ ਤੋੜਨ ਵਾਲਿਆਂ ਨਾਲੋਂ ਬੁੱਤ ਪੂਜ ਹਿੰਦੂਆਂ ਨੇ ਗੁਰੂ ਗੋਬਿੰਦ ਸਿੰਘ ਨਾਲ ਜਿਆਦੀਆਂ ਲੜਾਈਆਂ ਲੜੀਆਂ, ਪਰ ਹਰ ਵਾਰੀ ਹਾਰਦੇ ਰਹੇ । ਦੂਸਰੇ ਪੈਰ੍ਹੇ ਵਿੱਚ ਡਾ: ਸੁਜਿੰਦਰ ਸੰਘਾ ਜੀ ਲਿਖਦੇ ਹਨ ਕਿ ਨੌਵੇਂ ਗੁਰੂ ਸਾਹਿਬਾਨ (ਗੁਰੂ ਤੇਗ ਬਹਾਦਰ ਸਾਹਿਬ) ਦਾ ਜਨਮ 1621 ਵਿੱਚ ਅੰਮ੍ਰਿਤਸਰ ਵਿਖੇ ਹੋਇਆ ਤੇ 1675 ਵਿੱਚ ਦਿੱਲੀ ਵਿਖੇ ਹਿੰਦੂ ਧਰਮ ਅਤੇ ਮਨੁੱਖਤਾ ਦੀ ਸਖਸ਼ੀ ਅਜ਼ਾਦੀ ਅਤੇ ਸਮਾਜਿਕ ਸਵਤੰਤਰਤਾ ਵਾਸਤੇ ਸ਼ਹਾਦਤ ਹੋਈ" । ਸ: ਹਰਿੰਦਰ ਸਿੰਘ ਮਹਿਬੂਬ ਸਹਿਜੇ ਰਚਿਓ ਖਾਲਸਾ (ਐਡੀਸ਼ਨ 2004) ਵਿੱਚ 'ਅਕਾਲ ਫ਼ਤਹ' ਦੇ ਸਿਰਲੇਖ ਹੇਠ ਪੰਨਾ 227 ਉੱਤੇ ਲਿਖਦੇ ਹਨ ਕਿ ਅਣਜਾਣ ਇਤਿਹਾਸਕਾਰ ਅਕਸਰ ਇਹ ਆਖਦੇ ਹਨ ਕਿ ਗੁਰੂ ਜੀ ਹਿੰਦੂ ਧਰਮ ਨੂੰ ਬਚਾਉਣ ਲਈ ਸ਼ਹੀਦ ਹੋਏ ਸਨ । ਅਸੀਂ ਇਸ ਕਥਨ ਨਾਲ ਸਹਿਮਤ ਨਹੀਂ, ਕਿਉਂਕਿ ਪਿਛਲੇ ਗੁਰੂ ਸਾਹਿਬਾਨ ਦੇ ਜੀਵਨ, ਗੁਰੂ ਗ੍ਰੰਥ ਸਾਹਿਬ ਅਤੇ ਸਮੁੱਚੇ ਰੂਪ ਵਿੱਚ ਗੁਰੂ ਨਾਨਕ-ਸੱਚ ਇਸ ਗੱਲ ਦੀ ਪੁਸ਼ਟੀ ਨਹੀਂ ਕਰਦੇ । ਸਾਡੇ ਖਿਆਲ ਵਿੱਚ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਚਾਰ ਅਸਲੀਅਤਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ : (1) ਉਨ੍ਹਾਂ ਰਾਹਾਂ ਨੂੰ ਬਚਾਉਣਾ ਜੋ ਕਿ ਪੂਰਨ ਸਨ । (2) ਔਰੰਗਜ਼ੇਬ ਜਿਸ ਇਸਲਾਮੀ ਜਨੂੰਨ ਦਾ ਪੁਜਾਰੀ ਸੀ ਉਸ ਨਾਲ ਆਖਰੀ ਮਰਦ ਦੇ ਸੁਪਨੇ ਨੂੰ ਜ਼ਰਬ ਪਹੁੰਚਦੀ ਸੀ, ਸੋ ਗੁਰੂ ਜੀ ਨੇ ਇਸ ਨੂੰ ਰੋਕਣਾ ਸੀ । (3) ਤੀਸਰੇ ਰਾਹ ਦਾ ਸਪੱਸ਼ਟ ਐਲਾਨ ਕਰਨਾ ਸੀ। (4) ਸਿੱਖ ਸ਼ਹੀਦੀ ਨੂੰ ਨਵੇਂ ਅਰਥਾਂ ਨਾਲ ਭਰਪੂਰ ਕਰਨਾ ਅਤੇ ਮੌਤ ਦੇ ਅਧਿਆਤਮਕ ਸਰੂਪ ਵਿੱਚ ਇਕ ਨਵੀਂ ਤਾਸੀਰ ਪੈਦਾ ਕਰਨੀ । ਸ: ਹਰਿੰਦਰ ਸਿੰਘ ਮਹਿਬੂਬ ਦੀਆਂ ਉਪਰੋਕਤ ਸਤਰਾਂ ਦੀ ਥੋੜ੍ਹੇ ਸ਼ਬਦਾਂ ਵਿੱਚ ਵਿਆਖਿਆ ਕਰਨੀ ਹੋਵੇ ਤਾਂ ਇਸ ਦੇ ਅਰਥ ਇਹੀ ਬਣਦੇ ਹਨ ਕਿ ਗੁਰੂ ਨਾਨਕ ਸਾਹਿਬ ਵੱਲੋਂ ਚਲਾਈ ਇਨਕਲਾਬੀ ਸਿੱਖ ਲਹਿਰ ਦੀ ਸੰਪੂਰਨਤਾ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਹੋਈ। "ਸਿੱਖ ਲਹਿਰ ਦੀ ਮੁਗਲ ਹਕੂਮਤ ਨਾਲ ਸਭ ਤੋਂ ਭਿਆਨਕ ਟੱਕਰ ਦਾ ਕਾਰਨ ਸੀ ਹਕੂਮਤੀ ਜਬਰ-ਜੁਲਮ ਦੀ ਸ਼ਿਕਾਰ ਹਿੰਦੂ ਧਿਰ ਦਾ ਆਪਣੇ ਬਚਾਅ ਪੱਖ ਲਈ ਸਿੱਖ ਲਹਿਰ ਦੀ ਸ਼ਰਨ ਵਿੱਚ ਆ ਜਾਣਾ । ਮੁਗਲ ਹਕੂਮਤ ਨੂੰ ਲਲਕਾਰ ਕੇ ਹਿੰਦੂ ਪ੍ਰਜਾ 'ਤੇ ਵਰ੍ਹ ਰਹੀ ਹਕੂਮਤੀ ਅੱਗ ਅੱਗੇ ਸਿੱਖ ਲਹਿਰ ਨੇ ਆਪਣੀ ਛਾਤੀ ਡਾਹ ਦਿੱਤੀ । ਇਸ ਲਲਕਾਰ ਦੀ ਗੂੰਜ ਪੂਰੇ ਮੁਲਕ ਵਿੱਚ ਸੁਣਾਈ ਦਿੱਤੀ ਸੀ । ਇਸ ਨਾਲ ਮੁਗਲ ਹਕੂਮਤ ਆਪਣੀ ਮੁੱਛ ਨੀਵੀਂ ਹੋ ਗਈ ਮਹਿਸੂਸ ਕਰਨ ਲੱਗੀ ਜੋ ਹੁਣ ਤਾਂ ਹੀ ਉਤਾਂਹ ਹੋ ਸਕਦੀ ਸੀ ਜਾਂ ਤਾਂ ਸਿੱਖ ਲਹਿਰ ਮੁਗਲ ਹਕੂਮਤ ਅਤੇ ਹਿੰਦੂਆਂ ਦੇ ਵਿੱਚਕਾਰੋਂ ਲਾਂਭੇ ਹੋ ਜਾਣ ਦਾ ਐਲਾਨ ਕਰੇ ਤੇ ਜਾਂ ਭੈ ਭੀਤ ਹੋ ਕੇ ਮੁਗਲ ਹਕੂਮਤ ਦੀ ਈਨ ਮੰਨ ਲਵੇ ।" (ਹਵਾਲਾ ਵੰਗਾਰ ਮੈਗਜ਼ੀਨ 2014)

"ਗੁਰੂ ਨਾਨਕ ਸਾਹਿਬ ਵੱਲੋਂ ਸਿੱਖ ਲਹਿਰ ਨੂੰ ਪ੍ਰਦਾਨ ਕੀਤੀ ਵਿਚਾਰਧਾਰਕ ਸੇਧ ਦਾ ਹੀ ਹਿੱਸਾ ਸੀ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੇ ਸਮਕਾਲੀ ਹਾਕਮਾਂ ਦੇ ਅਤਿਆਚਾਰਾਂ ਵਿਰੁੱਧ ਨਿਰਭਉ ਤੇ ਨਿਰਵੈਰ ਹੋ ਕੇ ਅਵਾਜ਼ ਬੁਲੰਦ ਕੀਤੀ। ਇਥੇ ਇਕ ਘਟਨਾ ਦਾ ਜ਼ਿਕਰ ਕਰਨਾ ਜਰੂਰੀ ਹੈ, ਜਦੋਂ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਕ ਸੰਦੇਸ਼ ਭੇਜਿਆ ਕਿ ਉਹ ਉਨ੍ਹਾਂ ਨਾਲ ਦੋਸਤੀ ਦਾ ਹੀ ਹੱਥ ਹੀ ਨਹੀਂ ਵਧਾਉਣਾ ਚਾਹੁੰਦੇ, ਸਗੋਂ ਗਰਾਂਟਾਂ ਦੇ ਕੇ ਗੁਰੂ ਸਾਹਿਬ ਦੀ ਸਹਾਇਤਾ ਵੀ ਕਰਨਾ ਚਾਹੁੰਦੇ ਹਨ, ਪਰ ਸ਼ਰਤ ਇਹ ਹੈ ਕਿ ਗੁਰੂ ਸਾਹਿਬ ਆਪਣੀਆਂ ਸਰਗਰਮੀਆਂ ਨੂੰ ਕੇਵਲ ਧਾਰਮਿਕ ਖੇਤਰ (ਕੇਵਲ ਪੀਰੀ) ਤੱਕ ਹੀ ਸੀਮਤ ਰੱਖਣ । ਦੂਜੇ ਸ਼ਬਦਾਂ ਵਿੱਚ ਉਹ ਬੇਸ਼ੱਕ ਪ੍ਰਚਾਰ ਕਰਨ ਰੱਬ ਅੱਗੇ ਅਰਦਾਸਾਂ ਕਰਨ ਪਰ ਮੁਗਲ ਹਕੂਮਤ ਦੀਆਂ ਰਾਜਸੀ (ਮੀਰੀ) ਦੇ ਮਾਮਲਿਆਂ ਵਿੱਚ ਦਖਲ ਨਾ ਦੇਣ । (ਹਵਾਲਾ ਪੁਸਤਕ, ਪੰਜਾਬ ਦਾ ਸੰਤਾਪ 1947 ਤੋਂ 2015, ਲੇਖਕ ਡਾ: ਗੁਰਦਰਸ਼ਨ ਸਿੰਘ ਢਿੱਲੋਂ) ਪਰ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਾਗੂ ਕੀਤੇ ਗਏ ਸਿੱਖ ਲਹਿਰ ਦੇ 'ਮੀਰੀ ਪੀਰੀ' ਦੇ ਸਿਧਾਂਤ 'ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ । ਇਥੇ ਇਹ ਵੀ ਦੱਸਣਯੋਗ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਪਿਤਾ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਔਰੰਗਜ਼ੇਬ ਦੇ ਪਿਤਾ ਸ਼ਾਹਜਹਾਨ ਦੀਆਂ ਫੌਜਾਂ ਨੂੰ ਇਸੇ 'ਮੀਰੀ ਪੀਰੀ' ਦੇ ਸਿਧਾਂਤ ਤਹਿਤ ਚਹੁੰ ਜੰਗਾਂ ਵਿੱਚ ਹਰਾਇਆ ਸੀ । ਔਰੰਗਜ਼ੇਬ ਇਨ੍ਹਾਂ ਚਹੁੰ ਜੰਗਾਂ ਦੀ ਘਟਨਾਵਾਂ ਬਾਰੇ ਭਲੀ ਭਾਂਤ ਜਾਣੂ ਸੀ । "ਔਰੰਗਜ਼ੇਬ ਨਾਨਕ ਪੰਥੀਆਂ ਨੂੰ ਇਕ ਕੌਮ ਵਜੋਂ ਵੱਧਣ ਫਲਣ ਤੋਂ ਰੋਕਣਾ ਚਾਹੁੰਦਾ ਸੀ, ਅਜਿਹੀ ਨੀਤੀ ਉਸ ਦੇ ਬਾਬੇ ਜਹਾਂਗੀਰ ਨੇ ਸ਼ੁਰੂ ਕਰ ਦਿੱਤੀ ਸੀ । ਔਰੰਗਜ਼ੇਬ ਗੁਰੂ ਤੇਗ ਬਹਾਦਰ 'ਤੇ ਜ਼ੋਰ ਪਾਉਂਦਾ ਰਿਹਾ ਕਿ ਆਪਣਾ ਐਲਾਨ ਵਾਪਸ ਲੈ ਲੈਣ ਤੇ ਮੁਗਲ ਹਕੂਮਤ ਅਤੇ ਹਿੰਦੂਆਂ ਵਿੱਚੋਂ ਲਾਂਭੇ ਹੋ ਜਾਣ । ਗੁਰੂ ਤੇਗ ਬਹਾਦਰ ਸਾਹਿਬ ਆਪਣੇ ਫੈਸਲੇ 'ਤੇ ਦ੍ਰਿੜ੍ਹ ਰਹੇ ਅਤੇ ਔਰੰਗਜ਼ੇਬ ਨੇ ਆਪਣੀ ਜ਼ਿੱਦ ਨਾ ਛੱਡੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਾਂਤਮਈ ਸ਼ਹਾਦਤ ਦੇ ਨਾਲ ਸਿੱਖ ਲਹਿਰ ਅਤੇ ਮੁਗਲ ਸ਼ਾਹੀ ਦੀ ਲਹੂ ਡੋਲ੍ਹਵੀਂ ਟੱਕਰ ਸ਼ੁਰੂ ਹੋ ਗਈ। "ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਨਾਨਕ ਪੰਥੀਆਂ ਦਾ ਬਿਖੜਾ ਰਾਹ ਰੁਸ਼ਨਾ ਦਿੱਤਾ, ਅਜਿਹੀਆਂ ਸ਼ਹੀਦੀਆਂ ਦੇ ਰੂਬਰੂ ਖੜੋਕੇ ਕੌਮਾਂ ਆਪਣੀਆਂ ਹੋਣੀਆਂ ਪਲਟਾਉਣ ਦੇ ਲਈ ਫੈਸਲੇ ਕਰਦੀਆਂ ਹਨ । ਇਸ ਸ਼ਹੀਦੀ ਤੋਂ ਅਗਲਾ ਸਿੱਖ ਇਤਿਹਾਸ ਉਨ੍ਹਾਂ ਫੈਸਲਿਆਂ ਨੂੰ ਚੰਗੀ ਤਰ੍ਹਾਂ ਨਿਰੂਪਣ ਕਰਦਾ ਹੈ ।"
(ਹਵਾਲਾ-ਸਿੱਖ ਇਤਿਹਾਸ, ਸਿੱਖ ਧਰਮ ਦੇ ਮੂਲ ਸਿਧਾਂਤ ਪੰਨਾ 60-61, ਲੇਖਕ ਪ੍ਰਿੰਸੀਪਲ ਤੇਜਾ ਸਿੰਘ, ਡਾ: ਗੰਡਾ ਸਿੰਘ)

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨਵੰਬਰ 1675 ਵਿੱਚ ਹੋਈ । ਇਸ ਤੋਂ ਬਾਅਦ ਸਿੱਖ ਲਹਿਰ ਨੂੰ ਚਲਾਉਣ ਵਾਲੇ ਹਿੰਦੂ ਮੱਤ ਨੂੰ ਤਿਆਗ ਚੁੱਕੇ ਸਿੱਖ ਮੱਤ ਦੇ ਪੈਰੋਕਾਰਾਂ ਨੇ ਮਨੁੱਖੀ ਅਕਲ ਨੂੰ ਚਕ੍ਰਿਤ ਕਰ ਦੇਣ ਵਾਲੀਆਂ ਅਨੇਕਾਂ ਘਟਨਾਵਾਂ ਨਾਲ ਸਿੱਖ ਇਤਿਹਾਸ ਨੂੰ ਮਾਲਾ ਮਾਲ ਕਰਨਾ ਸ਼ੁਰੂ ਕਰ ਦਿੱਤਾ ਸੀ । ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਤੇਗ ਬਹਾਦਰ ਦਾ ਸੀਸ ਧੜ ਨਾਲੋਂ ਅਲੱਗ ਕਰਕੇ ਟੁੱਕੜੇ ਦਿੱਲੀ ਦੇ ਦਰਵਾਜਿਆਂ 'ਤੇ ਟੰਗ ਦਿੱਤੇ ਜਾਣ। ਗੁਰੂ ਸਾਹਿਬ ਦੇ ਸ਼ਹੀਦੀ ਅਸਥਾਨ 'ਤੇ ਮੁਗਲ ਹਕੂਮਤ ਦਾ ਏਨਾ ਸਖਤ ਪਹਿਰਾ ਹੋਣ ਦੇ ਬਾਵਜੂਦ ਭਾਈ ਜੈਤਾ ਤੇ ਉਸ ਦੇ ਸਾਥੀ ਭਾਈ ਊਦੇ ਤੇ ਭਾਈ ਨਾਨੂੰ ਨੇ ਗੁਰੂ ਸਾਹਿਬ ਦਾ ਪਾਵਨ ਪਵਿੱਤਰ ਸੀਸ ਉਠਾ ਕੇ ਕੀਰਤਪੁਰ ਗੁਰੂ ਗੋਬਿੰਦ ਸਿੰਘ ਪਾਸ ਲੈ ਆਉਣਾ ਤੇ ਸਸਕਾਰ ਕਰਨਾ । ਭਾਈ ਲਖਣ ਸ਼ਾਹ ਵਣਜਾਰੇ ਦੇ ਪਰਿਵਾਰ ਨੇ ਏਨੇ ਸਖਤ ਪਹਿਰੇ ਦੇ ਬਾਵਜੂਦ ਗੁਰੂ ਸਾਹਿਬ ਦਾ ਪਵਿੱਤਰ ਧੜ ਗੱਡੇ 'ਤੇ ਲੱਦ ਕੇ ਘਰ ਲੈ ਜਾਣਾ ਅਤੇ ਪੂਰੇ ਘਰ ਨੂੰ ਅੱਗ ਲਾ ਕੇ ਸਸਕਾਰ ਕਰ ਦੇਣਾ।

ਇਨ੍ਹਾਂ ਦੋਹਾਂ ਘਟਨਾਵਾਂ ਨੇ ਮੁਗਲੀਆ ਹਕੂਮਤ ਦੀ ਨੀਂਦ ਹਰਾਮ ਕਰ ਦਿੱਤੀ ਸੀ । 1676 ਵਿੱਚ ਤਿੰਨ ਹੋਰ ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿੱਚ ਤਿੰਨ ਸਿੱਖਾਂ ਨੇ ਵੱਖ-ਵੱਖ ਥਾਵਾਂ ਤੇ ਸਮਿਆਂ 'ਤੇ ਔਰੰਗਜ਼ੇਬ ਤੇ ਉਸ ਦੇ ਅੰਗ ਰੱਖਿਅਕਾਂ ਦੀ ਪ੍ਰਵਾਹ ਨਾ ਕਰਦੇ ਹੋਏ ਔਰੰਗਜ਼ੇਬ ਨੂੰ ਮਾਰਨ ਦੀ ਕੋਸ਼ਿਸ਼ ਕੀਤੀ । ਮੁਆਸਿਰ-ਆਲਮਗੀਰੀ ਦਾ ਸਰੋਤ ਕਿਸੇ ਸਿੱਖ ਲਿਖਾਰੀ ਦੀ ਰਚਨਾ ਨਹੀਂ ਹੈ। ਇਹ ਔਰੰਗਜ਼ੇਬ ਦੇ ਰਾਜ ਦੇ ਵੇਰਵੇ ਦੇਣ ਵਾਲੀ ਮੁਸਲਮਾਨੀ ਰਚਨਾ ਹੈ । ਇਸ ਰਚਨਾ ਤੋਂ ਵੀ ਸਿੱਖਾਂ ਦੀ ਬਹੁਤ ਤਿੱਖੀ ਸੁਰ ਵਾਲੀ, ਹੜ੍ਹ ਦੇ ਪਾਣੀਆਂ ਵਰਗੀ ਤੀਬਰ ਤੇ ਵਿਰਾਟ ਰੂਪ ਵਾਲੀ ਜੱਦੋ-ਜਹਿਦ ਦੇ ਹਵਾਲੇ ਮਿਲਦੇ ਹਨ । ਜਿਥੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਹਿੰਦੂਆਂ ਵਿੱਚ ਡਰ ਅਤੇ ਭੈਅ ਨਾਲ ਚੁੱਪ-ਚਾਂ ਵਰਤ ਗਈ ਸੀ, ਉਥੇ ਸਿੱਖਾਂ ਦੇ ਮਨਾਂ ਵਿੱਚ ਸਿੱਖ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਅਮੁੱਕ ਉਤਸ਼ਾਹ ਤੇ ਅਥਾਹ ਬਲ ਪੈਦਾ ਹੋ ਗਿਆ ਸੀ । "10 ਜੁਲਾਈ 1676 ਵਿੱਚ ਔਰੰਗਜ਼ੇਬ ਦੀ ਸਵਾਰੀ ਚਾਂਦਨੀ ਚੌਕ ਵਿੱਚੋਂ ਲੰਘਣ ਸਮੇਂ ਇਕ ਸਿੱਖ ਨੇ ਔਰੰਗਜ਼ੇਬ ਵੱਲ ਉਲਾਰ ਕੇ ਇਕ ਡੰਡਾ ਮਾਰਿਆ ਜੋ ਔਰੰਗਜ਼ੇਬ ਦੇ ਸ਼ਾਹੀ ਛਤਰ 'ਤੇ ਅਗਲੇ ਹਿੱਸੇ ਵਿੱਚ ਵੱਜਿਆ, ਔਰੰਗਜ਼ੇਬ ਦੇ ਸਿਪਾਹੀਆਂ ਵੱਲੋਂ ਸਿੱਖ ਨੂੰ ਕੋਤਵਾਲ ਦੇ ਹਵਾਲੇ ਕਰਨ ਤੇ ਸਜ਼ਾ ਹੋਣ ਜਾਣ ਦੀ ਗੱਲ ਵੱਖਰੀ ਹੈ, ਪਰ ਸਿੱਖ ਲਹਿਰ ਨੂੰ ਤਿੱਖਾ ਕਰਨ ਲਈ ਨਾਨਕ ਪ੍ਰਸਤਾਂ ਦੀ ਜੁਅਰਤ ਅਤੇ ਉਤਸ਼ਾਹ ਦੇਖਣੇ ਹੀ ਬਣਦੇ ਹਨ।



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਫਿਰ 2 ਨਵੰਬਰ 1676 ਨੂੰ ਔਰੰਗਜ਼ੇਬ ਜਾਮਾ ਮਸਜਿਦ ਦਿੱਲੀ ਦੀਆਂ ਪੌੜੀਆਂ ਉਤਰ ਕੇ ਆਪਣੇ ਘੋੜੇ 'ਤੇ ਚੜਨ ਲੱਗਾ ਤਾਂ ਇਕ ਸਿੱਖ ਨੰਗੀ ਤਲਵਾਰ ਨਾਲ ਉਸ ਉੱਤੇ ਹਮਲਾਵਰ ਹੋਇਆ, ਉਹ ਔਰੰਗਜ਼ੇਬ ਨੂੰ ਮਾਰ ਤਾਂ ਨਹੀਂ ਸੀ ਸਕਿਆ ਤੇ ਉਸ ਨੂੰ ਗ੍ਰਿਫਤਾਰ ਕਰਕੇ ਰਣਥੰਭੌਰ ਦੇ ਕਿਲ੍ਹੇ ਵਿੱਚ ਤਸੀਹੇ ਭੁਗਤਣ ਅਤੇ ਸਖਤ ਕੈਦ ਕੱਟਣ ਲਈ ਭੇਜ ਦਿੱਤਾ ਗਿਆ ਸੀ । ਇਸ ਪਿੱਛੋਂ 19 ਫਰਵਰੀ 1677 ਨੂੰ ਦਰਿਆ ਜਮਨਾ ਵਿਖੇ ਕਿਸ਼ਤੀ ਦੀ ਸੈਰ ਕਰਨ ਪਿੱਛੋਂ ਕਿਸ਼ਤੀ ਤੋਂ ਉਤਰਨ ਸਮੇਂ ਔਰੰਗਜ਼ੇਬ ਨੂੰ ਜ਼ਖਮੀ ਕਰਨ ਲਈ ਇਕ ਸੂਰਬੀਰ ਸਿੱਖ ਨੌਜੁਆਨ ਨੇ ਉਪਰੋਂ ਥਲੀ ਵਾਰੋ ਵਾਰੀ ਸਿਰ ਦੋ ਇੱਟਾਂ ਟਿਕਾ ਕੇ ਔਰੰਗਜ਼ੇਬ ਦੇ ਮਾਰੀਆਂ, ਜਿਨ੍ਹਾਂ ਵਿੱਚੋਂ ਇਕ ਉਸ ਦੇ ਸ਼ਿਘਾਸਣ 'ਤੇ ਵੱਜੀ, ਉਸ ਸਿੱਖ ਨੌਜੁਆਨ ਨੂੰ ਵੀ ਗ੍ਰਿਫਤਾਰ ਕਰਕੇ ਕੋਤਵਾਲ ਦੇ ਹਵਾਲੇ ਕਰ ਦਿੱਤਾ ਗਿਆ ਸੀ ।" (ਹਵਾਲਾ ਪੁਸਤਕ ਜੀਵਨ ਗਾਥਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਿੱਖ ਇਨਕਲਾਬ, ਲੇਖਕ ਮਹਿੰਦਰ ਸਿੰਘ ਜੋਸ਼) ਉਕਤ ਤਿੰਨੇ ਘਟਨਾਵਾਂ ਸਿੱਖਾਂ ਵਿੱਚ ਅਤਿਆਚਾਰੀ ਨਿਜਾਮ ਅਤੇ ਨਾਜਮ ਵਿਰੁੱਧ ਵੱਧ ਰਹੇ ਰੋਹ ਤੇ ਉਨ੍ਹਾਂ ਦੇ ਮਨਾਂ ਵਿੱਚ ਜੁਲਮੀ ਰਾਜ ਦਾ ਸਰਬਨਾਸ਼ ਕਰਨ ਦੇ ਉਤਸ਼ਾਹ ਦੇ ਦੀਦਾਰ ਹਰ ਸੁਜਾਖੀ ਅੱਖ ਨੂੰ ਕਰਾ ਗਈਆਂ ਅਤੇ ਅਜੋਕੇ ਸਮੇਂ ਵਿੱਚ ਵੀ ਕਰਵਾ ਰਿਹਾ ਹੈ। ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਅੱਜ ਵੀ ਗੁਰੂ ਗ੍ਰੰਥ ਸਰੂਪ ਹੋ ਕੇ ਗੁਰਦੁਆਰਿਆਂ ਵਿੱਚ ਸਿੰਘਾਸਨ ਉੱਤੇ ਸੁਭਾਇਮਾਨ ਹਨ ।"

ਡਾ: ਸੁਜਿੰਦਰ ਸਿੰਘ ਸੰਘਾ ਜੀ ਆਪਣੇ ਲੇਖ ਵਿੱਚ ਹੋਰ ਲਿਖਦੇ ਹਨ ਕਿ "ਮੁਗਲਾਂ ਨੇ 1664-1675 ਈ: ਦੌਰਾਨ ਗੁਰੂ ਕਾਲ ਦੇ ਕਾਰਨਾਮਿਆਂ ਉੱਪਰ ਸਖਤ ਨਿਗਾਹ ਟਿਕਾਈ ਹੋਈ ਸੀ । ਔਰੰਗਜ਼ੇਬ ਨੇ ਅਗਾਂਹ ਦੱਸਵੇਂ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਵੀ ਧਾਰਮਿਕ ਅਜ਼ਾਦੀ, ਸਿੱਖ ਪੰਥ ਦੀ ਸਾਜਨਾ ਅਤੇ ਸਿੱਖ ਫਲਸਫੇ ਨੂੰ ਪ੍ਰਚੰਡ ਕਰਨ ਬਦਲੇ ਤਸ਼ੱਦਦਾਂ ਅਤੇ ਸ਼ਹੀਦੀਆਂ ਦੇ ਰੂਪ ਵਿੱਚ ਸਦੀਵੀ ਸੁਰਜੀਤ ਕੀਤਾ।"

ਇਸ ਦਾ ਜੁਆਬ ਅਗਲੇ ਅੰਗ ਵਿੱਚ ਪੜ੍ਹੋ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਲਗਪਗ ਇਕ ਦਹਾਕੇ ਬਾਅਦ ਹਿੰਦੂ ਪਹਾੜੀ ਰਾਜਿਆਂ ਨੇ ਸਿੱਖ ਇਨਕਲਾਬ ਦੀ ਝਾਲ ਨਾ ਝੱਲਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਨਾਲ ਪਹਿਲਾ ਭੰਗਾਣੀ ਦਾ ਜੰਗ ਕਿਵੇਂ ਲੜਿਆ।

***ਚਲਦਾ ... ਬਾਕੀ ਅਗਲੇ ਅੰਕ ਵਿੱਚ***

## ਲੜੀਵਾਰ ਨਾਵਲ



ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...

**ਸਰਦਾਰਾ ਸਿਉਂ ਦੇ ਤਿੰਨ ਮੁੰਡੇ ਸਨ। ਤਿੰਨੇ ਹੀ ਬੜੇ ਮਿਹਨਤੀ ਅਤੇ ਈਮਾਨਦਾਰ! ਸਰਦਾਰਾ ਸਿਉਂ ਕੁਝ ਸਾਲ ਕਿਸੇ ਅਰਬ ਦੇਸ਼ ਵਿੱਚ ਲਾ ਕੇ ਚਾਰ ਪੈਸੇ ਬਣਾ ਲਿਆਇਆ ਸੀ ਅਤੇ ਉਸ ਦਾ ਪ੍ਰੀਵਾਰ ਚੰਗੀ ਰੋਟੀ ਖਾ ਰਿਹਾ ਸੀ। ਜ਼ਮੀਨ ਉਸ ਕੋਲ਼ ਸਿਰਫ਼ ਸੱਤ ਕੁ ਏਕੜ ਹੀ ਸੀ। ਉਸ ਨੇ ਲੰਮੀ ਸੋਚ ਕੇ ਆਪਣੇ ਦੋ ਮੁੰਡੇ ਕਿਸੇ ਮਿਸਤਰੀ ਕੋਲ਼ ਖਰਾਦ ਦਾ ਕੰਮ ਸਿੱਖਣ ਲਈ ਲਾ ਦਿੱਤੇ ਅਤੇ ਸਭ ਤੋਂ ਵੱਡਾ ਸਰਦਾਰੇ ਨਾਲ਼ ਖੇਤ ਵਿੱਚ ਹੱਥ-ਪੜੱਥੀ ਕਰਵਾ ਦਿੰਦਾ। ਸਰਦਾਰੇ ਨੇ ਪੰਜ ਸੱਜਰ ਸੂਈਆਂ ਮੱਝਾਂ ਖਰੀਦ ਕੇ ਕਿੱਲਿਆਂ 'ਤੇ ਲਿਆ ਬੰਨ੍ਹੀਆਂ ਅਤੇ ਉਹਨਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਆਪਣੀ ਘਰਵਾਲ਼ੀ ਨੂੰ ਸੌਂਪ ਦਿੱਤੀ। ਵੱਡਾ ਮੁੰਡਾ ਪੱਠੇ ਵੱਢ ਕੇ ਲਿਆ ਸੁੱਟਦਾ ਅਤੇ ਮਾਂ ਪੁੱਤ ਰਲ਼ ਕੇ ਪੱਠੇ ਕੁਤਰ ਕੇ ਮੱਝਾਂ ਨੂੰ ਪਾ ਦਿੰਦੇ। ਇੱਕ ਮੱਝ ਦਾ ਦੁੱਧ ਰੱਖ ਕੇ ਬਾਕੀ ਦੁੱਧ ਸਰਦਾਰੇ ਨੇ ਡੇਅਰੀ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਘਰ ਦਾ ਕੰਮ ਬਾਹਵਾ ਤੁਰ ਪਿਆ ਸੀ। ਅਰਬ ਦੇਸ਼ ਵਿੱਚੋਂ ਕਮਾਏ ਪੈਸੇ ਕੰਮ ਆਏ ਸਨ ਅਤੇ ਘਰ ਦਾ ਤੋਰਾ ਵਧੀਆ ਤੁਰ ਪਿਆ ਸੀ।**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 49**

### ਕਾਂਡ 23

ਉਸ ਨੇ ਮਿੱਟੋ-ਮਿੱਟੀ ਭਿੰਡੀਆਂ ਦੀ ਸਬਜ਼ੀ ਬਣਾ ਕੇ ਪਰਾਉਂਠੇ ਲਾਹ ਦਿੱਤੇ ਅਤੇ ਥਾਲ਼ੀ ਮਾਣੋਂ ਅੱਗੇ ਲਿਆ ਰੱਖੀ। ਪਾਰੋ ਦੀ ਮਿਹਨਤ ਦੀ ਲਾਜ ਜਿਹੀ ਰੱਖਣ ਵਾਸਤੇ ਮਾਣੋਂ ਨੇ ਧੱਕੋ-ਧੱਕੀ ਦੋ ਪਰਾਉਂਠੇ ਖਾ ਕੇ ਥਾਲ਼ੀ ਪਿੱਛੇ ਧੱਕ ਦਿੱਤੀ।

-"ਕਿੰਨਾ ਸਿਆਣੈ ਮੇਰਾ ਸ਼ੇਰ...। ਦੋ ਪਰਾਉਂਠੇ ਛਕ ਲਏ...। ਗਣੇਸ਼...!"

-"ਜੀ ਸਰਦਾਰ ਜੀ...?"

-"ਹੈਰੀ ਨੂੰ ਵਿਸਕੀ ਤੇ ਖਾਣ ਨੂੰ ਦੇਹ ਕੁਛ..।"

-"ਜੀ ਸਰਦਾਰ ਜੀ...।"

ਗਣੇਸ਼ ਨੇ "ਓਲਡ ਮੰਕ" ਦੀ ਬੋਤਲ ਅਤੇ ਸੋਢਾ ਹੈਰੀ ਅੱਗੇ ਲਿਜਾ ਰੱਖਿਆ। ਗਿਰਝ ਵਰਗੀ ਬੋਤਲ ਨੂੰ ਦੇਖ ਕੇ ਹੈਰੀ ਬਾਂਦਰ ਵਾਂਗ ਲਾਚੜ ਗਿਆ। ਪਰ ਉਸ ਨੇ ਟੀ.ਵੀ. ਦਾ ਰਿਮੋਟ ਹੱਥੋਂ ਨਾ ਛੱਡਿਆ।

-"ਸਰਦਾਰ ਜੀ, ਸਲਾਦ ਲਓਂਗੇ, ਜਾਂ ਮੁਰਗਾ...?" ਗਣੇਸ਼ ਨੇ ਅੱਧ ਕੁ ਦਾ ਹੋ ਕੇ ਪੁੱਛਿਆ।

ਤੂੰ ਦੋਨੋਂ ਈ ਲਿਆ...।" ਉਸ ਨੇ ਬਦਮਗਜਾਂ ਵਾਂਗ ਆਖਿਆ।

ਗਣੇਸ਼ ਭੁੰਨਿਆਂ ਮੁਰਗਾ ਅਤੇ ਸਲਾਦ ਦੀ ਵੱਡੀ ਪਲੇਟ ਰੱਖ ਗਿਆ।

ਦੋ ਉਹ ਅੱਧੇ ਕੁ ਘੰਟੇ ਬਾਅਦ ਮੁੜ ਹੈਰੀ ਦੇ ਕਮਰੇ ਵਿੱਚ ਆਇਆ ਤਾਂ ਹੈਰੀ ਸਾਰਾ ਕੁਛ ਨਬੇੜੀ ਬੈਠਾ ਸੀ ਅਤੇ ਦਾਰੂ ਦੀ ਅੱਧੀਓਂ ਜ਼ਿਆਦਾ ਬੋਤਲ ਸੂਤ ਗਿਆ ਸੀ।

-"ਹੋਰ ਲਿਆਵਾਂ ਸਰਦਾਰ ਜੀ...?" ਗਣੇਸ਼ ਖਾਲੀ ਪਲੇਟਾਂ ਚੁੱਕਦਾ ਪੁੱਛ ਰਿਹਾ ਸੀ।

-"ਚੱਕੀ ਆ...!"

ਗਣੇਸ਼ ਸਲਾਦ ਦੀਆਂ ਦੋ ਪਲੇਟਾਂ ਅਤੇ ਇੱਕ ਭੁੰਨਿਆਂ ਹੋਇਆ ਮੁਰਗਾ ਹੋਰ ਰੱਖ ਗਿਆ। ਹੈਰੀ ਭੁੱਖਿਆਂ ਵਾਂਗ ਝਪਟਿਆ।

ਗਣੇਸ਼ ਬਾਹਰ ਨਿਕਲ਼ ਗਿਆ।

ਰਾਤ ਨੂੰ ਇੱਕ ਪੰਜ ਤਾਰਾ ਹੋਟਲ ਦੇ ਕਮਰੇ ਵਿੱਚ ਡੀ.ਜੀ.ਪੀ. ਖਹਿਰਾ ਅਤੇ ਬਘੇਲ ਸਿੰਘ ਦਾਰੂ ਪੀ ਰਹੇ ਸਨ। ਬਘੇਲ ਸਿਉਂ ਇਕੱਲਾ ਹੀ ਸੋਫ਼ੇ ਉਪਰ ਫ਼ੈਲਰਿਆ ਬੈਠਾ ਸੀ। ਦਾਰੂ ਦਾ ਨਸ਼ਾ ਉਸ ਦੀਆਂ ਅੱਖਾਂ ਵਿੱਚ ਮੋਮਬੱਤੀ ਦੀ ਲਾਟ ਵਾਂਗ ਗੇੜੀਂ ਪਿਆ ਹੋਇਆ ਸੀ।

-"ਮੇਰੇ ਨਾਲ਼ ਕੀਤਾ ਵਾਅਦਾ ਯਾਦ ਐ ਨ੍ਹਾਂ ਬਘੇਲ ਸਿਆਂ...?" ਖਹਿਰੇ ਨੇ ਉਸ ਦੇ ਪੱਟ 'ਤੇ ਧੱਫੀ ਜਿਹੀ ਮਾਰ ਕੇ ਪੁੱਛਿਆ।

-"ਕਿਹੜਾ...?"

-"ਐਡੀ ਛੇਤੀ ਭੁੱਲ ਵੀ ਗਿਆ...?" ਖਹਿਰੇ ਦਾ ਦਾਗਲ਼ ਚਿਹਰਾ ਦੰਗ ਸੀ।

-"ਵਾਅਦੇ ਤੇਰੇ ਨਾਲ਼ ਮੈਂ ਕਈ ਕੀਤੇ ਸੀ, ਹੁਣ ਸਾਲ਼ੇ ਦਿਮਾਗ ਜੇ 'ਚ ਨੀ ਆਉਂਦੇ...। ਇੱਕ ਆਹੀ ਸਾਲ਼ੀ ਬੇਮੋਖੀ ਦਾਰੂ ਨੀ ਪੱਟੀ ਬੱਝਣ ਦਿੰਦੀ, ਰਾਤ ਦਾ ਕੀਤਾ ਵਾਅਦਾ ਸਵੇਰ ਨੂੰ ਭੁੱਲ ਜਾਂਦੈ...।" ਉਸ ਨੇ ਦਾਰੂ ਦਾ ਗਿਲਾਸ ਚੁੱਕ ਕੇ ਮੂੰਹ ਨੂੰ ਲਾ ਲਿਆ। ਪੈੱਗ ਪਾਉਣ ਤੋਂ ਬਾਅਦ ਸਲਾਦ ਵਿੱਚੋਂ ਹਰੀ ਮਿਰਚ ਚੁੱਕ ਕੇ ਮੂੰਹ ਵਿੱਚ ਪਾਈ। ਕੌੜੀ ਮਿਰਚ ਨਾਲ਼ ਉਸ ਦਾ ਮੂੰਹ ਆਪਣੇ ਆਪ ਖੁੱਲ੍ਹ ਗਿਆ।

-"ਵੱਡਾ ਵਾਅਦਾ ਤਾਂ ਇਹੀ ਐ ਬਈ ਮੇਰੀ ਰਟਾਇਰਮੈਂਟ ਤੋਂ ਬਾਅਦ ਮੈਂ ਛਾਲ਼ ਮਾਰਨੀ ਐਂ ਸਿਆਸਤ 'ਚ, ਤੇ ਖੁੱਲ੍ਹੇ ਡੁੱਲ੍ਹੇ ਫੰਡ ਦੀ ਜ਼ਰੂਰਤ ਪਊਗੀ...!"

-"ਜਮਾਂ ਫ਼ਿਕਰ ਨਾ ਕਰ...! ਨੋਅ ਵਰੀਜ਼...! ਗੁੱਡ ਮੈਣ ਦੀ ਲਾਲਟੈਣ...!" ਉਸ ਨੇ ਵਿਸਕੀ ਨਾਲ਼ ਗਿਲਾਸ ਹੋਰ ਭਰ ਲਿਆ।

-"ਕਿੰਨਾਂ ਕੁ ਕਰ ਦੇਂਗਾ...?"

-"ਤੂੰ ਬੋਲ...?"

-"ਕਰੋੜ...?"

-"ਡੰਨ...!"

-"ਪੱਕੀ ਗੱਲ ਐ...?" ਖਹਿਰਾ ਅਜੇ ਵੀ ਸ਼ੱਕੀ ਸੀ।

-"ਯਾਰ ਮਰਦਾਂ ਆਲ਼ੇ ਬਚਨ ਐਂ...!"

-"ਸਿੱਟ੍ਹ ਹੱਥ...!"

ਦੋਹਾਂ ਨੇ ਹੱਥ ਮਿਲਾਇਆ।

-"ਬਘੇਲ ਸਿਆਂ...! ਇੱਕ ਗੱਲ ਦੱਸ...?" ਖਹਿਰਾ ਅਗਲੀ ਗੱਲ ਵੱਲ ਨੂੰ ਆਇਆ।

-"ਬੋਲ...?"

-"ਆਪਣੀ ਕਿੰਨੀ ਪੁਰਾਣੀ ਯਾਰੀ ਐ, ਪਰ ਅਜੇ ਤੱਕ ਕਿਸੇ ਨੂੰ ਆਪਣੀ ਯਾਰੀ ਬਾਰੇ ਬਹੁਤਾ ਪਤਾ ਨੀ, ਤੇ ਨਾ ਆਪਾਂ ਪਤਾ ਲੱਗਣ ਦੇਣੈ..।"

-"ਠੀਕ...।"

-"ਜਿੰਨੀ ਕੁ ਦੁਨੀਆਂ ਮੈਂ ਦੇਖੀ ਐ, ਓਸ ਹਿਸਾਬ ਨਾਲ਼ ਜੋ ਕੁਕਰਮ ਤੇਰੀ ਨੂੰਹ ਮਾਣੋਂ ਨਾਲ਼ ਹੋਇਐ, ਘੱਟੋ ਘੱਟ ਤੇਰਾ ਮੁੰਡਾ ਹੈਰੀ ਨੀ ਕਰ ਸਕਦਾ...। ਇਹ ਕਿਸੇ ਹੋਰ ਦਾ ਕੰਮ ਐਂ, ਮੰਨ ਚਾਹੇ ਨਾ ਮੰਨ....।" ਖਹਿਰੇ ਨੇ ਕਿਹਾ ਤਾਂ ਬਘੇਲ ਸਿਉਂ ਤਾੜੀ ਮਾਰ ਕੇ ਹੱਸਿਆ।

-"ਮੇਰਾ ਮੁੰਡਾ ਹੈਰੀ ਕਰ ਵੀ ਨੀ ਸਕਦਾ..! ਤੈਨੂੰ ਪਤਾ ਤਾਂ ਹੈਗ੍ਹਾ, ਉਹ ਤਾਂ ਸਾਲ਼ਾ ਲੋਲ੍ਹੈ...! ਉਹਨੂੰ ਐਹੋ ਜੇ ਕੁੱਤੇ ਕੰਮ ਕਦੋਂ ਆਉਂਦੇ ਐ...? ਉਹ ਤਾਂ ਜਿਸ ਦਿਨ ਕਰਵਾਇਆ, ਮੱਝ ਨਵੇਂ ਦੁੱਧ ਕਰਵਾਉਣ ਵਾਂਗੂੰ ਹੱਥ ਨਾਲ਼ ਕਰਵਾਉਣਾ ਪੈਣੈ...!"

-"ਫ਼ੇਰ ਇਹ ਕੰਮ ਕੀਤਾ ਕੀਹਨੇ...? ਤੂੰ...?" ਖਹਿਰੇ ਦਾ ਚਿਹਰਾ ਸਖ਼ਤ ਹੋ ਗਿਆ।

-"ਚੱਲ ਛੱਡ...! ਤੂੰ ਅੰਬ ਖਾਣੇ ਐਂ ਕਿ ਦਰੱਖ਼ਤ ਗਿਣਨੇ ਆਂ...? ਤੈਨੂੰ ਇੱਕ ਕਰੋੜ ਫੰਡ ਮਿਲਜੂ...। ਦਿਨ ਗਿਆ ਟਿਕਾਣੇ ਤੇ ਬਾਬੇ ਦਾ .... ਜਾਣੇ...! ਤੂੰ ਬੁੱਲੇ ਵੱਢ, ਬਣ ਨੇਤਾ ਰਟਾਇਰਮੈਂਟ ਲੈ ਕੇ..! ਕਿਉਂ ਨੇਤਾ ਜੀ...?" ਦੋਵੇਂ ਹੱਸ ਪਏ ਅਤੇ ਪੈੱਗ ਚੁੱਕ ਕੇ ਖਾਲੀ ਕਰ ਦਿੱਤੇ।

-"ਪਰ ਬਘੇਲ ਸਿਆਂ, ਤੈਨੂੰ ਰਾਠੌਰ ਦੀ ਕੁੜੀ ਦਾ ਰਿਸ਼ਤਾ ਹੀ ਕਿਉਂ ਚਾਹੀਦਾ ਸੀ..? ਉਹਦੀ ਇਕਲੌਤੀ ਕੁੜੀ ਦੇ ਰਿਸ਼ਤੇ ਮਗਰ ਤੂੰ ਕਿਉਂ ਹੱਥ ਧੋ ਕੇ ਪਿਆ ਸੀ...?"

-"ਲੈ ਸੁਣ ਫ਼ੇਰ...!" ਬਘੇਲ ਸਿਉਂ ਨੇ ਦੱਸਣਾ ਸ਼ੁਰੂ ਕੀਤਾ।....

.....ਸਰਦਾਰਾ ਸਿਉਂ ਦੇ ਤਿੰਨ ਮੁੰਡੇ ਸਨ। ਤਿੰਨੇ ਹੀ ਬੜੇ ਮਿਹਨਤੀ ਅਤੇ ਈਮਾਨਦਾਰ! ਸਰਦਾਰਾ ਸਿਉਂ ਕੁਝ ਸਾਲ ਕਿਸੇ ਅਰਬ ਦੇਸ਼ ਵਿੱਚ ਲਾ ਕੇ ਚਾਰ ਪੈਸੇ ਬਣਾ ਲਿਆਇਆ ਸੀ ਅਤੇ ਉਸ ਦਾ ਪ੍ਰੀਵਾਰ ਚੰਗੀ ਰੋਟੀ ਖਾ ਰਿਹਾ ਸੀ। ਜ਼ਮੀਨ ਉਸ ਕੋਲ਼ ਸਿਰਫ਼ ਸੱਤ ਕੁ ਏਕੜ ਹੀ ਸੀ। ਉਸ ਨੇ ਲੰਮੀ ਸੋਚ ਕੇ ਆਪਣੇ ਦੋ ਮੁੰਡੇ ਕਿਸੇ ਮਿਸਤਰੀ ਕੋਲ਼ ਖਰਾਦ ਦਾ ਕੰਮ ਸਿੱਖਣ ਲਈ ਲਾ ਦਿੱਤੇ ਅਤੇ ਸਭ ਤੋਂ ਵੱਡਾ ਸਰਦਾਰੇ ਨਾਲ਼ ਖੇਤ ਵਿੱਚ ਹੱਥ-ਪੜੱਥੀ ਕਰਵਾ ਦਿੰਦਾ। ਸਰਦਾਰੇ ਨੇ ਪੰਜ ਸੱਜਰ ਸੂਈਆਂ ਮੱਝਾਂ ਖਰੀਦ ਕੇ ਕਿੱਲਿਆਂ 'ਤੇ ਲਿਆ ਬੰਨ੍ਹੀਆਂ ਅਤੇ ਉਹਨਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਆਪਣੀ ਘਰਵਾਲ਼ੀ ਨੂੰ ਸੌਂਪ ਦਿੱਤੀ। ਵੱਡਾ ਮੁੰਡਾ ਪੱਠੇ ਵੱਢ ਕੇ ਲਿਆ ਸੁੱਟਦਾ ਅਤੇ ਮਾਂ ਪੁੱਤ ਰਲ਼ ਕੇ ਪੱਠੇ ਕੁਤਰ ਕੇ ਮੱਝਾਂ ਨੂੰ ਪਾ ਦਿੰਦੇ। ਇੱਕ ਮੱਝ ਦਾ ਦੁੱਧ ਰੱਖ ਕੇ ਬਾਕੀ ਦੁੱਧ ਸਰਦਾਰੇ ਨੇ ਡੇਅਰੀ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਘਰ ਦਾ ਕੰਮ ਬਾਹਵਾ ਤੁਰ ਪਿਆ ਸੀ। ਅਰਬ ਦੇਸ਼ ਵਿੱਚੋਂ ਕਮਾਏ ਪੈਸੇ ਕੰਮ ਆਏ ਸਨ ਅਤੇ ਘਰ ਦਾ ਤੋਰਾ ਵਧੀਆ ਤੁਰ ਪਿਆ ਸੀ। ਸਰਦਾਰੇ ਦੇ ਘਰਵਾਲ਼ੀ ਗੁਰਮੇਲ ਕੌਰ ਵੀ ਸੁਚੱਜੀ ਔਰਤ ਸੀ, ਤੱਤੇ ਪੈਰਾਂ ਵਾਲ਼ੀ ਨਹੀਂ। ਉਸ ਨੇ ਵੀ 'ਰਕਾਨ' ਬਣ ਕੇ ਲੱਕ ਬੰਨ੍ਹ ਲਿਆ ਸੀ ਅਤੇ ਘਰ ਦੇ ਲੋੜੀਂਦੇ ਕੰਮ ਸਾਂਭ ਲਏ ਸਨ।

ਜਦ ਸਰਦਾਰੇ ਨੇ ਆਪਣੇ ਦੋ ਪੁੱਤ ਲੱਕੜ ਦੀ ਕਾਰੀਗਰੀ ਸਿੱਖਣ ਲਈ ਭੇਜੇ ਸਨ, ਤਾਂ ਮੁੰਡਿਆਂ ਵਿੱਚ "ਜੱਟਪੁਣਾਂ" ਸੱਪ ਵਾਂਗ ਸਿਰੀ ਚੁੱਕ ਕੇ ਖੜ੍ਹ ਗਿਆ ਸੀ, "ਅਸੀਂ ਜੱਟਾਂ ਦੇ ਪੁੱਤ ਤਰਖਾਣਾਂ ਕੰਮ ਕਿਉਂ ਸਿੱਖੀਏ...?" ਮੁੰਡਾ ਅੜ ਕੇ ਖੜ੍ਹ ਗਿਆ ਸੀ।

-"ਕੰਮ ਦਾ ਮਿਹਣਾ ਨੀ ਹੁੰਦਾ ਪੁੱਤ ਮੇਰਿਆ..! ਮੈਂ ਭੁੱਖੇ ਮਰਦੇ ਕਈ ਜੱਟ ਸੀਰੀ ਰਲ਼ਦੇ ਵੀ ਦੇਖੇ ਐ..! ਕੋਈ ਗੁਣ ਸਿੱਖੋ ਤੇ ਆਪਦਾ ਕਾਰੋਬਾਰ ਸ਼ੁਰੂ ਕਰੋ, ਸੱਤਾਂ ਕਿੱਲਿਆਂ ਵਿੱਚੋਂ ਤਾਂ 'ਝੱਗੇ-ਡਵੱਟੇ' ਈ ਲੋਟ ਨੀ ਆਉਣੇ...। ਥੋਡੇ ਹੱਥ ਕੋਈ ਹੁੰਨਰ ਹੋਊ, ਮਾਰ ਨੀ ਖਾਓਂਗੇ..। ਆਹ ਕਨੇਡੇ ਆਲ਼ੇ ਗੇਲੂ ਦਾ ਮੁੰਡਾ ਦੱਸਦਾ ਸੀ ਬਈ ਆਪਣੇ ਆਲ਼ੇ ਜੱਟ ਜ਼ਿੰਮੀਦਾਰ ਬਾਹਰਲੇ ਮੁਲਕਾਂ 'ਚ ਤਰਖਾਣਾ ਕੰਮ ਵੀ ਕਰਦੇ ਐ...।"

-"...............।" ਮੁੰਡਾ ਚੁੱਪ ਸੀ।

-"ਜੇ ਆਪਣੇ ਆਲ਼ੇ ਜੱਟ ਬਾਹਰਲੇ ਮੁਲਕਾਂ 'ਚ ਉਸਾਰੀ ਦਾ ਜਾਂ ਤਰਖਾਣਾ ਕੰਮ ਕਰ ਸਕਦੇ ਐ, ਤਾਂ ਐਥੇ ਦੱਸੋ ਕੀ ਗੋਲ਼ੀ ਵੱਜੀ ਐ...? ਹੱਥੀਂ ਕਿਰਤ ਕਰਨੀ ਐਂ, ਕਿਸੇ ਨੂੰ ਲੁੱਟਣਾ ਥੋੜ੍ਹੋ ਐ...?"

-"...............।" ਬਾਪੂ ਦੀ ਦਲੀਲ ਦੇ ਮੁੰਡੇ ਕਾਇਲ ਹੋ ਗਏ ਸਨ।


ਇੱਕ ਸਾਲ ਲਾ ਕੇ ਮੁੰਡਿਆਂ ਨੇ ਪੂਰਾ ਕੰਮ ਸਿੱਖ ਲਿਆ। ਹੁਣ ਦੋਨੋਂ ਮੁੰਡੇ ਲੱਕੜ ਦੇ "ਕਾਰੀਗਰ" ਬਣ ਗਏ ਸਨ। ਉਹਨਾਂ ਨੇ ਪਿੰਡ ਵਿੱਚ ਹੀ ਇੱਕ ਦੁਕਾਨ ਕਿਰਾਏ 'ਤੇ ਲੈ ਕੇ ਕੰਮ ਸ਼ੁਰੂ ਕਰ ਦਿੱਤਾ। ਚੰਗੇ ਮਿਸਤਰੀ ਦੇ ਚੰਡੇ ਮੁੰਡਿਆਂ ਨੇ ਸੁਚੱਜੇ ਕੰਮ ਵਾਲ਼ੀ ਪਹਿਲਾਂ ਪਿੰਡ ਅਤੇ ਫ਼ੇਰ ਇਲਾਕੇ ਵਿੱਚ ਧੁੰਮ ਪਾ ਦਿੱਤੀ। ਲੋਕ ਦਰਵਾਜੇ, ਖਿੜਕੀਆਂ ਅਤੇ ਬੈੱਡਾਂ ਦਾ ਕੰਮ ਇਹਨਾਂ ਤੋਂ ਹੀ ਕਰਵਾਉਣ ਲੱਗ ਪਏ। ਪਿੰਡ ਵਾਲ਼ੀ ਦੁਕਾਨ 'ਤੇ ਕੰਮ ਦੀ ਵਾਰੀ ਨਾ ਆਉਂਦੀ। ਹਰ ਰੋਜ਼ ਖੁੱਲ੍ਹਾ ਡੁੱਲ੍ਹਾ ਪੈਸਾ ਘਰੇ ਮੀਂਹ ਵਾਂਗ ਵਰ੍ਹਨ ਲੱਗਿਆ। ਹੁਣ ਉਹਨਾਂ ਨੂੰ ਕੰਮ ਕਰਨ ਬਾਹਰਲੇ ਪਿੰਡਾਂ ਵਿੱਚ ਵੀ ਜਾਣਾ ਪੈਂਦਾ। ਬੱਸਾਂ ਵਿੱਚ ਧੱਕੇ ਖਾਣ ਨਾਲ਼ੋਂ ਉਹਨਾਂ ਨੇ ਇੱਕ ਮੋਟਰ ਸਾਈਕਲ ਲੈਣਾ ਠੀਕ ਸਮਝਿਆ।

ਹਫ਼ਤੇ ਬਾਅਦ ਮੋਟਰ ਸਾਈਕਲ ਘਰ ਆ ਗਿਆ।

ਗਰੀਬ ਜੱਟ ਦੇ ਪੁੱਤਾਂ ਨੂੰ ਕਦੇ ਸਾਈਕਲ ਨਸੀਬ ਨਹੀਂ ਸੀ ਹੋਇਆ। ਪਰ ਅੱਜ ਰੱਬ ਦੀ ਰਹਿਮਤ ਸਦਕਾ ਮੋਟਰ ਸਾਈਕਲ ਆ ਖੜ੍ਹਾ ਸੀ। ਉਹਨਾਂ ਦੀ ਮਾਂ ਗੁਰਮੇਲ ਕੌਰ ਖੁਸ਼ ਸੀ।

(ਚਲਦਾ)....

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**



# Jhatka Council's Historic Parliamentary Milestone

**On Monday 15 September 2025, Jhatka Council achieved a landmark milestone in its campaign to secure legal recognition for Jhatka, the Sikh practice of humane animal slaughter, with its first focus group held at the Palace of Westminster. Hosted by Gurinder Singh Josan CBE, MP for Smethwick, and attended by MPs, the event drew an influential gathering of community leaders and scholars to affirm Jhatka's theological and ethical foundations. This pivotal discussion, the first of a series of parliamentary sessions planned for this year, has galvanised the UK's over half a million-strong Sikh community and set a bold precedent for ethical slaughter practices with benefits for millions of consumers.**



**Hosted in a Westminster committee room, the focus group featured a distinguished panel of Sikh academics and experts: Professor Eleanor Nesbitt, Dr James Holt, Gurinder Singh Mann, Dr Opinderjit Kaur Takhar, and Dr Kamalroop Singh. Their presentations provided a compelling case for Jhatka, rooted in Sikh scripture, history, and ethics. This addressed a regulatory gap that has long constrained the community's ability to adhere to its dietary principles.**

**The panelists unified around a core understanding: the Sikh faith rejects ritualism, including ritualistically slaughtered meat. They highlighted that methods involving throat-slitting and bleeding animals alive, often performed in the name of religion, are antithetical to Sikh teachings, which prioritise compassion and justice. Jhatka, involving a single, swift strike to ensure instantaneous death, aligns with these values by minimising animal suffering. Professor Nesbitt, drawing on her research into Sikh dietary practices, noted that early Sikh texts and biographies consistently support Jhatka for meat-eating Sikhs, provided it avoids ritual sacrifice, a stance echoed across the panel, reinforcing Jhatka's spiritual and historical legitimacy.**

**The event's gravitas was amplified by the presence of key Sikh figures. Gurpreet Singh Anand, President of the Khalsa Jatha British Isles - the UK's first gurdwara, founded in 1908, extended his authority to the proceedings, symbolising the community's enduring legacy. Equally significant was the resounding endorsement from Jathedars (Leaders) of Budha Dal in the UK - the supreme Nihang-Sikh authority. As custodians of Sikh martial traditions, including the practice of Jhatka, their unequivocal support underscored the practice's authenticity and rallied the community around the council's mission.**



**For UK Sikhs, the absence of legal provision for Jhatka creates a stark dilemma. As Jhatka Council notes, and reflected by the independent and learned panel, many must choose between abstaining from meat, consuming non-Jhatka meat prohibited by their faith, or resorting to unregulated practices that pose health and safety risks.**

**This focus group laid a robust theological foundation for these proposals, articulating the necessity behind the council's advocacy to government. By concluding Jhatka to be a humane and ethical practice, Jhatka Council position this as a model not only for Sikhs but for Britain's over £10 billion meat industry. Far from being a niche concern, Jhatka's emphasis on instantaneous slaughter could elevate welfare standards for millions, offering a principled alternative in a market where ethics are regularly questioned. The council's vision, as Josan emphasised, bridges faith and fairness, with potential to resonate across secular communities.**



Jhatka Council website: **www.jhatka.co**

# ਗੁਰੂ ਤੇਗ ਬਹਾਦਰ ਜੀ ਦਾ ਨਿਰਭਉ ਤੇ ਨਿਰਵੈਰ ਸਮਾਜ ਦਾ ਸੰਕਲਪ

**ਡਾਕਟਰ ਅਰਵਿੰਦਰ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਇਲਾਹੀ ਬਾਣੀ ਅਤੇ ਸਰਬਵਿਆਪੀ ਸਿੱਖਿਆਵਾਂ ਦਾ ਮੁਤਾਲਿਆ ਕਰਦੇ ਹੋਏ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖੀ ਏਕਤਾ, ਇਕ-ਦੂਜੇ ਦਾ ਸਤਿਕਾਰ, ਭਾਈਚਾਰਕ ਸਾਂਝ, ਆਪਸੀ ਸਦਭਾਵਨਾ, ਧਾਰਮਿਕ ਸਹਿਣਸ਼ੀਲਤਾ ਅਤੇ ਪਰਸਪਰ ਸਹਿਯੋਗ ਨੂੰ ਵਧਾਉਣ ਦੇ ਮਨੋਰਥ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਆਦਰਸ਼ ਸਮਾਜ ਦੀ ਸਿਰਜਣਾ ਕੀਤੀ। ਅਜਿਹੇ ਆਦਰਸ਼ਕ ਸਮਾਜ ਨੂੰ ਸਿਰਜਣ ਲਈ, ਲੋਕਾਂ ਨੂੰ ਲਾਮਬੰਦ ਤੇ ਜਾਗਰੂਕ ਕਰਨ ਲਈ ਉਨ੍ਹਾਂ ਨੇ ਆਪਣਾ ਆਪ ਵਾਰ ਕੇ ਅਜਿਹੇ ਨਿਰਾਲੇ ਤੇ ਅਜ਼ੀਮੋਸ਼ਾਨ ਪੰਥ ਦੀ ਬੁਨਿਆਦ ਨੂੰ ਮਜ਼ਬੂਤ ਕਰਨ ਵਿਚ ਲਾਸਾਨੀ ਯੋਗਦਾਨ ਪਾਇਆ ਕਿ ਜਿਸ ਰਾਹੀਂ ਗ਼ਫ਼ਲਤ ਅਤੇ ਵਹਿਮਾਂ-ਭਰਮਾਂ ਵਿਚ ਭਟਕ ਰਹੇ ਲੋਕਾਂ ਨੂੰ ਜ਼ਹਾਲਤ, ਫਿਰਕਾਪ੍ਰਸਤੀ, ਤੰਗਦਿਲ ਸੋਚ ਅਤੇ ਨਿੱਜੀ ਮੁਫ਼ਾਦਾਂ ਦੀ ਦਲਦਲ 'ਚੋਂ ਬਾਹਰ ਕੱਢਿਆ ਜਾ ਸਕੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ ਅਤੇ ਸਰੋਕਾਰਾਂ ਵਿਚ ਦੱਬੇ-ਕੁਚਲੇ ਪੀੜਤ ਲੋਕਾਂ ਪ੍ਰਤੀ ਹਮਦਰਦੀ, ਜ਼ੁਲਮ ਦਾ ਟਾਕਰਾ, ਮਨੁੱਖੀ ਅਧਿਕਾਰਾਂ ਦੀ ਰਾਖੀ, ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਨਸਲੀ ਭਿੰਨਤਾਵਾਂ ਦਾ ਸਤਿਕਾਰ ਸ਼ਾਮਿਲ ਹੈ। ਗੁਰੂ ਜੀ ਨੇ ਲੋਕਾਈ ਨੂੰ ਇਕ ਅਜਿਹੀ ਨਿਵੇਕਲੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ, ਜਿਸ ਨੂੰ ਅਪਣਾਉਣ ਪਿੱਛੋਂ ਇਨਸਾਨ ਸਚਿਆਰਾ, ਨਿਮਰ, ਨਿਰਸਵਾਰਥ, ਨਿਰਛਲ, ਨਿਰਭੈ, ਨਿਰਵੈਰ ਅਤੇ ਰਹਿਮਦਿਲ ਰਹਿੰਦੇ ਹੋਏ ਇਸ ਕਾਇਨਾਤ ਦੇ ਜ਼ਰੇ-ਜ਼ਰੇ 'ਚੋਂ ਉਸ ਪਰਵਰਦਗਾਰ ਦੀ ਹੋਂਦ ਨੂੰ ਮਹਿਸੂਸ ਕਰ ਸਕੇ। ਸ਼ਾਂਤਮਈ ਸਹਿਹੋਂਦ ਦੇ ਸੰਕਲਪ 'ਤੇ ਆਧਾਰਿਤ ਨਿਆਂਪੂਰਨ ਬਹੁ-ਸੱਭਿਆਚਾਰਕ ਸਮਾਜ ਦੇ ਸੰਕਲਪ ਦੀ ਪੁਰਜ਼ੋਰ ਵਕਾਲਤ ਕਰਦੇ ਹੋਏ ਗੁਰੂ ਜੀ ਨੇ ਬਿਹਤਰ, ਸੁਰੱਖਿਅਤ, ਸਥਿਰ ਅਤੇ ਰੌਸ਼ਨ ਭਵਿੱਖ ਲਈ ਰਾਜਸੀ ਅੱਤਿਆਚਾਰ, ਮਜ਼੍ਹਬੀ ਮੁਤੱਸਬੀਪੁਣੇ, ਨਾਬਰਾਬਰੀ, ਗੁਲਾਮੀ, ਸੱਭਿਆਚਾਰਕ ਤੇ ਨਸਲੀ ਟਕਰਾਅ ਦੀ ਸਥਿਤੀ ਨਾਲ ਨਜਿੱਠਣ ਲਈ ਸਰਬਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ।

ਗੁਰੂ ਜੀ ਨੇ ਨਜ਼ਰੀਆਤੀ, ਮਜ਼੍ਹਬੀ, ਨਸਲੀ, ਭਾਸ਼ਾਈ, ਜਾਤੀ, ਨ.ਫਸੀਆਤੀ, ਸਕਾ.ਫਤੀ ਅਤੇ ਇਲਾਕਾਈ ਆਧਾਰ 'ਤੇ ਮਿਲਦੀ ਕਸ਼ਮਕਸ਼ ਕਸ਼ੀਦਗੀ, ਇਖਤਲਾ.ਫ ਅਤੇ ਆਪਸੀ ਝਗੜਿਆਂ ਨੂੰ ਸਦੀਵੀ ਤੌਰ 'ਤੇ ਸੁਲਝਾਉਣ ਲਈ ਰਾਹ ਹਮਵਾਰ ਕਰਦੇ ਹੋਏ ਇਕ ਪੁਰਅਮਨ, ਪੁਰਸਕੂਨ, ਇਨਸਾ.ਫ ਪਸੰਦ, ਖੁਸ਼ਹਾਲ, ਮਾਨਵਤਾਵਾਦੀ ਅਤੇ ਬਹੁਲਵਾਦੀ ਸਮਾਜ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮੁੱਚੀ ਮਾਨਵਤਾ ਨੂੰ ਆਪਣੀ ਇਲਾਹੀ ਬਾਣੀ ਰਾਹੀਂ ਨਵੀਂ ਸੇਧ ਦਿੱਤੀ। ਅਸਲ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਦਰਸ਼ ਸਮਾਜ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਆਦਰਸ਼ਾਂ ਨੂੰ ਸਮਰਪਿਤ ਜਾਤ ਰਹਿਤ, ਸ਼ੋਸ਼ਣ ਰਹਿਤ, ਜਬਰ ਰਹਿਤ, ਵਰਗ ਰਹਿਤ, ਭੇਦਭਾਵ ਰਹਿਤ ਅਤੇ ਨਿਆਂ 'ਤੇ ਆਧਾਰਿਤ ਇਕ ਅਜਿਹਾ ਆਦਰਸ਼ ਸਮਾਜ ਹੈ, ਜਿਸ ਵਿਚ ਹਰ ਧਰਮ, ਜਾਤ, ਫਿਰਕੇ, ਵਰਗ ਜਾਂ ਸ਼੍ਰੇਣੀ ਨਾਲ ਸੰਬੰਧਿਤ ਪੁਰਸ਼ਾਂ ਤੇ ਔਰਤਾਂ ਨੂੰ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਵਿਕਾਸ ਕਰਨ ਦੇ ਬਰਾਬਰ ਮੌਕੇ ਹਾਸਿਲ ਹੋਣ ਅਤੇ ਮਨੁੱਖ ਇਕ ਖੁਸ਼ਹਾਲ ਤੇ ਸਨਮਾਨਜਨਕ ਜੀਵਨ ਗੁਜ਼ਾਰਨ ਦੇ ਸਮਰੱਥ ਹੋ ਸਕੇ। ਵੱਖ-ਵੱਖ ਜਾਤਾਂ, ਵਰਗਾਂ, ਧਰਮਾਂ, ਭਾਸ਼ਾਵਾਂ, ਕਿੱਤਿਆਂ ਅਤੇ ਖਿੱਤਿਆਂ ਨਾਲ ਸੰਬੰਧਿਤ ਲੋਕਾਂ ਲਈ ਗੁਰੂ ਜੀ ਵਲੋਂ ਜਿਸ ਨਵੇਂ ਸਮਾਜ ਦੀ ਨੀਂਹ ਰੱਖੀ ਗਈ, ਉਹ ਅੱਜ ਦੇ ਸਮੇਂ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ 'ਤੇ ਆਧਾਰਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਲੋਕਤੰਤਰੀ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਦਾ ਸੰਦੇਸ਼ ਵੀ ਦਿੱਤਾ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਦੋਂ ਤੱਕ ਲੋਕਾਂ ਦਾ ਵਾਸਤਵਿਕ ਨਜ਼ਰੀਆ ਅਤੇ ਵਿਵਹਾਰ ਨਹੀਂ ਬਦਲਿਆ ਜਾਵੇਗਾ, ਤਦ ਤੱਕ ਨਿਆਂਪੂਰਨ ਤੇ ਲੋਕਤੰਤਰੀ ਸਮਾਜ ਦੀ ਸਿਰਜਣਾ ਸੰਭਵ ਨਹੀਂ ਹੋ ਸਕੇਗੀ। ਉਨ੍ਹਾਂ ਨੇ ਸਮਾਜ ਵਿਚ ਮਿਲਦੀ ਕਾਣੀ ਵੰਡ, ਜਬਰ-ਜ਼ੁਲਮ, ਸਮਾਜਿਕ-ਸੱਭਿਆਚਾਰਕ ਭੇਦਭਾਵ ਅਤੇ ਆਰਥਿਕ ਸ਼ੋਸ਼ਣ ਦੇ ਖ਼ਿਲਾ.ਫ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਬੇਖ਼ੌਫ਼ ਤੁਰਦੇ ਹੋਏ ਕੇਵਲ ਜ਼ੋਰਦਾਰ ਆਵਾਜ਼ ਬੁਲੰਦ ਹੀ ਨਹੀਂ ਕੀਤੀ, ਸਗੋਂ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮਨੁੱਖੀ ਇਤਿਹਾਸ ਵਿਚ ਇਕ ਮਿਸਾਲ ਪੈਦਾ ਕੀਤੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਇਲਾਹੀ ਬਾਣੀ ਰਾਹੀਂ ਇਕ ਅਜਿਹੀ ਆਦਰਸ਼ਕ ਸਮਾਜਿਕ ਵਿਵਸਥਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਕਿ ਜਿਸ ਵਿਚ ਸਮਾਜ ਦੇ ਦੱਬੇ-ਕੁਚਲੇ, ਕਮਜ਼ੋਰ ਤੇ ਪੀੜਤ ਵਰਗਾਂ ਨੂੰ ਸਵੈਮਾਣ ਦੀ ਭਾਵਨਾ ਨਾਲ ਜਿਊਣ ਲਈ ਬਿਹਤਰ ਪ੍ਰਸਥਿਤੀਆਂ ਪ੍ਰਾਪਤ ਹੋ ਸਕਣ। ਨਿਰਭਉ ਦੇ ਭੈਅ ਵਿਚ ਰਹਿੰਦੇ ਹੋਏ ਬਿਨਾਂ ਕਿਸੇ ਵਿਤਕਰੇ ਦੇ ਅਦਲ ਪ੍ਰਦਾਨ ਕਰਨ ਵਾਲੇ ਸ਼ਾਸਕ ਦਾ ਸ਼ਾਸਨ ਹੋਵੇ। ਸੇਵਾ ਤੇ ਸਿਮਰਨ ਦੇ ਰਾਹ 'ਤੇ ਚਲਦਿਆਂ ਹੱਕ-ਸੱਚ 'ਤੇ ਪਹਿਰਾ ਦੇਣ ਵਾਲੇ ਲੋਕ ਸੱਚੀ ਕਿਰਤ ਕਮਾਉਣ। ਹੱਥੀਂ ਕਿਰਤ ਕਰਨ ਵਾਲਿਆਂ ਦਾ ਸਤਿਕਾਰ ਬਹਾਲ ਹੋਵੇ। ਇਨਸਾ.ਫ ਪਸੰਦ ਮੁਨਸਿ.ਫ (ਨਿਆਂ ਕਰਨ ਵਾਲਾ) ਸੱਚ ਤੇ ਝੂਠ ਦਾ ਨਿਤਾਰਾ ਕਰਨ। ਆਪਣੇ ਕਿੱਤੇ ਪ੍ਰਤੀ ਵ.ਫਾਦਾਰ ਤੇ ਪ੍ਰਤੀਬੱਧ ਲੋਕ ਆਪਣੇ ਫ਼ਰਜ਼ਾਂ ਦੀ ਅਦਾਇਗੀ ਇਮਾਨਦਾਰੀ ਨਾਲ ਕਰਨ। ਦੇਸ਼, ਕੌਮ ਤੇ ਧੀਆਂ-ਭੈਣਾਂ ਦੀ ਇੱਜ਼ਤ ਦੇ ਰਖਵਾਲੇ, ਆਪਣੇ ਦੇਸ਼, ਕੌਮ ਤੇ ਅਣਖ਼ ਲਈ ਮਰ ਮਿਟਣ ਵਾਲੇ ਜੁਝਾਰੂ ਅਤੇ ਆਪਣੇ ਰਿਜ਼ਕ ਲਈ ਆਪਣੇ ਰਾਜਕ ਨੂੰ ਸਦਾ ਰਾਜ਼ੀ ਰੱਖਣ ਵਾਲੇ ਲੋਕ ਸਾਨੂੰ ਚੁਫੇਰੇ ਵਿਚਰਦੇ ਹੋਏ ਦਿਖਾਈ ਦੇਣ। ਵਿਕਾਰਾਂ ਤੋਂ ਦੂਰ ਰਹਿਣ ਨੂੰ ਤਰਜੀਹ ਦਿੰਦੇ ਹੋਏ ਲੋਕ ਸਾ.ਫਗੋਈ, ਸਦਾਕਤ, ਦਿਆਨਤਦਾਰੀ, ਸਬਰ, ਸ਼ੁਕਰ, ਸੰਜਮ, ਸਹਿਜ ਅਤੇ ਸੰਤੋਖ ਦੇ ਰਾਹ ਨੂੰ ਅਪਣਾਉਣ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਅਕਤੀਗਤ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕਾਤਲ, ਜਾਬਰ ਅਤੇ ਮਗਰੂਰ ਹਾਕਮ ਔਰੰਗਜ਼ੇਬ ਦੀ ਈਨ ਮੰਨਣ ਤੋਂ ਇਨਕਾਰ ਕਰਦਿਆਂ ਆਪਣੇ-ਆਪ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੁਰਬਾਨ ਕਰ ਦਿੱਤਾ। ਉਨ੍ਹਾਂ ਵਲੋਂ ਦਰਸਾਏ ਗਏ ਮਾਰਗ 'ਤੇ ਚਲਦੇ ਹੋਏ ਸਾਹਿਬ-ਏ-ਕਮਾਲ, ਸਰਬੰਸਦਾਨੀ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਧੀਨ ਨਾ ਕੇਵਲ ਇਸ ਮੁਲਕ ਤੋਂ ਆਪਣਾ ਸਰਬੰਸ ਵਾਰਿਆ, ਸਗੋਂ ਆਦਰਸ਼ ਸਮਾਜ ਅਤੇ ਆਦਰਸ਼ ਮਨੁੱਖ ਦੇ ਸੰਕਲਪ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਂਦੇ ਹੋਏ ਖ਼ਾਲਸਾ ਪੰਥ ਦੀ ਬੁਨਿਆਦ ਰੱਖੀ। ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਅਤੇ ਅਣਗਿਣਤ ਸਿੰਘਾਂ-ਸਿੰਘਣੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ ਨੂੰ ਹਕੀਕੀ ਰੂਪ ਦੇਣ ਲਈ ਸ਼ਹਾਦਤ ਦਾ ਜਾਮ ਪੀਤਾ। ਅਜੋਕੇ ਸਮੇਂ ਵਿਚ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਮੁੱਚੀ ਮਾਨਵ ਜਾਤੀ ਨੂੰ ਭੂਗੋਲਿਕ, ਨਸਲੀ, ਭਾਸ਼ਾਈ, ਧਾਰਮਿਕ, ਜਾਤੀ ਤੇ ਸੱਭਿਆਚਾਰਕ ਵਲਗਣਾਂ ਤੋਂ ਨਿਜਾਤ ਦਿਵਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਦੁੱਤੀ ਫ਼ਲਸਫ਼ੇ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਦੀ ਬੇਹੱਦ ਲੋੜ ਹੈ।

-ਪ੍ਰਿੰਸੀਪਲ, ਗੁਰੂ ਨਾਨਕ ਖ਼ਾਲਸਾ ਕਾਲਜ, ਯਮੁਨਾਨਗਰ (ਹਰਿਆਣਾ)



**ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਲੋਕਤੰਤਰੀ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਦਾ ਸੰਦੇਸ਼ ਵੀ ਦਿੱਤਾ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਦੋਂ ਤੱਕ ਲੋਕਾਂ ਦਾ ਵਾਸਤਵਿਕ ਨਜ਼ਰੀਆ ਅਤੇ ਵਿਵਹਾਰ ਨਹੀਂ ਬਦਲਿਆ ਜਾਵੇਗਾ, ਤਦ ਤੱਕ ਨਿਆਂਪੂਰਨ ਤੇ ਲੋਕਤੰਤਰੀ ਸਮਾਜ ਦੀ ਸਿਰਜਣਾ ਸੰਭਵ ਨਹੀਂ ਹੋ ਸਕੇਗੀ। ਉਨ੍ਹਾਂ ਨੇ ਸਮਾਜ ਵਿਚ ਮਿਲਦੀ ਕਾਣੀ ਵੰਡ, ਜਬਰ-ਜ਼ੁਲਮ, ਸਮਾਜਿਕ-ਸੱਭਿਆਚਾਰਕ ਭੇਦਭਾਵ ਅਤੇ ਆਰਥਿਕ ਸ਼ੋਸ਼ਣ ਦੇ ਖ਼ਿਲਾਫ਼ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਬੇਖ਼ੌਫ਼ ਤੁਰਦੇ ਹੋਏ ਕੇਵਲ ਜ਼ੋਰਦਾਰ ਆਵਾਜ਼ ਬੁਲੰਦ ਹੀ ਨਹੀਂ ਕੀਤੀ, ਸਗੋਂ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮਨੁੱਖੀ ਇਤਿਹਾਸ ਵਿਚ ਇਕ ਮਿਸਾਲ ਪੈਦਾ ਕੀਤੀ ਹੈ।**

**ਗੁਰਮੀਤ ਸਿੰਘ ਪਲਾਹੀ**
-9815802070

# ਕੀ ਬਿਹਾਰ ਜਿੱਤਿਆ ਗਿਆ ਹੈ?

**ਜੇਕਰ ਸੱਤਾ ਧਿਰ ਚੋਣ ਹਾਰ ਜਾਂਦੀ, ਤਾਂ ਅਗਲੀਆਂ ਲੋਕ ਸਭਾ ਚੋਣਾਂ 'ਚ ਉਸ ਦੀ ਜਿੱਤ ਉੱਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸਨ। ਬਿਹਾਰ ਦੀਆਂ ਚੋਣ ਗਤੀਵਿਧੀਆਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਨ ਨੇ ਸੱਤਾ ਧਿਰ ਦੇ ਹੱਕ 'ਚ ਪੂਰਾ ਜ਼ੋਰ ਲਗਾਇਆ । ਵੱਖਰੇ-ਵੱਖਰੇ ਖੇਤਰਾਂ 'ਚ ਮੀਡੀਆ ਸੰਸਥਾਨ ਇੱਕੋ ਆਵਾਜ਼ 'ਚ ਬੋਲ ਰਹੇ ਸਨ ਕਿ ਲੋਕ ਜਾਤੀ ਦੇ ਆਧਾਰ 'ਤੇ ਵੋਟ ਦੇ ਰਹੇ ਹਨ। ਇਹ ਵੀ ਕਹਿ ਰਹੇ ਸਨ ਕਿ ਨਿਤੀਸ਼ ਕੁਮਾਰ ਦੇ ਖਿਲਾਫ਼ ਕੋਈ ਵਿਰੋਧੀ ਲਹਿਰ ਨਹੀਂ ਹੈ? ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ 20 ਵੇਰ ਬਿਹਾਰ ਚੋਣ-ਯਾਤਰਾ ਕੀਤੀ ਤੇ ਪ੍ਰੈਸ ਨੇ ਇਸਨੂੰ ਭਾਰੀ ਕਵਰੇਜ ਦਿੱਤੀ।**





ਕੀ ਬਿਹਾਰ ਗਰੀਬ ਹੈ ? ਕੀ ਬਿਹਾਰ ਵਿੱਚ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ ਹੈ? ਕੀ ਬਿਹਾਰ 'ਚ ਕਰੋੜਾਂ ਲੋਕ ਨੌਕਰੀ ਦੀ ਭਾਲ ਵਿੱਚ ਦੂਜੇ ਸੂਬਿਆਂ ਵਿੱਚ ਪਲਾਇਨ ਕਰ ਰਹੇ ਹਨ? ਕੀ ਅਤਿ ਦੀ ਗ਼ਰੀਬੀ ਨੇ ਬਿਹਾਰ ਦੇ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ? ਕੀ ਬਿਹਾਰ ਵਿੱਚ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਹਾਲਤ ਤਰਸਯੋਗ ਹਨ? ਜੇਕਰ ਹਰ ਸਵਾਲ ਦਾ ਜਵਾਬ ਹਾਂ ਹੈ, ਤਾਂ ਹੁਣੇ ਜਿਹੇ ਹੋਈਆਂ ਬਿਹਾਰ ਚੋਣਾਂ ਵਿੱਚ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਹੈ ਤਾਂ ਉਸਦਾ ਕੋਈ ਸਪਸ਼ਟ ਕਾਰਨ ਨਜ਼ਰ ਨਹੀਂ ਆਉਂਦਾ।

ਬਿਹਾਰ ਦੀਆਂ ਚੋਣਾਂ 'ਚ ਐਨ. ਡੀ. ਏ. (ਭਾਜਪਾ ਜਮ੍ਹਾਂ ਨਿਤੀਸ਼ ਕੁਮਾਰ ਜਮ੍ਹਾਂ ਹੋਰ ਪਾਰਟੀਆਂ) ਨੂੰ 202 ਵਿਧਾਨ ਸਭਾ ਸੀਟਾਂ ਮਿਲੀਆਂ ਜਦਕਿ ਮਹਾਂਗਠਬੰਧਨ (ਤੇਜਸਵੀ ਯਾਦਵ ਜਮ੍ਹਾਂ ਕਾਂਗਰਸ ਜਮ੍ਹਾਂ ਹੋਰ ਪਾਰਟੀਆਂ) ਨੂੰ ਸਿਰਫ਼ 35 ਸੀਟਾਂ ਮਿਲੀਆਂ ਹਨ।

ਇਹਨਾਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਇੱਕ ਨਵਾਂ ਗੀਤ ਸੀ- ਮਤਦਾਨ ਤੋਂ ਪਹਿਲਾਂ, ਮਤਦਾਨ ਦੇ ਦੌਰਾਨ ਅਤੇ ਮਤਦਾਨ ਦੇ ਬਾਅਦ ਹਰ ਘਰ ਦੀ ਇੱਕ ਔਰਤ ਨੂੰ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇਣਾ। ਚੋਣਾਂ ਦੌਰਾਨ ਕੀ ਇਹ ਖੁੱਲ੍ਹੀ ਰਿਸ਼ਵਤ ਨਹੀਂ ਸੀ? ਬਿਹਾਰ 'ਚ 62.98% ਔਰਤਾਂ ਨੇ ਵੋਟਾਂ ਪਾਈਆਂ ਅਤੇ ਮਰਦਾਂ ਨੇ 71.78 ਪ੍ਰਤੀਸ਼ਤ। ਪਰ ਬਿਹਾਰ 'ਚ ਸੱਤ ਜਿਲਿਆਂ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਨੇ ਜ਼ਿਆਦਾ ਪ੍ਰਤੀਸ਼ਤ ਮਤਦਾਨ ਕੀਤਾ। ਕੀ ਇਹ 10 ਹਜ਼ਾਰ ਰੁਪਏ ਰਿਸ਼ਵਤ ਦੀ ਕਰਾਮਾਤ ਨਹੀਂ ਸੀ ਕਿ ਸੱਤਾਧਾਰੀ ਪਾਰਟੀ ਪੈਸੇ ਦੇ ਕੇ ਚੋਣਾਂ ਜਿੱਤ ਗਈ?

ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਚੋਣਾਂ ਦੀਆਂ ਤਰੀਖਾਂ ਦੀ ਘੋਸ਼ਣਾ ਤੋਂ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਮਹਿਲਾ ਰੋਜ਼ਗਰ ਯੋਜਨਾ ਦੇ ਐਲਾਨ 'ਤੇ ਭਾਰਤੀ ਚੋਣ ਕਮਿਸ਼ਨ ਨੇ ਚੁੱਪੀ ਸਾਧ ਲਈ।ਔਰਤਾਂ ਦੇ ਖ਼ਾਤਿਆਂ ਵਿੱਚ 10 ਹਜ਼ਾਰ ਰੁਪਏ ਚੋਣਾਂ ਤੋਂ ਪਹਿਲਾਂ ਪੈਣੇ ਸ਼ੁਰੂ ਹੋਏ ਅਤੇ ਚੋਣਾਂ ਦੌਰਾਨ ਵੀ ਜਾਰੀ ਰਹੇ। ਚੋਣ ਕਮਿਸ਼ਨ ਨੇ ਕਿਸੇ ਵੀ ਪੱਧਰ 'ਤੇ ਇਸ ਨੂੰ ਨਹੀਂ ਰੋਕਿਆ।

ਭਾਰਤੀ ਚੋਣ ਕਮਿਸ਼ਨ ਦੇ ਪੱਖਪਾਤ ਦੀ ਕਾਰਵਾਈ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਜਦ 2004 ਵਿੱਚ ਲੋਕ ਸਭਾ ਚੋਣਾਂ ਦੀਆਂ ਤਰੀਖਾਂ ਐਲਾਨੀਆਂ ਗਈਆਂ ਤਾਂ ਮਾਰਚ 2003 ਵਿੱਚ ਸ਼ੁਰੂ ਕੀਤੀ ਗਈ ਕਿਸਾਨਾਂ ਲਈ ਤਮਿਲਨਾਡੂ ਵਿੱਚ ਨਕਦ ਰਾਸ਼ੀ ਯੋਜਨਾ ਬੰਦ ਕਰ ਦਿੱਤੀ ਗਈ ਸੀ। ਸਾਲ 2006 ਵਿੱਚ ਇੱਕ ਮੁਫ਼ਤ ਰੰਗੀਨ ਟੀਵੀ ਯੋਜਨਾ ਲਾਗੂ ਕੀਤੀ ਗਈ ਸੀ। ਸਾਲ 2011 ਵਿੱਚ ਜਦੋਂ ਵਿਧਾਨ ਸਭਾ ਚੋਣਾਂ ਐਲਾਨੀਆਂ ਗਈਆਂ ਤਾਂ ਇਹ ਯੋਜਨਾ ਅਚਾਨਕ ਬੰਦ ਕਰ ਦਿੱਤੀ ਗਈ। ਕੀ ਇਹ ਚੋਣ ਕਮਿਸ਼ਨ ਦਾ ਪੱਖਪਾਤ ਨਹੀਂ ਹੈ ਕਿ 10 ਹਜ਼ਾਰ ਰੁਪਏ ਚੋਣਾਂ 'ਚ ਔਰਤਾਂ ਨੂੰ ਦਿੱਤੇ ਗਏ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ?

ਬਿਹਾਰ ਚੋਣਾਂ ਦੇਸ਼ ਲਈ ਅਹਿਮ ਸਨ। ਸੱਤਾ ਧਿਰ ਅਤੇ ਵਿਰੋਧੀ ਧੀਰ ਦੇ ਨੇਤਾ ਪੂਰੇ ਜੋਸ਼ ਨਾਲ ਬਿਹਾਰ ਦੇ ਲੋਕਾਂ ਦੀ ਕਚਹਿਰੀ 'ਚ ਪੁੱਜੇ। ਚੋਣਾਂ 'ਚ ਸੱਤਾ ਧਿਰ ਸਮੇਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਸਾਰੀ ਤਾਕਤ ਝੌਂਕ ਦਿੱਤੀ। ਨਿਤੀਸ਼ ਕੁਮਾਰ ਮੁੱਖ ਮੰਤਰੀ ਅਤੇ ਉਸਦੀ ਪਾਰਟੀ ਵੱਲੋਂ ਵੀ ਪੂਰਾ ਜ਼ੋਰ ਚੋਣ ਜਿੱਤਣ ਲਈ ਲਗਾਇਆ ਗਿਆ।

ਜੇਕਰ ਸੱਤਾ ਧਿਰ ਚੋਣ ਹਾਰ ਜਾਂਦੀ, ਤਾਂ ਅਗਲੀਆਂ ਲੋਕ ਸਭਾ ਚੋਣਾਂ 'ਚ ਉਸ ਦੀ ਜਿੱਤ ਉੱਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸਨ। ਬਿਹਾਰ ਦੀਆਂ ਚੋਣ ਗਤੀਵਿਧੀਆਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਨ ਨੇ ਸੱਤਾ ਧਿਰ ਦੇ ਹੱਕ 'ਚ ਪੂਰਾ ਜ਼ੋਰ ਲਗਾਇਆ । ਵੱਖਰੇ-ਵੱਖਰੇ ਖੇਤਰਾਂ 'ਚ ਮੀਡੀਆ ਸੰਸਥਾਨ ਇੱਕੋ ਆਵਾਜ਼ 'ਚ ਬੋਲ ਰਹੇ ਸਨ ਕਿ ਲੋਕ ਜਾਤੀ ਦੇ ਆਧਾਰ 'ਤੇ ਵੋਟ ਦੇ ਰਹੇ ਹਨ। ਇਹ ਵੀ ਕਹਿ ਰਹੇ ਸਨ ਕਿ ਨਿਤੀਸ਼ ਕੁਮਾਰ ਦੇ ਖਿਲਾਫ਼ ਕੋਈ ਵਿਰੋਧੀ ਲਹਿਰ ਨਹੀਂ ਹੈ? ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ 20 ਵੇਰ ਬਿਹਾਰ ਚੋਣ-ਯਾਤਰਾ ਕੀਤੀ ਤੇ ਪ੍ਰੈਸ ਨੇ ਇਸਨੂੰ ਭਾਰੀ ਕਵਰੇਜ ਦਿੱਤੀ।

ਬਿਨਾਂ ਸ਼ੱਕ ਰਾਹੁਲ ਗਾਂਧੀ ਆਪਣੇ ਮੁੱਖ ਮੁੱਦੇ -ਵੋਟ ਚੋਰੀ ਅਤੇ ਬੇਰੁਜ਼ਗਾਰੀ ਉੱਤੇ ਅੜੇ ਰਹੇ। ਤੇਜਸਵੀ ਯਾਦਵ ਚੋਣ ਪ੍ਰਚਾਰ ਵਿੱਚ ਊਰਜਾ ਤਾਂ ਲਿਆ ਸਕੇ ਪਰ ਲੋਕਾਂ ਵਿੱਚ ਆਪਣੇ ਪਰਿਵਾਰ ਦੇ ਬਣੇ "ਜੰਗਲ ਰਾਜ" ਦੇ ਅਕਸ ਨੂੰ ਸਾਫ਼ ਨਾ ਕਰ ਸਕੇ। ਲਾਲੂ ਪ੍ਰਸਾਦ ਯਾਦਵ ਅਤੇ ਉਸ ਦੀ ਪਤਨੀ ਨੇ ਬਿਹਾਰ 'ਚ 15 ਸਾਲ (1990 -2005) ਤੱਕ ਰਾਜ ਕੀਤਾ ਅਤੇ ਨਿਤੀਸ਼ ਕੁਮਾਰ 20 ਸਾਲ ਤੋਂ ਰਾਜ ਕਰ ਰਹੇ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ 20 ਵਰ੍ਹਿਆਂ 'ਚ ਬਿਹਾਰ ਦੀ ਹਾਲਤ ਨਹੀਂ ਸੁਧਰੀ।

ਦੇਸ਼ 'ਚ ਬਿਹਾਰ ਵਿਕਾਸ ਦੇ ਮਾਮਲੇ 'ਚ ਫਾਡੀ ਹੈ। ਸਿਹਤ, ਸਿੱਖਿਆ ਸਹੂਲਤਾਂ ਨਿਕੰਮੀਆਂ ਹਨ, ਪਰ ਇਵੇਂ ਲੱਗਿਆ ਇਸ ਚੋਣ ਦੇ ਨਤੀਜਿਆਂ ਤੋਂ ਕਿ ਨਿਤੀਸ਼ ਕੁਮਾਰ ਦੀਆਂ ਨਕਾਮੀਆਂ ਤੋਂ ਵੀ ਲੋਕਾਂ 'ਚ ਕੋਈ ਨਰਾਜ਼ਗੀ ਨਹੀਂ ਹੈ।

ਬਿਹਾਰ ਵਿਧਾਨ ਸਭਾ 'ਚ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕਈ ਸੀਟਾਂ ਉੱਤੇ ਜਿੱਤਣ ਤੇ ਹਾਰਨ ਵਾਲੀ ਉਮੀਦਵਾਰਾਂ ਦੀਆਂ ਵੋਟਾਂ ਦਾ ਫ਼ਰਕ 50 ਵੋਟਾਂ ਤੋਂ ਵੀ ਘੱਟ ਹੈ ਅਤੇ ਕਈ ਸੀਟਾਂ ਉੱਤੇ ਫ਼ਰਕ 500 ਤੋਂ ਇੱਕ ਹਜ਼ਾਰ ਵੋਟਾਂ ਤੋਂ ਵੀ ਘੱਟ। ਚੋਣ ਨਤੀਜਿਆਂ ਸੰਬੰਧੀ ਹੋਰ ਵੀ ਕਈ ਕਿੰਤੂ-ਪ੍ਰੰਤੂ ਸਾਹਮਣੇ ਆਏ ਹਨ। ਪਰ ਕੁਝ ਇੱਕ ਗੱਲਾਂ ਜਿਹੜੀਆਂ ਸਪਸ਼ਟ ਤੌਰ 'ਤੇ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲੀਆਂ ਉਹ ਇਹ ਹੈ ਕਿ ਪਹਿਲੀ ਫੇਜ਼ ਦੀ ਚੋਣ ਤੋਂ ਬਾਅਦ ਇੱਕ ਵੱਡੇ ਭਾਜਪਾ ਨੇਤਾ ਵੱਲੋਂ ਇਹ ਬਿਆਨ ਦੇਣਾ ਕਿ 'ਸਾਨੂੰ ਨਮਕ ਹਰਾਮ ਲੋਕਾਂ ਦੀਆਂ ਵੋਟਾਂ ਨਹੀਂ ਚਾਹੀਦੀਆਂ।' ਇੱਕ ਵੱਡੀ ਚਰਚਾ ਦਾ ਵਿਸ਼ਾ ਬਣਿਆ। ਇਸ ਨਾਲ ਵੋਟਾਂ ਦਾ ਧਰੁਵੀਕਰਨ ਵਧਿਆ। ਇਸ ਬਿਆਨ ਬਾਰੇ ਭਾਰਤੀ ਚੋਣ ਕਮਿਸ਼ਨ ਦੀ ਚੁੱਪੀ ਚਰਚਾ 'ਚ ਰਹੀ।

ਵਿਰੋਧੀ ਧਿਰ ਵੱਲੋਂ ਖ਼ਾਸ ਕਰਕੇ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਮਾਮਲੇ ਉੱਤੇ ਜ਼ੋਰ ਦਿੱਤਾ ਗਿਆ ਅਤੇ ਇਸ ਮਾਮਲੇ ਨੂੰ ਹੀ ਪ੍ਰਚਾਰਨ ਦਾ ਪੂਰਾ ਟਿੱਲ ਲਾ ਦਿੱਤਾ ਗਿਆ। ਪਰ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਵੱਲ ਅਤੇ ਮੁੱਦਿਆਂ ਪ੍ਰਤੀ ਲੋਕਾਂ ਚੋਂ ਉਭਾਰ ਨਾ ਪੈਦਾ ਕਰ ਸਕਣਾ, ਇਸ ਚੋਣ 'ਚ ਨਾਕਾਮੀ ਦਾ ਕਾਰਨ ਬਣਿਆ।

ਦੂਜਾ ਵੱਡਾ ਤੱਥ ਜੋ ਸਾਹਮਣੇ ਵੇਖਣ 'ਚ ਆਇਆ ਉਹ ਇਹ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਘਾਟ ਇਹੀ ਹੈ ਕਿ ਰਾਸ਼ਟਰੀ ਦਲ ਹੋਣ ਜਾਂ ਖੇਤਰੀ ਪਾਰਟੀਆਂ, ਉਹਨਾਂ 'ਚ ਅੰਦਰੂਨੀ ਲੋਕਤੰਤਰ ਦੀ ਵੱਡੀ ਘਾਟ ਹੈ। ਉਹ ਇੱਕ ਵਿਅਕਤੀ ਜਾਂ ਪਰਿਵਾਰ ਤੋਂ ਆਪਣੇ ਸਮੁੱਚੀ ਊਰਜਾ ਲੱਭਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਾਰਟੀ ਨੀਤੀਆਂ ਤੋਂ ਜਿਆਦਾ ਅਹਿਮ ਸੱਤਾ ਵਟੋਰਨਾ ਬਣ ਗਈ ਹੈ। ਉਹ ਨੈਤਿਕ- ਅਨੈਤਿਕ ਕਿਸੇ ਵੀ ਤਰ੍ਹਾਂ ਬਸ ਗੱਦੀ ਤੱਕ ਪਹੁੰਚਣ ਦੀ ਤਾਕ 'ਚ ਰਹਿੰਦੇ ਹਨ।

ਅੱਜ ਭਾਰਤ ਦੀ ਆਬਾਦੀ ਡੇਢ ਅਰਬ ਟੱਪ ਗਈ ਹੈ। ਦੇਸ਼ ਦੇ ਲੋਕਾਂ ਦਾ ਲੋਕਤੰਤਰ ਕੁਝ ਸਿਆਸੀ ਪਰਿਵਾਰਾਂ ਅਤੇ ਧਨਾਡ ਲੋਕਾਂ ਦੀ ਸ਼ਿਕੰਜੇ 'ਚ ਫਸ ਚੁੱਕਾ ਹੈ। ਸੱਤਾ ਉੱਤੇ ਪਾਰਲੀਮੈਂਟ ਵਿਧਾਨ ਸਭਾਵਾਂ 'ਚੋਂ ਇਹਨਾਂ ਲੋਕਾਂ ਦੀ ਗਿਣਤੀ ਵੱਧ ਰਹੀ ਹੈ। ਆਮ ਨਾਗਰਿਕ ਜਿਵੇਂ ਸਿਰਫ਼ ਵੋਟਰ ਬਣ ਗਿਆ ਹੈ, ਜਿਸ ਨੂੰ ਜਿਵੇਂ-ਕਿਵੇਂ ਵੀ ਤਰੋੜਿਆ-ਮਰੋੜਿਆ ਜਾ ਰਿਹਾ ਹੈ। ਬਿਹਾਰ ਦਾ ਦ੍ਰਿਸ਼ ਇਵੇਂ ਦਾ ਹੀ ਰਿਹਾ। ਜਿੱਥੇ ਸੱਤਾ ਧਿਰ ਨੇ ਵੋਟਰਾਂ ਨੂੰ ਭਰਮਾਇਆ, ਵਿਰੋਧੀ ਧਿਰ ਨੇ ਵੀ ਵੋਟਰਾਂ ਨੂੰ ਸਾਧਣ ਲਈ ਜ਼ੋਰ ਲਾਇਆ। ਨਤੀਜੇ ਹੈਰਾਨੀਜਨਕ ਰਹੇ।

ਬਿਹਾਰ 'ਚ ਭਾਜਪਾ ਇਹਨਾਂ ਚੋਣਾਂ 'ਚ 20. 08% ਵੋਟਾਂ ਲੈ ਕੇ 89 ਸੀਟਾਂ ਜਿੱਤ ਗਈ। ਨਿਤੀਸ਼ ਕੁਮਾਰ ਦੀ ਸਿਆਸੀ ਧਿਰ 19.25 ਪ੍ਰਤੀਸ਼ਤ ਵੋਟਾਂ ਲੈ ਕੇ 85 ਸੀਟਾਂ ਜਿੱਤ ਗਈ। ਜਦ ਕਿ ਮਹਾਂਗਠਬੰਧਨ 31.7 ਪ੍ਰਤੀਸ਼ਤ (ਕਾਂਗਰਸ 8.7%, ਆਰਜੀਡੀ 23 ਪ੍ਰਤੀਸ਼ਤ) ਵੋਟਾਂ ਲੈ ਕੇ 35 ਸੀਟਾਂ ਤੱਕ ਸਿਮਟ ਗਿਆ।

ਲਾਲੂ ਪ੍ਰਸਾਦ ਯਾਦਵ ਦਾ ਜਨਤਾ ਦਲ 23 ਫ਼ੀਸਦੀ ਵੋਟਾਂ ਲੈ ਕੇ ਵੀ 25 ਸੀਟਾਂ ਲੈ ਜਾ ਸਕੀ, ਜਦ ਕਿ ਭਾਜਪਾ 20.8 ਪ੍ਰਤੀਸ਼ਤ ਲੈ ਕੇ ਵੀ 89 ਸੀਟਾਂ ਲੈ ਗਈ। ਇਸ ਚੋਣ ਨਤੀਜੇ ਨੇ ਹੈਰਾਨੀ ਵਧਾਈ ਹੈ। ਇਹ ਕਿਵੇਂ ਤੇ ਕਿਉਂ ਵਾਪਰਿਆ ਹੈਰਾਨੀਕੁਨ ਹੈ। ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ, ਕੋਈ ਸੀਟ ਨਾ ਜਿੱਤ ਸਕੀ। ਮੁਸਲਿਮ ਪਾਰਟੀ ਏ.ਆਈ.ਐਮ.ਆਈ. ਐਮ. ਨੇ 1.85 ਫ਼ੀਸਦੀ ਵੋਟਾਂ ਲਈਆਂ ਤੇ ਪੰਜ ਸੀਟਾਂ ਜਿੱਤੀਆਂ, ਪਰ ਮਹਾਂਗਠਬੰਧਨ ਦੀਆਂ ਕਾਫ਼ੀ ਸੀਟਾਂ 'ਤੇ ਜਿੱਤ ਨੂੰ ਪ੍ਰਭਾਵਿਤ ਕੀਤਾ। ਇਸ ਚੋਣ 'ਚ ਭਾਵੇਂ ਐਨ. ਡੀ. ਏ. ਨੇ ਵੱਡੀ ਜਿੱਤ ਪ੍ਰਾਪਤ ਕੀਤੀ ਪਰ ਆਮ ਲੋਕ ਸਮਰੱਥਨ ਰਾਸ਼ਟਰੀ ਜਨਤਾ ਦਲ (ਤੇਜਸਵੀ ਯਾਦਵ) ਦੇ ਹੱਕ ਚ ਅਰਥਾਤ ਮਹਾਂਗਠਬੰਧਨ ਦੇ ਹੱਕ 'ਚ ਰਿਹਾ।

ਪਰ ਇੱਕ ਗੱਲ ਸ਼ੀਸ਼ੇ ਵਾਂਗੂੰ ਸਾਫ਼ ਦਿਸਦੀ ਹੈ ਕਿ ਬਿਹਾਰ 'ਚ ਲੋਕਤੰਤਰ ਦਾ ਘਾਣ ਹੋਇਆ ਹੈ। ਸਾਮ, ਦਾਮ, ਦੰਡ ਦੀ ਸਿਆਸਤ ਮੁੜ ਉਭਾਰ 'ਤੇ ਰਹੀ ਹੈ, ਕਿਉਂਕਿ ਹਾਸ਼ੀਏ 'ਤੇ ਪਏ ਬਿਹਾਰ ਦੇ ਆਮ ਲੋਕ, ਲੋਕਾਂ ਦੇ ਪ੍ਰਤੀਨਿਧ ਬਣਨ 'ਚ ਕਾਮਯਾਬ ਨਹੀਂ ਹੋਏ। ਇਹ ਗੱਲ ਵੀ ਵੇਖਣੀ ਬਣਦੀ ਹੈ ਕਿ ਲੋਕਤੰਤਰ ਦੀ ਸਫ਼ਲਤਾ ਸਿਰਫ਼ ਚੋਣਾਂ ਕਰਵਾਉਣ ਅਤੇ ਸਰਕਾਰ ਬਣਾਉਣ ਤੱਕ ਸੀਮਤ ਨਹੀਂ ਹੈ । ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ, ਜੋ ਬਿਹਾਰ ਵਿੱਚ ਗਾਇਬ ਰਹੀ।

**ਬਾਕੀ ਹਿਸਾ ਸਫਾ 38 ਤੇ ਪੜ੍ਹੋ**

37 ਸਫ਼ੇ ਦੀ ਬਾਕੀ

ਬਿਹਾਰ ਦੀ 33.76 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਇਹ ਦੇਸ਼ ਦੇ ਸਭ ਤੋਂ ਗਰੀਬ ਸੂਬਿਆਂ 'ਚੋਂ ਇੱਕ ਹੈ। ਬਿਹਾਰ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਦੇਸ਼ ਸਭ ਤੋਂ ਘੱਟ ਹੈ। ਸੂਬੇ 'ਚ ਨੌਕਰੀਆਂ ਦੀ ਘਾਟ ਹੈ। ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਸੁਵਿਧਾਵਾਂ 'ਚ ਵੱਡਾ ਪਾੜਾ ਹੈ।

ਬਿਹਾਰ ਕਦੇ ਦੇਸ਼ 'ਚ ਸਿੱਖਿਆ ਦਾ ਸੂਚਕ ਸੀ, ਅੱਜ ਵਿਦਿਆਰਥੀਆਂ ਲਈ ਉੱਥੇ ਅਯੋਗ ਟੀਚਰ ਹਨ। ਲਾਈਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਟੀਚਰਾਂ ਰਹਿਤ ਕਾਲਜ ਅਤੇ ਸਕੂਲ, ਨਕਲ ਦਾ ਬੋਲਬਾਲਾ, ਬਾਕੀ ਨਤੀਜਿਆਂ 'ਚ ਹੇਰਾ-ਫੇਰੀ, ਬੇਕਾਰ ਜਾਅਲੀ ਡਿਗਰੀਆਂ ਬਿਹਾਰ ਦੀ ਸਿੱਖਿਆ ਦੀ ਪਛਾਣ ਬਣ ਚੁੱਕੀ ਹੈ। ਨੌਜਵਾਨਾਂ ਲਈ ਨੌਕਰੀਆਂ ਨਹੀਂ ਹਨ। ਇਸ ਅਸੰਤੋਸ਼ਜਨਕ ਸਥਿਤੀ 'ਚ ਬਿਹਾਰ ਦੀ ਵਿਰੋਧੀ ਧਿਰ ਬਦਲਾਅ ਦੀ ਸਥਿਤੀ ਪੈਦਾ ਨਹੀਂ ਕਰ ਸਕੀ, ਕੋਈ ਵਿਕਲਪ ਨਹੀਂ ਦੇ ਸਕੀ ਅਤੇ ਆਰ.ਐਸ.ਐਸ. ਅਤੇ ਭਾਜਪਾ ਦੇ ਲੋਕਾਂ ਵਿਚਲੀ ਜ਼ਮੀਨੀ ਪਕੜ ਅਤੇ ਵੋਟ-ਵਟੋਰੂ ਰਾਜਨੀਤੀ ਦਾ ਮੁਕਾਬਲਾ ਕਰਨ 'ਚ ਅਸਫ਼ਲ ਰਹੀ। ਜਿੱਤਣ ਲਈ ਪਾਰਟੀ ਦੇ ਨੇਤਾਵਾਂ ਜਾਂ ਉਮੀਦਵਾਰਾਂ ਤੋਂ ਜਿਆਦਾ ਪਾਰਟੀ ਸੰਗਠਨ ਅਤੇ ਪਾਰਟੀ ਵਰਕਰਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਅਰਥਾਤ ਜਿਸ ਕੋਲ ਸੰਗਠਨਾਤਮਕ ਤਾਕਤ ਹੈ, ਉਹ ਵੋਟਰਾਂ ਨੂੰ ਆਪਣੇ ਪੱਖ ਚ ਕਰ ਲੈਂਦਾ ਹੈ। ਭਾਜਪਾ ਤੇ ਨਿਤਿਸ਼ ਗਠਬੰਧਨ, ਆਪਣੀ ਸੰਗਠਨਾਤਮਕ ਤਾਕਤ, ਸਰਕਾਰੀ ਤਾਕਤ ਅਤੇ ਚੋਣ ਕਮਿਸ਼ਨ ਦੇ ਇੱਕ-ਪਾਸੜ ਵਤੀਰੇ ਨਾਲ ਬਿਹਾਰ ਹਥਿਆਇਆ ਗਿਆ।

ਬਿਹਾਰ ਦੀ ਜਨਤਾ ਨੇ ਸੂਬੇ 'ਚ ਮਜ਼ਬੂਤ ਵਿਰੋਧੀ ਧਿਰ ਲਈ ਵੋਟ ਨਹੀਂ ਦਿੱਤੀ। ਇਹੋ ਜਿਹੀ ਹਾਲਤ ਵਿੱਚ ਕੀ ਅਗਲੇ ਪੰਜਾਂ ਸਾਲਾਂ 'ਚ ਐਨ.ਡੀ.ਏ. ਸਰਕਾਰ ਆਪਣੇ ਵਾਅਦਿਆਂ ਨੂੰ ਪੂਰਿਆ ਕਰੇਗੀ? ਕੀ ਉਹ ਲੋਕਾਂ ਪ੍ਰਤੀ ਜਵਾਬਦੇਹ ਰਹੇਗੀ?

ਜਿਵੇਂ ਬਿਹਾਰ ਇਹਨਾਂ ਚੋਣਾਂ 'ਚ ਠੱਗਿਆ ਗਿਆ ਹੈ। ਉਸ ਪ੍ਰਤੀ ਜਵਾਬਦੇਹੀ ਅਤੇ ਜ਼ੁੰਮੇਵਾਰੀ ਅੱਗੋਂ ਜਨਤਾ ਦੀ ਹੋਵੇਗੀ। ਕੀ ਜਨਤਾ ਸਰਕਾਰੀ ਵਾਇਦੇ ਪੂਰੇ ਨਾ ਹੋਣ 'ਤੇ ਸਰਕਾਰ ਤੋਂ ਜਵਾਬਦੇਹੀ ਮੰਗੇਗੀ।

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**


ਜੈ ਗੁਰਦੇਵ

## ਸ੍ਰੀ ਗੁਰੂ ਰਵਿਦਾਸ ਭਵਨ ਸਟਰੂਡ ਵਿਖੇ ਇਕ ਗ੍ਰੰਥੀ ਸੇਵਾਦਾਰ ਦੀ ਲੋੜ

ਸ੍ਰੀ ਗੁਰੂ ਰਵਿਦਾਸ ਸਭਾ ਮਿਡਵੇਅ ਵਿਖੇ ਗ੍ਰੰਥੀ ਦੀਆਂ ਸੇਵਾਵਾਂ ਨਿਭਾਉਣ ਵਾਲੇ ਇੱਕ ਗੁਰਸਿੱਖ ਗ੍ਰੰਥੀ ਦੀ ਜ਼ਰੂਰਤ ਹੈ। ਉਹਨਾਂ ਦੀਆਂ ਸੇਵਾਵਾਂ ਵਿਚ ਸ਼ਾਮਿਲ ਹਨ: ਰੋਜ਼ਾਨਾ ਨਿੱਤਨੇਮ ਅਤੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਮੋਹਰੀ ਰੋਲ ਨਿਭਾਉਣਾ, ਬੱਚਿਆਂ ਅਤੇ ਨੌਜਵਾਨਾਂ ਨੂੰ ਧਾਰਮਿਕ ਵਿੱਦਿਆ ਦੇਣਾ, ਵਿਆਹ ਸ਼ਾਦੀਆਂ, ਅੰਤਿਮ ਸੰਸਕਾਰ ਅਤੇ ਹੋਰ ਵਿਸ਼ੇਸ਼ ਸੇਵਾਵਾਂ ਨਿਭਾਉਣਾ ਅਤੇ ਸੰਗਤ ਦੀ ਭਲਾਈ ਲਈ ਉਹਨਾਂ ਨੂੰ ਗੁਰਬਾਣੀ ਮੁਤਾਬਕ ਸਲਾਹ ਦੇਣਾ ਅਤੇ ਲੋਕਲ ਸੰਗਤ ਵਿਚੋਂ ਜੇ ਕੋਈ ਧਾਰਮਿਕ ਸੇਵਾਵਾਂ ਕਰਨ ਦਾ ਚਾਹਵਾਨ ਹੋਵੇ ਤਾਂ ਉਹਨਾਂ ਨੂੰ ਸਿਖਲਾਈ ਪ੍ਰਦਾਨ ਕਰਨਾ ਆਦਿ। ਉਹਨਾਂ ਦੇ ਯੂ ਕੇ ਵਿਚ ਰਹਿਣ ਸਹਿਣ ਅਤੇ ਖਾਣ ਪੀਣ ਦਾ ਖਰਚਾ ਗੁਰਦੁਆਰਾ ਸਾਹਿਬ ਵੱਲੋਂ ਕੀਤਾ ਜਾਵੇਗਾ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤਨਖਾਹ ਅਤੇ ਕੰਮ ਹਫ਼ਤੇ ਦੇ 35 ਘੰਟੇ ਹੋਵੇਗਾ। ਉਹਨਾਂ ਦੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਯੋਗ ਉਮੀਦਵਾਰ ਯੋਗਤਾ ਸਮੇਤ ਅਰਜ਼ੀਆਂ ਹੇਠਾਂ ਦਿੱਤੇ ਪਤੇ 'ਤੇ ਜਾਂ ਈਮੇਲ ਰਾਹੀਂ 19 ਦਸੰਬਰ 2025 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜਾਂ ਸਭਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨਾਲ ਸੰਪਰਕ ਕਰਨ ਜੀ ।

## VACANCYTIER-5 RELIGIOUS WORKER REQUIRED

Preaching and performing pastoral duties in a religious order in a community which involves a permanent commitment.

***PASTORAL DUTIES INCLUDE:*** Leading worship regularly and on special occasions; giving religious education to children and adults by preachiing or teaching; officiating at marriages, funerals and other special services; and offering counselling and welfare support to members of the congregation; and recruting, training and co-ordinating the work of any local volunteers and lay preachers. The living and food expenses for the Religious workder will be paid for by the Gurdwara for the duration of employment. Salary will be according to qualifications and under U.K. employment law. Work per week 35 hours. Must have right to work in U.K.

**Please apply with your CV'S via Email:ravidassiamedway@gmail.com**

**Closing date: 19-12-2025**

**Contact: President Mr. Harjinder Bagha 07784 298 027**

**SRI GURU RAVIDASS SABHA MEDWAY**

**SRI GURU RAVIDASS BHAWAN,**

**1 VICARAGE ROAD, STROOD KENT, ME2 4DG, U.K.**


# ਪੰਜਾਬ ਦੀ ਨੁਹਾਰ ਬਦਲ ਸਕਦੀ ਹੈ, ਜੇ ਸਰਪੰਚ ਸਮਝਦਾਰ ਹੋਣ

ਪੰਚਾਇਤ ਜਿਸ ਨੂੰ ਪਿੰਡ ਦੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ। ਇਸ ਪਾਰਲੀਮੈਂਟ ਵਿੱਚ ਪਿੰਡ ਦਾ ਹਰ ਉਹ ਨਾਗਰਿਕ ਸ਼ਾਮਿਲ ਹੁੰਦਾ ਹੈ ਜਿਸ ਦੀ ਉਮਰ 18 ਸਾਲ ਤੋਂ ਉਪਰ ਹੋਵੇ ਤੇ ਪਿੰਡ ਵਿੱਚ ਵੋਟ ਬਣੀ ਹੋਵੇ। ਇਸ ਗ੍ਰਾਮ ਸਭਾ ਨੂੰ ਪਿੰਡ ਦੀ ਤਕਦੀਰ ਲਿਖਣ ਦਾ ਪੂਰਾ ਅਧਿਕਾਰ ਹੁੰਦਾ ਹੈ ਕਿ ਇਸ ਪਿੰਡ ਦੇ ਕਿਹੜੇ-ਕਿਹੜੇ ਕੰਮ ਹੋਣੇ ਚਾਹੀਦੇ ਹਨ। 73 ਦੀ ਸੋਧ ਤੋਂ ਬਾਅਦ 21 ਅਪ੍ਰੈਲ 1994 ਨੂੰ ਨਵੇਂ ਪੰਚਾਇਤੀ ਰਾਜ ਕਾਨੂੰਨ ਦੇ ਹੋਂਦ ਵਿੱਚ ਆਉਣ 'ਤੇ ਵੋਟਰਾਂ ਨੂੰ ਪੰਚਾਇਤ ਤਹਿਤ ਬਹੁਤ ਤਾਕਤ ਦਿੱਤੀ ਗਈ ਹੈ ਕਿ ਜੋ ਮੰਗ ਇਸ ਗ੍ਰਾਮ ਸਭਾ ਤਹਿਤ ਪਿੰਡ ਅਤੇ ਪਿੰਡ ਦੇ ਲੋਕਾਂ ਲਈ ਮੰਗੀ ਜਾਂਦੀ ਹੈ ਉਸ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ।

(1) ਪੰਚਾਇਤ ਆਮ ਤੌਰ 'ਤੇ ਦੋ ਵਾਰ ਸਾਲ ਵਿੱਚ ਬੁਲਾਈ ਜਾਂਦੀ ਹੈ ਜੂਨ ਮਹੀਨੇ ਤੇ ਦਸੰਬਰ ਨੂੰ।

(2) ਪੰਚਾਇਤ ਦੇ ਇਕੱਠ ਤੋਂ 15 ਦਿਨ ਪਹਿਲਾਂ ਪਿੰਡ ਦੇ ਸਰਪੰਚ ਵੱਲੋਂ ਅਨਾਊਂਸਮੈਂਟ ਕਰਾਉਣੀ ਹੁੰਦੀ ਹੈ ਕਿ ਫਲਾਣੇ ਦਿਨ ਪਿੰਡ ਦੀ ਸੱਥ ਵਿੱਚ ਗ੍ਰਾਮ ਸਭਾ ਬੁਲਾਈ ਜਾ ਰਹੀ ਹੈ।

(3) ਜੇ ਕਿਸੇ ਪਿੰਡ ਵਾਸੀ ਦੀ ਮੁਸ਼ਕਿਲ ਹੈ ਉਹ ਲਿਖਤੀ ਸ਼ਿਕਾਇਤ ਸਰਪੰਚ ਨੂੰ ਦੇਵੇ ਤੇ ਫਿਰ ਸਰਪੰਚ ਉਸ ਮਹਿਕਮੇ ਦੇ ਅਫ਼ਸਰ ਨੂੰ ਲਿਖ ਕੇ ਭੇਜਦਾ ਹੈ ਕਿ ਉਹ ਅਫ਼ਸਰ ਇਸ ਦਿਨ ਪੰਚਾਇਤ ਵਿੱਚ ਆ ਕੇ ਜਵਾਬ ਦੇਵੇ।

(4) ਸਭ ਤੋਂ ਪਹਿਲਾਂ ਸਰਪੰਚ ਪੰਚਾਇਤ ਵਿੱਚ ਆਪਣਾ ਪੰਚਾਇਤੀ ਹਿਸਾਬ ਕਿਤਾਬ ਪੜ੍ਹਕੇ ਸੁਣਾਉਂਦਾ ਹੈ ਕਿ ਪਿੰਡ ਵਿੱਚ ਕਿੰਨੀ ਗ੍ਰਾਂਟ ਆਈ ਤੇ ਕਿਥੇ-ਕਿਥੇ ਲੱਗੀ ਤੇ ਕਿੰਨੀ ਬਕਾਇਆ ਪਈ ਹੈ।

(5) ਫਿਰ ਸਰਪੰਚ ਪਿੰਡ ਵਾਸੀਆਂ ਵੱਲੋਂ ਆਈਆਂ ਸ਼ਿਕਾਇਤਾਂ ਪੜ੍ਹਦਾ ਹੈ ਤੇ ਅਧਿਕਾਰਤ ਸਰਪੰਚ ਮਹਿਕਮੇ ਦੇ ਅਫ਼ਸਰ ਨੂੰ ਸਮਾਂ ਬੱਧ ਕਰਦਾ ਕਿ ਕਿੰਨੇ ਦਿਨਾਂ ਵਿੱਚ ਇਹ ਮਸਲਾ ਹੱਲ ਹੋਵੇਗਾ।

ਜੇ ਉਹ ਸਰਪੰਚ ਅਫ਼ਸਰ ਦਿੱਤੇ ਸਮੇਂ ਵਿੱਚ ਸ਼ਿਕਾਇਤ ਕਰਤਾ ਦਾ ਨਿਪਟਾਰਾ ਨਹੀਂ ਕਰਦਾ ਤਾਂ ਸਰਪੰਚ ਉਸ ਨੂੰ ਦਿੱਤੇ ਦਿਨਾਂ ਤੋਂ ਬਾਅਦ ਯਾਦ ਪੱਤਰ ਭੇਜਦਾ ਹੈ।

**ਨੋਟ**:- ਜੇ ਫਿਰ ਵੀ ਉਹ ਅਫ਼ਸਰ ਸ਼ਿਕਾਇਤ ਦਾ ਨਿਪਟਾਰਾ ਨਹੀਂ ਕਰਦਾ ਤਾਂ ਪੰਚਾਇਤ ਉਸ ਅਫ਼ਸਰ ਨੂੰ ਮੁਅੱਤਲ (ਸਸਪੈਂਡ) ਕਰ ਸਕਦੀ ਹੈ।

ਜੇ ਕੋਈ ਸਰਪੰਚ ਸਾਲ ਵਿੱਚ ਕੋਈ ਗ੍ਰਾਮ ਸਭਾ ਨਹੀਂ ਬੁਲਾਉਂਦਾ ਤਾਂ ਪੰਚਾਇਤ ਉਸ ਨੂੰ ਮੁਅੱਤਲ ਕਰ ਸਕਦੀ ਹੈ।

ਇਸ ਵੇਲੇ ਇਹ ਕਾਨੂੰਨ ਕੇਵਲ ਕਾਗਜ਼ਾਂ ਵਿੱਚ ਹੀ ਕੰਮ ਕਰ ਰਿਹਾ ਹੈ। ਬਹੁਤੇ ਸਰਪੰਚਾਂ ਨੂੰ ਇਸ ਬਾਰੇ ਜਾਣਕਾਰੀ ਨਾਂ ਹੋਣ ਕਰਕੇ ਪਿੰਡ ਦੇ ਵਿਕਾਸ ਕੰਮ ਕਰਾਉਣ ਲਈ ਮਿਲੇ ਨੌਕਰ ਪੰਚਾਇਤ ਸੈਕਟਰੀ ਨੂੰ ਹੀ ਆਪਣੇ ਪਿੰਡ ਦਾ ਫੈਸਲਾਕੁੰਨ ਅਫ਼ਸਰ ਮੰਨੀ ਬੈਠੇ ਹਨ। ਜੇਕਰ ਹਰ ਪਿੰਡ ਵਾਲੀ ਪੰਚਾਇਤੀ ਰਾਜ ਐਕਟ, ਪੰਚਾਇਤ ਅਤੇ ਮਨਰੇਗਾ ਵਰਗੀਆਂ ਸਕੀਮਾਂ ਬਾਰੇ ਜਾਗਰੁਕ ਹੋ ਜਾਂਦਾ ਹੈ ਤਾਂ ਪਿੰਡ ਦਾ ਆਮ ਨਾਗਰਿਕ ਅਤੇ ਅਨਪੜ੍ਹ ਸਰਪੰਚ ਵੀ ਆਪਣੇ ਪਿੰਡ ਦੀ ਤਕਦੀਰ ਬਦਲ ਸਕਦਾ ਹੈ।

# ਇੰਡੋਨੇਸ਼ੀਆ ਦੇ ਬਾਲੀ ਵਿੱਚ ਮਿੰਨੀ ਬੱਸ ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ



ਇੰਡੋਨੇਸ਼ੀਆ: ਚੀਨੀ ਸੈਲਾਨੀਆਂ ਨੂੰ ਲੈ ਕੇ ਜਾ ਰਹੀ ਇੱਕ ਮਿੰਨੀ ਬੱਸ ਸ਼ੁੱਕਰਵਾਰ ਸਵੇਰੇ ਇੰਡੋਨੇਸ਼ੀਆਈ ਟਾਪੂ ਬਾਲੀ 'ਤੇ ਹਾਦਸਾਗ੍ਰਸਤ ਹੋ ਗਈ, ਜਿਸ ਵਿੱਚ ਪੰਜ ਯਾਤਰੀ ਮਾਰੇ ਗਏ ਅਤੇ ਅੱਠ ਹੋਰ ਜ਼ਖਮੀ ਹੋ ਗਏ। ਬੁਲੇਲੇਂਗ ਰੀਜੈਂਸੀ ਪੁਲਿਸ ਮੁਖੀ ਇਡਾ ਬਾਗੁਸ ਵਿਦਵਾਨ ਸੁਤਾਦੀ ਨੇ ਕਿਹਾ ਕਿ ਮਿੰਨੀ ਬੱਸ ਟਾਪੂ ਦੇ ਦੱਖਣੀ ਹਿੱਸੇ ਤੋਂ ਉੱਤਰੀ ਹਿੱਸੇ ਵੱਲ ਇੱਕ ਘੁੰਮਦੀ ਹੋਈ, ਢਲਾਣ ਵਾਲੀ ਸੜਕ 'ਤੇ ਯਾਤਰਾ ਕਰ ਰਹੀ ਸੀ। ਉਨ੍ਹਾਂ ਕਿਹਾ ਕਿ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਗੱਡੀ ਸੜਕ ਤੋਂ ਉਤਰ ਗਈ, ਇੱਕ ਬਾਗ਼ ਵਿੱਚ ਜਾ ਵੜੀ ਅਤੇ ਇੱਕ ਦਰੱਖਤ ਨਾਲ ਟਕਰਾ ਗਈ।''ਡਰਾਈਵਰ ਦੀ ਸਾਵਧਾਨੀ ਦੀ ਘਾਟ ਕਾਰਨ, ਬੱਸ ਸੜਕ ਤੋਂ ਉਤਰ ਕੇ ਇੱਕ ਕਮਿਊਨਿਟੀ ਬਾਗ਼ ਵਿੱਚ ਜਾ ਵੱਜੀ, ਜਿਸ ਕਾਰਨ ਇਹ ਹਾਦਸਾ ਹੋਇਆ," ਸੁਤਾਦੀ ਨੇ ਇੱਕ ਬਿਆਨ ਵਿੱਚ ਕਿਹਾ। ਇਸ ਵਿੱਚ ਕਿਹਾ ਗਿਆ ਹੈ ਕਿ ਅੱਠ ਹੋਰ ਜ਼ਖਮੀ ਯਾਤਰੀਆਂ ਦਾ ਦੋ ਹਸਪਤਾਲਾਂ ਵਿੱਚ ਇਲਾਜ ਕੀਤਾ ਗਿਆ। ਇੰਡੋਨੇਸ਼ੀਆਈ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਆਪਣੀ ਹੀ ਧਰੋਹਰ ਨੂੰ ਦੇਖਣ ਦੀ ਮਨਜ਼ੂਰੀ??

## ਪੰਜਾਬ ਤੋਂ ਸਕਾਟਲੈਂਡ ਲਿਆਂਦੀ ਪੁਰਾਤਨ ਹੱਥ ਲਿਖਤ ਬੀੜ ਦੇ 175 ਸਾਲਾਂ ਬਾਅਦ ਪਹਿਲੀ ਵਾਰ ਦਰਸ਼ਨ ਕਰਨ ਦੀ ਇਜਾਜ਼ਤ ਮਿਲੀ

## ਮਹਾਰਾਜਾ ਖੜਕ ਸਿੰਘ ਕੋਲੋਂ ਦੁੱਲੇਵਾਲਾ ਦੇ ਕਿਲੇ 'ਚੋਂ ਲਿਆ ਕੇ ਐਡਿਨਬਰਾ ਯੂਨੀਵਰਸਿਟੀ 'ਚ ਰੱਖੀ ਗਈ ਸੀ







ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)- ਆਪਣੇ ਰਾਜਭਾਗ ਦੇ ਮਾਲਕ ਰਹੇ ਸਿੱਖਾਂ ਲਈ ਇਸ ਤੋਂ ਵੱਡੀ ਮੰਦਭਾਗੀ ਗੱਲ ਕੀ ਹੋ ਸਕਦੀ ਹੈ ਕਿ ਕਦੇ ਅਜਿਹਾ ਵਕਤ ਵੀ ਆਵੇ ਕਿ ਉਹਨਾਂ ਦੀ ਮਲਕੀਅਤ ਵਾਲੇ ਧਾਰਮਿਕ ਗ੍ਰੰਥ ਜਾਂ ਹੋਰ ਵਸਤਾਂ "ਕਿਸੇ ਹੋਰ ਕੋਲੋਂ" ਇਜਾਜ਼ਤ ਲੈ ਕੇ ਦੇਖਣੀਆਂ ਪੈਣ। ਭਾਰਤ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਬਰਤਾਨਵੀ ਸ਼ਾਸਕਾਂ ਨੇ ਭਾਰਤ ਦੀਆਂ ਇਤਿਹਾਸਿਕ ਤੇ ਅਮੁੱਲੀਆਂ ਵਸਤਾਂ ਹੀ ਬਰਤਾਨੀਆਂ ਵਿੱਚ ਨਹੀਂ ਲਿਆਂਦੀਆਂ ਸਗੋਂ ਧਾਰਮਿਕ ਬੀੜਾਂ ਵੀ ਲੈ ਕੇ ਆਏ। ਸਕਾਟਲੈਂਡ ਦੀ ਐਡਿਨਬਰ ਯੂਨੀਵਰਸਿਟੀ ਵੱਲੋਂ 175 ਸਾਲਾਂ ਬਾਅਦ ਪਹਿਲੀ ਵਾਰ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਗਤ ਦੇ ਦਰਸ਼ਨਾਂ ਲਈ ਯੂਨੀਵਰਸਿਟੀ ਤੋਂ ਬਾਹਰ ਲਿਜਾਣ ਦੀ ਇਜਾਜ਼ਤ ਦਿੱਤੀ ਹੈ। ਜ਼ਿਕਰਯੋਗ ਹੈ ਕਿ ਉਕਤ ਹੱਥ ਲਿਖਤ ਬੀੜ ਦਾ ਸਬੰਧ ਮਹਾਰ-ਜਾ ਖੜਕ ਸਿੰਘ ਨਾਲ ਦੱਸਿਆ ਜਾ ਰਿਹਾ ਹੈ। ਇਸ ਪੁਰਾਤਨ ਹੱਥ ਲਿਖਤ ਬੀੜ ਦੀ ਸਿਆਹੀ ਵਿੱਚ ਸੋਨਾ ਵਰਤਿਆ ਗਿਆ ਹੈ। ਮਹਾਰਾਣੀ ਵਿਕਟੋਰੀਆ ਨੂੰ ਕੋਹਿਨੂਰ ਹੀਰਾ ਭੇਂਟ ਕਰਨ ਵਾਲੇ ਸਰ ਜੋਹਨ ਸਪੈਂਸਰ ਲੋਗਿਨ ਵੱਲੋਂ ਇਹ ਬੀੜ ਯੂਨੀਵਰਸਿਟੀ ਆਫ ਐਡਿਨਬਰਾ ਨੂੰ ਸਪੁਰਦ ਕੀਤੀ ਸੀ। ਕਿਹਾ ਜਾਂਦਾ ਹੈ ਕਿ ਉਕਤ ਪੁਰਾਤਨ ਹੱਥ ਲਿਖਤ ਬੀੜ ਮਹਾਰਾਜਾ ਖੜਕ ਸਿੰਘ ਕੋਲ ਸੀ ਤੇ ਬਰਤਾਨੀਆ ਲਿਆਉਣ ਲਈ ਦੁੱਲੇਵਾਲਾ ਦੇ ਕਿਲੇ 'ਚੋਂ ਆਪਣੇ ਕਬਜ਼ੇ ਵਿੱਚ ਲੈ ਲਈ ਗਈ ਸੀ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਇਸ ਹੱਥ ਲਿਖਤ ਬੀੜ ਉੱਪਰ ਖੋਜ ਹੋ ਰਹੀ ਹੈ ਪਰ ਇਸ ਬੀੜ ਨਾਲ ਮਿਲੇ ਰੋਇਲ ਏਸ਼ੀਆਟਿਕ ਸੋਸਾਇਟੀ ਦੇ 1851 ਦੇ ਪੱਤਰਾਂ ਵਿੱਚੋਂ ਵੀ ਬਹੁਤ ਜਾਣਕਾਰੀ ਪ੍ਰਾਪਤ ਹੋਈ ਹੈ। ਬੀਤੇ ਦਿਨੀ ਇਸ ਬੀੜ ਨੂੰ ਐਡਿਨਬਰਾ ਦੇ ਸ਼ੈਰਿਫ ਬਰੇਅ ਗੁਰਦੁਆਰਾ ਸਾਹਿਬ ਲੀਥ ਵਿਖੇ ਸੰਗਤ ਦੇ ਦਰਸ਼ਨਾਂ ਲਈ ਲਿਆਂਦਾ ਗਿਆ ਸੀ। ਕਿਸੇ ਵੇਲੇ ਖਾਲਸਾ ਰਾਜ ਦੀ ਸੰਪਤੀ ਰਹੀ ਉਕਤ ਬੀੜ ਨੂੰ ਹੁਣ 175 ਸਾਲਾਂ ਬਾਅਦ ਵਿਸ਼ੇਸ਼ ਇਜਾਜ਼ਤ ਦੇ ਕੇ ਮਹਿਜ ਕੁਝ ਘੰਟਿਆਂ ਲਈ ਹੀ ਯੂਨੀਵਰਸਿਟੀ ਤੋਂ ਬਾਹਰ ਲਿਆਉਣ ਦੀ ਆਗਿਆ ਮਿਲੀ ਸੀ। ਗੁਰੂ ਘਰ ਕਮੇਟੀ ਤੇ ਸੰਗਤਾਂ ਵੱਲੋਂ ਬਹੁਤ ਹੀ ਸਤਿਕਾਰ ਸਹਿਤ ਪੁਰਾਤਨ ਹੱਥ ਲਿਖਤ ਬੀੜ ਨੂੰ ਗੁਰਦੁਆਰਾ ਸਾਹਿਬ ਲਿਆਂਦਾ ਗਿਆ ਤੇ ਗਿਆਨੀ ਹਿੰਮਤ ਸਿੰਘ ਜੀ ਉਹਨਾਂ ਇਤਿਹਾਸਿਕ ਪਲਾਂ ਦੇ ਗਵਾਹ ਬਣੇ ਜਦੋਂ ਉਹਨਾਂ ਨੇ ਇਸ ਬੀੜ ਦਾ ਪ੍ਰਕਾਸ਼ ਕਰਕੇ ਸੰਗਤ ਲਈ ਵਾਕ ਲਏ। ਇਸ ਸਮੇਂ ਦਾ ਮਾਹੌਲ ਬਹੁਤ ਹੀ ਭਾਵਕ ਕਰਨ ਵਾਲਾ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਦੇਖ ਕੇ ਬਹੁਤ ਸਾਰੀਆਂ ਸੰਗਤਾਂ ਦੀਆਂ ਅੱਖਾਂ ਦੇ ਕੋਏ ਵੀ ਗਿੱਲੇ ਹੋਏ ਦੇਖੇ ਗਏ।

ਇਸ ਸੰਬੰਧੀ ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਟਰਸਟੀ ਸਰਦਾਰ ਸੁਰਜੀਤ ਸਿੰਘ ਚੌਧਰੀ ਨੇ ਗੱਲਬਾਤ ਦੌਰਾਨ ਗਲਾਸਗੋ ਦੀਆਂ ਸੰਗਤਾਂ ਨੂੰ ਯਕੀਨ ਦਵਾਇਆ ਕਿ ਬਹੁਤ ਜਲਦੀ ਉਕਤ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਗਲਾਸਗੋ ਵਿਖੇ ਵੀ ਸੰਗਤਾਂ ਦੇ ਦਰਸ਼ਨਾਂ ਲਈ ਲਿਆਂਦੀ ਜਾਵੇਗੀ।

# ਕੈਲੀਫੋਰਨੀਆ ਵਿੱਚ 17 ਹਜਾਰ ਪ੍ਰਵਾਸੀ ਟਰੱਕ ਡਰਾਈਵਰਾਂ ਦੇ ਲਾਇਸੰਸ ਰੱਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਵਿੱਚ 17000 ਕਮਰਸ਼ੀਅਲ ਵਾਹਣਾਂ ਦੇ ਪ੍ਰਵਾਸੀ ਡਰਾਈਵਰਾਂ ਦੇ ਲਾਇਸੰਸ ਰੱਦ ਕੀਤੇ ਜਾ ਰਹੇ ਹਨ। ਯੂ ਐਸ ਸਟੇਟ ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਲਾਇਸੰਸਾਂ ਦੀ ਮਿਆਦ ਖਤਮ ਹੋਣ ਕਾਰਨ ਕੀਤੀ ਜਾ ਰਹੀ ਹੈ। ਦੂਸਰੇ ਸ਼ਬਦਾਂ ਵਿੱਚ ਇਨਾਂ ਪ੍ਰਵਾਸੀਆਂ ਨੂੰ ਦੁਬਾਰਾ ਲਾਇਸੰਸ ਜਾਰੀ ਨਹੀਂ ਕੀਤੇ ਜਾਣਗੇ। ਇਨਾਂ ਡਰਾਈਵਰਾਂ ਵਿੱਚ ਵੱਡੀ ਗਿਣਤੀ ਭਾਰਤੀ ਖਾਸ ਕਰਕੇ ਪੰਜਾਬੀ ਡਰਾਈਵਰਾਂ ਦੀ ਹੈ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੁਆਰਾ ਕੈਲੀਫੋਰਨੀਆ ਤੇ ਹੋਰ ਰਾਜਾਂ ਵੱਲੋਂ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਏ ਲੋਕਾਂ ਨੂੰ ਲਾਇਸੰਸ ਜਾਰੀ ਕਰਨ ਦੀ ਸਖਤ ਨਿੰਦਾ ਕਰਨ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲਾਇਸੰਸ ਜਾਰੀ ਕਰਨ ਦਾ ਮੁੱਦਾ ਅਗਸਤ ਵਿੱਚ ਆਮ ਲੋਕਾਂ ਵਿੱਚ ਉਸ ਵੇਲੇ ਚਰਚਾ ਦਾ ਕੇਂਦਰ ਬਣਿਆ ਸੀ ਜਦੋਂ ਫਲੋਰਿਡਾ ਵਿੱਚ ਇਕ ਪੰਜਾਬੀ ਸਿੱਖ ਡਰਾਈਵਰ ਨੇ ਗਲਤ ਮੋੜ ਕਟਦਿਆਂ ਹਾਦਸਾ ਕਰ ਦਿੱਤਾ ਸੀ ਜਿਸ ਹਾਦਸੇ ਵਿੱਚ 3 ਲੋਕਾਂ ਦੀ ਮੌਤ ਹੋ ਗਈ ਸੀ। ਟਰਾਂਸਪੋਰਟੇਸ਼ਨ ਸਕੱਤਰ ਸੀਨ ਡੱਫੀ ਨੇ ਕਿਹਾ ਹੈ ਕਿ ਕੈਲੀਫੋਰਨੀਆ ਵੱਲੋਂ ਲਾਇਸੰਸ ਰੱਦ ਕਰਨ ਦੀ ਕਾਰਵਾਈ ਤੋਂ ਸਾਫ ਹੈ ਕਿ ਗਲਤੀ ਮੰਨ ਲਈ ਗਈ ਹੈ ਕਿ ਰਾਜ ਨੇ ਠੀਕ ਢੰਗ ਤਰੀਕੇ ਨਾਲ ਲਾਇਸੰਸ ਜਾਰੀ ਨਹੀਂ ਕੀਤੇ ਹਾਲਾਂ ਕਿ ਰਾਜ ਪਹਿਲਾਂ ਆਪਣੇ ਲਾਇਸੰਸ ਜਾਰੀ ਕਰਨ ਦੇ ਮਾਪਦੰਡਾਂ ਨੂੰ ਉਚਿੱਤ ਠਹਿਰਾਉਂਦਾ ਰਿਹਾ ਹੈ। ਡੱਫੀ ਵੱਲੋਂ ਚਿੰਤਾ ਪ੍ਰਗਟਾਉਣ ਉਪਰੰਤ ਕੈਲੀਫੋਰਨੀਆ ਨੇ ਕਮਰਸ਼ੀਅਲ ਡਰਾਈਵਰਾਂ ਨੂੰ ਜਾਰੀ ਕੀਤੇ ਲਾਇਸੰਸ ਉਪਰ ਮੁੜ ਵਿਚਾਰ ਕਰਨ ਦਾ ਫੈਸਲਾ ਕੀਤਾ ਸੀ। ਡੱਫੀ ਨੇ ਕਿਹਾ ਕਿ 'ਗਵਰਨਰ ਗੈਵਿਨ ਨਿਓਸੋਮ ਤੇ ਕੈਲੀਫੋਰੀਨਆ ਦਾ ਝੂਠ ਫੜਿਆ ਗਿਆ ਹੈ । ਕੁਝ ਵੀ ਗਲਤ ਨਹੀਂ ਕੀਤਾ ਦਾ ਦਾਅਵਾ ਕਰਨ ਦੇ ਹਫਤਿਆਂ ਬਾਅਦ ਉਹ ਰੰਗੇ ਹਥੀਂ ਪਕੜੇ ਗਏ ਹਨ ਕਿਉਂਕਿ ਹੁਣ ਉਨਾਂ ਨੇ ਏਨੀ ਵੱਡੀ ਗਿਣਤੀ ਵਿੱਚ ਲਾਇਸੰਸ ਰੱਦ ਕਰਨ ਦਾ ਫੈਸਲਾ ਲਿਆ ਹੈ।'' ਉਨਾਂ ਕਿਹਾ ਇਹ ਅਜੇ ਕੇਵਲ ਸ਼ੁਰੂਆਤ ਹੈ, ਉਹ ਹਰ ਗੈਰ ਕਾਨੂੰਨੀ ਪ੍ਰਵਾਸੀ ਦਾ ਲਾਇਸੰਸ ਰੱਦ ਹੋਣ ਤੱਕ ਕੈਲੀਫੋਰਨੀਆ ਉਪਰ ਨਿਰੰਤਰ ਦਬਾਅ ਪਾਉਂਦੇ ਰਹਿਣਗੇ। ਇਸ ਦਰਮਿਆਨ ਨਿਊਸੋਮ ਦੇ ਦਫਤਰ ਨੇ ਕਿਹਾ ਹੈ ਕਿ ਹਰੇਕ ਡਰਾਈਵਰ ਜਿਸ ਦਾ ਲਾਇਸੰਸ ਰੱਦ ਕੀਤਾ ਜਾ ਰਿਹਾ ਹੈ, ਨੂੰ ਸੰਘੀ ਸਰਕਾਰ ਵੱਲੋਂ ਕੰਮ ਕਰਨ ਦੀ ਯੋਗ ਪ੍ਰਵਾਨਗੀ ਦਿੱਤੀ ਗਈ ਹੈ।

# ਸ਼ਰਨਾਰਥੀ ਬੱਚੇ ਵਜੋਂ ਰੂਸ ਤੋਂ ਅਮਰੀਕਾ ਆਇਆ ਸੀ ਤੇ ਹੁਣ ਪਿਤਾ ਦੇ ਰੂਪ ਵਿੱਚ ਦੇਸ਼ ਨਿਕਾਲਾ



ਰੋਮਨ ਸੁਰੋਵਤਸਵ ਆਪਣੀ ਇੱਕ ਧੀ ਨਾਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰੋਮਨ ਸੁਰੋਵਤਸਵ ਸ਼ਰਨਾਰਥੀ ਬੱਚੇ ਵਜੋਂ ਸਾਬਕਾ ਸੋਵੀਅਤ ਯੂਨੀਅਨ ਤੋਂ ਅਮਰੀਕਾ ਆਇਆ ਸੀ ਤੇ ਹੁਣ ਜਦ ਕਿ ਉਹ ਦੋ ਛੋਟੀਆਂ ਬੱਚੀਆਂ ਦਾ ਪਿਤਾ ਬਣ ਚੁੱਕਾ ਹੈ, ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ। ਉਸ ਨੂੰ ਯੁਕਰੇਨ ਵਾਪਿਸ ਭੇਜ ਦਿੱਤਾ ਗਿਆ ਹੈ ਜਿਥੇ ਉਹ ਕਦੀ ਰਿਹਾ ਹੀ ਨਹੀਂ ਕਿਉਂਕਿ ਜਦੋਂ ਸੁਰੋਵਤਸਵ ਅਮਰੀਕਾ ਆਇਆ ਸੀ ਓਦੋਂ ਯੁਕਰੇਨ ਸੋਵੀਅਤ ਯੂਨੀਅਨ ਦਾ ਹਿੱਸਾ ਸੀ। ਰੁਟੀਨ ਦੀ ਛਾਣਬੀਣ ਦੌਰਾਨ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ ਨੇ ਸੁਰੋਵਤਸਵ ਨੂੰ ਇਸ ਸਾਲ 1 ਅਗਸਤ ਨੂੰ ਗ੍ਰਿਫਤਾਰ ਕਰ ਲਿਆ ਸੀ ਤੇ ਉਸ ਤੋਂ ਬਾਅਦ ਉਹ ਘਰ ਨਹੀਂ ਆਇਆ।

3 ਤੇ 5 ਸਾਲ ਦੀਆਂ ਧੀਆਂ ਜਦੋਂ ਆਪਣੀ ਮਾਂ ਸਮਾਨਤਾ ਨੂੰ ਪਾਪਾ ਬਾਰੇ ਪੁੱਛਦੀਆਂ ਹਨ ਤਾਂ ਉਹ ਬੱਚੀਆਂ ਦਾ ਦਿਲ ਰੱਖਣ ਲਈ ਕਹਿ ਦਿੰਦੀ ਹੈ ਕਿ ਉਹ ਕੰਮ 'ਤੇ ਹੈ। 20 ਸਾਲ ਤੋਂ ਵਧ ਸਮਾਂ ਪਹਿਲਾਂ ਇੱਕ ਕਾਰ ਚੋਰੀ ਦੇ ਮਾਮਲੇ ਵਿੱਚ ਸੁਰੋਵਤਸਵ ਦਾ ਸਥਾਈ ਨਿਵਾਸ ਦਾ ਦਰਜਾ ਖਤਮ ਕਰ ਦਿੱਤਾ ਗਿਆ ਸੀ। ਹਾਲਾਂ ਕਿ 2014 ਵਿੱਚ ਉਸ ਦੀ ਰਿਹਾਈ ਉਪਰੰਤ ਉਸ ਦੇ ਵਕੀਲ ਨੇ ਕਾਨੂੰਨੀ ਲੜਾਈ ਰਾਹੀਂ ਉਹ ਮਾਮਲਾ ਖਤਮ ਕਰਵਾ ਦਿੱਤਾ ਸੀ ਤੇ ਹੁਣ ਉਸ ਨੂੰ ਗਰੀਨ ਕਾਰਡ ਮਿਲਣ ਵਾਲਾ ਸੀ ਪਰੰਤੂ ਸੋਮਵਾਰ ਉਸ ਨੂੰ ਯੁਕਰੇਨ ਭੇਜ ਦਿੱਤਾ ਗਿਆ। ਸਮਾਨਤਾ ਜਿਸ ਦੀਆਂ ਅੱਖਾਂ ਵਿੱਚ ਪ੍ਰਤਖ ਤੌਰ 'ਤੇ ਹੰਝੂ ਨਜਰ ਆ ਰਹੇ ਸਨ,ਨੇ ਕਿਹਾ ਕਿ ਉਸ ਦੀਆਂ ਧੀਆਂ ਛੋਟੀਆਂ ਹਨ ਤੇ ਉਹ ਨਹੀਂ ਸਮਝ ਰਹੀਆਂ ਕਿ ਮਾਮਲਾ ਕੀ ਹੈ। ਉਸ ਨੇ ਕਿਹਾ ਕਿ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਹੁਣ ਮੈਨੂੰ ਇੱਕਲੀ ਨੂੰ ਹੀ ਆਪਣੀਆਂ ਬੇਟੀਆਂ ਨਾਲ ਜਿੰਦਗੀ ਜੀਣੀ ਪਵੇਗੀ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ


ਗੁਰਦੁਆਰਾ ਤਖਤ ਦਮਦਮਾ ਸਾਹਿਬ

## ਸਮਾਧ ਭਾਈ

ਸਮਾਧ ਭਾਈ ਨੂੰ ਆਮ ਤੌਰ 'ਤੇ ਭਾਈ ਕੀ ਸਮਾਧ ਵੀ ਆਖਿਆ ਜਾਂਦਾ ਹੈ। ਇਹ ਮੋਗਾ ਤੋਂ 36 ਕਿਲੋਮੀਟਰ ਦੂਰ ਦੱਖਣ ਵਾਲੇ ਪਾਸੇ ਹੈ ਜੋ ਪੰਜਾਬ ਦੇ ਜ਼ਿਲ੍ਹਾ ਫ਼ਰੀਦਕੋਟ ਵਿੱਚ ਆਉਂਦਾ ਹੈ। ਮੋਗੇ ਦਾ ਅਕਸ਼ਾਂਸ਼ 300-48 ਅਤੇ ਰੇਖਾਂਸ਼ ਦੇਸ਼ਾਂਤਰ 750-10 ਹੈ। ਮਾਲਵਾ ਦੇਸ਼ ਦੇ ਸਫ਼ਰ ਦੌਰਾਨ ਗੁਰੂ ਹਰਿਗੋਬਿੰਦ ਸਾਹਿਬ ਇਸ ਪਿੰਡ ਆਏ ਸਨ।

ਗੁਰਦੁਆਰੇ ਦਾ ਹਾਲ ਮੁਰੱਬਾ ਆਕਾਰ ਦਾ ਹੈ, ਜਿਸ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕ ਕਮਰੇ ਵਿੱਚ ਹੁੰਦਾ ਹੈ। ਦੋ ਮੰਜ਼ਲੀ ਇਮਾਰਤ ਉਪਰ ਕੰਵਲ ਗੁੰਬਦ ਹਨ, ਜੋ ਪ੍ਰਕਾਸ਼ ਅਸਥਾਨ ਦੇ ਉਪਰ ਬਣੇ ਹਨ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਨਾਮਜ਼ਦ ਕਮੇਟੀ ਰਾਹੀਂ ਕਰਦੀ ਹੈ।

ਗੁਰਦੁਆਰੇ ਦੇ ਨਾਲ ਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਮੁੱਖ ਸਿੱਖ ਭਾਈ ਰੂਪ ਚੰਦ (1613-1700) ਦੀ ਅੱਠ ਗੁੰਬਦਾਂ ਵਾਲੀ ਸਮਾਧ ਬਣੀ ਹੈ। ਇਸੇ ਸਮਾਧ ਕਾਰਨ ਪਿੰਡ ਦਾ ਨਾਂ ਸਮਾਧ ਭਾਈ ਪੈ ਗਿਆ ਹੈ।

**ਪੁਸਤਕ ਸੂਚੀ:-**

1. ਸੰਤੋਖ ਸਿੰਘ, ਭਾਈ- ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927-35 2. ਗੁਰਮੁਖ ਸਿੰਘ- ਹਿਸਟਾਰੀਕਲ ਸਿੱਖ ਸ਼ਰਾਇਨਜ਼, ਅੰਮ੍ਰਿਤਸਰ, 1995 3. ਗਿਆਨ ਸਿੰਘ ਗਿ- ਤਵਾਰੀਖ ਗੁਰੂ ਖ਼ਾਲਸਾ, ਪਟਿਆਲਾ, 1970 4. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸਮਾਣਾ

ਪੰਜਾਬ ਦੇ ਪਟਿਆਲਾ ਸ਼ਹਿਰ ਤੋਂ 30 ਕਿਲੋਮੀਟਰ ਦੂਰ ਦੱਖਣ ਪੱਛਮ ਵੱਲ ਇਕ ਪੁਰਾਤਨ ਇਤਿਹਾਸਕ ਸ਼ਹਿਰ ਸਮਾਣਾ (ਸਮਾਨਾ) ਹੈ। ਇਸ ਨਗਰ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਸੈਫ਼ਾਬਾਦ (ਹੁਣ ਬਹਾਦਰਗੜ੍ਹ) ਤੋਂ ਆ ਕੇ ਠਹਿਰੇ ਸਨ। ਸ਼ਾਹੀ ਫ਼ੌਜ ਗੁਰੂ ਸਾਹਿਬ ਦੀ ਭਾਲ ਕਰ ਰਹੀ ਸੀ ਤਾਂ ਇਕ ਸੁਰੱਖਿਅਤ ਥਾਂ 'ਤੇ ਇਕ ਮੁਕਾਮੀ ਸੂਫ਼ੀ ਨੇਕ ਦਿਲ ਮੁਸਲਮਾਨ ਮੁਹੰਮਦ ਬਖ਼ਸ਼, ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ ਜੋ ਸਮਾਣੇ ਤੋਂ ਤਿੰਨ ਕਿਲੋਮੀਟਰ ਦੂਰ ਸੀ। ਉਸ ਦਾ ਘਰ ਪਿੰਡ ਗੜ੍ਹੀ ਨਜ਼ੀਰ ਵਿੱਚ ਸੀ। ਗੁਰੂ ਸਾਹਿਬ ਸਮਾਣਾ ਥੋੜ੍ਹੀ ਦੇਰ ਹੀ ਠਹਿਰੇ। 1709 ਨੂੰ ਬੰਦਾ ਸਿੰਘ ਬਹਾਦਰ ਨੇ ਸਮਾਣੇ 'ਤੇ ਹਮਲਾ ਕਰਕੇ ਸਾਰਾ ਸ਼ਹਿਰ ਤਬਾਹ ਕਰ ਦਿੱਤਾ ਸੀ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬੱਚਿਆਂ ਦੇ ਕਾਤਲਾਂ ਨੂੰ ਮੌਤ ਦੀ ਸਜ਼ਾ ਦਿੱਤੀ। ਸਮਾਣਾ ਵਿੱਚ ਕੁਝ ਦਹਾਕੇ ਪਹਿਲਾਂ ਹੀ ਗੁਰ-ਦੁਆਰਾ ਬੜ੍ਹਾ ਸਾਹਿਬ ਬਣਾਇਆ ਗਿਆ ਹੈ, ਜਿਥੇ ਗੁਰੂ ਤੇਗ਼ ਬਹਾਦਰ ਸਾਹਿਬ ਗੜ੍ਹੀ-ਨਜ਼ੀਰ ਜਾਣ ਤੋਂ ਪਹਿਲਾਂ ਕੁਝ ਦੇਰ ਠਹਿਰੇ ਸਨ। ਗੁਰਦੁਆਰੇ ਦੀ ਇਮਾਰਤ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਇਸ ਦੀ ਛੱਤ ਹਮਵਾਰ ਹੈ। ਇਕ ਛੋਟਾ ਜਿਹਾ ਸਰੋਵਰ ਨਾਲ ਹੀ ਹੈ। ਗੁਰਦੁਆਰੇ ਦਾ ਪ੍ਰਬੰਧ ਨਿਹੰਗ ਸਿੰਘ ਕਰਦੇ ਹਨ।

**ਪੁਸਤਕ ਸੂਚੀ:-**

1. ਫ਼ੌਜਾ ਸਿੰਘ- ਗੁਰੂ ਤੇਗ਼ ਬਹਾਦਰ, ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976 2. ਗਿਆਨ ਸਿੰਘ, ਗਿ- ਤਵਾਰੀਖ ਗੁਰੂ ਖ਼ਾਲਸਾ, ਪਟਿਆਲਾ, 1970

## ਸਮਾਉਂ

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਬਠਿੰਡਾ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਮਾਨਸਾ ਵਿੱਚ ਪਿੰਡ ਸਮਾਉਂ ਆਉਂਦਾ ਹੈ, ਜੋ ਭਿੱਖੀ ਤੋਂ ਦੋ ਕਿਲੋਮੀਟਰ ਉੱਤਰ ਵੱਲ ਹੈ। ਭਿੱਖੀ ਦਾ ਅਕਸ਼ਾਂਸ਼ 300-3 ਅਤੇ ਰੇਖਾਂਸ਼ ਦੇਸ਼ਾਂਤਰ 750-33 ਹੈ। ਇਸ ਪਿੰਡ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਖੀਵੀ ਤੋਂ ਸਮਾਉਂ ਅਤੇ ਭਿੱਖੀ ਆਏ ਸਨ। ਇਥੇ ਹੀ ਗੁਰੂ ਸਾਹਿਬ ਨੂੰ ਇਤਲਾਹ/ਖ਼ਬਰ ਮਿਲੀ ਕਿ ਪਿਸ਼ਾਵਰ ਅਤੇ ਕਾਬਲ ਦੀਆਂ ਸਿੱਖ ਸੰਗਤਾਂ ਦਰਸ਼ਨਾਂ ਲਈ ਆ ਰਹੀਆਂ ਹਨ। ਇਥੇ ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਣਿਆ ਹੈ। ਗੁਰੂ ਸਾਹਿਬ ਇਸੇ ਪਿੰਡ ਵਿੱਚ ਇਕ ਵਣ ਦੇ ਦਰੱਖ਼ਤ ਹੇਠ ਬਹਿ ਕੇ ਸੰਗਤਾਂ ਦਾ ਇੰਤਜ਼ਾਰ ਕਰਨ ਲੱਗੇ।

ਸੰਗਤਾਂ ਲਈ ਦਰੀਆਂ ਅਤੇ ਵਿਛਾਈਆਂ ਇਸੇ ਥਾਂ ਵਿਛਾਈਆਂ ਗਈਆਂ। ਸਿੱਖ ਸੰਗਤਾਂ ਨੇ ਸ਼ਬਦ ਪੜ੍ਹਦੇ-ਪੜ੍ਹਦੇ ਆ ਕੇ ਗੁਰੂ ਤੇਗ਼ ਬਹਾਦਰ ਸਾਹਿਬ ਅੱਗੇ ਸੀਸ ਨਿਵਾਏ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ। ਇਕ ਕਿਸਾਨ ਨੇੜੇ ਹੀ ਹੱਲ ਵਾਹ ਰਿਹਾ ਸੀ। ਜਦੋਂ ਉਸ ਨੇ ਇਹ ਨਜ਼ਾਰਾ ਵੇਖਿਆ ਤਾਂ ਦੌੜ ਕੇ ਗੁਰੂ ਸਾਹਿਬ ਅੱਗੇ ਆ ਕੇ ਆਪਣੀ ਕਿਰਤ-ਕਮਾਈ ਦੀ ਰੋਟੀ ਅਤੇ ਲੱਸੀ ਭੇਟ ਕੀਤੀ। ਗੁਰੂ ਸਾਹਿਬ ਨੇ ਰੋਟੀ ਖਾਧੀ ਅਤੇ ਬਚਨ ਕੀਤੇ, ਇਸ ਦੇ ਘਰ ਹਮੇਸ਼ਾਂ ਦੁੱਧ ਦੀ ਲਹਿਰ-ਬਹਿਰ ਹੋਵੇਗੀ। ਇਸੇ ਵਣ ਦਰੱਖ਼ਤ ਹੇਠ ਜਿਥੇ ਗੁਰੂ ਸਾਹਿਬ ਬੈਠੇ ਸਨ, ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਅਜੋਕੀ ਇਮਾਰਤ 50 ਮੀਟਰ ਚਕੋਰ ਆਕਾਰ ਦੀ ਹੈ ਅਤੇ ਹਾਲ ਸਾਹਮਣੇ ਹੈ। ਪ੍ਰਕਾਸ਼ ਅਸਥਾਨ ਗੁੰਬਦ-ਨੁਮਾ ਹੈ। ਪ੍ਰਕਾਸ਼ ਅਸਥਾਨ ਦੇ ਸਾਹਮਣੇ ਲੰਬੂਤਰੇ ਥੰਮ੍ਹ ਹਨ, ਜਿਨ੍ਹਾਂ 'ਤੇ ਫੁੱਲ, ਪੱਤੀਆਂ ਬਣਾਈਆਂ ਗਈਆਂ ਹਨ। ਗੈਲਰੀ, ਹਾਲ ਦੇ ਤਿੰਨ ਪਾਸਿਉਂ ਹੈ, ਜਦ ਕਿ ਚੌਥੇ ਪਾਸੇ ਪ੍ਰਕਾਸ਼ ਅਸਥਾਨ ਦੇ ਪਿਛਲੇ ਪਾਸੇ ਉਹ ਵਣ ਦਾ ਦਰੱਖ਼ਤ ਅਜੇ ਤੱਕ ਮੌਜੂਦ ਹੈ, ਜਿਸ ਹੇਠ ਗੁਰੂ ਤੇਗ਼ ਬਹਾਦਰ ਸਾਹਿਬ ਬੈਠੇ ਸਨ। ਗੁਰਦੁਆਰੇ ਨਾਲ 30 ਏਕੜ ਜ਼ਮੀਨ ਹੈ। ਇਹ ਨੋਟੀਫਾਈਡ ਹੈ ਅਤੇ ਨਾਮਜ਼ਦ ਕਮੇਟੀ ਰਾਹੀਂ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ:-**

1. ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975 2. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923 3. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 4. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998 5. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997 6. ਫ਼ੌਜਾ ਸਿੰਘ- ਗੁਰੂ ਤੇਗ਼ ਬਹਾਦਰ, ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

## ਸਰਸਾ

ਸਰਸਾ ਨੂੰ ਸਿਰਸਾ ਵੀ ਆਖਿਆ ਜਾਂਦਾ ਹੈ। ਸਿਰਸਾ ਅੱਜ ਕੱਲ੍ਹ ਹਰਿਆਣਾ ਵਿੱਚ ਆਉਂਦਾ ਹੈ ਅਤੇ ਇਹ ਪੰਜਾਬ ਤੇ ਹਰਿਆਣੇ ਦੀ ਸਰਹੱਦ 'ਤੇ ਸਥਿਤ ਹੈ। ਇਹ ਪੰਜਾਬੀ ਬੋਲਦਾ ਇਲਾਕਾ ਹੈ ਜੋ 1966 ਵਿੱਚ ਜਬਰੀ ਹਰਿਆਣੇ ਵਿੱਚ ਸ਼ਾਮਿਲ ਕੀਤਾ ਗਿਆ। ਸਿਰਸੇ ਦਾ ਅਕਸ਼ਾਂਸ਼ 290-33 ਹੈ ਅਤੇ ਰੇਖਾਂਸ਼ ਦੇਸ਼ਾਂਤਰ 750-04 ਹੈ। ਇਹ ਨਗਰ ਕਿਸੇ ਸਮੇਂ ਸੂਫ਼ੀਆਂ ਦਾ ਤਕੀਆ ਕਰ ਕੇ ਵੀ ਪ੍ਰਸਿੱਧ ਸੀ। ਇਸ ਨਗਰ ਵਿੱਚ ਦੋ ਇਤਿਹਾਸਕ ਗੁਰਦੁਆਰੇ ਹਨ।

### (ੳ) ਗੁਰਦੁਆਰਾ ਚਿੱਲ੍ਹਾ ਸਾਹਿਬ ਪਾਤਸ਼ਾਹੀ ਪਹਿਲੀ:

ਗੁਰੂ ਨਾਨਕ ਸਾਹਿਬ ਇਕ ਵੇਰ ਸਿਰਸਾ ਆਏ ਸਨ ਅਤੇ ਖ਼ੁਦਾਪ੍ਰਸਤ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ। ਗੁਰੂ ਸਾਹਿਬ ਦੀ ਯਾਦ ਵਿੱਚ ਇਕ ਛੋਟਾ ਜਿਹਾ ਗੁਰਦੁਆਰਾ ਖਾਨ ਦਾ ਪੰਜ ਪੀਰਾਂ ਕੋਲ ਬਣਿਆ ਹੈ। ਇਹ ਸ਼ਹਿਰ ਦੀ ਨੁੱਕਰ ਵਿੱਚ ਉੱਤਰ-ਪੱਛਮ ਵੱਲ ਹੈ। ਇਸ ਗੁਰਦੁਆਰੇ ਨਾਲ ਦੋ ਸ਼ਿਲਾ ਲੇਖ ਹਨ। ਜਿਨ੍ਹਾਂ 'ਤੇ ਉਕਰਿਆ ਹੈ ਚਿਲ੍ਹਾ ਬਾਬਾ ਸਾਹਿਬ ਨਾਨਕ ਦਰਵੇਸ਼। ਇਸ ਅਸਥਾਨ ਦੀ ਦੇਖਭਾਲ ਮੁਸਲਮਾਨ ਪੁਜਾਰੀ ਖਾਨ ਕਾ ਦੇ ਹੀ ਕਰਦੇ ਸਨ। 1947 ਵਿੱਚ ਵੰਡ ਸਮੇਂ ਜਦੋਂ ਮੁਸਲਮਾਨ ਇਥੋਂ ਚਲੇ ਗਏ ਤਾਂ ਇਸ ਦਾ ਪ੍ਰਬੰਧ ਵਕਫ਼ ਬੋਰਡ ਨੇ ਸੰਭਾਲ ਲਿਆ। ਉਸ ਤੋਂ ਬਾਅਦ ਇਹ ਅਸਥਾਨ ਸਿੱਖਾਂ ਕੋਲ ਹੈ। ਹੁਣ ਨਵਾਂ ਗੁਰਦੁਆਰਾ ਸਾਹਿਬ ਬਣਿਆ ਹੈ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੱਡੇ ਗੁਰਦੁਆਰੇ ਤੋਂ 200 ਮੀਟਰ ਪੱਛਮ ਵੱਲ ਹੈ।

### (ਅ) ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਾਹਿਬ:

ਗੁਰੂ ਗੋਬਿੰਦ ਸਿੰਘ ਸਾਹਿਬ 1706 ਨੂੰ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਦੱਖਣ ਜਾਣ ਸਮੇਂ ਸਿਰਸਾ ਠਹਿਰੇ ਸਨ। ਗੁਰੂ ਸਾਹਿਬ ਨੇ ਆਪਣਾ ਕੈਂਪ ਉਸ ਥਾਂ ਲਾਇਆ, ਜਿਸ ਨੂੰ ਲੱਖੀ ਤਲਾਉ ਆਖਿਆ ਜਾਂਦਾ ਸੀ। ਇਥੇ ਹੀ ਡੱਲਾ ਸਿੰਘ ਨੇ ਗੁਰੂ ਸਾਹਿਬ ਵੱਲੋਂ ਮੁੱਖ ਮੋੜਿਆ ਸੀ। ਇਥੋਂ ਹੀ ਗੁਰੂ ਸਾਹਿਬ ਪਿੰਡ ਖੁੰਡਲ ਗਏ ਸਨ, ਜਿਥੇ ਗੁਲਾਬ ਸਿੰਘ ਸੁਨਿਆਰੇ ਨੂੰ ਇਕ ਮੁਕਾਮੀ ਮੁਸਲਮਾਨ ਮੁੱਖੀ ਦੀ ਕੈਦ ਤੋਂ ਰਿਹਾਅ ਕੀਤਾ ਸੀ।


ਲੱਖੀ ਤਲਾਉ ਦੇ ਕੰਡੇ 'ਤੇ ਬਾਅਦ ਵਿੱਚ ਮਹਾਰਾਜਾ ਹੀਰਾ ਸਿੰਘ ਨਾਭਾ ਨੇ ਗੁਰਦੁਆਰਾ ਬਣਾਇਆ। 1928 ਵਿੱਚ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਭਾਲਿਆ। 1958 ਵਿੱਚ ਸੰਤ ਬਘੇਲ ਸਿੰਘ ਨੇ ਮੁਖੀ ਸਿੱਖਾਂ ਦੇ ਕਹਿਣ 'ਤੇ ਸਰੋਵਰ ਦੀ ਕਾਰ ਸੇਵਾ ਅਤੇ ਗੁਰਦੁਆਰੇ ਦੀ ਨਵੀਂ ਇਮਾਰਤ ਬਣਾਉਣ ਦਾ ਕੰਮ ਹੱਥ ਵਿੱਚ ਲਿਆ। ਹੁਣ ਨਵਾਂ ਗੁਰਦੁਆਰਾ ਸੰਗਮਰਮਰ ਦੇ ਹਾਲ ਵਾਲਾ ਅਤੇ ਉੱਤੇ ਚਿੱਟੀਆਂ ਗਾਗਰਾਂ ਲੱਗੀਆਂ ਹਨ। ਵੱਡੇ ਜੋੜ-ਮੇਲਿਆਂ ਲਈ ਸਾਹਮਣੇ ਕਾਫ਼ੀ ਥਾਂ ਹੈ। ਅਹਾਤੇ ਨੂੰ ਚਾਰਦੀਵਾਰੀ ਹੋਈ ਹੈ ਜਿਸ ਵਿੱਚ ਸਰੋਵਰ, ਹਾਈ ਸਕੂਲ, ਸਰਾਂ ਅਤੇ ਬਾਬਾ ਬਘੇਲ ਸਿੰਘ ਦੀ ਸਮਾਧ ਹੈ। ਗੁਰੂ ਕਾ ਲੰਗਰ ਵੱਖਰੀ ਪੁਰਾਣੀ ਇਮਾਰਤ ਵਿੱਚ ਹੈ। ਇਹ ਗੁਰ-ਅਸਥਾਨ ਨੋਟੀਫਾਈਡ ਹਨ, ਇਨ੍ਹਾਂ ਦਾ ਪ੍ਰਬੰਧ ਨਾਮਜ਼ਦ ਕਮੇਟੀ ਰਾਹੀਂ ਸ਼੍ਰੋਮਣੀ ਗੁਰ-ਦੁਆਰਾ ਕਮੇਟੀ ਕਰਦੀ ਹੈ ਅਤੇ ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹਨ।

**ਪੁਸਤਕ ਸੂਚੀ:-**

1. ਕੋਹਲੀ, ਸੁਰਿੰਦਰ ਸਿੰਘ- ਟਰੈਵਿਲਜ਼ ਆਫ਼ ਗੁਰੂ ਨਾਨਕ, ਪਟਿਆਲਾ, 1969 2. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998 3. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 4. ਗਿਆਨ ਸਿੰਘ, ਗਿ- ਤਵਾਰੀਖ ਗੁਰੂ ਖ਼ਾਲਸਾ, ਪਟਿਆਲਾ, 1970

ਬਾਕੀ ਅਗਲੇ ਹਫ਼ਤੇ ਪੜ੍ਹੋ

# ਸਿਹਤ ਤੇ ਸੁੰਦਰਤਾ



## ਕੋਵਿਡ ਮਹਾਮਾਰੀ ਨੇ ਬਹੁਤ ਸਾਰੇ ਲੋਕਾਂ ਦਾ ਬੁੱਢਾ ਕੀਤਾ ਦਿਮਾਗ

○ ਤਣਾਅ ਤੇ ਡਿਪ੍ਰੈਸ਼ਨ ਕਾਰਨ ਪਏ ਮਾੜੇ ਪ੍ਰਭਾਵ



ਲੰਡਨ-ਕੋਵਿਡ-19 ਮਹਾਮਾਰੀ ਨੇ ਲੋਕਾਂ ਦੇ ਦਿਮਾਗ ਨੂੰ ਜ਼ਿਆਦਾ ਬੁੱਢਾ ਕੀਤਾ ਹੈ, ਭਾਵੇਂ ਉਹ ਇਸ ਤੋਂ ਪੀੜਤ ਹੋਏ ਹੋਣ ਜਾਂ ਨਾ। ਇੰਗਲੈਂਡ ਵਿਚ ਇਕ ਹਜ਼ਾਰ ਤੋਂ ਵੱਧ ਬਾਲਗਾਂ ਦੇ ਕੋਰੋਨਾ ਤੋਂ ਪਹਿਲਾਂ ਅਤੇ ਬਾਅਦ ਦੇ ਦਿਮਾਗ ਦੇ ਐੱਮ. ਆਰ. ਆਈ. ਸਕੈਨ ਦੇ ਅਧਿਐਨ ਰਾਹੀਂ ਇਹ ਹੈਰਾਨ ਕਰ ਦੇਣ ਵਾਲਾ ਸਿੱਟਾ ਕੱਢਿਆ ਗਿਆ ਹੈ।

'ਸਾਇੰਸ ਅਮੇਰਿਕਨ' ਅਨੁਸਾਰ ਲੋਕਾਂ ਦਾ ਦਿਮਾਗ ਕੋਵਿਡ-19 ਮਹਾਮਾਰੀ ਦੇ ਦੌਰ ਵਿਚ ਲੱਗਭਗ ਸਾਢੇ 5 ਮਹੀਨੇ ਜ਼ਿਆਦਾ ਬੁੱਢਾ ਹੋਇਆ। ਤਣਾਅ ਤੇ ਡਿਪ੍ਰੈਸ਼ਨ ਕਾਰਨ ਮਹਾਮਾਰੀ ਨੇ ਦਿਮਾਗ 'ਤੇ ਡੂੰਘਾ ਅਸਰ ਪਾਇਆ। ਵਿਗਿਆਨੀਆਂ ਨੇ ਇਸ ਅਧਿਐਨ ਲਈ ਇੰਗਲੈਂਡ ਦੇ ਬਾਇਓਬੈਂਕ ਦੇ ਡਾਟਾ ਦੀ ਵਰਤੋਂ ਕੀਤੀ। ਪ੍ਰੀਖਣ ਦੌਰਾਨ ਸਾਰੀਆਂ ਸਕੈਨਾਂ ਨੂੰ 2 ਹਿੱਸਿਆਂ ਵਿਚ ਵੰਡਿਆ ਗਿਆ। ਪਹਿਲੇ ਹਿੱਸੇ ਵਿਚ ਉਨ੍ਹਾਂ ਨੂੰ ਰੱਖਿਆ ਗਿਆ ਜੋ ਬੀਮਾਰੀ ਤੋਂ ਪੀੜਤ ਹੋਏ ਸਨ ਅਤੇ ਦੂਜੇ ਵਿਚ ਉਹ ਸਨ, ਜਿਨਾਂ ਨੂੰ ਇਹ ਨਹੀਂ ਹੋਈ।

ਅਧਿਐਨ ਦੌਰਾਨ ਵੇਖਿਆ ਗਿਆ ਕਿ ਦੋਵਾਂ ਹੀ ਸਮੂਹਾਂ ਵਿਚ ਦਿਮਾਗ ਦੀ ਉਮਰ 'ਤੇ ਕੋਵਿਡ ਕਾਲ ਵਿਚ ਅਸਰ ਪਿਆ ਸੀ। ਬੀਮਾਰੀ ਤੋਂ ਪੀੜਤ ਲੋਕਾਂ ਦੇ ਦਿਮਾਗ 'ਤੇ ਅਸਰ ਤਾਂ ਪਹਿਲਾਂ ਦੇ ਅਧਿਐਨ ਵਿਚ ਹੀ ਸਪਸ਼ਟ ਹੋ ਗਿਆ ਸੀ ਪਰ ਇਹ ਪਹਿਲੀ ਵਾਰ ਵੇਖਿਆ ਗਿਆ ਕਿ ਕੋਵਿਡ ਕਾਲ ਨੇ ਉਨ੍ਹਾਂ ਦੇ ਦਿਮਾਗ 'ਤੇ ਵੀ ਅਸਰ ਪਾਇਆ, ਜੋ ਬੀਮਾਰੀ ਤੋਂ ਪੀੜਤ ਨਹੀਂ ਹੋਏ ਸਨ।

## ਰੋਜ਼ਾਨਾ ਇੱਕ ਸੰਤਰਾ ਖਾਓ, ਤੁਹਾਡੀ ਸਿਹਤ, ਸਰੀਰ ਨੂੰ ਮਿਲਣਗੇ 6 ਸ਼ਾਨਦਾਰ ਫਾਇਦੇ

ਸੰਤਰੇ ਨੂੰ ਆਮ ਤੌਰ 'ਤੇ ਸਿਰਫ਼ ਵਿਟਾਮਿਨ ਸੀ ਦਾ ਸਰੋਤ ਮੰਨਿਆ ਜਾਂਦਾ ਹੈ ਪਰ ਇਨ੍ਹਾਂ ਵਿੱਚ ਕਈ ਹੋਰ ਪੌਸ਼ਟਿਕ ਤੱਤ ਵੀ ਹੁੰਦੇ ਹਨ। ਇਸ ਲਈ ਹਰ ਰੋਜ਼ ਇੱਕ ਸੰਤਰਾ ਖਾਣਾ ਤੁਹਾਡੀ ਸਿਹਤ ਲਈ ਬਹੁਤ ਫਾਇਦੇਮੰਦ ਸਾਬਤ ਹੋ ਸਕਦਾ ਹੈ।

ਸੰਤਰੇ ਵਿਟਾਮਿਨ ਸੀ ਦਾ ਇੱਕ ਵਧੀਆ ਸਰੋਤ ਹਨ। ਇੱਕ ਸੰਤਰੇ ਵਿੱਚ ਲਗਪਗ 70-90 ਮਿਲੀਗ੍ਰਾਮ ਵਿਟਾਮਿਨ ਸੀ ਹੁੰਦਾ ਹੈ, ਜੋ ਕਿ ਰੋਜ਼ਾਨਾ ਦੀ ਲੋੜ ਨੂੰ ਪੂਰਾ ਕਰਨ ਲਈ ਕਾਫ਼ੀ ਹੈ। ਵਿਟਾਮਿਨ ਸੀ ਚਿੱਟੇ ਖੂਨ ਦੇ ਸੈੱਲਾਂ ਦੇ ਉਤਪਾਦਨ ਨੂੰ ਵਧਾ ਕੇ ਸਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ। ਇਹ ਜ਼ੁਕਾਮ ਵਰਗੀਆਂ ਆਮ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦਾ ਹੈ ਅਤੇ ਸਰੀਰ ਨੂੰ ਇਨਫੈਕਸ਼ਨਾਂ ਤੋਂ ਬਚਾਉਂਦਾ ਹੈ

ਸੰਤਰੇ ਵਿੱਚ ਵਿਟਾਮਿਨ ਸੀ ਕੋਲੇਜਨ ਦੇ ਉਤਪਾਦਨ ਲਈ ਜ਼ਰੂਰੀ ਹੈ। ਕੋਲੇਜਨ ਚਮੜੀ ਦੀ ਲਚਕਤਾ ਬਣਾਈ ਰੱਖਣ ਅਤੇ ਝੁਰੜੀਆਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਸੰਤਰੇ ਵਿੱਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਫ੍ਰੀ ਰੈਡੀਕਲਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ, ਇਸਨੂੰ ਚਮਕਦਾਰ ਬਣਾਉਂਦੇ ਹਨ ਅਤੇ



ਬੁਢਾਪੇ ਦੇ ਸੰਕੇਤਾਂ ਨੂੰ ਹੌਲੀ ਕਰਦੇ ਹਨ। ਰੋਜ਼ਾਨਾ ਇੱਕ ਸੰਤਰਾ ਖਾਣਾ ਇੱਕ ਕੁਦਰਤੀ ਸੁੰਦਰਤਾ ਇਲਾਜ ਹੈ।

ਸੰਤਰੇ ਵਿੱਚ ਫਾਈਬਰ, ਪੋਟਾਸ਼ੀਅਮ, ਵਿਟਾਮਿਨ ਸੀ ਅਤੇ ਕੋਲੀਨ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਦਿਲ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਿਤ ਕਰਨ ਵਿੱਚ ਮਦਦ ਕਰਦਾ ਹੈ, ਜਦੋਂ ਕਿ ਫਾਈਬਰ ਕੋਲੇਸਟ੍ਰੋਲ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਸ ਲਈ ਨਿਯਮਿਤ ਤੌਰ 'ਤੇ ਇੱਕ ਸੰਤਰਾ ਖਾਣ ਨਾਲ ਦਿਲ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਹੋ ਸਕਦਾ ਹੈ। ਇੱਕ ਦਰਮਿਆਨੇ ਆਕਾਰ ਦੇ ਸੰਤਰੇ ਵਿੱਚ ਲਗਪਗ 3-4 ਗ੍ਰਾਮ ਖੁਰਾਕੀ ਫਾਈਬਰ ਹੁੰਦਾ ਹੈ ਜੋ ਪਾਚਨ ਪ੍ਰਣਾਲੀ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਫਾਈਬਰ ਕਬਜ਼ ਤੋਂ ਰਾਹਤ ਦਿੰਦਾ ਹੈ ਤੇ ਅੰਤੜੀਆਂ ਨੂੰ ਸਾਫ਼ ਕਰਨ ਵਿੱਚ ਮਦਦ ਕਰਦਾ ਹੈ। ਸੰਤਰੇ ਵਿੱਚ ਮੌਜੂਦ ਫਾਈਬਰ ਪੇਟ ਦੇ ਕੈਂਸਰ ਦੇ ਜੋਖਮ ਨੂੰ ਘਟਾਉਣ ਵਿੱਚ ਵੀ ਮਦਦ ਕਰਦਾ ਹੈ। ਰੋਜ਼ਾਨਾ ਇੱਕ ਸੰਤਰਾ ਖਾਣ ਨਾਲ ਸਹੀ ਪਾਚਨ ਕਿਰਿਆ ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ।

ਸੰਤਰੇ ਵਿੱਚ ਵਿਟਾਮਿਨ ਏ ਤੇ ਕੈਰੋਟੀਨੋਇਡ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਅੱਖਾਂ ਦੀ ਸਿਹਤ ਲਈ ਜ਼ਰੂਰੀ ਹਨ। ਇਹ ਪੌਸ਼ਟਿਕ ਤੱਤ ਮੋਤੀਆਬਿੰਦ ਅਤੇ ਉਮਰ ਨਾਲ ਸਬੰਧਤ ਨਜ਼ਰ ਦੇ ਨੁਕਸਾਨ ਦੇ ਜੋਖਮ ਨੂੰ ਘਟਾਉਂਦੇ ਹਨ। ਵਿਟਾਮਿਨ ਏ ਰੈਟਿਨਾ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਰਾਤ ਦੇ ਅੰਨ੍ਹੇਪਣ ਵਰਗੀਆਂ ਸਮੱਸਿਆਵਾਂ ਨੂੰ ਰੋਕਦਾ ਹੈ।

ਸੰਤਰੇ ਵਿੱਚ ਫਰੂਟੋਜ਼ ਤੇ ਕਾਰਬੋਹਾਈਡਰੇਟ ਹੁੰਦੇ ਹਨ, ਜੋ ਤੁਰੰਤ ਊਰਜਾ ਪ੍ਰਦਾਨ ਕਰਦੇ ਹਨ। ਉਨ੍ਹਾਂ ਵਿੱਚ ਉੱਚ ਫਾਈਬਰ ਅਤੇ ਪਾਣੀ ਦੀ ਮਾਤਰਾ ਤੁਹਾਨੂੰ ਲੰਬੇ ਸਮੇਂ ਤੱਕ ਪੇਟ ਭਰਿਆ ਮਹਿਸੂਸ ਕਰਵਾਉਂਦੀ ਹੈ ਵਾਧੂ ਕੈਲੋਰੀ ਦੀ ਮਾਤਰਾ ਨੂੰ ਘਟਾਉਂਦੀ ਹੈ। ਇਸ ਤਰ੍ਹਾਂ, ਸੰਤਰੇ ਭਾਰ ਘਟਾਉਣ ਵਿੱਚ ਮਦਦਗਾਰ ਹੁੰਦੇ ਹਨ।

## * ਚੁੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ






*ਵਿਤ ਮੰਤਰੀ ਹਰਪਾਲ ਚੀਮਾ ਨੇ ਭਾਜਪਾ ਨੂੰ ਸੂਬੇ 'ਚ ਸ਼ਾਂਤੀ ਭੰਗ ਨਾ ਕਰਨ ਦੀ ਦਿਤੀ ਚਿਤਾਵਨੀ-ਇਕ ਖ਼ਬਰ

-ਪਰੇ ਹਟ ਜਾਹ ਬਲਦ ਸਿੰਙ ਮਾਰੂ, ਨੀ ਸੋਨੇ ਦੇ ਤਵੀਤ ਵਾਲ਼ੀਏ।



*ਭਾਜਪਾ ਪੰਜਾਬ ਦੇ ਲੋਕਾਂ ਦੇ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਸਮਝਦੀ ਹੈ- ਬੀਬਾ ਜੈਇੰਦਰ

-ਖਾਲੀ ਘੋੜੀ ਹਿਣਕਦੀ, ਉੱਤੇ ਨਹੀਂ ਦੀਂਹਦਾ ਵੀਰ।



*ਟਰੰਪ ਵਲੋਂ ਹਰੇਕ ਅਮਰੀਕਨ ਨੂੰ 2000 ਡਾਲਰ ਦੇਣ ਦਾ ਵਾਅਦਾ- ਇਕ ਖ਼ਬਰ

-ਟਰੰਪ ਸਾਹਿਬ ਜੇ ਲੋੜ ਪਈ ਤਾਂ ਸਾਡੇ ਮਾਸਟਰ ਦੇ ਮੁੰਡੇ ਤੋਂ ਪੈਸੇ ਫੜ ਲਿਉ, ਖਜ਼ਾਨਾ ਉੱਛਲ ਉੱਛਲ ਪੈਂਦੈ॥



*ਵਿਦਿਆਰਥੀਆਂ ਨੇ ਬੈਰੀਕੇਡ ਤੋੜ ਕੇ ਪੰਜਾਬ ਯੂਨੀਵਰਸਿਟੀ 'ਚ ਲਾਇਆ ਧਰਨਾ-ਇਕ ਖ਼ਬਰ

-ਜਿਊਣਾ ਮੌੜ ਵੱਢਿਆ ਨਾ ਜਾਵੇ, ਛਵ੍ਹੀਆਂ ਦੇ ਘੁੰਡ ਮੁੜ ਗਏ।



*ਰਾਜਨੀਤਕ ਧਿਰਾਂ ਨੇ ਕੀਤਾ ਪੰਜਾਬ ਦਾ ਉਜਾੜਾ- ਅਵਤਾਰ ਸਿੰਘ ਕਰੀਮਪੁਰੀ

-ਕੁਝ ਲੁੱਟ ਲਈ ਮੈਂ ਪਿੰਡ ਦਿਆਂ ਪੰਚਾਂ, ਕੁਝ ਲੁੱਟ ਲਈ ਸਰਕਾਰਾਂ।



*ਰਾਜਾ ਵੜਿੰਗ ਨੇ ਪੰਜਾਬ ਕਾਂਗਰਸ ਵਿਚ ਧੜੇਬੰਦੀ ਤੋਂ ਕੀਤਾ ਇਨਕਾਰ- ਇਕ ਖ਼ਬਰ

-ਕਿਉਂ ਪਾਉਨੈ ਪੜਦੇ ਵੇ, ਘਰ ਰੋਜ਼ ਖੜਕਦੇ ਭਾਂਡੇ।



*ਬਿਹਾਰ ਚੋਣਾਂ 'ਚ ਗੜਬੜ ਹੋਈ, ਜਲਦੀ ਹੀ ਸਬੂਤ ਦਿਆਂਗੇ- ਖੜਗੇ

-ਕਾਰਵਾਂ ਗੁਜ਼ਰ ਗਿਆ, ਗੁਬਾਰ ਦੇਖਤੇ ਰਹੇ।




*ਟਰੰਪ ਵਲੋਂ ਐੱਚ-1 ਬੀ ਵੀਜ਼ਾ ਖ਼ਤਮ ਕਰਨ ਦੀ ਤਿਆਰੀ- ਇਕ ਖ਼ਬਰ

-ਨਾ ਰਹੇ ਬਾਂਸ ਨਾ ਵੱਜੇ ਬੰਸਰੀ।



*ਬੀ.ਬੀ.ਸੀ. ਦੇ ਚੇਅਰਮੈਨ ਨੇ ਟਰੰਪ ਦੇ ਭਾਸ਼ਨ ਦੀ ਐਡੀਟਿੰਗ ਲਈ ਮੰਗੀ ਮੁਆਫ਼ੀ- ਇਕ ਖ਼ਬਰ

-ਜੇਠਾ ਵੇ ਮਾਫ਼ ਕਰੀਂ, ਭੁੱਲ ਗਈ ਮੈਂ ਘੁੰਡ ਕੱਢਣਾ।



*ਚੋਣਾਂ ਮੌਕੇ ਹਰਿਆਣਾ ਤੋਂ 6000 ਲੋਕ ਬਿਹਾਰ ਭੇਜੇ ਗਏ- ਕਪਿਲ ਸਿੱਬਲ

-ਸਾਮ, ਦਾਮ, ਦੰਡ, ਭੇਦ, ਇਨ ਕੇ ਬਾਏਂ ਹਾਥ ਕੀ ਖੇਡ।


*ਭੋਲੇ ਬਾਬਾ ਡੇਅਰੀ ਤੋਂ 250 ਕਰੋੜ ਦੇ ਨਕਲੀ ਘਿਉ ਨਾਲ ਤਿਰੂਮਾਲਾ ਮੰਦਰ 'ਚ ਲੱਡੂ ਬਣਾਏ ਗਏ- ਇਕ ਖ਼ਬਰ

-ਘਿਉ 'ਚ ਮਿਲਾਵਟ ਕਰਦਾ ਜਾਹ, ਜੈ ਬਾਬੇ ਦੀ ਕਰਦਾ ਜਾਹ।



*ਦਿੱਲੀ ਦੰਗੇ ਮਾਮਲੇ 'ਚ ਕਪਿਲ ਮਿਸ਼ਰਾ ਨੂੰ ਰਾਹਤ, ਜਾਂਚ ਦੇ ਹੁਕਮ ਰੱਦ-ਇਕ ਖ਼ਬਰ

-ਯੇਹ ਤੋ ਹੋਨਾ ਹੀ ਥਾ, ਹੈਰਾਨੀ ਕੀ ਕਿਆ ਬਾਤ ਹੈ ਭਾਈ।



*ਭਾਰਤ ਨਾਲ਼ ਵਪਾਰ ਸਮਝੌਤੇ ਉੱਤੇ ਮੋਹਰ ਲਗਾਉਣ ਦੇ ਬਹੁਤ ਨੇੜੇ ਹੈ ਅਮਰੀਕਾ- ਟਰੰਪ

-ਓ ਭਾਈ, ਮੇਰੀਆਂ ਗੱਲਾਂ 'ਤੇ ਬਹੁਤਾ ਯਕੀਨ ਨਾ ਕਰਿਆ ਕਰੋ।

*ਅਮਰੀਕਾ ਵਿਚ ਮਾਹਰਾਂ ਦੀ ਕਮੀ, ਵਿਦੇਸ਼ੀ ਪੇਸ਼ਾਵਰ ਲੋਕਾਂ 'ਤੇ ਟੇਕ- ਇਕ ਖ਼ਬਰ

-ਆ ਮੁੜ ਆ ਬਾਲਮਾਂ ਵੇ, ਸਾਡਾ ਤੇਰੇ ਬਿਨਾਂ ਨਹੀਂ ਸਰਦਾ।



*ਹਰਿਆਣਾ 'ਚ ਲੋਕਤੰਤਰ ਦਾ ਗਲ਼ਾ ਘੁੱਟ ਕੇ ਭਾਜਪਾ ਸਰਕਾਰ ਬਣਾਈ ਗਈ- ਦੀਪੇਂਦਰ ਹੁੱਡਾ

-ਗੋਰੇ ਰੰਗ 'ਤੇ ਝਰੀਟਾਂ ਵੱਜੀਆਂ, ਬੇਰੀਆਂ ਦੇ ਬੇਰ ਖਾਣੀਏਂ।

*ਨੇਪਾਲ ਨੇ ਆਪਣੀ ਕਰੰਸੀ ਛਾਪਣ ਦੀ ਜ਼ਿੰਮੇਵਾਰੀ ਚੀਨੀ ਕੰਪਨੀ ਨੂੰ ਦਿਤੀ- ਇਕ ਖ਼ਬਰ

-ਭੁੱਲ ਗਈ ਯਾਰ ਪੁਰਾਣੇ, ਨਵਿਆਂ ਦੇ ਸੰਗ ਲੱਗ ਕੇ।

# ਨੂੰਹ ਦਾ ਸੱਸ ਨੂੰ ਤਰਲਾ

ਜਦੋਂ ਤੁਸੀਂ ਮੈਨੂੰ ਵੇਖਣ ਆਏ ॥
ਸੌ ਸੌ ਸੀ ਤੁਸੀਂ ਸ਼ਗਨ ਮਨਾਏ ॥
ਕਿੰਨੇ ਤੁਸੀਂ ਮੈਨੂੰ ਗਹਿਣੇ ਪਾਏ ॥
ਮਹਿੰਗੇ ਮਹਿੰਗੇ ਸੂਟ ਲਿਆਏ ॥
ਮੈਨੂੰ ਯਾਦ ਆਵੇ ਟੈਚੀ ਜਦੋਂ ਖੋਲ੍ਹੇ ॥
ਸੱਸੇ ਮੈਂ ਤੇਰੀ ਧੀ ਬਣਜਾਂ
ਜੇ ਪਿਆਰ ਨਾਲ ਕਦੇ ਬੋਲੇਂ ॥

ਬੂਹੇ ਆਈ ਜਦੋਂ ਮੇਰੀ ਡੋਲੀ ॥
ਖੁਸ਼ੀਆਂ ਨਾਲ ਮੇਰੀ ਭਰਤੀ ਝੋਲੀ ॥
ਪੈਸੇ ਵਾਰ ਵਾਰ ਕੇ ਸੁੱਟਦੇ ॥
ਕਿੰਨੇ ਲੋਕੀਂ ਪਏ ਸੀ ਲੁੱਟਦੇ ॥
ਹੁਣ ਪਤਾ ਨਹੀਂ ਤਿਜੋਰੀ ਕਦ ਖੋਲੇਂ ॥
ਸੱਸੇ ਮੈਂ ਤੇਰੀ ਧੀ ਬਣਜਾਂ
ਜੇ ਪਿਆਰ ਨਾਲ ਕਦੇ ਬੋਲੇਂ ॥

ਪਤੀ ਕੋਲ ਮੈਨੂੰ ਆਪ ਬਿਠਾਕੇ ॥
ਮੂੰਹ ਨੂੰ ਮੇਰੇ ਮਿੱਠਾ ਲਾ ਕੇ ॥
ਗੀਤ ਸੀ ਸਖੀਆਂ ਰਲ ਮਿਲ ਗਾਏ ॥
ਮੇਰੇ ਦਿਲ ਨੂੰ ਬਹੁਤ ਸੀ ਭਾਏ ॥
ਗੁੱਸੇ ਹੋਵੇਂ ਜੇ ਬੈਠਾਂ ਹੁਣ ਕੋਲੇ ॥
ਸੱਸੇ ਮੈਂ ਤੇਰੀ ਧੀ ਬਣਜਾਂ
ਜੇ ਪਿਆਰ ਨਾਲ ਕਦੇ ਬੋਲੇਂ ॥

ਜਿਸ ਨਾਲ ਮੇਰਾ ਦਿਲ ਸੀ ਜੁੜਿਆ ॥
ਮੈਨੂੰ ਛੱਡ ਵਿਦੇਸ਼ ਨੂੰ ਤੁਰਿਆ ॥
ਫੋਨ ਤੇ ਲੰਬੀ ਗੱਲ ਜੇ ਕਰਲਾਂ ॥
ਹਿਜਰ ਦੀ ਅੱਗ ਵਿੱਚ ਜੇ ਮੈਂ ਮਰਲਾਂ ॥
ਹਾਸਾ ਵੇਖ ਮੇਰਾ ਹੋਜੇਂ ਨੀ ਤੂੰ ਕੋਲ੍ਹੇ ॥
ਸੱਸੇ ਮੈਂ ਤੇਰੀ ਧੀ ਬਣਜਾਂ
ਜੇ ਪਿਆਰ ਨਾਲ ਕਦੇ ਬੋਲੇਂ ॥

ਸਵਖਤੇ ਉੱਠ ਚਾਹ ਮੈਂ ਹੀ ਬਣਾਵਾਂ ॥
ਸਾਰੇ ਟੱਬਰ ਨੂੰ, ਮੈਂ ਹੀ ਪਿਲਾਵਾਂ ॥
ਨਾਸ਼ਤਾ ਲੰਚ ਰਾਤ ਦਾ ਖਾਣਾ ॥
ਮੇਰੇ ਬਿਨ ਨਹੀਂ ਕਿਸੇ ਬਨਾਣਾ ॥
ਹਰ ਕੋਈ ਵਿੱਚੋਂ ਨੁਕਸ ਹੀ ਟੋਲ੍ਹੇ ॥
ਸੱਸੇ ਮੈਂ ਤੇਰੀ ਧੀ ਬਣਜਾਂ
ਜੇ ਪਿਆਰ ਨਾਲ ਕਦੇ ਬੋਲੇਂ ॥

ਸਾਰੇ ਘਰ ਵਿੱਚ ਪੋਚੇ ਲਾਉਂਦੀ ॥
ਕੱਪੜੇ ਧੋ ਕੇ ਸੁੱਕਣੇ ਪਾਉਂਦੀ ॥
ਫੇਰ ਉਨ੍ਹਾਂ ਨੂੰ ਪ੍ਰੈਸ ਮੈਂ ਕਰਦੀ ॥
ਸਰੀਰ ਦਰਦ ਨਾਲ ਹੋਵਾਂ ਮਰਦੀ ॥
ਨੀ ਇਹ ਪਿੰਜਰ ਬਣ ਗਿਆ ਖੋਲ੍ਹੇ ॥
ਸੱਸੇ ਮੈਂ ਤੇਰੀ ਧੀ ਬਣਜਾਂ
ਜੇ ਪਿਆਰ ਨਾਲ ਕਦੇ ਬੋਲੇਂ ॥

ਜਾ ਵਿਦੇਸ਼ ਮੈਂ,ਪਤੀ ਨੂੰ ਮਿਲਜਾਂ ॥
ਵਾਂਗ ਬਗੀਚੇ ਫੇਰ ਮੈਂ ਖਿਲਜਾਂ ॥
ਕੋਲ ਬੈਠ ਉਹਨੂੰ ਦਰਦ ਸੁਣਾਵਾਂ ॥
ਉਸ ਦੀਆਂ ਨਿਕਲ ਜਾਣੀਆਂ ਧਾਵ੍ਹਾਂ ॥
ਦੂਰ ਬੈਠਾ ਮੈਨੂੰ ਹਰ ਰੋਜ਼ ਟੋਲ੍ਹੇ ॥
ਸੱਸੇ ਮੈਂ ਤੇਰੀ ਧੀ ਬਣਜਾਂ
ਜੇ ਪਿਆਰ ਨਾਲ ਕਦੇ ਬੋਲੇਂ ॥



ਭਾਈ ਬਗੀਚਾ ਸਿੰਘ ਜੀ
ਖਡੂਰ ਸਾਹਿਬ ਵਾਲੇ
+919781921213
ਕੈਨੇਡਾ+12369753262

# ਕਾਵਿ ਕਿਆਰੀ

## ਜੰਞੂ ਤਿਲਕ ਦੀ ਰਾਖੀ



ਗੁਰੂ ਤੇਗ ਬਹਾਦਰ ਜੀ,
ਮੇਰੀ ਹਿੰਦ ਦੀ ਚਾਦਰ ਜੀ,
ਡੁੱਬਦਾ ਧਰਮ ਬਚਾ ਗਏ!

ਜੰਞੂ ਤਿਲਕ ਦੀ ਰੱਖਿਆ ਲਈ, ਦਿੱਲੀ ਵਿੱਚ ਸ਼ਹੀਦੀ ਪਾ ਗਏ!
ਜਦੋਂ ਜ਼ਾਲਮਾਂ ਖਿੱਚ ਗਲਾਂ ਵਿੱਚੋਂ, ਢੇਰ ਲਗਾਏ ਜੰਞੂਆਂ ਦੇ।
ਕਸ਼ਮੀਰੀ ਪੰਡਤਾਂ ਆਣ ਅਨੰਦਪੁਰ, ਵਾਸਤੇ ਪਾਏ ਜੰਞੂਆਂ ਦੇ।
ਗੋਬਿੰਦ ਰਾਏ ਦੇ ਬਚਨਾਂ ਤੇ ਸਤਿਗੁਰ ਫੁੱਲ ਚੜ੍ਹਾ ਗਏ!
ਜੰਞੂ ਤਿਲਕ ਦੀ ਰੱਖਿਆ ਲਈ, ਦਿੱਲੀ ਵਿੱਚ ਸ਼ਹੀਦੀ ਪਾ ਗਏ!

ਅਤਿਆਚਾਰਾਂ ਦੀ ਅੱਤ ਹੋ ਗਈ, ਤਿਲਕ ਮੱਥੇ ਤੋਂ ਤਿਲਕ ਗਏ।
ਸੰਖ ਘੰਟੀਆਂ ਟੱਲ ਘੜਿਆਲ, ਬੰਦ ਮੰਦਰਾਂ ਵਿੱਚ ਵਿਲਕ ਪਏ।
ਕਿਤੋਂ ਮੁੜੇ ਨਾ ਦੇਵੀ ਦੇਵਤੇ, (ਤਾਂ) ਨੌਵੇਂ ਪਾਤਸ਼ਾਹ ਆ ਗਏ!
ਜੰਞੂ ਤਿਲਕ ਦੀ ਰੱਖਿਆ ਲਈ, ਦਿੱਲੀ ਵਿੱਚ ਸ਼ਹੀਦੀ ਪਾ ਗਏ!

ਇਕ ਜਲਾਦ ਕਿਹਾ ਸਾਹਿਬਾਂ ਨੂੰ, ਤੂੰ ਇਹ ਕੀ ਦੱਸ ਕਰਨ ਡਿਹਾਂ।
ਨਾਨਕ ਨੇ ਤਾਂ ਪਾਏ ਨਾ ਜੰਞੂ, ਤੂੰ ਜੰਞੂਆਂ ਲਈ ਮਰਨ ਡਿਹਾਂ।
ਧੱਕੇ ਦੇ ਅਸੀਂ ਸਦਾ ਵਿਰੋਧੀ, ਸਤਿਗੁਰ ਸੱਚ ਫੁਰਮਾ ਗਏ!
ਜੰਞੂ ਤਿਲਕ ਦੀ ਰੱਖਿਆ ਲਈ, ਦਿੱਲੀ ਵਿੱਚ ਸ਼ਹੀਦੀ ਪਾ ਗਏ!

ਦੇਗ ਵਿੱਚ ਉਬਲਿਆ ਹਾਏ ਦਿਆਲਾ, ਮਤੀਦਾਸ ਸਿਰ ਫਿਰਿਆ ਆਰਾ।
ਧਰਮ ਹੇਤ ਤੱਕ ਸਿਦਕੀ ਸਾਕਾ, ਅੰਬਰੀਂ ਕੰਬਿਆ ਤਾਰਾ ਤਾਰਾ।
ਚੰਨ ਜੰਡਿਆਲਵੀ ਦਯਾ ਦੇ ਸਾਗਰ, ਬੇੜਾ ਬੰਨੇ ਲਾ ਗਏ!
ਜੰਞੂ ਤਿਲਕ ਦੀ ਰੱਖਿਆ ਲਈ, ਦਿੱਲੀ ਵਿੱਚ ਸ਼ਹੀਦੀ ਪਾ ਗਏ!

## ਨਾਮਦੇਵ-(ਗੀਤ)

ਜੈ ਜੈਕਾਰ ਹੋਈ ਸਦਾ ਰੱਬ ਦੇ ਪਿਆਰਿਆਂ ਦੀ
ਮਨਮੁੱਖਾਂ ਜਨਮ ਗੁਆ ਲਿਆ!
ਘਰ ਘਰ ਗੱਲਾਂ ਹੁੰਦੀਆਂ ਨਾਮਦੇਵ ਜੀ ਨੇ ਰੱਬ ਭਰਮਾ ਲਿਆ!
ਸੋਇਨ ਕਟੋਰੀ ਅੰਮ੍ਰਿਤ ਭਰੀ।
ਲੈ ਨਾਮੇ ਹਰਿ ਅੱਗੇ ਧਰੀ।
ਵੇਖ ਵੇਖ ਭਾਵਨਾ ਨੂੰ ਹੱਸੇ ਭਗਵਾਨ,
ਫੜ ਦੁੱਧ ਦਾ ਕਟੋਰਾ ਮੂੰਹ ਨੂੰ ਲਾ ਲਿਆ!
ਘਰ ਘਰ ਗੱਲਾਂ ਹੁੰਦੀਆਂ ਨਾਮਦੇਵ ਜੀ ਨੇ ਰੱਬ ਭਰਮਾ ਲਿਆ!
ਸੋਨੇ ਕੀ ਸੂਈ ਰੁੱਪੇ ਦਾ ਧਾਗਾ।
ਨਾਮੇ ਦਾ ਚਿੱਤ ਹਰਿ ਸਿਉਂ ਲਾਗਾ।
ਨਾਮ ਦੀ ਰੰਗਣ ਵਿੱਚ ਰੰਗੇ ਹੋਏ ਨਾਮਦੇਵ,
ਕਿਰਤ ਕਮੌਂਦੇ ਪ੍ਰਭ ਪਾ ਲਿਆ!
ਘਰ ਘਰ ਗੱਲਾਂ ਹੁੰਦੀਆਂ ਨਾਮਦੇਵ ਜੀ ਨੇ ਰੱਬ ਭਰਮਾ ਲਿਆ!
ਮੰਦਰ ਵਿੱਚੋਂ ਧੱਕੇ ਖਾ ਕੇ।
ਜਾ ਬੈਠੇ ਪਿਛਵਾੜੇ ਜਾ ਕੇ।
ਪਿੱਠ ਦੇ ਕੇ ਨਿੰਦਕਾਂ ਹੰਕਾਰੀਆਂ ਨੂੰ ਹਰਿ ਜੀ ਨੇ,
ਭਗਤ ਵੱਛਲ ਗਲ ਲਾ ਲਿਆ!
ਘਰ ਘਰ ਗੱਲਾਂ ਹੁੰਦੀਆਂ ਨਾਮਦੇਵ ਜੀ ਨੇ ਰੱਬ ਭਰਮਾ ਲਿਆ!
ਕੋਈ ਕਹੇ ਗਊ ਜੀਉਂਦੀ ਕਰ ਦੇ।
ਕੋਈ ਕਹੇ ਗੁਣ ਛੱਡ ਤੂੰ ਹਰਿ ਦੇ।
ਮਾਵਾਂ ਨੂੰ ਪਿਆਰੇ ਪੁੱਤ ਰੱਬ ਨੂੰ ਭਗਤ ਚੰਨ,
ਦੁਨੀਆਂ ਨੂੰ ਗਊ ਨੇ ਵਿਖਾ ਲਿਆ!
ਘਰ ਘਰ ਗੱਲਾਂ ਹੁੰਦੀਆਂ ਨਾਮਦੇਵ ਜੀ ਨੇ ਰੱਬ ਭਰਮਾ ਲਿਆ!

ਤਰਲੋਚਨ ਸਿੰਘ ਚੰਨ ਜੰਡਿਆਲਵੀ

# ਰੋਸ਼ਨੀ ਤੋਂ ਬਾਅਦ

ਬੁਝ ਜਾਵੇ ਭਾਵੇਂ, ਇਸ ਜੀਵਨ ਦੀ ਜੋਤੀ,
ਪਰ ਦਿਲਾਂ ਵਿੱਚ ਫੇਰ ਵੀ, ਜਗਦੀ ਰਹੇ।

ਵੰਡਦੀ ਰਹੇ, ਸਭ ਨੂੰ ਇਹ ਖੁਸ਼ੀਆਂ,
ਨਿੱਘੀ ਅੱਗ ਵਾਂਗੂੰ, ਇਹ ਮਘਦੀ ਰਹੇ।

ਸੁਣਦੇ ਰਿਹੋ ਮੇਰੇ, ਬੋਲਾਂ ਦੀ ਸਰਗਮ,
ਇਸ ਦੀ ਗੂੰਜ, ਕੰਨਾਂ ਵਿੱਚ ਰਸਦੀ ਰਹੇ।

ਖੁਸ਼ੀਆਂ ਤੇ ਗ਼ਮੀਆਂ, ਦੇ ਪਲਾਂ ਦੀ ਕਹਾਣੀ,
ਲੜੀ ਬਣ ਯਾਦਾਂ ਵਿੱਚ, ਪ੍ਰਗਟਦੀ ਰਹੇ।


ਕਿਰਨ ਉਮੀਦਾਂ ਦੀ, ਨਿੱਖਰੇ ਹਰ ਰੁੱਤੇ,
ਜਾਨਸ਼ੀਨਾਂ ਨੂੰ ਰਸਤਾ, ਇਹ ਦੱਸਦੀ ਰਹੇ।

ਨਾ ਕੋਈ ਫੁੱਲ ਟੁੱਟੇ, ਨਾ ਪੱਥਰ ਤਿੜਕੇ,
ਮੇਰੇ ਨਾਂ ਦਾ ਵੀ ਭਾਰ, ਧਰਤੀ ਨਾ ਸਹੇ।

ਜੇ ਚਾਹੋ ਤੁਸੀਂ ਰੋਣਾ, ਮੇਰੇ ਲਈ ਲੋਕੋ,
ਰੋਵੋ ਜੀਅ ਭਰ ਕੇ, ਪਰ ਚੇਤੇ ਰਹੇ।

ਚੱਲਣਾ ਹੈ ਜ਼ਿੰਦਗੀ, 'ਤੇ ਚੱਲੇ ਸਦਾ ਹੀ,
ਰੁਕਣ ਨਾ ਕਦੀ, ਇਸ ਦੇ ਸੁਹਾਣੇ ਪਹੇ।

ਹੱਸ ਕੇ ਝੱਲੋ, ਜਦੋਂ ਪਵੇ ਇਹ ਵਿਛੋੜਾ,
ਚੱਲਦੇ ਅਸੀਂ ਚੰਗੇ, ਤੁਸੀਂ ਵਸਦੇ ਭਲੇ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

# ਅਲਫਾਜ਼ ਦੀ ਆਵਾਜ਼

-ਨੀਰੂ ਜੱਸਲ

ਭਰ ਦੇ ਮੇਰੀ ਰੂਹਾਨੀਅਤ
ਵਿੱਚ ਇਕ ਸਵਾਸ
ਬਣ ਜਾ ਮੇਰੇ ਅਲਫਾਜ਼
ਦੀ ਐਸੀ ਆਵਾਜ਼

ਅਸ਼ਕਾਂ ਦੇ ਵਿੱਚ
ਮੈਂ ਤਰ ਰਿਹਾ ਹਾਂ
ਸਮਝ ਲੈ
ਦੇ ਅੱਜ ਹਟਾ
ਮੇਰੇ ਹਾਸਿਆਂ ਦਾ
ਇਹ ਨਕਾਬ

ਮੇਰੇ ਜਿਸਮ ਵਿੱਚੋਂ
ਆਵੇ ਮਹਿਕ ਤੇਨੂੰ
ਇਸ਼ਕ ਦੀ
ਪਰ ਕਰ ਗਮਾਂ ਦਾ
ਵੀ ਮੇਰੇ ਆ ਕੇ
ਹਿਸਾਬ

ਇਕ ਚਿਣਗ ਫੁੱਟਦੀ
ਰੋਜ ਮੇਰੇ ਜਿਸਮ ਵਿੱਚ
ਆ ਦੇਖ ਤੇਰੇ ਹਿਜਰ ਦਾ
ਲੱਗਾ ਅਜਾਬ

ਵਿਲਕਦੀ ਰਾਤ ਰਹਿੰਦੀ ਏ
ਤੇ ਦਿਨ ਵੀ ਜਭਕਦੇ
ਨਾ ਮੈਨੂੰ ਤੜਫ ਮੇਰੀ ਦਾ
ਮਿਲੇ ਕੋਈ ਜਵਾਬ

ਤੇਰੀ ਯਾਦ ਭਰ ਗਈ
ਦਰਦ ਮੇਰੀ ਸੋਚ ਵਿੱਚ
ਅੱਖਾਂ ਨੂੰ ਅੰਨ੍ਹਾ ਕਰ ਗਿਆ
ਤੇਰਾ ਇਕ ਖ਼ੁਆਬ

ਭਰ ਦੇ ਮੇਰੀ ਰੂਹਾਨੀਅਤ
ਵਿੱਚ ਇਕ ਸਵਾਸ
ਬਣ ਜਾ ਮੇਰੇ ਅਲਫਾਜ਼
ਦੀ ਐਸੀ ਆਵਾਜ਼

# ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮੱਘਰ ਸੁਦੀ ੫ ਬਨਾਮ ੧੧ ਮੱਘਰ

**ਸਰਵਜੀਤ ਸਿੰਘ ਸੈਕਰਾਮੈਂਟੋ**



ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਅੱਜ ਤੋਂ 350 ਸਾਲ ਪਹਿਲਾਂ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ਼ ੧੧ ਮੱਘਰ, ਸੂਰਜੀ ਬ੍ਰਿਕਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਤਾਰੀਖ਼ ਮੱਘਰ ਸੁਦੀ ੫, ਚੰਦਰ-ਸੂਰਜੀ (Lunisolar) ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚੋਂ ਇਕ ਤਾਰੀਖ਼ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਇਹ ਚੁਣੌਤੀ, ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ 'ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾਂ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨ੍ਹਿਆ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿੱਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾਂ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿੱਚ ਆਇਆ ਸੀ। ਜਿਉਂ-ਜਿਉਂ ਮਨੁੱਖ ਨੇ ਤਰੱਕੀ ਕੀਤੀ ਅਤੇ ਰੁੱਤਾਂ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿੱਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿੱਚ ਪ੍ਰਚੱਲਤ ਹੈ। ਹਿੰਦੂ ਧਰਮ ਵਿੱਚ ਚੰਦਰ-ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ 'ਚ ਚੰਦਰ-ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ:ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੰਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿੱਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਆਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ ਵਿੱਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (Tropical year) ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ ਇਸ ਦਾ ਇਕ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦਾ ਮਹੀਨਾ ਮੱਸਿਆ ਤੋਂ ਮੱਸਿਆ (ਅਮੰਤਾ) ਅਤੇ ਪੁਨਿਆ ਤੋਂ ਪੁਨਿਆ (ਪੂਰਨਮੰਤਾ) ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਚੰਦ ਦੇ ਸਾਲ

| | ਧੁਮੱਕੜਸ਼ਾਹੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| ਨ: ਸ:/ ਈ: | ਪ੍ਰਵਿਸ਼ਟਾ | ਤਾਰੀਖ਼ | ਪ੍ਰਵਿਸ਼ਟਾ | ਤਾਰੀਖ਼ |
| ੫੫੩/21-22 | ੨੩ ਮੱਘਰ | 8 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੪/22-23 | ੧੩ ਮੱਘਰ | 28 ਨਵੰਬਰ | ੧੧ ਮੱਘਰ | 24 ਨਵੰਬਰ |
| ੫੫੫/23-24 | ੨ ਪੋਹ | 17 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੬/24-25 | ੨੧ ਮੱਘਰ | 6 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੭/25-26 | ੧੦ ਮੱਘਰ | 25ਨਵੰਬਰ | ੧੧ ਮੱਘਰ | 24 ਨਵੰਬਰ |
| ੫੫੮/26-27 | ੨੯ ਮੱਘਰ | 14 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੯/27-28 | ੧੮ ਮੱਘਰ | 3 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੦/28-29 | ੬ ਮੱਘਰ | 21 ਨਵੰਬਰ | ੧੧ ਮੱਘਰ | 24 ਨਵੰਬਰ |
| ੫੬੧/29-30 | ੨੫ ਮੱਘਰ | 10 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੨/30-31 | ੧੪ ਮੱਘਰ | 29 ਨਵੰਬਰ | ੧੧ ਮੱਘਰ | 24 ਨਵੰਬਰ |

ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਸਾਲ, ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜ਼ਰੀ ਕੈਲੰਡਰ ਵਾਂਗ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ। ਜਿਵੇਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮੱਘਰ ਸੁਦੀ ੫ ਸੰਮਤ ੨੦੮੧ ਬਿ: ਵਿੱਚ ੨੧ ਮੱਘਰ (6 ਦਸੰਬਰ 2024 ਈ:) ਨੂੰ ਆਇਆ ਸੀ। ਇਸ ਸਾਲ ਭਾਵ ਸੰਮਤ ੨੦੮੨ ਬਿ: ਵਿੱਚ ਇਹ ੧੦ ਮੱਘਰ (25 ਨਵੰਬਰ) ਨੂੰ ਆਇਆ ਹੈ। ਇਸ ਹਿਸਾਬ ਨਾਲ ਤਾਂ ਸੰਮਤ ੨੦੮੩ ਬਿ: ਵਿੱਚ ਇਹ ਦਿਹਾੜਾ ੨੯ ਕੱਤਕ (14 ਨਵੰਬਰ, 2026 ਈ:) ਨੂੰ ਆਉਣਾ ਚਾਹੀਦਾ ਹੈ। ਪਰ ਨਹੀਂ! ਹੁਣ ਇਹ ਦਿਹਾੜ 29 ਮੱਘਰ (14 ਦਸੰਬਰ 2026 ਈ:) ਨੂੰ ਆਵੇਗਾ। ਅਜੇਹਾ ਕਿਉਂ?

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿੱਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿੱਚ 13 ਮਹੀਨੇ ਕਰ ਦਿੱਤੇ ਜਾਂਦੇ ਹਨ। ਅਗਲੇ ਸਾਲ (ਸੰ: ੨੦੮੩ ਬਿ:) ਚੰਦ ਦੇ ਸਾਲ ਵਿੱਚ 13 ਮਹੀਨੇ ਹੋਣਗੇ। ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਹ ਤੇਰਵਾਂ ਮਹੀਨਾ ਜਿਸ ਨੂੰ ਮਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ। ਮਲ ਮਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆਉਣ ਦੀ ਬਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾ ਦਿਹਾੜਾ ੨੯ ਕੱਤਕ (14 ਨਵੰਬਰ 2026ਈ:) ਨੂੰ ਆਉਣਾ ਚਾਹੀਦਾ ਸੀ, ਹੁਣ ਉਹ ੨੯ ਮੱਘਰ (14 ਦਸੰਬਰ, 2026) ਨੂੰ ਆਵੇਗਾ। ਹੁਣ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾਂ ਭਾਵ ੧੮ ਮੱਘਰ (3 ਦਸੰਬਰ 2027 ਈ:) ਨੂੰ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਜੇ ਚੰਦ ਦੇ ਕੈਲੰਡਰ ਨੂੰ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ-ਤੇੜੇ ਹੀ ਕਰਨਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਅਪਣਾ ਲਿਆ ਜਾਵੇ?

ਜਿਸ ਦਿਨ ਇਹ ਸ਼ਹੀਦੀ ਸਾਕਾ ਵਾਪਰਿਆ ਸੀ, ਉਸ ਦਿਨ ੧੧ ਮੱਘਰ, ਮੱਘਰ ਸੁਦੀ ੫ ਸੰਮਤ ੧੭੩੨ ਬਿਕ੍ਰਮੀ ਦਿਨ ਵੀਰਵਾਰ ਸੀ। ਸਰਕਾਰੀ ਰਿਕਾਰਡ ਵਿੱਚ ਇਹ 3 ਰਮਜ਼ਾਨ 1086 ਹਿਜ਼ਰੀ ਲਿਖੀ ਗਈ ਹੋਵੇਗੀ। ਅੰਗਰੇਜ਼ਾਂ ਦੇ ਆਉਣ ਤੋਂ ਪਿਛੋਂ, ਜਦੋਂ ਅੰਗਰੇਜ਼ੀ ਕੈਲੰਡਰ ਵਿੱਚ ਤਾਰੀਖ਼ਾਂ ਲਿਖਣ ਦਾ ਰਿਵਾਜ ਪਿਆ ਤਾਂ 11 ਨਵੰਬਰ 1675 ਈ: (ਜੂਲੀਅਨ) ਲਿਖੀ ਗਈ। ਜੇ ਇੰਗਲੈਂਡ ਨੇ ਵੀ ਜੂਲੀਅਨ ਕੈਲੰਡਰ ਦੀ ਸੋਧ ਨੂੰ ਅਕਤੂਬਰ 1582 ਈ: ਵਿੱਚ ਹੀ ਪ੍ਰਵਾਨ ਕਰ ਲਿਆ ਹੁੰਦਾ ਤਾਂ ਇਹ 21 ਨਵੰਬਰ 1675 ਈ: (ਗ੍ਰੈਗਰੀਅਨ) ਲਿਖੀ ਜਾਣੀ ਸੀ। ਹੁਣ ਜੇ ਇਹ ਦਿਹਾੜਾ ਹਿਜ਼ਰੀ ਕੈਲੰਡਰ (ਚੰਦ ਦਾ ਸ਼ੁਧ ਕੈਲੰਡਰ) ਮੁਤਾਬਕ ਮਨਾਇਆ ਜਾਵੇ ਤਾਂ 350 ਸਾਲਾਂ ਸ਼ਤਾਬਦੀ 3 ਰਮਜਾਨ 1436 ਹਿਜਰੀ ਭਾਵ 21 ਜੂਨ 2015 ਈ: ਬਣਦੀ ਸੀ। 21 ਜੂਨ 2015 ਈ: ਤੋਂ 25 ਨਵੰਬਰ 2025 ਤੱਕ ਲੈ ਕੇ ਆਉਣ ਲਈ, ਚੰਦ ਦੇ ਕੈਲੰਡਰ ਨੂੰ ਸੂਰਜੀ ਕੈਲੰਡਰ ਦੇ ਨੇੜੇ ਤੇੜੇ ਕਰਨ ਲਈ, ਚੰਦ ਦੇ ਕੈਲੰਡਰ ਨਾਲ ਖਿੱਚ-ਧੂਹ (ਮਲ ਮਾਸ ਅਤੇ ਕਸ਼ੈ ਮਾਸ) ਕੀਤੀ ਗਈ ਹੈ। ਅੱਜ, ਸਿੱਖ ਕੌਮ ਸਾਰੀ ਦੁਨੀਆਂ ਦੇ ਕੋਨੇ-ਕੋਨੇ ਵਿੱਚ ਫੈਲ ਚੁੱਕੀ ਹੈ। ਵਿਦੇਸ਼ੀ ਸਰਕਾਰਾਂ ਸਾਰੇ ਧਰਮਾਂ ਦੇ ਇਤਿਹਾਸਕ ਦਿਹਾੜਿਆਂ ਨੂੰ ਆਪਣੀਆਂ ਛੁੱਟੀਆਂ ਦੀ ਸੂਚੀ ਵਿੱਚ ਸ਼ਾਮਿਲ ਕਰ ਰਹੀਆਂ ਹਨ। ਇਸ ਲਈ ਸਾਨੂੰ ਵੀ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ। 354 ਦਿਨਾਂ (ਤੀਜੇ-ਚੌਥੇ ਸਾਲ 384 ਦਿਨ) ਵਾਲੇ ਕੈਲੰਡਰੀ ਸਾਲ ਨੂੰ ਛੱਡ ਕੇ ਗੁਰਬਾਣੀ ਅਧਾਰਿਤ, (ਰਥੁ ਫਿਰੈ ਛਾਇਆ ਧਨ ਤਾਕੈ) ਰੁੱਤੀ ਸਾਲ (365.242196 ਦਿਨ) ਅਪਨਾਉਣਾ ਚਾਹੀਦੀ ਹੈ। ਹੁਣ ਜਦੋਂ ਅਸੀਂ ਇਹ ਦਿਹਾੜਾ ਮੱਘਰ ਸੁਦੀ ੫ ਦੀ ਬਜਾਏ, ਹਰ ਸਾਲ ੧੧ ਮੱਘਰ ਨੂੰ ਮਨਾਵਾਂਗੇ, ਤਾਂ ਹਰ ਸਾਲ ਇਹ ਦਿਹਾੜਾ 365 ਦਿਨਾਂ ਪਿਛੋਂ, 11 ਮੱਘਰ ਨੂੰ ਹੀ ਆਵੇਗਾ।

ਅੱਜ ਦਾ ਸਵਾਲ:- ਜੇ ਅਸੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ, ਹਰ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਕ ੧੧ ਮੱਘਰ (24 ਨਵੰਬਰ) ਨੂੰ ਮਨਾਉਂਦੇ ਹਾਂ ਤਾਂ ਗੁਰਮਿਤ ਅਤੇ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

* * * * * * * *

## ਬਰਤਾਨੀਆ ਵਿਚ ਪੁਲਿਸ ਕਮਿਸ਼ਨਰ ਦਾ ਪਦ ਖਤਮ ਕੀਤਾ ਜਾਵੇਗਾ





ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਪੀ ਸੀ ਸੀ ਦਾ ਸਿਸਟਮ 2012 ਵਿੱਚ ਲਾਗੂ ਕੀਤਾ ਗਿਆ ਸੀ, ਤਾਂ ਜੋ ਲੋਕਾਂ ਨੂੰ ਪੁਲਿਸ 'ਤੇ ਨਿਗਰਾਨੀ ਦਾ ਅਧਿਕਾਰ ਮਿਲੇ। ਪਰ ਹਕੀਕਤ ਵਿੱਚ ਚੋਣਾਂ ਵਿੱਚ ਬਹੁਤ ਘੱਟ ਵੋਟਿੰਗ ਹੋਈ ਅਤੇ ਲੋਕਾਂ ਦੀ ਦਿਲਚਸਪੀ ਘੱਟ ਰਹੀ। ਬਰਤਾਨੀਆ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਮੂਦ ਨੇ ਐਲਾਨ ਕੀਤਾ ਹੈ ਕਿ ਇੰਗਲੈਂਡ ਅਤੇ ਵੇਲਜ਼ ਵਿਚ ਪੁਲਿਸ ਐਂਡ ਕ੍ਰਾਈਮ ਕਮਿਸ਼ਨਰ ਦਾ ਅਹੁਦਾ 2028 ਤੱਕ ਖਤਮ ਕਰ ਦਿੱਤਾ ਜਾਵੇਗਾ। ਮਹਮੂਦ ਨੇ ਕਿਹਾ ਕਿ ਇਹ ਸਿਸਟਮ ਇੱਕ "ਫੇਲ ਹੋਇਆ ਪ੍ਰਯੋਗ" ਸਾਬਤ ਹੋਇਆ ਹੈ, ਕਿਉਂਕਿ ਜ਼ਿਆਦਾਤਰ ਲੋਕਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਉਹਨਾਂ ਦੇ ਇਲਾਕੇ ਦਾ ਪੀ ਸੀ ਸੀ ਕੌਣ ਹੈ। ਸਰਕਾਰ ਨੇ ਕਿਹਾ ਹੈ ਕਿ ਪੀ ਸੀ ਸੀ ਦੀਆਂ ਜ਼ਿੰਮੇਵਾਰੀਆਂ ਹੁਣ ਮੇਅਰਾਂ ਜਾਂ ਸਥਾਨਕ ਕੌਂਸਲ ਲੀਡਰਾਂ ਨੂੰ ਦਿੱਤੀਆਂ ਜਾਣਗੀਆਂ। ਇਸ ਨਾਲ ਸਰਕਾਰ ਦੇ ਅਨੁਸਾਰ ਲਗਭਗ ਧ100 ਮਿਲੀਅਨ ਦੀ ਬਚਤ ਹੋਵੇਗੀ, ਜੋ ਮੋਹੱਲਾ ਪੁਲਿਸਿੰਗ 'ਤੇ ਖਰਚ ਕੀਤੀ ਜਾਵੇਗੀ - ਤਾਂ ਜੋ ਲੋਕਾਂ ਦੇ ਇਲਾਕੇ ਵਿੱਚ ਜ਼ਿਆਦਾ ਪੁਲਿਸ ਅਧਿਕਾਰੀ ਹੋਣ। ਕਈ ਮੌਜੂਦਾ ਪੀ ਸੀ ਸੀ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਉਹ ਕਹਿੰਦੇ ਹਨ ਕਿ ਬਿਨਾਂ ਉਹਨਾਂ ਨਾਲ ਸਲਾਹ ਕੀਤੇ ਇਹ ਫੈਸਲਾ ਲਿਆ ਗਿਆ ਹੈ ਅਤੇ ਇਸ ਨਾਲ ਪੁਲਿਸ ਦੀ ਜਵਾਬਦੇਹੀ ਘਟ ਸਕਦੀ ਹੈ। ਪਰ ਸਰਕਾਰ ਦਾ ਕਹਿਣਾ ਹੈ ਕਿ ਨਵਾਂ ਤਰੀਕਾ ਹੋਰ ਸਿੱਧਾ ਅਤੇ ਲੋਕਾਂ ਦੇ ਨੇੜੇ ਹੋਵੇਗਾ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਰਾਮਾਨੰਦ ਜੀ ਜੋਗੀਸ਼ਵਰ ਅਤੇ ਸਿੱਧੀ ਪ੍ਰਾਪਤ ਹਸਤੀ ਸਨ। ਉਨ੍ਹਾਂ ਦੀ ਪ੍ਰਸਿੱਧੀ ਦਾ ਲਾਭ ਉਠਾਉਣ ਲਈ ਆਪ ਦੇ ਚੇਲਿਆਂ ਨੇ ਪਿੱਛੋਂ ਕਈ ਸ਼ਾਖਾ ਕਾਇਮ ਕੀਤੀਆਂ। ਰਾਮਾਨੰਦ ਜੀ ਬਾਰੇ ਪ੍ਰਸਿੱਧ ਹੈ, 12 ਸਾਲ ਯੋਗ ਸਾਧਨਾ ਸਾਧੀ ਤੇ ਸਿੱਧੀ ਪ੍ਰਾਪਤ ਕੀਤੀ। ਜ਼ਮਾਨਾ ਨਾਥਾਂ ਯੋਗੀਆਂ ਅਤੇ ਸਮਾਜ ਉੱਤੇ ਚਮਤਕਾਰਾਂ ਦੇ ਵਿਆਪਕ ਪ੍ਰਭਾਵ ਦਾ ਸੀ। ਕੰਨ-ਫਟੇ ਨਾਥ, ਯੋਗੀ ਤੇ ਸਿੱਧ, ਵੈਸ਼ਣਵ ਪੰਥੀ ਸਾਧੂਆਂ ਦਾ ਕਰੜਾ ਵਿਰੋਧ ਕਰਦੇ ਸੀ। ਰਾਮਾਨੰਦ ਜੀ ਦੇ ਗੁਰੂ, ਰਾਘਵਾ ਨੰਦ ਜੀ, ਅਵਧੂਤ ਕਿਸਮ ਦੇ ਸਾਧੂ ਸਨ। ਕਥਾ ਹੈ, ਉਨ੍ਹਾਂ ਨੇ ਰਾਮਾਨੰਦ ਜੀ ਦੇ ਸਿਰ ਉੱਤੇ ਆਇਆ ਕਾਲ ਦਾ ਸਮਾਂ ਦੱਸਿਆ, ਰਾਮਾਨੰਦ ਨੂੰ ਉਸ ਸਮੇਂ ਸਮਾਧੀ ਵਿੱਚ ਲੀਨ ਹੋ ਜਾਣ ਦੀ ਜੁਗਤ ਵਰਤਣ ਦੀ ਵਿਧੀ ਸਮਝਾਈ। ਇੰਝ ਸਿਰ ਉੱਤੇ ਆਇਆ ਕਾਲ ਟਾਲਿਆ।**




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-20**

ਅਹੀਆਪੁਰ ਵਾਲੀ ਪੋਥੀ ਬਾਰੇ ਕਈ ਹੋਰ ਨੁਕਤੇ ਵੀ ਉਠਾਏ ਗਏ ਹਨ ਅਤੇ ਜਿਨ੍ਹਾਂ ਜਿਨ੍ਹਾਂ ਨੇ ਉਨ੍ਹਾਂ ਪੋਥੀਆਂ ਦੇ ਦਰਸ਼ਨ ਕੀਤੇ ਉਨ੍ਹਾਂ ਨੂੰ ਚੰਗੀ ਦੱਛਨਾ ਵੀ ਦਿੱਤੀ ਗਈ ਹੈ। ਕਿਉਂਕਿ ਜਿਸ ਪੋਥੀ ਨੂੰ ਆਧਾਰ ਬਣਾ ਕੇ ਅਹੀਆਪੁਰ ਵਾਲੀ ਪੋਥੀ ਲਿਖੀ ਗਈ ਹੈ, ਜਿਵੇ ਰਹੱਸ ਮਈ ਤਰੀਕੇ ਨਾਲ ਉਸ ਦੀ ਪ੍ਰਾਪਤੀ ਕੀਤੀ ਗਈ, ਤੇ ਫਿਰ ਜਿਸ ਸੁਰ ਨਾਲ ਪੋਥੀ ਨੂੰ ਰੂਪਮਾਨ ਕੀਤਾ ਗਿਆ ਹੈ, ਉਹ ਪ੍ਰੋਫੈਸਰ ਸਾਹਿਬ ਦੀ ਵੱਡੀ ਹਸਤੀ ਦਾ ਸੂਚਕ ਨਹੀਂ। ਕਿਉਂਕਿ ਮੈਂ ਇਹ ਪੋਥੀ ਪ੍ਰਾਪਤ ਕੀਤੀ ਸੀ, ਤੇ ਫੋਟੋ ਕਾਪੀਆਂ ਦੇ ਸਰਕਾਰੀ ਜਾਂ ਅਰਧ ਸਰਕਾਰੀ ਵਸੀਲਿਆਂ ਰਾਹੀਂ ਪ੍ਰਾਪਤ ਹੋਣ 'ਤੇ ਵੀ ਆਪ ਵਿਅੰਗ ਕਰਦੇ ਹਨ, ਮੈਂ ਕਿਉਂਕਿ ਇਹ ਕਾਰਜ ਵਧੇਰੇ ਅੱਗੇ ਵੱਧ ਕੇ ਕੀਤਾ ਇਸ ਲਈ ਮੇਰੇ ਉੱਤੇ ਕੁਝ ਜ਼ਿਆਦਾ ਹੀ ਕਿਰਪਾ ਦ੍ਰਿਸ਼ਟੀ ਕੀਤੀ ਹੈ। ਹਾਲਾਂਕਿ ਗੁਲਾਮ ਮਸਤ ਤੈਂਡਾ ਜੇਠ ਚੰਦ ਜਿਸ ਨੂੰ ਆਪ ਨੇ ਪੰਜਾਬ ਪੁਸਤਕ ਵਿੱਚ 1960 ਵਿੱਚ ਛਪੇ ਆਪਣੇ ਲੇਖ ਵਿੱਚ ਮੰਨਿਆ ਹੈ, ਮੇਰੇ ਵੱਲੋਂ ਵਰਤੇ ਜਾਣ ਦੀ ਕਿਰਿਆ ਨੂੰ ਕਾਰਸਤਾਨੀ ਦੀ ਉਪਾਧੀ ਦਿੱਤੀ ਹੈ, ਇਹ ਭੁੱਲ ਗਏ ਹਨ ਕਿ ਇਸ ਲਿਖਤ ਨੂੰ ਪਹਿਲਾਂ ਆਪ ਨੇ ਇਸੇ ਰੂਪ ਵਿੱਚ ਵਰਤਿਆ ਹੈ। ਜੇ ਇਹ ਕਿਹਾ ਜਾਵੇ ਕਿ ਹੁਣ ਆਪ ਨੇ ਰਾਏ ਬਦਲ ਲਈ ਹੈ ਤਾਂ ਇਸ ਗੱਲ ਦਾ ਕੀ ਭਰੋਸਾ ਹੈ ਕਿ ਜਦੋਂ ਪੋਥੀਆਂ ਦੀ ਪੂਰਨ ਖੋਜ ਕੀਤੀ ਗਈ ਤਾਂ ਆਪ ਮੁੜ ਰਾਏ ਨਹੀਂ ਬਦਲਣਗੇ?

ਆਪ ਜੀ ਦੀ ਹਸਤੀ ਸਾਹਿਤ ਦੇ ਖੇਤਰ ਵਿੱਚ ਬੇਸ਼ੱਕ ਬਾਰ੍ਹਾਂ ਯੋਜਨ ਛਤ੍ਰ ਚਲੇ ਥਾਂ ਵਾਲੀ ਹੈ, ਪਰ ਜਿਵੇਂ ਆਪ ਦੀ ਲਿਖੀ ਇਸ ਪੋਥੀ ਤੋਂ ਪ੍ਰਗਟ ਹੁੰਦਾ ਹੈ ਆਪ ਆਪਣੇ ਅੰਦਰਲੇ ਕ੍ਰੋਧ ਨੂੰ ਸੰਭਾਲ ਨਹੀਂ ਸਕੇ। ਪਰ ਅਸੀਂ ਅਹੀਆਪੁਰ ਵਾਲੀ ਪੋਥੀ ਪੁਸਤਕ ਵਿੱਚ ਆਈ ਹੋਰ ਸਮੱਗਰੀ ਬਾਰੇ ਇਥੇ ਚਰਚਾ ਨਹੀਂ ਕਰਨੀ, ਜਦੋਂ ਕਿ ਅਸੀਂ ਜਾਣ ਲਿਆ ਹੈ ਕਿ ਇਹ ਪੋਥੀ ਪ੍ਰੋ: ਪਿਆਰ ਸਿੰਘ ਦੀ ਗਾਥਾ ਸ੍ਰੀ ਆਦਿ ਗ੍ਰੰਥ ਦੀ ਪ੍ਰੋੜਤਾ ਤੇ ਉਨ੍ਹਾਂ ਦੇ ਨਿਸ਼ਾਨਿਆਂ ਨੂੰ ਅੱਗੇ ਵਧਾਉਣ ਲਈ ਲਿਖੀ ਗਈ ਹੈ। ਉਹ ਨਿਸ਼ਾਨੇ ਜਿਵੇਂ ਜੀ.ਬੀ. ਸਿੰਘ ਨੇ ਪ੍ਰਾਚੀਨ ਬੀੜਾਂ ਵਿੱਚ ਲਿਖਿਆ ਹੈ ਕਿ ਸ੍ਰੀ ਆਦਿ ਗ੍ਰੰਥ ਨੂੰ ਵਿਦਵਾਨਾਂ ਦੀ ਇਕ ਕਮੇਟੀ ਬਣਾ ਕੇ ਸੰਪਾਦਤ ਕਰਨਾ ਚਾਹੀਦਾ ਹੈ। ਇਹੋ ਡਾ: ਪਿਆਰ ਸਿੰਘ ਜੀ ਦੇ ਖਿਆਲ ਹਨ। ਜਿਸ ਦੀ ਆਪ ਜੀ ਨੇ ਅਹੀਆਪੁਰ ਵਾਲੀ ਪੋਥੀ ਵਿੱਚ ਥਾਂ-ਥਾਂ ਪ੍ਰੋੜਤਾ ਕੀਤੀ ਹੈ। ਪ੍ਰੋ: ਪਿਆਰ ਸਿੰਘ ਜੀ ਨੇ ਵੀ ਜੀ.ਬੀ. ਸਿੰਘ ਵਾਂਗ ਆਪਦੀ ਗਾਥਾ ਸ੍ਰੀ ਆਦਿ ਗ੍ਰੰਥ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਦਵਾਨਾਂ ਵੱਲੋਂ ਸੋਧਣ ਦੀ ਲੋੜ ਲਈ ਵੰਗਾਰ ਪਾਈ ਹੈ:-

1. ਸ੍ਰੀ ਆਦਿ ਗ੍ਰੰਥ ਵਿੱਚ ਕਮੀਰ ਤੇ ਕਬੀਰ ਲਫਜ਼ ਦਾ ਇਕੋ ਰੂਪ ਕਰ ਦੇਣਾ ਚਾਹੀਦਾ ਹੈ।
2. ਰਾਮਕਲੀ ਰਾਗ ਦੇ ਛੰਤਾਂ ਵਿੱਚ ਜੋ ਦੋ ਤੁਕਾਂ ਰਣਝੁੰਝਨੜਾਂ ਦੀਆਂ ਆਉਂਦੀਆਂ ਹਨ ਉਹ ਕੱਢ ਦੇਣੀਆਂ ਚਾਹੀਦੀਆਂ ਹਨ।
3. ਜਿਤ ਦਰ ਲਖ ਮੁਹੰਮਦਾ ਵਾਲੇ ਸਲੋਕ ਆਦਿ ਗ੍ਰੰਥ ਵਿੱਚ ਲਿਖਣ ਸਮੇਂ ਰਹਿ ਗਏ ਸਨ ਹੁਣ ਸ਼ਾਮਿਲ ਕਰ ਲੈਣੇ ਚਾਹੀਦੇ ਹਨ।

ਇਤਿਆਦਿਕ ਕਿਤਨੇ ਹੀ ਅਜਿਹੇ ਉਲੇਖ ਹਨ ਜੋ ਗੁਰੂ ਗ੍ਰੰਥ ਸਾਹਿਬ ਨੂੰ ਮੁੜ ਸੰਪਾਦਨ ਕਰਨ ਦੀ ਭੂਮਿਕਾ ਰਚਦੇ ਹਨ।

ਸਿੱਖ ਕੌਮ ਦਾ ਅਤੇ ਇਕ ਸਿੱਖ ਦੇ ਰੂਪ ਵਿੱਚ ਅਸਾਡਾ ਨਿਰਣਾਇਕ ਨਿਸ਼ਚਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜਿਉਂ ਕਾ ਤਿਉਂ ਹੀ ਪ੍ਰਮਾਣਿਤ ਹੈ ਤੇ ਇਸ ਦਾ ਆਧਾਰ ਸਿੱਖ ਰਵਾਇਤਾਂ ਤੋਂ ਇਲਾਵਾ ਪ੍ਰਾਚੀਨ ਬੀੜਾਂ ਵਿੱਚ ਮਿਲਦੀਆਂ ਸੂਚਨਾਵਾਂ ਤੋਂ ਵੀ ਪ੍ਰਾਪਤ ਹੁੰਦਾ ਹੈ ਕਿ ਇਸ ਵਿੱਚ ਲਗ, ਮਾਤਰ, ਕੰਨਾ ਦਾ ਵਾਧਾ ਘਾਟਾ ਨਾ ਕੀਤਾ ਜਾਵੇ।

ਅਗਲੇ ਪੰਨਿਆਂ ਉੱਤੇ ਗੋਇੰਦਵਾਲ ਵਾਲੀਆਂ ਜਾਂ ਅਹੀਆਪੁਰ ਵਾਲੀ ਪੋਥੀ ਵਿੱਚੋਂ ਉਨ੍ਹਾਂ ਪੰਨਿਆਂ ਦੇ ਚਿੱਤਰ ਦਿੱਤੇ ਜਾ ਰਹੇ ਹਨ ਜਿਨ੍ਹਾਂ ਦੇ ਸਿਰਲੇਖਾਂ ਵਿੱਚ ਸਪੱਸ਼ਟ ਪੜ੍ਹਿਆ ਜਾਂਦਾ ਹੈ ਕਮੀਰ ਨਾਮਾ ਭਗਤ ਗੁਰੂ ਬਾਬੇ ਦੇ ਗੁਰੂ ਅਮਰਦਾਸ ਜੀ ਦੇ ਸਿਰੀ ਰਾਗ ਵਿੱਚਲੇ ਵਾਕ ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥ ਅਤੇ ਇਨ੍ਹਾਂ ਚਿੱਤਰਾਂ ਵਿੱਚ ਆਈ ਸੂਚਨਾ ਦੇ ਭਾਵਾਂ ਦੀ ਖੁੱਲ੍ਹੀ ਵਿਆਖਿਆ ਹੀ ਇਸ ਪੁਸਤਕ ਵਿੱਚ ਕੀਤੀ ਗਈ ਹੈ। ਇਸ ਖਿਆਲ ਦੀ ਪ੍ਰੋੜਤਾ ਪ੍ਰਾਣ ਸੰਗਲੀ, ਵਲਾਇਤ ਵਾਲੀ ਸਚਿੱਤਰ ਪੁਰਾਤਨ ਜਨਮ ਸਾਖੀ ਤੇ ਬੁਰਹਾਨਪੁਰ ਵਾਲੀ ਜਨਮ ਸਾਖੀ ਆਦਿ ਲਿਖਤਾਂ ਤੋਂ ਵੀ ਸਪੱਸ਼ਟ ਹੁੰਦੀ ਹੈ ਜਿਨ੍ਹਾਂ ਵਿੱਚ ਕਬੀਰ ਜੀ ਦਾ ਸ਼ਬਦ ਲਿਖਿਆ ਹੈ:

ਪੂਰਨ ਗੁਰ ਨਾਨਕ ਗੁਰੂ ਕਿਚਤ ਰਾਮਾਨੰਦ

ਰਾਮਾਨੰਦ ਜੀ ਜੋਗੀਸ਼ਵਰ ਅਤੇ ਸਿੱਧੀ ਪ੍ਰਾਪਤ ਹਸਤੀ ਸਨ। ਉਨ੍ਹਾਂ ਦੀ ਪ੍ਰਸਿੱਧੀ ਦਾ ਲਾਭ ਉਠਾਉਣ ਲਈ ਆਪ ਦੇ ਚੇਲਿਆਂ ਨੇ ਪਿੱਛੋਂ ਕਈ ਸ਼ਾਖਾ ਕਾਇਮ ਕੀਤੀਆਂ। ਰਾਮਾਨੰਦ ਜੀ ਬਾਰੇ ਪ੍ਰਸਿੱਧ ਹੈ, 12 ਸਾਲ ਯੋਗ ਸਾਧਨਾ ਸਾਧੀ ਤੇ ਸਿੱਧੀ ਪ੍ਰਾਪਤ ਕੀਤੀ। ਜ਼ਮਾਨਾ ਨਾਥਾਂ ਯੋਗੀਆਂ ਅਤੇ ਸਮਾਜ ਉੱਤੇ ਚਮਤਕਾਰਾਂ ਦੇ ਵਿਆਪਕ ਪ੍ਰਭਾਵ ਦਾ ਸੀ। ਕੰਨ-ਫਟੇ ਨਾਥ, ਯੋਗੀ ਤੇ ਸਿੱਧ, ਵੈਸ਼ਣਵ ਪੰਥੀ ਸਾਧੂਆਂ ਦਾ ਕਰੜਾ ਵਿਰੋਧ ਕਰਦੇ ਸੀ। ਰਾਮਾਨੰਦ ਜੀ ਦੇ ਗੁਰੂ, ਰਾਘਵਾ ਨੰਦ ਜੀ, ਅਵਧੂਤ ਕਿਸਮ ਦੇ ਸਾਧੂ ਸਨ। ਕਥਾ ਹੈ, ਉਨ੍ਹਾਂ ਨੇ ਰਾਮਾਨੰਦ ਜੀ ਦੇ ਸਿਰ ਉੱਤੇ ਆਇਆ ਕਾਲ ਦਾ ਸਮਾਂ ਦੱਸਿਆ, ਰਾਮਾਨੰਦ ਨੂੰ ਉਸ ਸਮੇਂ ਸਮਾਧੀ ਵਿੱਚ ਲੀਨ ਹੋ ਜਾਣ ਦੀ ਜੁਗਤ ਵਰਤਣ ਦੀ ਵਿਧੀ ਸਮਝਾਈ। ਇੰਝ ਸਿਰ ਉੱਤੇ ਆਇਆ ਕਾਲ ਟਾਲਿਆ। ਕਿਹਾ ਜਾਂਦਾ ਹੈ: ਕਾਲ ਆਇਆ, ਕਸ਼ੋਰ (ਬਾਲ) ਰਾਮਾਨੰਦ ਨੂੰ ਸਮਾਧੀ ਵਿੱਚ ਦੇਖ ਕੇ ਛੱਡ ਗਿਆ। ਖੂਬ ਚਮਤਕਾਰੀ ਗਾਥਾ ਬਣਾਈ ਹੈ। ਇਕ ਹੋਰ ਮੱਤ ਅਨੁਸਾਰ ਰਾਘਵਾ ਨੰਦ ਜੀ ਇਕ ਸ਼ੈਵਮਤੀ ਸਾਧੂ ਦੇ ਚੇਲੇ ਸਨ। ਇਹ ਕਥਾ ਵੀ ਦੱਸੀ ਜਾਂਦੀ ਹੈ: ਰਾਮਾਨੰਦ ਜੀ ਨੂੰ, ਰਾਘਵਾ ਨੰਦ ਜੀ ਨੇ ਸਿਰ ਉੱਤੇ ਆਇਆ ਕਾਲ ਦੱਸ ਕੇ ਕਿਹਾ ਸੀ, ਆਪਣੇ ਗੁਰੂ ਤੋਂ ਰੱਖਿਆ ਮੰਗ ਲਵੋ। ਰੱਖਿਆ ਨਾ ਮਿਲਣ ਤੋਂ ਰਾਮਾਨੰਦ, ਸੈਵਮਤੀ ਸਾਧੂ ਨੂੰ ਛੱਡ ਕੇ ਰਾਘਵਾ ਨੰਦ ਜੀ ਦੇ ਚੇਲੇ ਆ ਬਣੇ, ਜਿਨ੍ਹਾਂ ਨੇ ਆਪਣੀ ਉਮਰ ਰਾਮਾਨੰਦ ਨੂੰ ਦੇ ਦਿੱਤੀ। ਰਾਮਾਨੰਦ ਜੀ ਦੇ ਪ੍ਰਸਿੱਧ ਬਾਰਾਂ ਚੇਲੇ ਹੋਏ: ਅਨੰਤਾ ਨੰਦ ਜੀ, ਨਰਹਰੀ, ਸੁਰਸੁਰਾਨੰਦ, ਭਾਵਾ ਨੰਦ, (ਪਦਮਾਵਤੀ ਜਾਂ ਸੁਰਸੁਰੀ; ਇਸਤ੍ਰੀ), ਪੀਪਾ, ਕਬੀਰ, ਸੈਣ, ਧੰਨਾ, ਰਵਿਦਾਸ। ਇਨ੍ਹਾਂ ਵਿੱਚੋਂ ਅਖੀਰਲੇ ਪੰਜ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਹੋਰ ਕੁਝ ਭਗਤਾਂ ਦੀ ਰਚਨਾ, ਭਗਤੀ ਮੱਤ ਦੇ ਪੁਰਾਤਨ ਗ੍ਰੰਥਾਂ ਅਤੇ ਲਿਖਤਾਂ ਵਿੱਚ ਮਿਲਦੀ ਹੈ। ਰਾਮਾਨੰਦੀ ਸ਼ਾਖਾਵਾਂ ਨੇ, ਗੁਰੂ ਗ੍ਰੰਥ ਸਾਹਿਬ ਵਿੱਚ ਆਏ ਭਗਤਾਂ ਨੂੰ ਆਪਣੀ ਪ੍ਰਣਾਲੀ ਨਾਲ ਨਹੀਂ ਜੋੜਿਆ। ਇਹ ਭਗਤ ਉਸ ਕਿਸਮ ਦੇ ਰਾਮਾਨੰਦੀ ਪੰਥੀ, ਰਹੇ ਵੀ ਨਹੀਂ ਸਨ, ਗੁਰੂ ਕੇ ਭਗਤ ਬਣ ਗਏ ਸਨ। ਰਾਮਾਨੰਦ ਜੀ ਦੇ ਚੇਲੇ ਅਨੰਤਾ ਨੰਦ ਜੀ ਚੰਗੇ ਪ੍ਰਸਿੱਧ ਹੋਏ, ਉਨ੍ਹਾਂ ਦੇ ਅੱਗੋ ਇਕ ਚੇਲੇ, ਕ੍ਰਿਸ਼ਨ ਦਾਸ ਪਯਹਾਰੀ ਸਨ, ਜਿਨ੍ਹਾਂ ਨੇ ਗਲਤਾ (ਜੈਪੁਰ) ਰਾਜਪੂਤਾਨੇ ਵਿੱਚ ਰਾਮਾਨੰਦ ਸੰਪਰਦਾਏ ਦੀ ਗੱਦੀ ਸਥਾਪਤ ਕੀਤੀ। ਅਚਾਰਯ ਰਾਮਾਨੁਜ ਸੰਪਰਦਾਏ ਦਾ ਦੱਖਣ ਵਿੱਚ ਜੋ ਸਥਾਨ ਸੀ, ਉਹੋ ਸਥਾਨ ਉੱਤਰੀ ਭਾਰਤ ਵਿੱਚ ਰਾਮਾਨੰਦ ਜੀ ਦਾ ਇਸ ਗੱਦੀ ਰਾਹੀਂ ਸਥਾਪਤ ਕੀਤਾ ਗਿਆ।

ਕ੍ਰਿਸ਼ਨ ਦਾਸ ਪਯਹਾਰੀ ਚਮਤਕਾਰੀ ਸਾਧੂ, ਸਿੱਧ ਪੁਰਖ ਹੋਏ, ਉਨ੍ਹਾਂ ਨੇ ਕੰਨ ਪਾਟੇ ਯੋਗੀਆਂ ਨੂੰ ਇਕ ਜ਼ੋਰਦਾਰ ਸਿੱਧੀ ਦਿਖਾਕੇ ਹਾਰ ਦਿੱਤੀ ਸੀ। ਰਾਮਾਨੰਦ ਪੱਧਤੀ ਦੇ ਪਿੱਛੋਂ ਕਈ ਪੰਥ ਚਲੇ, ਕਿਤਨੇ ਹੀ ਚੇਲੇ ਬਣੇ, ਉਨ੍ਹਾਂ ਦੀਆਂ ਸ਼ਾਖਾਂ ਦੇ ਮੁਖੀਆਂ ਨੂੰ ਗੋਸਾਈਆਂ ਵੱਲੋਂ ਅਚਾਰਯ ਦੀ ਮਾਨਤਾ ਦਿੱਤੀ ਜਾਂਦੀ ਰਹੀ ਹੈ। ਪਿੱਛੋਂ ਜਾ ਕੇ ਰਾਮਾਨੰਦ ਜੀ ਆਪਣੀ ਰਾਮ ਭਗਤ-ਅਵਤਾਰਵਾਦੀ ਸ੍ਰੀ ਸੰਪਰਦਾਏ ਨਾਲੋਂ ਉੱਚਾ ਉੱਠ ਚੁੱਕੇ ਸੀ। ਇਹ ਵੱਖਰੀ ਗੱਲ ਹੈ ਕਿ ਗੁਸਾਈਆਂ ਨੇ ਆਪਣੇ ਡੇਰੇ ਅਤੇ ਪੰਥ ਚਲਾਉਣ ਲਈ ਉਨ੍ਹਾਂ ਦੇ ਨਾਂ ਉੱਤੇ ਗੱਦੀਆਂ ਅਤੇ ਪੱਧਤੀਆਂ ਦੀ ਉਵੇਂ ਹੀ ਸਥਾਪਨਾ ਕੀਤੀ। ਰਾਮਾਨੰਦ ਜੀ ਦੇ ਬਾਰ੍ਹਾਂ ਚੇਲਿਆਂ ਵਿੱਚੋਂ ਕਈਆਂ ਦੀ ਰਚੀ ਹੋਈ ਬਾਣੀ ਹਿੰਦੀ ਦੇ ਪੁਰਾਣੇ ਗ੍ਰੰਥਾਂ ਵਿੱਚ ਮਿਲਦੀ ਹੈ। ਬੇਸ਼ੱਕ ਉਹ ਬਾਣੀ ਵੀ ਭਗਤੀ ਭਾਵ ਵਾਲੀ ਹੈ, ਗੁਰੂ ਗ੍ਰੰਥ ਸਾਹਿਬ ਜੀ ਨੂੰ ਬਹੁਤੇ ਭਗਤਾਂ ਦੀ ਰਚਨਾ ਵਾਲਾ ਜਾਂ ਵੱਡ-ਅਕਾਰੀ ਸੰਗ੍ਰਹਿ ਬਣਾਉਣ ਦਾ ਵਿਚਾਰ ਹੁੰਦਾ ਤਾਂ ਉਨ੍ਹਾਂ ਭਗਤਾਂ ਦੀ ਬਾਣੀ ਵੀ ਚੜ੍ਹਾਈ ਜਾਂਦੀ। ਉਹ ਬਾਣੀ ਇਸ ਲਈ ਨਹੀਂ ਚੜ੍ਹਾਈ ਗਈ ਕਿ ਉਨ੍ਹਾਂ ਨੂੰ ਗੁਰਮਤਿ ਦੀ ਪੁੱਠ ਨਹੀਂ ਲੱਗੀ ਸੀ, ਰਾਮਾਨੰਦ ਜੀ ਦੇ ਇਹ ਚੇਲੇ ਪਹਿਲੇ ਦੀ ਤਰ੍ਹਾਂ ਸਰਗੁਣਵਾਦੀ ਹੀ ਰਹੇ। ਉਂਝ ਰਾਮਾਨੰਦ ਜੀ ਦੇ ਕਈ ਚੇਲੇ, ਗ੍ਰੰਥ ਰਚੇਤਾ, ਸਰਲ ਭਾਸ਼ਾ ਵਿੱਚ ਰਚਨਾ ਕਰਨ ਵਾਲੇ ਵੀ ਹੋਏ ਹਨ। ਸੁਖਾ ਨੰਦ ਜੀ ਅਤੇ ਹੋਰ ਕਈਆਂ ਭਗਤਾਂ ਦੇ ਪਦੇ ਮਿਲਦੇ ਹਨ। ਅਜਿਹੇ ਚੇਲਿਆਂ ਦੀ ਰਚਨਾ, ਸਾਧਨਾ-ਭਗਤੀ ਬਾਰੇ ਵੀ ਕੋਈ ਸੰਕੇਤ ਗੁਰਬਾਣੀ ਅਤੇ ਸਾਹਿਤ ਵਿੱਚ ਨਹੀਂ। ਰੱਜਬ ਜੀ ਜੋ ਦਾਦੂ ਜੀ ਦੇ ਚੇਲੇ ਸਨ, ਉਨ੍ਹਾਂ ਨੂੰ ਭਗਤਾਂ ਦੀਆਂ ਜਿਥੋਂ ਜਿਥੋਂ ਰਚਨਾਵਾਂ ਮਿਲੀਆਂ, ਸਰਬਾਂਗੀ ਗ੍ਰੰਥ ਵਿੱਚ ਇਕੱਤਰ ਕੀਤੀਆਂ ਅਤੇ ਕਰਾਈਆਂ, ਮੁੰਦਾਵਣੀ (ਸਮਾਪਤੀ) ਦੀ ਮੋਹਰ ਨਾ ਹੋਣ ਕਾਰਨ ਹੁਣ ਤੱਕ ਇਸ ਗ੍ਰੰਥ ਵਿੱਚ ਵਾਧੇ ਕਰਦੇ ਰਹਿਣ ਦੀ ਇਹ ਕਿਰਿਆ ਚੱਲਦੀ ਰਹੀ ਹੈ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

ਪ੍ਰਗਟ ਭਏ ਗੁਰੂ ਤੇਗ ਬਹਾਦਰ ॥ ਸਗਲ ਸ੍ਰਿਸਟ ਪੈ ਢਾਪੀ ਚਾਦਰ ॥

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ’ਤੇ ਵਿਸ਼ੇਸ਼ ਸ਼ਰਧਾਂਜ਼ਲੀ ਸਮਾਗਮ

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਆਯੋਜਿਤ ਕੀਤੇ ਜਾ ਰਹੇ ਹਨ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪਿਆਰੀ ਸਾਧ ਸੰਗਤ ਜੀਓ, 350 ਸਾਲ ਪਹਿਲਾਂ, 11 ਨਵੰਬਰ 1675 ਨੂੰ, ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਉਸ ਸਮੇਂ ਦੇ ਭਾਰਤੀ ਸ਼ਾਸਕ ਅਧਿਕਾਰੀਆਂ ਨੇ ਆਪਣੇ ਇਸਲਾਮ ਧਰਮ ਵਿਚ ਧਰਮ ਪਰਿਵਰਤਨ ਦਾ ਵਿਰੋਧ ਕਰਨ ਕਰਕੇ ਤਿੰਨ ਅਨਿੰਨ ਸਿੱਖਾਂ ਸਮੇਤ ਸ਼ਹੀਦ ਕਰ ਦਿੱਤਾ। ਦਿੱਲੀ ਚਾਂਦਨੀ ਚੌਕ ਸਥਿਤ ਇਤਿਹਾਸਕ ਸੀਸ ਗੰਜ ਗੁਰਦੁਆਰਾ ਇਸ ਸ਼ਹਾਦਤ ਦੀ ਯਾਦ ਦਿਵਾਉਂਦਾ ਹੈ। ਉਸ ਸਮੇਂ ਦਿੱਲੀ ਵਿਚ ਮੁਗਲ ਸਮਰਾਟ ਔਰੰਗਜ਼ੇਬ ਸਾਰੇ ਭਾਰਤ ਨੂੰ ਇਕ-ਧਰਮੀ ਇਸਲਾਮ ਦੇਸ਼ ਬਣਾਉਣਾ ਚਾਹੁੰਦਾ ਸੀ। ਉਸ ਦੇ ਰਾਜਪਾਲ ਅਤੇ ਅਧਿਕਾਰੀ ਜਨਤਾ ਨੂੰ ਇਸਲਾਮ ਦੇ ਹੱਕ ਵਿਚ ਆਪਣਾ ਧਰਮ ਛੱਡਣ ਲਈ ਭਰਮਾ, ਡਰਾ ਧਮਕਾ ਅਤੇ ਤਸੀਹੇ ਦੇ ਰਹੇ ਸਨ। ਚਾਰੇ ਪਾਸੇ ਅਸ਼ਾਂਤੀ, ਡਰ ਤੇ ਪ੍ਰੇਸ਼ਾਨੀ ਫੈਲੀ ਹੋਈ ਸੀ। ਇਸ ਸਿਖਰਾਂ ਦੇ ਅਤਿਆਚਾਰ ਸਮੇਂ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਜ਼ਬਰੀ ਧਰਮ ਪਰਿਵਰਤਨ ਤੋਂ ਰੱਖਿਆ ਕਰਨ ਦੀ ਪ੍ਰਾਰਥਨਾ ਸੁਣੀ ਤੇ ਇਕ ਮੁਕਤੀਦਾਤਾ ਮਸੀਹਾ ਵਜੋਂ ਬਾਂਹ ਫੜੀ ਤੇ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਅੱਜ ਕਈ ਸੈਂਕੜੇ ਸਾਲ ਬਾਅਦ ਵਿੱਚ ਜਿਹੜੇ ਜੀਵਨ ਦੇ ਮੁਢਲੇ ਮਨੁੱਖੀ ਅਧਿਕਾਰਾਂ ਦੀ ਗੱਲ ਅੰਤਰਾਸ਼ਟਰੀ ਪੱਧਰ ਤੇ ਕੀਤੀ ਜਾਂਦੀ ਹੈ, ਉਹ ਚੈਪਟਰ ਗੁਰੂ ਤੇਗ ਬਹਾਦਰ ਜੀ ਨੇ 350 ਸਾਲ ਪਹਿਲਾਂ ਹੀ ਖੋਹਲ ਦਿੱਤਾ ਸੀ, ਉਹ ਵੀ ਆਪਣੀ ਸ਼ਹਾਦਤ ਦੇ ਕੇ। ਇਸ ਗੁਰਦੁਆਰਾ ਸਾਹਿਬ ਵਿਖੇ ਗੁਰੂ ਮਹਾਰਾਜ ਦੀ ਸ਼ਹਾਦਤ ਨੂੰ ਯਾਦ ਕਰਦਿਆਂ 23 ਨਵੰਬਰ ਤੋਂ 29 ਨਵੰਬਰ ਤੱਕ ਪੂਰਾ ਹਫਤਾ ਹੇਠਾਂ ਦਿੱਤੇ ਅਨੁਸਾਰ ਸ਼ਰਧਾਂਜ਼ਲੀ ਸਮਾਗਮ ਆਯੋਜਿਤ ਕੀਤੇ ਗਏ ਹਨ, ਆਪ ਜੀ ਪਰਿਵਾਰਾਂ ਸਮੇਤ ਗੁਰੂ ਘਰ ਵਿਖੇ ਪਹੁੰਚ ਕੇ ਹਾਜ਼ਰੀਆਂ ਭਰਦੇ ਹੋਏ ਜੀਵਨ ਸਫਲਾ ਕਰੋ ਜੀ।



### 350 ਸਾਲਾ ਸ਼ਹੀਦੀ ਪ੍ਰੋਗਰਾਮ : 23 ਤੋਂ 29 ਨਵੰਬਰ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 23 ਨਵੰਬਰ ਸ਼ਾਮ 5:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਮੰਗਲਵਾਰ 25 ਨਵੰਬਰ ਸ਼ਾਮ 5:00 ਵਜੇ
ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਹਾਜ਼ਰੀ ਭਰੇਗਾ ਅਤੇ ਸੰਗਤਾਂ ਵੱਲੋਂ ਕੀਰਤਨ ਹੋਵੇਗਾ
ਬਾਅਦ ‘ਚ ਸਾਰਾ ਹਫ਼ਤਾ ਰੋਜ਼ਾਨਾ ਸ਼ਾਮ ਨੂੰ ਦੀਵਾਨ ਸਜਣਗੇ

**350th Shaheedi Shatabdi CommemorationIn memory of Sri Guru Tegh Bahadur Sahib Ji, Bhai Sati Das Ji, Bhai Mati Das Ji and& Bhai Dyal Das Ji**

invites all Sangat to a special 7day Gurmat Samagam:

**Program:**

Arambh Sri Akhand Path Sahib: Sun 23rd, 5:00 PM
Bhog Sri Akhand Path Sahib: Tue 25th, 5:00 PM
Followed by Kirtan & Katha Diwan until 8:00 PM
Evening Divans: (Katha & Akhand Kirtan):
**26th–28th 5:30–8:00 PM**
**29th November, 5:30–9:00 PM**

ਗੁਰੂ ਘਰ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ ਭਾਈ ਅਜੀਤ ਸਿੰਘ ਨਾਲ ਸੰਪਰਕ ਕਰੋ ਜੀ: 07533 362911

### ਸਿੰਘ ਸਭਾ ਵਿਖੇ ਅਜਾਇਬਘਰ ਤੇ ਆਰਟ ਗੈਲਰੀ

ਇਥੇ ਅਜਾਇਬ ਘਰ ਵਿਖੇ ਸਿੱਖ ਇਤਿਹਾਸ ਨਾਲ ਸਬੰਧਿਤ ਵੱਡੀਆਂ ਤੋਪਾਂ, ਸਿੰਘਾਂ ਦੇ ਜੰਗਾਂ ਯੁੱਧਾਂ ਦੌਰਾਨ ਵਰਤੇ ਇਤਿਹਾਸਕ ਸ਼ਸਤਰ-ਬਸਤਰ ਵਿਸ਼ਵ ਯੁੱਧ ਦੇ ਸ਼ਸਤਰ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਵਸਤਾਂ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦੇ ਦਰਸ਼ਨ ਦਿਦਾਰੇ ਸੰਗਤਾਂ ਇਥੇ ਆ ਕੇ ਕਰ ਸਕਦੀਆਂ ਹਨ, ਕੋਈ ਦਾਖਲਾ ਟਿਕਟ ਨਹੀਂ । ਯੂ ਕੇ ਦੇ ਹੋਰ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ, ਸਕੂਲਾਂ ਦੇ ਵਿਦਿਆਰਥੀਆਂ ਅਤੇ ਇਤਿਹਾਸ ਦੇ ਵਿਦਿਆਰਥੀਆਂ ਨੂੰ ਇਸ ਮਿਊਜ਼ੀਅਮ ਨੂੰ ਦੇਖਣ ਲਈ ਸੱਦਾ ਦਿੱਤਾ ਜਾਂਦਾ ਹੈ । ਹਰ ਸਾਲ ਕਈ ਸ਼ਹਿਰਾਂ ਦੇ ਸਕੂਲਾਂ ਤੋਂ ਗਰੁੱਪ ਇਹ ਮਿਊਜ਼ੀਅਮ ਦੇਖਣ ਆਉਂਦੇ ਹਨ ।

**Open - Monday - Sunday 10:00am - 15:00pm**

Visit us to know more at www.nationalsikhmuseum.com

### ਗੁਰੂ ਘਰ ਵਿਖੇ ਚੱਲ ਰਹੀਆਂ ਸੇਵਾਵਾਂ :-

* ਸੋਮਵਾਰ ਤੋਂ ਸ਼ੁੱਕਰਵਾਰ - ਸਵੇਰੇ ਸ਼ਾਮ ਦੋਨੋ ਵੇਲੇ ਦੀਵਾਨ ਸਜਾਏ ਜਾਂਦੇ ਹਨ ।
* ਮੰਗਲਵਾਰ ਸ਼ਾਮ 8:00 ਤੋਂ 9:00 ਵਜੇ ਤੱਕ ਸਿੱਖ ਚੈਨਲ ਟੀਵੀ ਸਕਾਈ ਡਿਜੀਟਿਲ 762 ‘ਤੇ ਗੁਰਮਤਿ ਸਵਾਲ ਜਵਾਬ ਦਾ ਪ੍ਰੋਗਰਾਮ ਲਾਈਵ ਪ੍ਰਸਾਰਿਤ ਕੀਤਾ ਜਾਂਦਾ ਹੈ ।
* ਹਰੇਕ ਸ਼ੁੱਕਰਵਾਰ ਨੂੰ ਸ਼ਾਮ 6:30 ਵਜੇ ਤੋਂ 8:00 ਵਜੇ ਤੱਕ **ਖਾਲਸਾ ਕਲੱਬ** ਹੁੰਦਾ ਹੈ ।
* ਸ਼ੁੱਕਰਵਾਰ ਸ਼ਾਮ 7 ਤੋਂ 8 ਵਜੇ ਤੱਕ ਹਰ ਹਫ਼ਤੇ ਗੁਰਬਾਣੀ ਸੰਥਿਆ ਦੀ ਕਲਾਸ ।
* ਸ਼ਨਿੱਚਰਵਾਰ ਸ਼ਾਮ ਨੂੰ 5:00 ਤੋਂ 7:00 ਵਜੇ ਤੱਕ ਕੀਰਤਨ ਤੇ ਤਬਲੇ ਦੀ ਕਲਾਸ ।
* ਸ਼ਨਿੱਚਰਵਾਰ ਸ਼ਾਮ 6:30 ਤੋਂ 9:00 ਵਜੇ ਤੱਕ ਅਖੰਡ ਕੀਰਤਨ ।
* ਐਤਵਾਰ 12:00 ਵਜੇ ਤੋਂ 1:30 ਵਜੇ ਤੱਕ ਪੰਜਾਬੀ ਸਕੂਲ ।
* 2:00 ਤੋਂ 3:00 ਵਜੇ ਤੱਕ ਗੁਰਬਾਣੀ ਦੀ ਸੰਥਿਆ ਦੀ ਕਲਾਸ ।
* ਗਤਕਾ ਕਲਾਸ ਮੰਗਲਵਾਰ, ਵੀਰਵਾਰ ਸ਼ਾਮ 6:30 ਤੋਂ 8:00, ਐਤਵਾਰ 2:30 ਤੋਂ 3:30 ਵਜੇ

## ਗੁਰੂ ਪੰਥ ਦੇ ਦਾਸ - ਪ੍ਰਬੰਧਕ ਕਮੇਟੀ ਤੇ ਸਾਧ ਸੰਗਤ ਗੁਰਦੁਆਰਾ ਸਿੰਘ ਸਭਾ ਡਰਬੀ

ਪ੍ਰਧਾਨ - ਰਘਬੀਰ ਸਿੰਘ, ਜ: ਸਕੱਤਰ - ਰਾਜਿੰਦਰ ਸਿੰਘ ਪੁਰੇਵਾਲ, ਖਜ਼ਾਨਚੀ - ਅਜੀਤ ਸਿੰਘ, ਬਲਬੀਰ ਸਿੰਘ ਚੀਮਾ, ਭਾਈ ਸਤਨਾਮ ਸਿੰਘ

GURDWARA SRI GURU SINGH SABHA, PRINCES STREET, DERBY, DE23 8NT. TEL: 01332 773010

# ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰਿਆਦਾ ਮੁਤਾਬਕ ਨਿਸ਼ਾਨ ਸਾਹਿਬ ਝੁਲਾਏ ਗਏ



ਸੈਕਰਾਮੈਂਟੋ -( ਹੁਸਨ ਲੜੋਆ ਬੰਗਾ)-ਸੈਕਰਾਮੈਂਟੋ ਦੇ ਨਾਮਵਰ ਤੇ ਸਿਆਸੀ ਗਤੀਵਿਧੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾ ਤੇ ਮੁਰਿਆਦਾ ਮੁਤਾਬਕ ਖੱਟੇ ਰੰਗ ਚ ਬਦਲੇ ਗਏ ਇਸ ਸਮੇਂ ਸੰਗਤਾਂ ਨੇ ਵੀ ਭਾਰੀ ਗਿਣਤੀ ਹਾਜਰੀ ਲੁਆਈ ਤੇ ਗੁਰਬਾਣੀ ਦਾ ਗੁਣਗਾਨ ਕੀਤਾ। ਸਜੇ ਦਿਵਾਨਾਂ ਵਿੱਚ ਭਾਈ ਤਨਵੀਤ ਸਿੰਘ ਚੰਡੀਗੜ ਵਾਲੇ, ਭਾਈ ਜਸਪਾਲ ਸਿੰਘ, ਭਾਈ ਗੁਰਬਚਨ ਸਿੰਘ , ਭਾਈ ਅਮਰਜੀਤ ਸਿੰਘ, ਭਾਈ ਰਣਜੀਤ ਸਿੰਘ, ਭਾਈ ਇੰਦਰਪਾਲ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਮਨੋਹਰ ਗੁਰਬਾਣੀ ਦਾ ਕੀਰਤਨ ਕੀਤਾ। ਇਸ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਚਾਵਲਾ ਪਰਿਵਾਰ ਵਲੋਂ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਨੇ ਦੱਸਿਆ ਕਿ ਇਹ ਗੁਰਦੁਆਰਾ ਸਾਹਿਬ ਸ੍ਰੀ ਅਕਾਲ ਤਕਤ ਸਾਹਿਬ ਨੂੰ ਸਮਰਪਤ ਤੇ ਮੁਰਿਆਦਾ ਦੀ ਪਾਲਣਾ ਕਰਦਾ ਹੈ ਇਸ ਕਰਕੇ ਹੀ ਨਿਸ਼ਾਨ ਸਾਹਿਬ ਦੇ ਰੰਗ ਚ ਤਬਦੀਲੀ ਕੀਤੀ ਗਈ ਹੈ। ਉਨਾ ਦੱਸਿਆ ਕਿ ਗੁਰਦੁਆਰਾ ਸਾਹਿਬ ਨੂੰ ਹੋਰ ਸੁੰਦਰ ਬਣਾਇਆ ਜਾ ਰਿਹਾ ਹੈ। ਇਸ ਮੌਕੇ ਪਬਲਿਕ ਰਿਲੇਸ਼ਨ ਸੇਵਾਦਾਰ ਦਰਸ਼ਨ ਸਿੰਘ ਮੁੰਡੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਪਹਿਲਾਂ ਨਾਲੋਂ ਜਿਆਦਾ ਸੰਗਤ ਹੋਣ ਕਰਕੇ ਰੱਖ ਰਖਾਓ ਦੇ ਹੋਰ ਪ੍ਰਬੰਧ ਕੀਤੇ ਜਾ ਰਹੇ ਹਨ।

# ਬ੍ਰਿਸਟਲ 'ਚ ਬੱਚਿਆਂ ਦੇ ਯੌਨ ਸ਼ੋਸ਼ਣ ਮਾਮਲੇ 'ਚ 7 ਮਰਦ ਗ੍ਰਿਫਤਾਰ

ਲੈਸਟਰ-ਸੁਖਜਿੰਦਰ ਸਿੰਘ ਢੱਡੇ)-ਬ੍ਰਿਸਟਲ ਵਿੱਚ ਪੁਲਿਸ ਨੇ ਬੱਚਿਆਂ ਦੀ ਯੌਨ ਸ਼ੋਸ਼ਣ ਦੇ ਮਾਮਲੇ ਚ ਸੱਤ ਮਰਦਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਮਾਮਲਾ ਬਹੁਤ ਗੰਭੀਰ ਹੈ, ਕਿਉਂਕਿ ਇਨ੍ਹਾਂ ਉੱਤੇ 11 ਨਾਬਾਲਿਗ ਕੁੜੀਆ ਨਾਲ ਸਬੰਧਿਤ 40 ਤੋਂ ਵੱਧ ਅਪਰਾਧਾਂ ਦੇ ਦੋਸ਼ ਹਨ।ਜਾਂਚ ਨਵੰਬਰ 2023 ਵਿੱਚ ਸ਼ੁਰੂ ਹੋਈ ਸੀ, ਜਦੋਂ ਇੱਕ ਨਬਾਲਿਗ ਦੇ ਸ਼ੋਸ਼ਣ ਦੀ ਸੂਚਨਾ ਮਿਲੀ। ਪਹਿਲੀਆ ਗ੍ਰਿਫਤਾਰੀਆਂ ਅਪਰੈਲ 2024 ਵਿੱਚ ਹੋਈਆਂ ਅਤੇ ਉਹ ਬਾਅਦ ਅਪਰਾਧੀ ਜ਼ਮਾਨਤ ਤੇ ਛੱਡੇ ਗਏ।ਮੁਲਜ਼ਮਾਂ ਵਿੱਚ ਮੋਹਮਦ ਅਰਾਫੇ, ਸੀਨਾ ਓਮਾਰੀ, ਵਾਦੀ ਸ਼ਰਾਫ, ਹੁਸੈਨ ਬਸ਼ਾਰ, ਮੋਹਮਮਦ ਕੁਰਦੀ ਅਤੇ ਦੋ ਹੋਰ ਲੋਕ ਸ਼ਾਮਿਲ ਹਨ। ਉਨ੍ਹਾਂ ਉੱਤੇ ਬਲਾਤਕਾਰ, ਲਿੰਗ ਹਮਲਾ, ਬੱਚਿਆਂ ਦੀ ਸ਼ੋਸ਼ਣ ਕਰਵਾਉਣ, ਅਸ਼ਲੀਲ ਤਸਵੀਰਾਂ ਬਣਾਉਣ ਅਤੇ ਨਸ਼ਾ ਸਬੰਧੀ ਚਾਰਜ ਲੱਗੇ ਹਨ।ਪੁਲਿਸ ਦਾ ਕਹਿਣਾ ਹੈ ਕਿ ਇਹ ਮਾਮਲਾ ਬਹੁਤ ਜਾਤੀ ਅਤੇ ਸੰਵੇਦਨਸ਼ੀਲ ਹੈ। ਉਹਨਾਂ ਨੇ ਕਿਹਾ ਕਿ ਮੁੱਖ ਕੜੀ ਨਾਬਾਲਿਗ ਕੁੜੀਆਂ ਦੀ ਸੁਰੱਖਿਆ ਅਤੇ ਅਪਰਾਧੀਆਂ ਨੂੰ ਰੋਕਣਾ ਹੈ। ਪੁਲਿਸ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਹੋਟਲਾਂ, ਟੈਕਸੀ ਡਰਾਈਵਰਾਂ ਅਤੇ ਸਥਾਨਕ ਵਿਪਾਰ ਵਾਲਿਆ ਨਾਲ ਮਿਲ ਕੇ ਸੈਮੀਨਾਰ ਵੀ ਕਰਵਾਏ।ਹੁਣ ਇਹ ਮਾਮਲਾ ਅਦਾਲਤ ਵਿੱਚ ਪਹੁੰਚ ਗਿਆ ਹੈ ਅਤੇ ਨਿਆਂ ਦੀ ਪ੍ਰਕਿਰਿਆ ਜਾਰੀ ਹੈ। ਪੁਲਿਸ ਅਤੇ CPS ਦੋਹਾਂ ਨੇ ਲੋਕਾਂ ਨੂੰ ਹੌਸਲਾ ਦਿੱਤਾ ਹੈ ਕਿ ਵਿਅਕਤੀਆਂ ਨੂੰ ਸੁਰੱਖਿਆ ਮਿਲੇ ਅਤੇ ਕੋਈ ਵੀ ਗਲਤ ਟਿੱਪਣੀ ਮਾਮਲੇ ਤੇ ਅਸਰ ਨਾ ਪਾਏ।

# ਤਰਨਤਾਰਨ ਜ਼ਿਮਨੀ ਚੋਣ ਵਿਚ ਬਾਦਲ ਦਲ ਦੇ ਵਰਕਰਾਂ 'ਤੇ ਦਰਜ ਕੇਸ ਮਾਮਲੇ ਵਿਚ ਡੀਜੀਪੀ ਤਲਬ

## ✪ ਚੋਣ ਕਮਿਸ਼ਨ, ਪੰਜਾਬ ਪੁਲਿਸ ਦੇ ਜਵਾਬ ਤੋਂ ਸੰਤੁਸ਼ਟ ਨਹੀਂ



ਚੰਡੀਗੜ੍ਹ-ਤਰਨਤਾਰਨ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ 'ਤੇ ਦਰਜ ਕੀਤੇ ਗਏ ਕੇਸ ਦੇ ਮਾਮਲੇ ਵਿਚ ਚੋਣ ਕਮਿਸ਼ਨ ਏਡੀਜੀਪੀ ਰਾਮ ਸਿੰਘ ਦੀ ਜਾਂਚ ਰਿਪੋਰਟ ਤੋਂ ਸੰਤੁਸ਼ਟ ਨਹੀਂ ਹੈ। ਕਮਿਸ਼ਨ ਨੇ ਡੀਜੀਪੀ ਗੌਰਵ ਯਾਦਵ ਨੂੰ ਨੋਟਿਸ ਭੇਜ ਕੇ 25 ਨਵੰਬਰ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਹੈ। ਏਡੀਜੀਪੀ ਨੇ 13 ਨਵੰਬਰ ਨੂੰ ਆਪਣੀ ਰਿਪੋਰਟ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੂੰ ਸੌਂਪੀ ਸੀ।

ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਵਰਕਰਾਂ 'ਤੇ ਐੱਫਆਈਆਰ ਦਰਜ ਕਰਨ ਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਨੂੰ ਲੈ ਕੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਤਰਨਤਾਰਨ, ਅੰਮ੍ਰਿਤਸਰ, ਮੋਗਾ ਤੇ ਬਟਾਲਾ 'ਚ ਅਕਾਲੀ ਵਰਕਰਾਂ ਖ਼ਿਲਾਫ਼ ਨੌਂ ਐੱਫਆਈਆਰ ਦਰਜ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ ਚੋਣ ਅਬਜ਼ਰਵਰ ਓਡੀਸ਼ਾ ਕੇਡਰ ਦੀ ਆਈਪੀਐੱਸ ਅਧਿਕਾਰੀ ਸ਼ਾਇਨੀ ਐੱਸ ਦੀ ਰਿਪੋਰਟ ਦੇ ਆਧਾਰ 'ਤੇ ਚੋਣ ਕਮਿਸ਼ਨ ਨੇ ਅੱਠ ਨਵੰਬਰ ਨੂੰ ਤਰਨਤਾਰਨ ਦੀ ਐੱਸਐੱਸਪੀ ਰਵਜੋਤ ਕੌਰ ਨੂੰ ਮੁਅੱਤਲ ਕਰ ਦਿੱਤਾ ਸੀ। ਸ਼ਾਇਨੀ ਐੱਸ ਦੀ ਤਿੰਨ ਪੰਨਿਆਂ ਦੀ ਰਿਪੋਰਟ 'ਚ ਐੱਫਆਈਆਰ ਦਰਜ ਕਰਨ ਦੇ ਤਰੀਕੇ, ਗ੍ਰਿਫ਼ਤਾਰੀ ਦੇ ਸਮੇਂ ਆਦਿ 'ਤੇ ਸਵਾਲ ਖੜ੍ਹੇ ਕੀਤੇ ਗਏ ਸਨ। ਰਵਜੋਤ ਕੌਰ ਦੀ ਮੁਅੱਤਲੀ ਤੋਂ ਪਹਿਲਾਂ ਕਮਿਸ਼ਨ ਦੇ ਸੀਈਓ ਨੇ ਸੂਬਾਈ ਪੁਲਿਸ ਨੋਡਲ ਅਧਿਕਾਰੀ ਦੇ ਰਾਹੀਂ ਫ਼ਿਰੋਜ਼ਪੁਰ ਰੇਂਜ ਦੇ ਡੀਆਈਜੀ ਤੋਂ ਜਵਾਬ ਮੰਗਿਆ ਸੀ। ਡੀਆਈਜੀ ਨੇ ਤਰਨਤਾਰਨ ਦੇ ਸਾਬਕਾ ਐੱਸਐੱਸਪੀ ਨੂੰ ਕਿਸੇ ਵੀ ਗੜਬੜੀ ਤੋਂ ਮੁਕਤ ਕਰ ਦਿੱਤਾ ਸੀ ਤੇ ਕਿਹਾ ਸੀ ਕਿ ਗ੍ਰਿਫ਼ਤਾਰੀਆਂ ਚੱਲ ਰਹੀ ਜਾਂਚ ਦਾ ਹਿੱਸਾ ਸਨ। ਬਾਅਦ 'ਚ ਕਮਿਸ਼ਨ ਨੇ ਡੀਜੀਪੀ ਨੂੰ ਏਡੀਜੀਪੀ ਰੈਂਕ ਦੇ ਅਧਿਕਾਰੀ ਤੋਂ ਜਾਂਚ ਕਰਵਾਉਣ ਦੇ ਨਿਰਦੇਸ਼ ਦਿੱਤੇ ਸਨ। ਇਸ ਤੋਂ ਬਾਅਦ ਏਡੀਜੀਪੀ ਰਾਮ ਸਿੰਘ ਨੇ 13 ਨਵੰਬਰ ਨੂੰ ਕਮਿਸ਼ਨ ਨੂੰ ਆਪਣੀ ਜਾਂਚ ਰਿਪੋਰਟ ਸੌਂਪੀ ਸੀ। ਏਡੀਜੀਪੀ ਨੇ ਆਪਣੀ ਰਿਪੋਰਟ 'ਚ ਐੱਸਐੱਸਪੀ ਵੱਲੋਂ ਕੀਤੀ ਗਈ ਕਾਰਵਾਈ ਨੂੰ 'ਵਾਜਬ'' ਠਹਿਰਾਇਆ ਸੀ ਪਰ ਚੋਣ ਕਮਿਸ਼ਨ ਰਿਪੋਰਟ ਤੋਂ ਸੰਤੁਸ਼ਟ ਨਹੀਂ ਹੈ। ਹੁਣ ਕਮਿਸ਼ਨ ਨੇ ਡੀਜੀਪੀ ਨੂੰ ਤਲਬ ਕਰ ਲਿਆ ਹੈ।

# 2 ਟਰੈਵਲ ਏਜੰਟਾਂ ਨੇ ਧੋਖਾਧੜੀ ਕੀਤੀ, ਮਾਮਲੇ ਦਰਜ

ਕਪੂਰਥਲਾ-ਥਾਣਾ ਸਦਰ ਕਪੂਰਥਲਾ ਦੀ ਪੁਲਿਸ ਨੇ 2 ਵੱਖ-ਵੱਖ ਮਾਮਲਿਆਂ ਵਿਚ 2 ਮੁਲਜ਼ਮਾਂ ਦੇ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪਹਿਲੇ ਮਾਮਲੇ ਵਿਚ ਮਨਜਿੰਦਰ ਸਿੰਘ ਵਾਸੀ ਬਡਿਆਲ ਥਾਣਾ ਸਦਰ ਕਪੂਰਥਲਾ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਉਸਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਟਰੈਵਲ ਏਜੰਟ ਗੁਰਦਿੱਤ ਸਿੰਘ ਗੋਰਾ ਵਾਸੀ ਸੰਤਰਾਣਾ ਥਾਣਾ ਪਾਤੜਾ ਜ਼ਿਲ੍ਹਾ ਪਟਿਆਲਾ ਵੱਲੋਂ ਉਸ ਨਾਲ ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਧੜੀ ਕੀਤੀ ਗਈ ਹੈ। ਉਸਨੇ ਇਹ ਵੀ ਦੱਸਿਆ ਕਿ ਉਸ ਨਾਲ ਉਕਤ ਕਥਿਤ ਟਰੈਵਲ ਏਜੰਟ ਨੇ 3 ਲੱਖ 36 ਹਜ਼ਾਰ 700 ਰੁਪਏ ਦੀ ਠੱਗੀ ਮਾਰੀ ਹੈ, ਜਿਸ 'ਤੇ ਜਾਂਚ ਤੋਂ ਬਾਅਦ ਉਕਤ ਮੁਲਜ਼ਮ ਦੇ ਖ਼ਿਲਾਫ਼ ਥਾਣਾ ਸਦਰ ਦੀ ਪੁਲਿਸ ਵੱਲੋਂ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਦੂਸਰੇ ਮਾਮਲੇ ਵਿਚ ਪਰਮਜੀਤ ਕੌਰ ਪਤਨੀ ਤੀਰਥ ਸਿੰਘ ਵਾਸੀ ਨੱਥੂ ਚਾਹਲ ਥਾਣਾ ਸਦਰ ਕਪੂਰਥਲਾ ਵੱਲੋਂ ਜ਼ਿਲ੍ਹਾ ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਨੇ ਆਪਣੀ ਲੜਕੀ ਨੂੰ ਵਿਦੇਸ਼ ਭੇਜਣ ਲਈ ਕਥਿਤ ਟਰੈਵਲ ਏਜੰਟ ਜਸਵੀਰ ਰਾਮ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਗੱਲ ਕੀਤੀ ਸੀ। ਉਸ ਨੇ ਆਪਣੀ ਲੜਕੀ ਰਾਜਵਿੰਦਰ ਕੌਰ ਨੂੰ ਸਪੇਨ ਭੇਜਣ ਲਈ ਉਸਨੂੰ 4 ਲੱਖ ਰੁਪਏ ਦਿੱਤੇ, ਪਰ ਉਕਤ ਏਜੰਟ ਨੇ ਉਸਦੀ ਲੜਕੀ ਨੂੰ ਨਾ ਤਾਂ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ, ਪੁਲਿਸ ਵੱਲੋਂ ਜਾਂਚ ਤੋਂ ਬਾਅਦ ਮੁਲਜ਼ਮ ਨੂੰ 4 ਲੱਖ ਦੀ ਠੱਗੀ ਦੇ ਮਾਮਲੇ ਵਿਚ ਨਾਮਜ਼ਦ ਕਰਦੇ ਹੋਏ ਮਾਮਲਾ ਦਰਜ ਕੀਤਾ ਗਿਆ।


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, AMANDEEP S/O MR LEHAMBER RAM WHOSE PERMANENT ADDRESS IN INDIA IS PATTI NIMMAN WALA CHOWK, VPO SAMRAI, TEHSIL PHILLAUR, DISTT JALANDHAR, PUNJAB 144032 AND NOW LIVING AT 83 CLIFFORD ROAD, WEST BROMWICH, B70 8JT HEREBY GIVE NOTICE OF MY INTENTION TO CHANGE MY NAME TO AMANDEEP HEER. (U/I)

I, KIRANDEEP D/O MR HANS RAJ WHOSE PERMANENT ADDRESS IN INDIA IS VILLAGE DOSANJH KHURD, PO MUTHADA KALAN, TEHSIL PHILLAUR, DISTT JALANDHAR, PUNJAB 144409 AND NOW LIVING AT 83 CLIFFORD ROAD, WEST BROMWICH, B70 8JT HEREBY GIVE NOTICE OF MY INTENTION TO CHANGE MY NAME TO KIRANDEEP HEER. (U/I)

# ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਸਰਹੱਦੀ ਇਲਾਕੇ ਦੇ ਹੜ੍ਹ ਪੀੜਤਾਂ ਦੀ ਮਦਦ

## ਪਿੰਡ ਖੋਖਰ, ਅਜਨਾਲਾ, ਦਿਆਲ ਭੱਟੀ, ਡੇਰਾ ਬਾਬਾ ਨਾਨਕ, ਗੁਰਦਾਸਪੁਰ ਸਰਹੱਦ ਨਾਲ ਲਗਦੇ ਸਲੈਚ ਆਦਿ ਪਿੰਡਾਂ ਦੇ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਆਰਥਿਕ ਮਦਦ ਕਰਨ ਪਹੁੰਚੇ ਸਿੱਖ ਸੇਵਕ ਸੁਸਾਇਟੀ ਦੇ ਸੇਵਾਦਾਰ







ਯੂ ਕੇ-ਚੇਅਰਮੈਨ: ਰਾਜਿੰਦਰ ਸਿੰਘ ਪੁਰੇਵਾਲ 01332 372 851, ਜ: ਸਕੱਤਰ-ਮਲਕੀਤ ਸਿੰਘ ਨੋਟਿੰਘਮ 07795 545 907, ਪਰਮਿੰਦਰਪਾਲ ਸਿੰਘ ਖਾਲਸਾ ਮੁਖ ਸੇਵਾਦਾਰ ਭਾਰਤ

SIKH SEWAK SOCIETY INTERNATIONAL U.K. BRIDLE GATE LANE, DERBY DE24 0QW, UK. CONTACT- 07966 388 388

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388


## ਆਓ ਤਿੰਨ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 22

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Ok, last week you learnt how to make 2 letter words. Let us make 3 letter words or may be 4 or more.............
Remember we will make words with letters ਚ, ਛ, ਜ, ਝ, ਞ

ਚਤਰ ਚਕਰ ਚਰਨ ਚਮਕ ਚਮਚ

ਛਤਰ ਜਗਤ ਜਖਮ ਜਤਨ ਜਗਮਗ

ਜਬਰ ਝਲਕ

Class Exercise : Make three or four letter words which at least use one of the letters - ਚ, ਛ, ਜ, ਝ, ਞ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ    Page 44    Level I



# ਗੁਰੂ ਤੇਗ਼ ਬਹਾਦੁਰ ਸਾਹਿਬ – ਸ੍ਰਿਸ਼ਟੀ ਦੀ ਚਾਦਰ (ਦੁਨੀਆ ਦੀ ਢਾਲ) ਨੂੰ ਬਰਤਾਨੀਆ ਦੀ ਸੰਸਦ ਵਿੱਚ ਸ਼ਰਧਾਂਜ਼ਲੀ ਅਤੇ ਸਨਮਾਨ

## ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਸੰਸਦ ਮੈਂਬਰ ਸ: ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਦੀ 350 ਸਾਲਾ ਯਾਦ ਵਿੱਚ ਮਹਾਨ ਸ਼ਹੀਦੀ ਸਮਾਗਮ

SUPREME SIKH COUNCIL UNITED KINGDOM

## ਐਮ ਪੀ ਗੁਰਿੰਦਰ ਸਿੰਘ ਜੋਸਨ ਅਤੇ ਉਹਨਾਂ ਦੇ ਹੋਰ ਸਾਥੀ ਸਾਂਸਦਾਂ ਨੇ ਵੀ ਕੀਤੀ ਸ਼ਮੂਲੀਅਤ




ਪੂਰੀ ਰਿਪੋਰਟ ਅੰਦਰ ਦੇਖੋ:

ਬਰਤਾਨਵੀ ਸੰਸਦ ਵਿੱਚ ਸੁਪਰੀਮ ਸਿੱਖ ਕੌਂਸਲ ਵੱਲੋਂ ਆਯੋਜਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸਮਾਗਮ ਦੌਰਾਨ ਸ਼ਾਮਿਲ ਸੰਸਦ ਮੈਂਬਰ ਅਤੇ ਯੂ ਕੇ ਭਰ ਤੋਂ ਅਹਿਮ ਸ਼ਖਸੀਅਤਾਂ ਨੇ ਹਾਜ਼ਰੀ ਭਰੀ

**ਜਾਰੀ ਕਰਤਾ: ਸੁਪਰੀਮ ਸਿੱਖ ਕੌਂਸਲ ਯੂ ਕੇ – Supreme Sikh Council U.K.**

**www.supremesikhcounciluk.org - Email: info@supremesikhcounciluk.org**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਅਜੋਕੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ ਤੇ ਭਵਿੱਖ ਦੀਆਂ ਚੁਣੌਤੀਆਂ

**ਤਲਵਿੰਦਰ ਸਿੰਘ ਬੁੱਟਰ**



ਹਰ ਸਾਲ ਨਵੰਬਰ ਮਹੀਨੇ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਚੋਣ ਇਜਲਾਸ ਕਰਵਾਇਆ ਜਾਂਦਾ ਹੈ, ਜਿਸ 'ਚ ਸ਼੍ਰੋਮਣੀ ਕਮੇਟੀ ਦੇ 185 ਮੈਂਬਰੀ ਹਾਊਸ ਵਲੋਂ ਪ੍ਰਧਾਨ ਸਮੇਤ 15 ਮੈਂਬਰੀ ਕਾਰਜਕਾਰਨੀ ਕਮੇਟੀ ਚੁਣੀ ਜਾਂਦੀ ਹੈ। ਸਿੱਖ ਗੁਰਦੁਆਰਾ ਐਕਟ-1925 ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹਰ 5 ਸਾਲ ਬਾਅਦ ਤੇ ਕਾਰਜਕਾਰਨੀ ਕਮੇਟੀ ਦੀ ਚੋਣ ਇਕ ਸਾਲ ਬਾਅਦ ਹੁੰਦੀ ਹੈ। ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਹੋਏ ਸਾਲਾਨਾ ਚੋਣ ਇਜਲਾਸ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਪੰਜਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ। ਹਾਲਾਂਕਿ ਸਭ ਤੋਂ ਲੰਬਾ ਸਮਾਂ (25 ਸਾਲਾ ਤੋਂ ਜ਼ਿਆਦਾ) ਸ਼੍ਰੋਮਣੀ ਕਮੇਟੀ ਪ੍ਰਧਾਨ ਰਹਿਣ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਨ।

ਬਿਨਾਂ ਸ਼ੱਕ ਆਪਣੇ ਵਿਰੋਧੀ ਉਮੀਦਵਾਰ ਮਾ. ਮਿੱਠੂ ਸਿੰਘ ਕਾਹਨੇਕੇ ਨੂੰ 99 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪੰਥਕ ਸਿਆਸਤ ਦੇ ਮਜ਼ਬੂਤ ਹਸਤਾਖ਼ਰ ਬਣੇ ਹਨ ਪਰ ਉਨ੍ਹਾਂ ਅੱਗੇ ਭਵਿੱਖੀ ਚੁਣੌਤੀਆਂ ਵੀ ਘੱਟ ਨਹੀਂ ਹਨ। ਪਿਛਲੇ ਚਾਰ ਸਾਲਾਂ ਦਾ ਕਾਰਜਕਾਲ ਵੀ ਕੰਡਿਆਂ ਦੀ ਸੇਜ ਤੋਂ ਘੱਟ ਨਹੀਂ ਰਿਹਾ। ਪੰਥ ਨੂੰ ਦਰਪੇਸ਼ ਅਨੇਕਾਂ ਬਾਹਰੀ ਚੁਣੌਤੀਆਂ ਦੇ ਨਾਲ-ਨਾਲ ਉਨ੍ਹਾਂ ਨੂੰ ਪੰਥਕ ਧੜੇਬੰਦੀ ਤੇ ਅਕਾਲੀ ਰਾਜਨੀਤੀ ਦੇ ਸੰਕਟ ਦੌਰਾਨ ਸਿੱਖ ਸੰਸਥਾ ਦੇ ਵੱਕਾਰ, ਪੰਥਕ ਪਰੰਪਰਾਵਾਂ ਅਤੇ ਭਰੋਸੇ ਨੂੰ ਕਾਇਮ ਰੱਖਣ ਦੀ ਚੁਣੌਤੀ ਲਗਾਤਾਰ ਦਰਪੇਸ਼ ਰਹੀ। ਇਨ੍ਹਾਂ ਹਾਲਾਤਾਂ 'ਚੋਂ ਉਹ ਆਲੋਚਨਾ ਦੇ ਬਾਵਜੂਦ ਬੜੇ ਸਹਿਜ, ਤਹੱਮਲ ਅਤੇ ਸਿਆਸੀ ਸੂਝ-ਬੂਝ ਨਾਲ ਬਾਹਰ ਨਿਕਲੇ। ਇਤਫ਼ਾਕ ਹੈ ਕਿ 2021 'ਚ ਪਹਿਲੀ ਵਾਰ ਵੀ ਉਨ੍ਹਾਂ ਨੇ ਮਾ. ਮਿੱਠੂ ਸਿੰਘ ਕਾਹਨੇਕੇ ਨੂੰ ਹੀ ਵੱਡੇ ਫ਼ਰਕ ਨਾਲ ਹਰਾਇਆ ਸੀ, ਜਿਸ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਬਾਰੇ ਇਹ ਮਿੱਥ ਰਹੀ ਹੈ ਕਿ ਇਸ ਦੇ ਪ੍ਰਧਾਨ ਦਾ ਨਾਂਅ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਲਿਫ਼ਾਫ਼ੇ 'ਚੋਂ ਨਿਕਲਦਾ ਹੈ, ਐਡਵੋਕੇਟ ਧਾਮੀ ਲਗਾਤਾਰ ਪੰਜ ਵਾਰ ਵੋਟਾਂ ਦੁਆਰਾ ਚੁਣੇ ਗਏ ਹਨ ਤੇ 2023 ਤੋਂ ਉਨ੍ਹਾਂ ਦੀ ਉਮੀਦਵਾਰੀ ਦਾ ਨਾਂਅ ਵੀ ਚੋਣ ਇਜਲਾਸ ਵਾਲੇ ਦਿਨ ਤੋਂ ਪਹਿਲਾਂ ਕਰ ਦਿੱਤਾ ਜਾਂਦਾ ਰਿਹਾ ਹੈ।

ਪੰਜਵੀਂ ਵਾਰ ਐਡਵੋਕੇਟ ਧਾਮੀ ਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਚੁਣਿਆ ਜਾਣਾ ਇਸ ਕਰਕੇ ਵੀ ਵਧੇਰੇ ਮਹੱਤਵਪੂਰਨ ਹੈ ਕਿ 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨਾਲ ਸੰਬੰਧਿਤ ਵਾਪਰੇ ਘਟਨਾਕ੍ਰਮ ਤੋਂ ਬਾਅਦ ਨਵੇਂ ਬਣੇ ਅਕਾਲੀ ਦਲ (ਪੁਨਰ ਸੁਰਜੀਤ) ਦੀ ਅਗਵਾਈ ਹੇਠ ਇਕ ਨਵੀਂ ਸਫ਼ਬੰਦੀ ਦੇ ਬਾਵਜੂਦ ਉਹ ਵੱਡਾ ਸਮਰਥਨ ਹਾਸਿਲ ਕਰਨ ਵਿਚ ਕਾਮਯਾਬ ਰਹੇ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਇਕ ਸਾਲ ਦਾ ਕਾਰਜਕਾਲ ਵੀ ਏਨੀ ਵੱਡੀ ਤੇ ਜ਼ਿੰਮੇਵਾਰ ਸੰਸਥਾ ਨੂੰ ਬਿਹਤਰੀਨ ਤਰੀਕੇ ਨਾਲ ਚਲਾਉਣ ਲਈ ਨਾਕਾਫ਼ੀ ਹੈ। ਅਕਸਰ ਪ੍ਰਧਾਨਗੀ ਅਹੁਦੇ 'ਤੇ ਬੈਠਣ ਵਾਲੇ ਕਿਸੇ ਵੀ ਸ਼ਖ਼ਸ ਤੇ ਉਸ ਦੀ ਕਾਰਜਕਾਰਨੀ ਨੂੰ ਇਸ ਸੰਸਥਾ ਦੇ ਸਰੋਕਾਰਾਂ ਤੇ ਕਾਰਜਪ੍ਰਣਾਲੀ ਨੂੰ ਚੰਗੀ ਤਰ੍ਹਾਂ ਸਮਝਦਿਆਂ 5 -6 ਮਹੀਨੇ ਲੰਘ ਜਾਂਦੇ ਹਨ ਅਤੇ ਬਾਕੀ ਰਹਿੰਦੇ 5-6 ਮਹੀਨਿਆਂ ਵਿਚ ਉਹ ਵਿਸ਼ੇਸ਼ ਪ੍ਰਾਪਤੀਆਂ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸੇਵਾ-ਸੰਭਾਲ ਦੇ ਪ੍ਰਬੰਧਾਂ ਵਿਚ ਵਧੇਰੇ ਸੁਧਾਰ ਤੇ ਧਰਮ ਪ੍ਰਚਾਰ ਲਈ ਸਿੱਟਾਮੁਖੀ ਨਤੀਜੇ ਹਾਸਿਲ ਨਹੀਂ ਕਰ ਸਕੀ। ਜੇਕਰ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਵਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਕਾਰਜਕਾਲ ਇਸ ਦੇ 5 ਸਾਲਾ ਹਾਊਸ ਮੁਤਾਬਕ ਢਾਈ ਸਾਲ ਦਾ ਕਰ ਦਿੱਤਾ ਜਾਵੇ, ਤਾਂ ਕਿਸੇ ਵੀ ਪ੍ਰਧਾਨ ਤੇ ਕਾਰਜਕਾਰਨੀ ਨੂੰ ਜ਼ਿਆਦਾ ਜ਼ਿੰਮੇਵਾਰੀ ਤੇ ਜਵਾਬਦੇਹੀ ਨਾਲ ਕੰਮ ਕਰਨ ਦਾ ਮੌਕਾ ਮਿਲ ਸਕਦਾ ਹੈ।

ਪਿਛਲੇ ਦੌਰ ਵਿਚ ਸ਼੍ਰੋਮਣੀ ਕਮੇਟੀ ਦੀ ਪ੍ਰਬੰਧਕੀ ਕਾਰਗੁਜ਼ਾਰੀ ਵਿਚ ਵੱਡੀਆਂ ਊਣਤਾਈਆਂ ਉਜਾਗਰ ਹੋਣ ਕਾਰਨ ਸਿੱਖਾਂ ਦੀ ਸਮਰੱਥ ਸੰਸਥਾ ਪ੍ਰਤੀ ਸੰਗਤ 'ਚ ਬਣੀ ਬੇਵਿਸ਼ਵਾਸੀ ਨੂੰ ਖ਼ਤਮ ਕਰਨ ਲਈ ਐਡਵੋਕੇਟ ਧਾਮੀ ਪਿਛਲੇ ਚਾਰ ਸਾਲਾਂ 'ਚ ਯਤਨਸ਼ੀਲ ਤਾਂ ਨਜ਼ਰ ਆਏ ਪਰ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ, ਕਾਰਜਸ਼ੈਲੀ ਤੇ ਧਰਮ ਪ੍ਰਚਾਰ ਨੂੰ ਸਿੱਟਾਮੁਖੀ ਬਣਾਉਣ ਲਈ ਦ੍ਰਿੜ੍ਹ ਇੱਛਾ ਸ਼ਕਤੀ ਨਾਲ ਅਜੇ ਹੋਰ ਵਿਆਪਕ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ। ਜਿੱਥੋਂ ਤੱਕ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ 'ਚ ਪਾਰਦਰਸ਼ਤਾ ਤੇ ਜਵਾਬਦੇਹੀ ਦੀ ਗੱਲ ਹੈ, ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਹੁੰਦਿਆਂ ਸੰਸਥਾ ਦੇ ਸਾਧਨਾਂ ਦੀ ਵਰਤੋਂ ਤੋਂ ਸੰਕੋਚ ਕਰਕੇ ਚੰਗੀ ਪਿਰਤ ਪਾਈ ਹੈ। ਜਿੱਥੇ ਮਾ. ਤਾਰਾ ਸਿੰਘ ਵਰਗੇ ਸ਼੍ਰੋਮਣੀ ਕਮੇਟੀ ਪ੍ਰਧਾਨਾਂ ਨੂੰ ਚੇਤੇ ਕੀਤਾ ਜਾਂਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦਾ ਪੈੱਨ ਤੱਕ ਨਹੀਂ ਵਰਤਦੇ ਸਨ ਤੇ ਰੇਲ 'ਤੇ ਬੈਠ ਕੇ ਅੰਮ੍ਰਿਤਸਰ ਪੁੱਜ ਜਾਂਦੇ ਸਨ ਤੇ ਰੇਲਵੇ ਸਟੇਸ਼ਨ ਤੋਂ ਆਪਣੇ ਖ਼ਰਚੇ 'ਤੇ ਟਾਂਗੇ ਰਾਹੀਂ ਤੇਜਾ ਸਿੰਘ ਸਮੁੰਦਰੀ ਹਾਲ ਪੁੱਜਦੇ ਸਨ, ਉੱਥੇ ਆਪਣੀ ਸਾਦਗੀ, ਪੰਥਪ੍ਰਸਤੀ ਤੇ ਸਹਿਜ ਕਰਕੇ ਮਸ਼ਹੂਰ ਐਡਵੋਕੇਟ ਧਾਮੀ ਬਾਰੇ ਇਹ ਚਰਚਿਤ ਹੋ ਗਿਆ ਕਿ ਉਹ ਆਉਣ-ਜਾਣ ਲਈ ਸੰਸਥਾ ਦੀ ਗੱਡੀ 'ਚ ਤੇਲ ਪੱਲਿਓਂ ਪਵਾਉਂਦੇ ਹਨ ਤੇ ਆਪਣੇ ਨਾਲ ਸੁਰੱਖਿਆ ਦਾ ਕਾਫ਼ਲਾ ਜਾਂ ਸੇਵਾਦਾਰਾਂ ਦਾ ਤਾਮ-ਝਾਮ ਨਹੀਂ ਰੱਖਦੇ। ਇਨ੍ਹਾਂ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਨੇ ਇਕ ਦਰਜਨ ਦੇ ਕਰੀਬ ਇਤਿਹਾਸਕ ਸ਼ਤਾਬਦੀਆਂ ਸਫ਼ਲਤਾਪੂਰਵਕ ਮਨਾਈਆਂ ਤੇ ਆਉਂਦੇ ਦਿਨਾਂ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਵਰ੍ਹਾ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਐਡਵੋਕੇਟ ਧਾਮੀ ਦੇ ਕਾਰਜਕਾਲ ਦੀਆਂ ਸਫ਼ਲਤਾਵਾਂ 'ਚ ਵੱਡਾ ਗਿਣਨਯੋਗ ਕਾਰਜ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਨੌਜਵਾਨਾਂ ਨੂੰ ਦੇਸ਼ ਦੀਆਂ ਸਿਵਲ ਸੇਵਾਵਾਂ ਦੀ ਪ੍ਰੀਖਿਆ ਦੀ ਤਿਆਰੀ ਕਰਵਾਉਣ ਲਈ ਖੋਲ੍ਹਿਆ ਗਿਆ 'ਨਿਸ਼ਚੈ ਸਿਵਲ ਸੇਵਾਵਾਂ ਸਿਖਲਾਈ ਕੇਂਦਰ' ਹੈ, ਜਿੱਥੇ ਸਿੱਖ ਮੁੰਡੇ-ਕੁੜੀਆਂ ਨੂੰ ਮੁਫ਼ਤ ਵਿਚ ਸਿਵਲ ਸੇਵਾਵਾਂ ਦੀ ਪ੍ਰੀਖਿਆ ਦੀ ਤਿਆਰੀ ਕਰਵਾਈ ਜਾ ਰਹੀ ਹੈ।

ਇਸ ਸਭ ਦੇ ਬਾਵਜੂਦ ਬਾਕਾਇਦਾ ਇਕ ਪ੍ਰਭਾਵੀ ਸਿੱਖ ਪਾਰਲੀਮੈਂਟ ਵਜੋਂ ਕਾਰਜਸ਼ੀਲ ਹੋਣ ਲਈ ਸ਼੍ਰੋਮਣੀ ਕਮੇਟੀ ਨੂੰ ਨਵੇਂ ਪ੍ਰਸੰਗਾਂ 'ਚ ਆਪਣੀ ਭੂਮਿਕਾ ਨੂੰ ਵਧੇਰੇ ਉੱਤਰਦਾਈ ਤੇ ਸਾਰਥਕ ਬਣਾਉਣ ਦੇ ਬਹੁਮੁਖੀ ਉਪਰਾਲਿਆਂ ਤੇ ਸੁਧਾਰਾਂ ਦੀ ਲੋੜ ਹੈ। ਸਭ ਤੋਂ ਜ਼ਰੂਰੀ ਸ਼੍ਰੋਮਣੀ ਕਮੇਟੀ ਦੀਆਂ 5 ਸਾਲ ਬਾਅਦ ਹੋਣ ਵਾਲੀਆਂ ਆਮ ਚੋਣਾਂ ਨੂੰ ਸਮੇਂ ਸਿਰ ਕਰਵਾਉਣਾ ਹੈ। ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਸ਼੍ਰੋਮਣੀ ਕਮੇਟੀ ਵਿਚ ਦਖ਼ਲਅੰਦਾਜ਼ੀ ਕਰਦਿਆਂ ਦੇਰ-ਦੇਰ ਤੱਕ ਚੋਣਾਂ ਨਹੀਂ ਕਰਵਾਉਂਦੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਇਕ ਸਾਲ ਦਾ ਕਾਰਜਕਾਲ ਵੀ ਏਨੀ ਵੱਡੀ ਤੇ ਜ਼ਿੰਮੇਵਾਰ ਸੰਸਥਾ ਨੂੰ ਬਿਹਤਰੀਨ ਤਰੀਕੇ ਨਾਲ ਚਲਾਉਣ ਲਈ ਨਾਕਾਫ਼ੀ ਹੈ। ਅਕਸਰ ਪ੍ਰਧਾਨਗੀ ਅਹੁਦੇ 'ਤੇ ਬੈਠਣ ਵਾਲੇ ਕਿਸੇ ਵੀ ਸ਼ਖ਼ਸ ਤੇ ਉਸ ਦੀ ਕਾਰਜਕਾਰਨੀ ਨੂੰ ਇਸ ਸੰਸਥਾ ਦੇ ਸਰੋਕਾਰਾਂ ਤੇ ਕਾਰਜਪ੍ਰਣਾਲੀ ਨੂੰ ਚੰਗੀ ਤਰ੍ਹਾਂ ਸਮਝਦਿਆਂ 5 -6 ਮਹੀਨੇ ਲੰਘ ਜਾਂਦੇ ਹਨ ਅਤੇ ਬਾਕੀ ਰਹਿੰਦੇ 5-6 ਮਹੀਨਿਆਂ ਵਿਚ ਉਹ ਵਿਸ਼ੇਸ਼ ਪ੍ਰਾਪਤੀਆਂ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸੇਵਾ-ਸੰਭਾਲ ਦੇ ਪ੍ਰਬੰਧਾਂ ਵਿਚ ਵਧੇਰੇ ਸੁਧਾਰ ਤੇ ਧਰਮ ਪ੍ਰਚਾਰ ਲਈ ਸਿੱਟਾਮੁਖੀ ਨਤੀਜੇ ਹਾਸਿਲ ਨਹੀਂ ਕਰ ਸਕੀ। ਜੇਕਰ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਵਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਕਾਰਜਕਾਲ ਇਸ ਦੇ 5 ਸਾਲਾ ਹਾਊਸ ਮੁਤਾਬਕ ਢਾਈ ਸਾਲ ਦਾ ਕਰ ਦਿੱਤਾ ਜਾਵੇ, ਤਾਂ ਕਿਸੇ ਵੀ ਪ੍ਰਧਾਨ ਤੇ ਕਾਰਜਕਾਰਨੀ ਨੂੰ ਜ਼ਿਆਦਾ ਜ਼ਿੰਮੇਵਾਰੀ ਤੇ ਜਵਾਬਦੇਹੀ ਨਾਲ ਕੰਮ ਕਰਨ ਦਾ ਮੌਕਾ ਮਿਲ ਸਕਦਾ ਹੈ।

ਚੁਣੌਤੀਆਂ ਦੀ ਗੱਲ ਕਰੀਏ ਤਾਂ ਵਿਸ਼ਵ-ਵਿਆਪੀ ਸਿੱਖ ਕੌਮ ਸਾਹਮਣੇ ਇਸ ਵੇਲੇ ਬਹੁਤ ਸਾਰੀਆਂ ਬਾਹਰੀ ਤੇ ਅੰਦਰੂਨੀ ਚੁਣੌਤੀਆਂ ਹਨ। ਇਕ ਪਾਸੇ ਸਿੱਖ ਸਮਾਜ ਦੇ ਸਾਹਮਣੇ ਜਾਤ-ਪਾਤ, ਡੇਰਾਵਾਦ, ਧਰਮ ਪਰਿਵਰਤਨ, ਕਰਮ-ਕਾਂਡ, ਪਤਿਤਪੁਣਾ, ਨਸ਼ਾਖੋਰੀ ਆਦਿ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ, ਦੂਜੇ ਪਾਸੇ ਪੰਥਕ ਜਥੇਬੰਦੀਆਂ ਆਪਸੀ ਵਿਚਾਰਧਾਰਕ ਤੇ ਰਾਜਨੀਤਕ ਵਖਰੇਵਿਆਂ ਤੇ ਵਿਵਾਦਾਂ ਵਿਚ ਉਲਝੀਆਂ ਹੋਈਆਂ ਹਨ, ਜਿਸ ਕਾਰਨ ਸਮੁੱਚਾ ਪੰਥ ਵੱਖ-ਵੱਖ ਧੜਿਆਂ ਤੇ ਵਿਚਾਰਾਂ ਵਿਚ ਵੰਡਿਆ ਜਾ ਰਿਹਾ ਹੈ। ਮੌਜੂਦਾ ਸਮੇਂ ਸਿੱਖ ਪੰਥ ਨੂੰ ਦਰਪੇਸ਼ ਇਨ੍ਹਾਂ ਸਾਰੀਆਂ ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਇਨ੍ਹਾਂ ਦੇ ਹੱਲ ਦੀ ਸਭ ਤੋਂ ਵੱਡੀ ਪਰਖ ਦਾ ਸਮਾਂ ਸਮਰੱਥ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਸਾਹਮਣੇ ਹੈ। ਸਿੱਖ ਪੰਥ 'ਚ ਖ਼ਾਨਾ-ਜੰਗੀ ਦਾ ਕਾਰਨ ਬਣ ਰਹੇ ਦਸਮ ਗ੍ਰੰਥ ਵਿਵਾਦ ਦਾ ਸਰਬ ਪ੍ਰਵਾਨਿਤ ਹੱਲ ਕਰਨਾ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਪ੍ਰਤੀ ਪੰਥ 'ਚ ਪੈਦਾ ਹੋਈ ਬੇਵਿਸ਼ਵਾਸੀ ਦੂਰ ਕਰਨਾ ਅਤੇ ਤਖ਼ਤ ਸਾਹਿਬਾਨ ਤੇ ਇਨ੍ਹਾਂ ਦੇ ਜਥੇਦਾਰਾਂ ਪ੍ਰਤੀ ਪੰਥਕ ਸਨਮਾਨ ਬਹਾਲ ਕਰਨਾ, ਜਥੇਦਾਰਾਂ ਦੀ ਨਿਯੁਕਤੀ, ਕਾਰਜਪ੍ਰਣਾਲੀ ਤੇ ਸੇਵਾਮੁਕਤੀ ਸੰਬੰਧੀ ਨਿਯਮਾਵਲੀ ਤਿਆਰ ਕਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਸਰਬ ਪ੍ਰਵਾਨਿਤ ਟੀਕਾ (ਅਰਥ) ਤਿਆਰ ਕਰਨਾ, ਸਿੱਖ ਇਤਿਹਾਸ 'ਚ ਪਏ ਕਥਿਤ ਰਲੇਵੇਂ ਨੂੰ ਦੂਰ ਕਰਨ ਲਈ ਗੁਰਮਤਿ ਜੁਗਤ ਦੀ ਰੌਸ਼ਨੀ 'ਚ ਮੁੜ ਸੋਧ ਕੇ ਇਕ ਸਰਬ ਪ੍ਰਵਾਨਿਤ ਸਿੱਕੇਬੰਦ ਸਿੱਖ ਇਤਿਹਾਸ ਦਾ ਖਰੜਾ ਤਿਆਰ ਕਰਨਾ ਆਦਿ ਸ਼੍ਰੋਮਣੀ ਕਮੇਟੀ ਅੱਗੇ ਗੰਭੀਰ ਤੇ ਅਹਿਮ ਜ਼ਿੰਮੇਵਾਰੀਆਂ ਹਨ, ਜਿਨ੍ਹਾਂ ਨੂੰ ਮੁਖ਼ਾਤਬ ਹੋਏ ਬਿਨਾਂ ਸ਼੍ਰੋਮਣੀ ਕਮੇਟੀ ਆਪਣੇ ਬੁਨਿਆਦੀ ਸਰੋਕਾਰਾਂ ਤੇ ਜ਼ਿੰਮੇਵਾਰੀਆਂ ਦੀ ਪੂਰਤੀ ਨਹੀਂ ਕਰ ਸਕਦੀ।

*********

# ਕੀ ਸੰਘ ਤੇ ਭਾਜਪਾ ਦੇ ਉਭਾਰ ਲਈ ਕਾਂਗਰਸ ਜ਼ਿੰਮੇਵਾਰ ਹੈ?

**ਸੁਚਾ ਸਿੰਘ ਖੱਟੜਾ**



ਡਾ. ਅੰਬੇਡਕਰ ਨੇ ਕਿਹਾ ਸੀ ਕਿ 'ਹਿੰਦੂ ਜੋ ਮਰਜ਼ੀ ਕਹਿਣ ਕੋਈ ਗੱਲ ਨਹੀਂ ਪਰ ਹਿੰਦੂਤਵ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਲਈ ਖ਼ਤਰਾ ਹੈ। ਇਸ ਹਿਸਾਬ ਨਾਲ ਇਹ ਲੋਕ ਰਾਜ ਲਈ ਅਸੰਗਤ ਹਨ, ਹਿੰਦੂ ਰਾਜ ਹਰ ਕੀਮਤ 'ਤੇ ਰੋਕਣਾ ਚਾਹੀਦਾ ਹੈ।' ਇਹ ਸ਼ਬਦ ਡਾ. ਅੰਬੇਡਕਰ ਦੇ ਹਨ, ਜਿਨ੍ਹਾਂ ਨੂੰ ਦੇਸ਼ ਦੇ ਸੰਵਿਧਾਨ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਹਿੰਦੂਤਵ ਬਾਰੇ ਉਨ੍ਹਾਂ ਦੇ ਸ਼ਬਦਾਂ ਨੂੰ ਲੇਖ ਦੇ ਆਰੰਭ ਵਿਚ ਇਸ ਕਰਕੇ ਦਿੱਤਾ ਗਿਆ ਹੈ, ਤਾਂ ਕਿ ਹਿੰਦੂਤਵ ਦੇ ਅਜੋਕੇ ਉਭਾਰ ਲਈ ਹਰ ਜ਼ਿੰਮੇਵਾਰ ਆਪੋ-ਆਪਣੀ ਭੂਮਿਕਾ ਨੂੰ ਬਰਾਬਰ ਰੱਖ ਕੇ ਆਪੋ-ਆਪਣੇ ਰੋਲ ਨੂੰ ਤੋਲ ਸਕੇ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਜਿਸ ਸੰਗਠਨ ਤੇ ਵਿਚਾਰਧਾਰਾ 'ਤੇ ਆਪਣੇ ਹੀ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਨਾ ਲੈਣ ਦਾ ਦੋਸ਼ ਹੋਵੇ, ਜੋ ਅੱਜ ਵੀ ਮਨੂ ਸਿਮ੍ਰਤੀ ਨੂੰ ਸੰਵਿਧਾਨ ਦਾ ਆਧਾਰ ਬਣਾਉਣ ਬਾਰੇ ਸੋਚ ਰਹੀ ਹੋਵੇ, ਜੋ ਸਮਾਜਵਾਦ ਤੇ 'ਸੈਕੂਲਰ' ਸ਼ਬਦਾਂ ਨੂੰ ਸੰਵਿਧਾਨ 'ਚੋਂ ਹਟਾਉਣਾ ਚਾਹੁੰਦੀ ਹੋਵੇ ਅਤੇ ਜਿਸ ਨੇ ਦੇਸ਼ ਦੀ ਆਰਥਿਕਤਾ ਨੂੰ ਰੁਜ਼ਗਾਰ ਵਿਹੂਣੀ ਕਰ ਰੱਖਿਆ ਹੋਵੇ, ਉਹ ਸੰਗਠਨ ਤੇ ਵਿਚਾਰਧਾਰਾ ਭਾਰਤੀਆਂ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਦੇਸ਼ ਦੀ ਸ਼ਾਸਕ ਬਣ ਗਈ ਹੈ। ਇਨ੍ਹਾਂ ਗੱਲਾਂ ਕਰਕੇ ਹੀ ਇਸ ਵਿਸ਼ੇ 'ਤੇ ਵਿਚਾਰ ਕਰਨੀ ਜ਼ਰੂਰੀ ਹੈ।

ਅੱਜ ਹਿੰਦੂਤਵ ਦੀ ਸਿਆਸੀ ਅਲੰਬਰਦਾਰ ਭਾਰਤੀ ਜਨਤਾ ਪਾਰਟੀ ਹੈ, ਜੋ ਜਨਸੰਘ ਦਾ ਮੌਜੂਦਾ ਅਵਤਾਰ ਹੈ ਤੇ ਆਜ਼ਾਦੀ ਤੋਂ ਪਹਿਲਾਂ ਇਹ ਸਿਆਸੀ ਭੂਮਿਕਾ ਹਿੰਦੂ ਮਹਾਂਸਭਾ ਨਿਭਾਉਂਦੀ ਸੀ, ਜੋ ਆਰ.ਐਸ.ਐਸ. ਵਾਲੀ ਵਿਚਾਰਧਾਰਾ ਨੂੰ ਹੀ ਪ੍ਰਨਾਈ ਹੋਈ ਸੀ। ਅਸੀਂ ਅਜੋਕੀਆਂ ਸਥਿਤੀਆਂ ਵਿਚ ਆਰ.ਐੱਸ.ਐੱਸ. (ਸੰਘ) ਤੇ ਭਾਜਪਾ ਨੂੰ ਇਕੋ ਪਲੜੇ ਵਿਚ ਰੱਖਾਂਗੇ। ਜਦੋਂ ਆਰ.ਐਸ.ਐਸ. 1925 ਨੂੰ ਹੋਂਦ 'ਚ ਆਈ ਤਾਂ ਕਾਂਗਰਸ 40 ਵਰ੍ਹਿਆਂ ਦੀ ਹੋ ਚੁੱਕੀ ਸੀ। ਕਾਂਗਰਸ ਤੇ ਇਨਕਲਾਬੀਆਂ ਵਲੋਂ ਲੜੇ ਜਾ ਰਹੇ ਸੰਘਰਸ਼ ਦਾ ਅੰਤਿਮ ਨਿਸ਼ਾਨਾ ਅਤੇ ਭਾਰਤ ਲਈ ਭਵਿੱਖ ਦਾ ਨਕਸ਼ਾ ਅਤੇ ਦੁਸ਼ਮਣ ਤੈਅ ਹੋ ਚੁੱਕੇ ਸਨ। ਇਨ੍ਹਾਂ ਦਾ ਅੰਤਿਮ ਨਿਸ਼ਾਨਾ (ਆਜ਼ਾਦੀ) ਭਾਰਤ ਲਈ ਭਵਿੱਖੀ ਨਕਸ਼ਾ (ਲੋਕਰਾਜ ਤੇ ਸਮਾਜਵਾਦ) ਅਤੇ ਇਸ ਸਭ ਕੁਝ ਦੀ ਪ੍ਰਾਪਤੀ ਦੇ ਰਾਹ ਵਿਚ ਦੁਸ਼ਮਣ (ਅੰਗਰੇਜ਼ੀ ਰਾਜ) ਸੀ, ਜਦਕਿ ਆਰ.ਐੱਸ.ਐੱਸ. ਦੇ ਬਾਨੀ ਹੈਡਗੇਵਾਰ ਦੀ ਰਾਜਨੀਤਕ ਸਮਝ ਅਜੇ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਈ ਸੀ, ਪਰ ਸੰਘ ਉਕਤ 3 ਮੁੱਦਿਆਂ ਦੇ ਵਿਰੁੱਧ ਸੀ। ਪਤਾ ਨਹੀਂ ਕਾਂਗਰਸ ਜਾਂ ਮਹਾਤਮਾ ਗਾਂਧੀ ਨੇ ਆਰ.ਐੱਸ.ਐੱਸ. ਦੇ ਇਸ ਵਿਰੋਧ ਨੂੰ ਲੋਕਾਂ ਵਿਚ ਕਿਉਂ ਨਹੀਂ ਪ੍ਰਚਾਰਿਆ? ਗੋਲਵਾਲਕਰ ਦੀ ਹਿੰਦੂ ਰਾਸ਼ਟਰ 'ਤੇ ਕਿਤਾਬ 'ਅਸੀਂ ਤੇ ਸਾਡੇ ਰਾਸ਼ਟਰ ਦੀ ਵਿਆਖਿਆ' 1939 ਵਿਚ ਛਪ ਕੇ ਬਾਹਰ ਆ ਚੁੱਕੀ ਸੀ। ਇਹ ਕਿਤਾਬ ਉਸ ਹਿੰਦੂ ਰਾਸ਼ਟਰ ਦਾ ਮੁਕੰਮਲ ਨਕਸ਼ਾ ਹੈ, ਜਿਸ 'ਚ ਮਨੂ ਦੀ ਵਿਚਾਰਧਾਰਾ 'ਤੇ ਅਧਾਰਿਤ ਸ਼ਾਸਨ, ਨਿਆਂ ਅਤੇ ਰਾਜ ਦੀ ਬਣਤਰ ਸਪੱਸ਼ਟ ਕੀਤੀ ਗਈ ਸੀ। ਪਰ ਕਾਂਗਰਸ ਉਸ ਸਮੇਂ ਵੀ ਚੁੱਪ ਰਹੀ। ਜਦੋਂ 1935 ਦੇ ਸੰਵਿਧਾਨ ਅਨੁਸਾਰ ਸੂਬਿਆਂ ਦੀਆਂ ਸਰਕਾਰਾਂ ਬਣੀਆਂ ਤਾਂ ਅੰਗਰੇਜ਼ਾਂ ਨੇ ਭਾਰਤੀ ਨੁਮਾਇੰਦਿਆਂ ਨਾਲ ਵਿਚਾਰ ਕੀਤੇ ਬਗੈਰ ਹੀ ਭਾਰਤ ਨੂੰ ਦੂਜੀ ਸੰਸਾਰ ਜੰਗ ਵਿਚ ਧੱਕ ਦਿੱਤਾ। ਕਾਂਗਰਸ ਨੇ ਅੰਗਰੇਜ਼ਾਂ ਦੇ ਇਸ ਫ਼ੈਸਲੇ ਦੇ ਵਿਰੋਧ ਵਿਚ ਆਪਣੀਆਂ 9 ਸੂਬਾ ਸਰਕਾਰਾਂ ਤੋਂ ਅਸਤੀਫ਼ੇ ਦੇ ਦਿੱਤੇ। ਪਰ ਆਪਣੇ ਹਿੰਦੂ ਰਾਸ਼ਟਰ ਵਿਚ ਮੁਸਲਮਾਨਾਂ ਨੂੰ ਆਪਣੇ ਦੁਸ਼ਮਣ ਨੰਬਰ ਇਕ ਤੇ ਉਨ੍ਹਾਂ ਨੂੰ ਦੋਇਮ ਦਰਜੇ ਦੇ ਨਾਗਰਿਕ ਮੰਨਣ ਵਾਲੇ ਗੋਲਵਾਲਕਰ ਦੀ ਉਸ ਸਮੇਂ ਸਿਆਸੀ ਧਿਰ ਮੰਨੀ ਜਾਣ ਵਾਲੀ ਹਿੰਦੂ ਮਹਾਂਸਭਾ' ਮੁਸਲਮਾਨਾਂ ਦੀ ਪਾਰਟੀ 'ਮੁਸਲਿਮ ਲੀਗ' ਨਾਲ ਮਿਲ ਕੇ ਬੰਗਾਲ ਤੇ ਸਿੰਧ ਸੂਬਿਆਂ ਵਿਚ ਸਾਂਝੀਆਂ ਸਰਕਾਰਾਂ ਚਲਾਉਂਦੀ ਰਹੀ ਅਤੇ ਦੂਜੀ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਦੀਆਂ ਇਹ ਧਿਰਾਂ ਹਮਾਇਤ ਵੀ ਕਰਦੀਆਂ ਰਹੀਆਂ। ਕਾਂਗਰਸ ਉਦੋਂ ਵੀ ਹਿੰਦੂ ਮਹਾਂਸਭਾ ਅਤੇ ਸੰਘ ਦੇ ਦੋਗਲੇ ਕਿਰਦਾਰ ਸੰਬੰਧੀ ਭਾਰਤੀਆਂ ਨੂੰ ਸੁਚੇਤ ਨਾ ਕਰ ਸਕੀ।

ਜਦੋਂ ਆਰ ਐੱਸ.ਐੱਸ. ਦੀ ਜ਼ਹਿਰ ਨਾਲ ਭਰਿਆ ਨੱਥੂ ਰਾਮ ਗੋਡਸੇ 1948 'ਚ ਮਹਾਤਮਾ ਗਾਂਧੀ ਦਾ ਕਤਲ ਕਰ ਦਿੰਦਾ ਹੈ ਤਾਂ ਸਰਦਾਰ ਪਟੇਲ ਆਰ.ਐੱਸ.ਐੱਸ. 'ਤੇ ਪਾਬੰਦੀ ਲਗਾ ਦਿੰਦਾ ਹੈ। ਪਰ ਉਸ ਸਮੇਂ ਵੀ ਕਾਂਗਰਸ ਦਾ ਆਰ.ਐੱਸ.ਐੱਸ. ਦੇ ਖ਼ਿਲਾਫ਼ ਤਿੱਖਾ ਵਿਰੋਧ ਵੇਖਣ ਨੂੰ ਨਹੀਂ ਸੀ ਮਿਲਿਆ, ਕਾਂਗਰਸ ਸਹਿਜੇ ਹੀ ਸੰਘ ਖ਼ਿਲਾਫ਼ ਲੋਕ ਮਨਾਂ ਵਿਚ ਅਜਿਹੀ ਧਾਰਨਾ ਪੈਦਾ ਕਰ ਸਕਦੀ ਸੀ ਕਿ ਉਹ ਪਾਬੰਦੀ ਹਟਣ ਬਾਅਦ ਵੀ ਲੋਕ ਮਨਾਂ 'ਚ ਪਾਬੰਦੀਸ਼ੁਦਾ ਹੀ ਰਹਿੰਦੀ। ਭਾਵੇਂ ਆਜ਼ਾਦੀ ਉਪਰੰਤ ਕਾਂਗਰਸ 5 ਸਾਲਾ ਯੋਜਨਾਵਾਂ ਰਾਹੀ ਦੇਸ਼ ਦੇ ਨਿਰਮਾਣ ਵਿਚ ਜੁਟ ਗਈ, ਪਰ ਉਹ ਸੰਘ ਦੇ ਵਿਚਾਰਧਾਰਕ ਵਿਰੋਧ ਸੰਬੰਧੀ ਮੌਕਾਪ੍ਰਸਤੀ ਹੀ ਦਿਖਾਉਂਦੀ ਰਹੀ। ਇੰਦਰਾ ਗਾਂਧੀ ਨੇ ਤਾਂ ਸਾਵਰਕਰ ਦੀ ਮੂਰਤੀ ਵੀ ਸੰਸਦ 'ਚ ਲਗਵਾ ਦਿੱਤੀ ਸੀ। ਦਰਅਸਲ ਸਾਵਰਕਰ ਦੀ ਮੂਰਤੀ ਦੀ ਸਥਾਪਨਾ ਕਾਂਗਰਸ ਦੀ ਹਿੰਦੂਤਵ ਦੇ ਮੁੱਦੇ 'ਤੇ ਦੋਹਰੀ ਨੀਤੀ ਦਾ ਪ੍ਰਗਟਾਵਾ ਕਰਦੀ ਹੈ। ਰਾਹੁਲ ਗਾਂਧੀ ਨੂੰ ਵੀ ਇਸ ਨੂੰ ਸਮਝਣਾ ਪਵੇਗਾ।

ਹਿੰਦੂਤਵ ਦੇ ਵਿਕਾਸ ਤੇ ਆਰ. ਐੱਸ. ਐੱਸ. ਦੇ ਵਿਸਥਾਰ ਵਿਚ ਸਭ ਤੋਂ ਵੱਡਾ ਯੋਗਦਾਨ ਭਾਜਪਾ ਦੀਆਂ ਸੂਬਾ ਸਰਕਾਰਾਂ ਤੇ ਕੇਂਦਰ 'ਚ ਭਾਜਪਾ ਦੀਆਂ ਸਰਕਾਰਾਂ ਨੇ ਪਾਇਆ। ਭਾਜਪਾ ਵਲੋਂ ਕਾਂਗਰਸ ਦੀਆਂ ਆਰਥਿਕ ਨੀਤੀਆਂ ਅਮਲ ਕਰਨ ਬਾਰੇ ਕਾਂਗਰਸ ਦੀ ਚੁੱਪੀ ਹੀ ਭਾਜਪਾ ਦੇ ਵਿਕਾਸ ਵਿਚ ਮਦਦਗਾਰ ਸਾਬਤ ਹੋਈ ਹੈ। ਹੁਣ ਕਾਂਗਰਸ ਦੇ ਗਠਨ ਤੋਂ 140 ਸਾਲ ਬਾਅਦ ਰਾਹੁਲ ਗਾਂਧੀ ਭਾਜਪਾ ਤੇ ਸੰਘ ਦੇ ਆਰਥਿਕ ਤੇ ਸਮਾਜਿਕ-ਸੱਭਿਆਚਾਰਕ-ਰਾਜਨੀਤਕ ਫਰੰਟਾਂ 'ਤੇ ਬੇਬਾਕੀ ਨਾਲ ਬੋਲ ਰਿਹਾ ਹੈ। ਕਾਂਗਰਸ ਦੀ ਵਿਚਾਰਧਾਰਕ ਕਚਿਆਈ ਰਾਹੁਲ ਗਾਂਧੀ ਦੀ ਅਸੁਰੱਖਿਆ ਨੂੰ ਵਧਾਉਂਦੀ ਹੈ।

**ਹਿੰਦੂਤਵ ਦੇ ਵਿਕਾਸ ਤੇ ਆਰ. ਐੱਸ. ਐੱਸ. ਦੇ ਵਿਸਥਾਰ ਵਿਚ ਸਭ ਤੋਂ ਵੱਡਾ ਯੋਗਦਾਨ ਭਾਜਪਾ ਦੀਆਂ ਸੂਬਾ ਸਰਕਾਰਾਂ ਤੇ ਕੇਂਦਰ 'ਚ ਭਾਜਪਾ ਦੀਆਂ ਸਰਕਾਰਾਂ ਨੇ ਪਾਇਆ। ਭਾਜਪਾ ਵਲੋਂ ਕਾਂਗਰਸ ਦੀਆਂ ਆਰਥਿਕ ਨੀਤੀਆਂ ਅਮਲ ਕਰਨ ਬਾਰੇ ਕਾਂਗਰਸ ਦੀ ਚੁੱਪੀ ਹੀ ਭਾਜਪਾ ਦੇ ਵਿਕਾਸ ਵਿਚ ਮਦਦਗਾਰ ਸਾਬਤ ਹੋਈ ਹੈ। ਹੁਣ ਕਾਂਗਰਸ ਦੇ ਗਠਨ ਤੋਂ 140 ਸਾਲ ਬਾਅਦ ਰਾਹੁਲ ਗਾਂਧੀ ਭਾਜਪਾ ਤੇ ਸੰਘ ਦੇ ਆਰਥਿਕ ਤੇ ਸਮਾਜਿਕ-ਸੱਭਿਆਚਾਰਕ-ਰਾਜਨੀਤਕ ਫਰੰਟਾਂ 'ਤੇ ਬੇਬਾਕੀ ਨਾਲ ਬੋਲ ਰਿਹਾ ਹੈ। ਕਾਂਗਰਸ ਦੀ ਵਿਚਾਰਧਾਰਕ ਕਚਿਆਈ ਰਾਹੁਲ ਗਾਂਧੀ ਦੀ ਅਸੁਰੱਖਿਆ ਨੂੰ ਵਧਾਉਂਦੀ ਹੈ।**

ਪੰਜਾਬ ਦੀ ਧਰਤੀ ਤਾਂ ਪਹਿਲਾਂ ਤੋਂ ਆਰ.ਐੱਸ.ਐੱਸ. ਦੀ ਵਿਚਾਰਧਾਰਾ ਭਾਵ ਹਿੰਦੂਤਵ ਦੇ ਵਿਰੋਧ ਵਿਚ ਹੈ। ਇੱਥੋਂ ਦਾ ਸੱਭਿਆਚਾਰ ਗੁਰੂਆਂ ਦੀ ਮਾਨਵਵਾਦੀ ਸੋਚ 'ਤੇ ਆਧਾਰਿਤ ਸਮਾਜਵਾਦ ਪੱਖੀ ਤੇ ਮਨੂਵਾਦ ਵਿਰੋਧੀ ਹੈ। ਗ਼ਦਰੀਆਂ, ਇਨਕਲਾਬੀਆਂ ਨੇ ਵੀ ਇਨ੍ਹਾਂ ਹੀ ਕਦਰਾਂ-ਕੀਮਤਾਂ 'ਤੇ ਚੱਲਦਿਆਂ ਦੇਸ਼ ਦੀ ਆਜ਼ਾਦੀ ਲਈ ਫਾਂਸੀਆਂ ਕਬੂਲੀਆਂ। ਨਫ਼ਰਤ ਨਾਲ ਲਬਰੇਜ਼ ਸੰਘ ਆਜ਼ਾਦੀ ਦੇ ਪ੍ਰਵਾਨਿਆ ਨੂੰ ਗੁੰਮਰਾਹ ਹੋਏ ਦੱਸਦਾ ਰਿਹਾ, ਅਜਿਹੇ 'ਚ ਭਾਜਪਾ ਨਾਲ ਅਕਾਲੀ ਦਲ ਦੀ ਸਾਂਝ ਸਿਧਾਂਤਕ ਤੌਰ 'ਤੇ ਸਹੀ ਨਹੀਂ ਸੀ। ਭਾਜਪਾ ਅਤੇ ਆਰ. ਐੱਸ. ਐੱਸ. ਦੇ ਵਿਸਥਾਰ ਵਿਚ ਦੇਸ਼ ਦੀਆਂ ਸਿਆਸੀ ਪਾਰਟੀਆਂ ਤੋਂ ਇਲਾਵਾ ਦੇਸ਼ ਦੇ ਧਨ ਕੁਬੇਰਾਂ ਅਤੇ ਦੇਸ਼ ਦੇ ਮੀਡੀਏ ਦੇ ਇਕ ਹਿੱਸੇ ਦਾ ਵੀ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਈ.ਡੀ. ਅਤੇ ਆਮਦਨ ਟੈਕਸ (ਆਈ.ਟੀ.) ਜਿਹੀਆਂ ਕੇਂਦਰੀ ਏਜੰਸੀਆਂ ਦਾ ਡਰ ਵੱਖਰਾ ਹੈ। ਕੇਂਦਰੀ ਏਜੰਸੀਆਂ ਦੇ ਨਾਲ ਹੀ ਭਾਰਤ ਦਾ ਚੋਣ ਕਮਿਸ਼ਨ ਅਤੇ ਦੇਸ਼ ਦੀ ਆਲ੍ਹਾ ਅਫ਼ਸਰਸ਼ਾਹੀ ਤੇ ਪੁਲਿਸ ਦੀ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਸਭ ਤੋਂ ਬਾਅਦ ਭਾਜਪਾ ਦੇ ਵਿਕਾਸ ਵਿਚ ਦੇਸ਼ ਦੇ ਲੋਕਾਂ ਦੇ ਯੋਗਦਾਨ ਦੀ ਗੱਲ ਵੀ ਕਰਨੀ ਬਣਦੀ ਹੈ। ਲੋਕਾਂ ਦੀ ਸਿਆਸੀ ਚੇਤਨਾ ਦਾ ਨੀਵਾਂ ਪੱਧਰ, ਆਰਥਿਕ ਨੀਤੀਆਂ ਤੋਂ ਅਨਜਾਣਪੁਣਾ, ਧਾਰਮਿਕ ਜਨੂੰਨ, ਆਰ. ਐੱਸ. ਐੱਸ. ਤੇ ਭਾਜਪਾ ਦੇ ਪਸਾਰ ਲਈ ਕਾਰਗਰ ਸਾਬਤ ਹੋਏ ਹਨ। ਇਸ ਸਭ ਤੋਂ ਉੱਪਰ ਵੋਟ ਨੂੰ ਰਿਓੜੀਆਂ ਦੇ ਭਾਅ ਵੇਚਣ ਦਾ ਵਰਤਾਰਾ ਭਾਜਪਾ ਅਤੇ ਆਰ.ਐੱਸ.ਐੱਸ. ਦੇ ਵਿਸਥਾਰ ਵਿਚ ਆਪਣਾ ਵੱਖਰਾ ਯੋਗਦਾਨ ਪਾ ਰਿਹਾ ਹੈ। ਜਿਹੜੀਆਂ ਸਿਆਸੀ ਧਿਰਾਂ ਬੁੱਧੀਜੀਵੀ ਤੇ ਪੱਤਰਕਾਰ ਹਿੰਦੂਤਵ ਦੀ ਵਿਚਾਰਧਾਰਾ ਨੂੰ ਦੇਸ਼ ਲਈ ਹਾਨੀਕਾਰਕ ਮੰਨਦੇ ਹਨ, ਉਨ੍ਹਾਂ ਨੂੰ ਇਸ ਸੰਦਰਭ ਵਿਚ ਆਪਣੇ ਰੋਲ ਬਾਰੇ ਸੁਚੇਤ ਹੋਣ ਦੀ ਲੋੜ ਹੈ।

# ਬਿਹਾਰ ਹਾਰ ਨੇ ਕਾਂਗਰਸ ਨੂੰ ਫੁੱਟ ਵਾਲੇ ਰਾਹ ਵਲ ਧੱਕਿਆ

- ✪ ਮੋਦੀ ਦਾ 'ਐੱਮਐੱਮਸੀ' ਵਾਲਾ ਵੱਡਾ ਹਮਲਾ, ਕਾਂਗਰਸ ਨੂੰ ਫੁੱਟ ਵੱਲ ਧੱਕਣ ਵਾਲੀ ਤਿੱਖੀ ਟਿੱਪਣੀ
- ✪ ਬਾਗ਼ੀ ਐੱਮਪੀਆਂ ਦੀ ਭੀੜ ਵਧੀ, ਥਰੂਰ ਤੋਂ ਚਿਦੰਬਰਮ ਤੱਕ, ਜੀ-23 ਨੇ ਰਾਹੁਲ ਨੂੰ ਘੇਰਿਆ
- ✪ 'ਸਾਮ-ਦਾਮ-ਦੰਡ-ਭੇਦ' ਨਾਲ ਭਾਜਪਾ ਦੀ ਚਾਲ: ਈਡੀ-ਸੀਬੀਆਈ ਨਾਲ ਕਾਂਗਰਸ ਨੂੰ ਤੋੜਨ ਦੀ ਯੋਜਨਾ?

**ਖਾਸ ਖਬਰ**

ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਅਣਕਿਆਸੀ ਹਾਰ ਨੇ ਕਾਂਗਰਸ ਪਾਰਟੀ ਨੂੰ ਇੱਕ ਵੱਡੇ ਸੰਕਟ ਵਿੱਚ ਧੱਕ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨੈਸ਼ਨਲ ਡੈਮੋਕਰੇਟਿਕ ਅਲਾਇੰਸ (ਐੱਨਡੀਏ) ਦੀ ਭਾਰੀ ਜਿੱਤ ਤੋਂ ਬਾਅਦ ਕੀਤੀ ਗਈ ਤਿੱਖੀ ਟਿੱਪਣੀ ਨੇ ਰਾਜਨੀਤਿਕ ਹਲਕਿਆਂ ਵਿੱਚ ਭੂਚਾਲ ਪੈਦਾ ਕਰ ਦਿੱਤਾ ਹੈ। ਪੀਐੱਮ ਮੋਦੀ ਨੇ 'ਐੱਕਸ' (ਪਹਿਲਾਂ ਟਵਿੱਟਰ) ਤੇ ਪੋਸਟ ਕਰਕੇ ਕਾਂਗਰਸ ਨੂੰ 'ਮੁਸਲਿਮ ਲੀਗੀ-ਮਾਓਵਾਦੀ ਕਾਂਗਰਸ' ਯਾਨੀ 'ਐੱਮਐੱਮਸੀ' ਕਹਿ ਕੇ ਨਿਸ਼ਾਨਾ ਬਣਾਇਆ। ਇਸ ਨਾਲ ਨਾ ਸਿਰਫ ਪਾਰਟੀ ਅੰਦਰ ਗੁੱਸਾ ਭੜਕਿਆ ਹੈ, ਸਗੋਂ ਵਿਸ਼ਲੇਸ਼ਕਾਂ ਵਿੱਚ ਕਾਂਗਰਸ ਵਿੱਚ ਵੱਡੀ ਫੁੱਟ ਦੀ ਸੰਭਾਵਨਾ ਵੀ ਉਭਰ ਕੇ ਸਾਹਮਣੇ ਆ ਰਹੀ ਹੈ - ਠੀਕ ਉਸੇ ਤਰ੍ਹਾਂ ਜਿਵੇਂ ਪਹਿਲਾਂ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਅਤੇ ਰਾਸ਼ਟਰੀਆਂ ਵਯਕਤੀਕ ਰਾਜਨੀਤਿਕ ਪਾਰਟੀ (ਐੱਨਸੀਪੀ) ਵਿੱਚ ਵੰਡ ਹੋਈ ਸੀ।

ਸਿਆਸੀ ਮਾਹਿਰਾਂ ਅਨੁਸਾਰ ਬਿਹਾਰ ਚੋਣਾਂ ਵਿੱਚ ਕਾਂਗਰਸ ਨੂੰ ਸਿਰਫ਼ 6 ਸੀਟਾਂ ਮਿਲਣ ਨਾਲ ਪਾਰਟੀ ਦੇ ਅੰਦਰੂਨੀ ਖਿਚੋਤਾਣ ਵਧ ਗਈ ਹੈ। ਇੰਡੀਆ ਗਠਜੋੜ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਵਿਰੋਧੀ ਧਿਰ ਨੂੰ ਭਾਰੀ ਝਟਕਾ ਲੱਗਾ ਹੈ। ਰਾਜਨੀਤੀ ਦੇ ਮਾਹਿਰਾਂ ਅਨੁਸਾਰ, ਭਾਜਪਾ ਹੁਣ 'ਸਾਮ, ਦਾਮ, ਦੰਡ, ਭੇਦ' ਦੀ ਉਹ ਪੁਰਾਣੀ ਨੀਤੀ ਅਪਣਾਏਗੀ, ਜਿਸ ਨਾਲ ਕਾਂਗਰਸ ਦੇ ਅਸੰਤੁਸ਼ਟ ਸੰਸਦ ਮੈਂਬਰਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਪਾਰਟੀ ਵਿੱਚ ਡੇਢ



ਦਰਜਨ ਤੋਂ ਵੱਧ ਅਜਿਹੇ ਐੱਮਪੀ ਹਨ ਜੋ 'ਆਪ੍ਰੇਸ਼ਨ ਸੰਧੂਰ' (ਪਾਰਟੀ ਵਿਰੋਧੀ ਗਤੀਵਿਧੀਆਂ ਵਿਰੁੱਧ ਚਲਾਈ ਗਈ ਮੁਹਿੰਮ) ਦੌਰਾਨ ਪਾਰਟੀ ਲਾਈਨ ਤੋਂ ਹਟ ਕੇ ਪੀਐੱਮ ਮੋਦੀ ਸਰਕਾਰ ਦੀ ਤਾਰੀਫ਼ ਕਰ ਚੁੱਕੇ ਹਨ। ਇਨ੍ਹਾਂ ਵਿੱਚ ਸਸ਼ਸ਼ੀ ਥਰੂਰ, ਮਨੀਸ਼ ਤਿਵਾੜੀ, ਸਲਮਾਨ ਖੁਰਸ਼ੀਦ ਅਤੇ ਜੀ-23 ਗਰੁੱਪ ਦੇ ਨੇਤਾ ਵੀ ਸ਼ਾਮਲ ਹਨ। ਚਰਚਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਐੱਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਤੇ ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ (ਸੀਬੀਆਈ) ਵਰਗੀਆਂ ਏਜੰਸੀਆਂ ਦੀਆਂ ਕਾਰਵਾਈਆਂ ਵਧਣਗੀਆਂ, ਜੋ ਇਨ੍ਹਾਂ ਨੇਤਾਵਾਂ ਉੱਤੇ ਪਹਿਲਾਂ ਤੋਂ ਲੱਗੇ ਕਥਿਤ ਦੋਸ਼ਾਂ ਨੂੰ ਹਥਿਆਰ ਬਣਾ ਕੇ ਕਾਂਗਰਸ ਦੀ ਭੰਨ ਤੋੜ ਨੂੰ ਤੇਜ਼ ਕਰ ਸਕਦੀਆਂ ਹਨ।

ਪੀਐੱਮ ਮੋਦੀ ਦੇ ਬਿਆਨ ਨੂੰ ਕਾਂਗਰਸ ਨੇ ਤੁਰੰਤ ਰੱਦ ਕਰ ਦਿੱਤਾ ਅਤੇ ਇਸ ਨੂੰ 'ਸਾਜ਼ਿਸ਼' ਕਰਾਰ ਦਿੱਤਾ। ਪਾਰਟੀ ਦੇ ਮੀਡੀਆ ਵਿੰਗ ਨੇ ਇਸ ਨੂੰ ਲੋਕਤੰਤਰ ਵਿਰੋਧੀ ਕਾਰਵਾਈ ਦੱਸਿਆ, ਪਰ ਅੰਦਰੂਨੀ ਤੌਰ ਤੇ ਕਾਂਗਰਸ ਹਾਈਕਮਾਂਡ ਵਿਚ ਚਿੰਤਾ ਵਧ ਰਹੀ ਹੈ। ਇਸ ਦੌਰਾਨ, ਪ੍ਰਮੁੱਖ ਕਾਂਗਰਸੀ ਨੇਤਾ ਅਤੇ ਸਾਬਕਾ ਕੇਂਦਰੀ ਗ੍ਰਹਿ-ਵਿੱਤ ਮੰਤਰੀ ਪੀ. ਚਿਦੰਬਰਮ ਨੇ 'ਇੰਡੀਅਨ ਐਕਸਪ੍ਰੈੱਸ' ਵਿੱਚ ਲਿਖੇ ਆਪਣੇ ਲੇਖ 'ਵੋਟਿੰਗ ਇਜ਼ ਨਾਟ ਦਿ ਐਂਡ ਆਫ਼ ਰਿਸਪਾਂਸੀਬਿਲਟੀਜ਼' ਵਿੱਚ ਰਾਹੁਲ ਗਾਂਧੀ ਦਾ ਨਾਂਅ ਲੈਣ ਬਿਨਾਂ ਤਿੱਖਾ ਹਮਲਾ ਕੀਤਾ। ਉਨ੍ਹਾਂ ਨੇ ਲਿਖਿਆ ਕਿ ਚੋਣਾਂ ਵਿੱਚ ਵਿਰੋਧੀ ਪਾਰਟੀਆਂ (ਇੰਡੀਆ ਗਠਜੋੜ) ਲੋਕਾਂ ਨੂੰ ਬਦਲਾਅ ਦੀ ਇੱਛਾ ਜਗਾਉਣ ਅਤੇ ਸਪੱਸ਼ਟ ਦਿਸ਼ਾ ਦੇਣ ਵਿੱਚ ਅਸਫਲ ਰਹੀਆਂ ਹਨ। ਜਿੱਤ ਲਈ ਜ਼ਮੀਨੀ ਪੱਧਰ ਤੇ ਮਜ਼ਬੂਤ ਸੰਗਠਨ ਜ਼ਰੂਰੀ ਹੈ, ਨਾ ਕਿ ਸਿਰਫ਼ ਨਾਅਰੇ। ਚਿਦੰਬਰਮ ਨੇ ਚੋਣ ਕਮਿਸ਼ਨ ਉੱਤੇ ਵੀ ਧਾਂਦਲੀ ਦੇ ਦੋਸ਼ ਲਗਾਏ - ਵੋਟਰ ਲਿਸਟ ਵਿੱਚ ਅਨਿਆਂ ਅਤੇ ਨਕਦੀ ਵੰਡ ਦੇ ਆਰੋਪ ਲਗਾਏ। ਚਿਦੰਬਰਮ ਦਾ ਇਹ ਲੇਖ ਰਾਹੁਲ ਗਾਂਧੀ ਦੀ ਅਗਵਾਈ ਨੂੰ ਘੇਰਨ ਵਾਲਾ ਸੰਕੇਤ ਮੰਨਿਆ ਜਾ ਰਿਹਾ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਅਨੁਸਾਰ, ਇਹ ਫੁੱਟ ਜੀ-23 ਗਰੁੱਪ ਜਾਂ ਥਰੂਰ ਵਰਗੇ ਨੇਤਾਵਾਂ ਵੱਲੋਂ ਵੀ ਪਾਈ ਸਕਦੀ ਹੈ। ਬਾਗ਼ੀ ਧੜੇ ਦੀ ਅਗਵਾਈ ਸ਼ਸ਼ੀ ਥਰੂਰ ਕਰ ਸਕਦੇ ਹਨ , ਜਿਨ੍ਹਾਂ ਨੂੰ ਭਾਜਪਾ ਦਾ ਖੁੱਲ੍ਹਾ ਸਮਰਥਨ ਮਿਲ ਸਕਦਾ ਹੈ।

ਪੰਜਾਬ ਟਾਈਮਜ ਅਨੁਸਾਰ ਰਾਹੁਲ ਗਾਂਧੀ ਦੀ ਅਗਵਾਈ ਫੇਲ ਰਹੀ ਹੈ ਜੋ ਲੋਕਾਂ ਨੂੰ ਜੋੜਨ ਵਿੱਚ ਅਸਫਲ ਰਹੀ। ਇਸ ਨਾਲ ਇੰਡੀਆ ਗਠਜੋੜ ਵਿੱਚ ਵੀ ਤਣਾਅ ਵਧ ਰਿਹਾ ਹੈ। ਰਾਸ਼ਟਰੀ ਜਨਤਾ ਦਲ (ਆਰਜੇਡੀ) ਵਿੱਚ ਵੀ ਫੁੱਟ ਦੇ ਸੰਕੇਤ ਨਜ਼ਰ ਆ ਰਹੇ ਹਨ - ਤੇਜਸਵੀ ਯਾਦਵ ਦੀ ਭੈਣ ਰੋਹਿਣੀ ਆਚਾਰਿਆ ਨੇ ਰਾਜਨੀਤੀ ਛੱਡਣ ਦਾ ਐਲਾਨ ਕਰਕੇ ਇਸ ਨੂੰ ਹਵਾ ਦਿੱਤੀ ਹੈ।

ਵੰਡ ਦੇ ਮਾਮਲੇ ਵਿੱਚ ਚੋਣ ਚਿੰਨ੍ਹ ਅਤੇ ਦਫਤਰ ਲੈਣ ਵਾਲੇ ਬਾਗ਼ੀ ਧੜੇ ਨੂੰ ਭਾਜਪਾ ਦਾ ਪੂਰਾ ਸਮਰਥਨ ਮਿਲਣ ਦੀ ਸੰਭਾਵਨਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਕਾਂਗਰਸ ਵਿੱਚ ਵੀ ਚੋਣ ਕਮਿਸ਼ਨ ਤੋਂ 'ਅਸਲੀ ਪਾਰਟੀ' ਦਾ ਸਰਟੀਫਿਕੇਟ ਬਾਗੀਆਂ ਨੂੰ ਆਸਾਨੀ ਨਾਲ ਮਿਲ ਸਕਦਾ ਹੈ। ਇਹ ਸਿਆਸੀ ਸੰਕਟ ਕਾਂਗਰਸ ਨੂੰ ਸਿਆਸੀ ਬੇਚੈਨੀ ਵੱਲ ਧੱਕ ਰਿਹਾ ਹੈ, ਜਿੱਥੇ ਰਾਹੁਲ ਗਾਂਧੀ ਨੂੰ ਆਪਣੀ ਅਗਵਾਈ ਸਾਬਤ ਕਰਨੀ ਪਵੇਗੀ। ਕੀ ਇਹ ਫੁੱਟ ਪਾਰਟੀ ਨੂੰ ਖਤਮ ਕਰ ਦੇਵੇਗੀ ਜਾਂ ਨਵੀਂ ਤਾਕਤ ਦੇਵੇਗੀ? ਆਉਣ ਵਾਲੇ ਦਿਨਾਂ ਵਿੱਚ ਸਪੱਸ਼ਟ ਹੋਵੇਗਾ।

# 'ਆਪ' ਪਾਰਟੀ ਤੇ ਬਾਦਲ ਦਲ ਤੇ ਬਾਕੀ ਸਿਆਸੀ ਧਿਰਾਂ ਦੀ ਭਵਿੱਖ ਦੀ ਰਾਜਨੀਤੀ ਬਾਰੇ ਅਹਿਮ ਸੁਆਲ?

ਤਰਨਤਾਰਨ ਇਲੈਕਸ਼ਨ ਵਿੱਚ ਕਿਸ ਦੀ ਜਿੱਤ ਹੋਈ ਕਿਸਦੀ ਹਾਰ ਸਾਰੀਆਂ ਪਾਰਟੀਆਂ ਸਵੈ ਪੜਚੋਲ ਕਰਨ ਆਮ ਆਦਮੀ ਪਾਰਟੀ ਲਈ ਸਵਾਲ ਖੜਾ ਹੈ ਕੇ 2027 ਵਿੱਚ 117 ਹਰਮੀਤ ਸਿੰਘ ਸੰਧੂ ਕਿੱਥੋਂ ਲਿਆਓਗੇ?? ਜਿਸਦੀ ਪਿੱਠ ਪਿੱਛੇ ਤੁਹਾਡੀਆਂ ਨਾਕਾਮੀਆਂ ਲੁਕ ਸਕੇ। ਸੁਖਬੀਰ ਸਿੰਘ ਬਾਦਲ 117 ਬਾਠ ਕਿੱਥੋਂ ਲਿਆਵੇਗਾ ਜਿਸ ਕੋਲ 41 ਸਰਪੰਚ ਤੇ ਦਰਜਨ ਦੇ ਕਰੀਬ ਐਮਸੀ ਹੋਣ 2027 ਵਿੱਚ ਲੋਕਾਂ ਨੇ ਤੁਹਾਡੀਆਂ ਪੰਜਾਬ ਲਈ ਨੀਤੀਆਂ ਦੇਖਣੀਆਂ ਬਾਕੀ ਨਵੀਆਂ ਪੰਥਕ ਧਿਰਾਂ ਨੂੰ ਵੀ ਇੱਕ ਲੋਕ ਨਾਇਕ ਚੇਹਰਾ ਦੇਣਾ ਪੈਣਾ ਜਿਸ ਦੀ ਇਮਾਨਦਾਰੀ ਤੇ ਮਿਹਨਤ ਤੇ ਵਿਜਨ ਤੋਂ ਲੋਕ ਜਾਣੂ ਹੋਣ।

2017 ਵਿੱਚ ਆਮ ਆਦਮੀ ਪਾਰਟੀ ਦੀ ਹਵਾ 100 ਸੀਟਾਂ ਵਾਲੀ ਸੀ ਪਰ ਕੋਈ ਚੇਹਰਾ ਨਹੀਂ ਦਿੱਤਾ ਗਿਆ ਤੇ ਪਾਰਟੀ 20 ਸੀਟਾਂ ਤੇ ਹੀ ਰਹਿ ਗਈ ਸੀ ਬਾਕੀ ਕਾਂਗਰਸ ਦਾ ਪੰਜਾਬ ਵਿਚ ਕੰਮ ਔਖਾ ਹੋ ਗਿਆ, ਕਿਉਂਕਿ ਕਾਂਗਰਸ ਦੀ ਰਿਪਲੇਸਮੈਂਟ ਆਮ ਆਦਮੀ ਪਾਰਟੀ ਕਰ ਗਈ ਹੈ।

ਕਾਂਗਰਸ ਜਿਨ੍ਹਾਂ ਚਿਰ ਆਪਣੀ ਲੀਡਰਸ਼ਿਪ ਤਬਦੀਲ ਨਹੀਂ ਕਰਦੀ ਉਨਾ ਚਿਰ ਉਹ ਪੰਜਾਬ ਦੀ ਸਿਆਸਤ ਵਿਚ ਸਫਲ ਨਹੀਂ ਹੋ ਸਕਦੀ। ਪ੍ਰਗਟ ਸਿੰਘ, ਚਰਨਜੀਤ ਸਿੰਘ ਚੰਨੀ ਨੂੰ ਅਗੇ ਲਿਆਉਣ ਦੀ ਲੋੜ ਹੈ। ਹਾਈਕਮਾਂਡ ਵੀ ਅਜੇ ਤਕ ਪੰਜਾਬ ਦੇ ਏਜੰਡਾ ਬਾਰੇ ਧਿਆਨ ਨਹੀਂ ਦੇ ਸਕੀ। ਪੰਜਾਬ ਬਾਰੇ ਉਸਨੇ ਅੱਖਾਂ ਮੀਟੀਆਂ ਹੋਈਆਂ ਹਨ। ਰਾਜਾ ਵੜਿੰਗ ਦਾ ਫਿਨਾਮਨਾ ਪੰਜਾਬ ਵਿਚ ਕਦੇ ਕਾਮਯਾਬ ਨਹੀਂ ਹੋਵੇਗਾ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਕਾਂਗਰਸ ਦੀ ਹਾਰ ਦੇ ਮੁੱਖ ਕਾਰਨ ਵਜੋਂ ਮੰਨਿਆ ਜਾ ਰਿਹਾ ਹੈ। ਇਸ ਦਾ ਕਾਰਨ ਹੈ ਰਾਜਾ ਵੜਿੰਗ ਦਾ ਬੜਬੋਲਾ ਸੁਭਾਅ। ਤਰਨਤਾਰਨ 'ਚ ਚੋਣ ਪ੍ਰਚਾਰ ਦੌਰਾਨ ਰਾਜਾ ਵੜਿੰਗ ਦੀ ਬਿਆਨਬਾਜ਼ੀ ਨੇ ਪਾਰਟੀ ਲਈ ਸਮੱਸਿਆ ਖੜ੍ਹੀ ਕੀਤੀ। ਉਨ੍ਹਾਂ ਨੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸਵ. ਬੂਟਾ ਸਿੰਘ 'ਤੇ ਇਤਰਾਜ਼ਯੋਗ ਟਿੱਪਣੀ ਕੀਤੀ ਅਤੇ ਇਸ ਤੋਂ ਇਲਾਵਾ 2 ਸਿੱਖ ਬੱਚਿਆਂ ਦੇ ਜੂੜਿਆਂ ਨਾਲ ਛੇੜਖਾਨੀ ਕਰਕੇ ਵਿਅੰਗ ਕੱਸਿਆ, ਜਿਸ ਤੋਂ ਬਾਅਦ ਲੋਕਾਂ ਨੂੰ ਇਸ ਗੱਲ ਚੰਗੀ ਨਹੀਂ ਲੱਗੀ, ਜਿਸ ਦਾ ਨਤੀਜਾ ਇਸ ਚੋਣ ਦੌਰਾਨ ਪਾਰਟੀ ਨੂੰ ਭੁਗਤਣਾ ਪਿਆ।

ਸਿਆਸੀ ਮਾਹਿਰ ਇਕਬਾਲ ਸਿੰਘ ਮੋਹਾਲੀ ਦਾ ਕਹਿਣਾ ਹੈ ਕਿ 2022 ਵਿੱਚ ਆਮ ਆਦਮੀ ਪਾਰਟੀ ਪੰਥਕ ਵੋਟ ਦੇ ਸਿਰ ਤੇ ਸਰਕਾਰ ਬਣਾ ਗਈ ਸੀ ਹੁਣ ਪੰਥਕ ਵੋਟ ਵਾਪਿਸ ਹੋ ਚੁੱਕੀ ਹੈ ਜੋ ਥੋੜੀ ਬਹੁਤ ਬਚੀ ਹੈ ਉਹ 2027 ਵਿੱਚ ਵਾਪਿਸ ਹੋ ਜਾਵੇਗੀ। ਤਰਨਤਾਰਨ ਇਲੈਕਸ਼ਨ ਵਿੱਚ ਆਮ ਆਦਮੀ ਪਾਰਟੀ ਨੇ ਵੱਡਾ ਖੋਰਾ ਕਾਂਗਰਸ ਨੂੰ ਲਗਾਇਆ ਇਸ ਕਰਕੇ ਕਾਂਗਰਸ ਦੀ ਜਮਾਨਤ ਜ਼ਬਤ ਹੋਈ ਹੈ।

ਆਮ ਆਦਮੀ ਪਾਰਟੀ ਨੂੰ ਰਾਜਾ ਵੜਿੰਗ ਦਾ ਵੀ ਧੰਨਵਾਦ ਕਰਨਾ ਚਾਹੀਦਾ ਜੋ ਕਾਂਗਰਸ ਨੂੰ ਵੱਡਾ ਨੁਕਸਾਨ ਕਰ ਗਿਆ ਬੀਜੇਪੀ ਲਈ ਖੋਹਣ ਲਈ ਕੁਝ ਨਹੀਂ ਸੀ ਪਰ ਪੰਥਕ ਵੋਟ ਦਾ ਦੂਜੇ ਤੇ ਤੀਜੇ ਨੰਬਰ ਤੇ ਰਹਿਣਾ ਲੋਕਾਂ ਦਾ ਰੁਝਾਨ ਪੰਥ ਵੱਲ ਮੁੜਿਆ ਹੈ ਜੋ ਚੰਗਾ ਸੰਦੇਸ਼ ਹੈ ਇਹ ਪੰਥਕ ਵੋਟ 2027 ਵਿੱਚ ਇਕੱਠੀ ਦਿਖੇਗੀ ਜੇ ਇੱਕ ਪੰਥ ਪਰਵਾਣਿਤ ਚੇਹਰਾ ਅੱਗੇ ਆ ਗਿਆ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਮਸਲਿਆਂ ਦਾ ਹੱਲ ਕੱਢਣ ਵਾਲੀ ਕੋਈ ਧਿਰ ਜਰੂਰ ਉਠੇਗੀ।

# ਪੰਜਾਬ ਵਿੱਚ ਕਟੜਵਾਦੀ ਹਿੰਦੂ ਆਗੂ ਦੇ ਨਿਸ਼ਾਨੇ ’ਤੇ ਕਿਉਂ ?

## ✪ ਕੌਣ ਹੈ ਜ਼ਿੰਮੇਵਾਰ, ਸੁਰਖਿਆ ਏਜੰਸੀਆਂ ਖਾਲਿਸਤਾਨੀ-ਗੈਂਗਸਟਰ ਨੈਕਸਸ ਦੀ ਭੂਮਿਕਾ ਕਿਉਂ ਮੰਨ ਰਹੀਆਂ ਨੇ ✪ ਸਰਕਾਰ ਡਰੱਗ ਮਾਫੀਆ ਬਾਰੇ ਲਾਪਰਵਾਹ ਕਿਉਂ ?

### ਕਰਾਈਮ ਰਿਪੋਟ



ਪੰਜਾਬ ਦੇ ਸ਼ਾਂਤੀਪੂਰਨ ਮਾਹੌਲ ਵਿੱਚ ਅੱਜਕੱਲ੍ਹ ਇੱਕ ਨਵਾਂ ਖਤਰਾ ਮੰਡਰਾ ਰਿਹਾ ਹੈ। ਕੱਟੜਵਾਦੀ ਹਿੰਦੂ ਸੰਗਠਨਾਂ ਨਾਲ ਜੁੜੇ ਆਗੂਆਂ ਨੂੰ ਨਿਸ਼ਾਨਾ ਬਣਾ ਕੇ ਕੀਤੀਆਂ ਜਾ ਰਹੀਆਂ ਹੱਤਿਆਵਾਂ ਨੇ ਨਾ ਸਿਰਫ਼ ਫਿਰਕੂ ਤਣਾਅ ਨੂੰ ਵਧਾਇਆ ਹੈ, ਸਗੋਂ ਪੂਰੇ ਸੂਬੇ ਦੀ ਸੁਰੱਖਿਆ ਵਿਵਸਥਾ ’ਤੇ ਵੀ ਸਵਾਲ ਉਠਾ ਦਿੱਤੇ ਹਨ। ਬੀਤੇ ਦਿਨੀਂ ਫਿਰੋਜ਼ਪੁਰ ਵਿੱਚ ਆਰਐੱਸਐੱਸ ਦੇ ਸੀਨੀਅਰ ਆਗੂ ਬਲਦੇਵ ਰਾਜ ਅਰੋੜਾ ਦੇ ਪੁੱਤਰ ਨਵੀਨ ਅਰੋੜਾ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਨੇ ਪੰਜਾਬ ਵਿੱਚ ਹਿੰਦੂ ਆਗੂਆਂ ’ਤੇ ਹੋ ਰਹੇ ਯੋਜਨਾਬੱਧ ਹਮਲਿਆਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ।

ਇੱਕ ਨਵੇਂ ਬਣੇ ਸਮੂਹ ‘ਸ਼ੇਰ-ਏ-ਪੰਜਾਬ ਬ੍ਰਿਗੇਡ’ ਨੇ ਸੋਸ਼ਲ ਮੀਡੀਆ ’ਤੇ ਖੁੱਲ੍ਹੇ ਆਮ ਤੌਰ ’ਤੇ ਇਸ ਕਤਲ ਦੀ ਜ਼ਿੰਮੇਵਾਰੀ ਲੈ ਲਈ ਹੈ ਅਤੇ ਇਸ ਨੂੰ ’ਖਾਲਿਸਤਾਨ ਦੀ ਆਜ਼ਾਦੀ ਦੀ ਜੰਗ’ ਦਾ ਹਿੱਸਾ ਦੱਸਿਆ ਹੈ। ਪਰ ਸਵਾਲ ਇਹ ਹੈ ਕਿ ਪੰਜਾਬ ਵਿੱਚ ਅਜਿਹੇ ਕਤਲਾਂ ਦਾ ਸਿਲਸਿਲਾ ਕਿਉਂ ਜਾਰੀ ਹੈ ? ਜ਼ਿਆਦਾਤਰ ਮਾਮਲਿਆਂ ਵਿੱਚ ਖਾਲਿਸਤਾਨੀ ਗੈਂਗਸਟਰ ਗੱਠਜੋੜ ਕਿਉਂ ਸਾਹਮਣੇ ਆਉਂਦਾ ਹੈ ? ਕੌਣ ਹੈ ਇਨ੍ਹਾਂ ਕਤਲਾਂ ਦਾ ਅਸਲੀ ਮਾਸਟਰਮਾਈਂਡ ? ਅਤੇ ਕੀ ਡਰੱਗ ਮਾਫੀਆ ਦੇ ਵਧਦੇ ਪ੍ਰਭਾਵ ਕਾਰਨ ਗੈਂਗਸਟਰਾਂ ਦੀ ਹਿੰਮਤ ਵਧ ਰਹੀ ਹੈ, ਸਰਕਾਰ ਇਸ ’ਤੇ ਸਖਤੀ ਕਿਉਂ ਨਹੀਂ ਕਰ ਰਹੀ ?

ਨਵੀਨ ਅਰੋੜਾ ਦੇ ਕਤਲ ਨੇ ਫਿਰੋਜ਼ਪੁਰ ਨੂੰ ਹਲਕੇ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਬਲਦੇਵ ਰਾਜ ਅਰੋੜਾ, ਜੋ ਆਰਐੱਸਐੱਸ ਦੇ ਪ੍ਰਮੁਖ ਆਗੂ ਹਨ, ਨੇ ਦੱਸਿਆ ਕਿ ਉਹ ਆਪਣੀ ਦੁਕਾਨ ’ਤੇ ਬੈਠੇ ਸਨ ਜਦੋਂ ਨਵੀਨ ਆਪਣੇ ਬੱਚਿਆਂ ਨੂੰ ਪਾਰਕ ਲੈ ਜਾਣ ਲਈ ਨਿਕਲਿਆ। ਸਿਰਫ਼ 15 ਮਿੰਟ ਬਾਅਦ ਖ਼ਬਰ ਆ ਗਈ ਕਿ ਰਸਤੇ ਵਿੱਚ ਉਸ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ ਹਨ। ਪੁਲਿਸ ਅਨੁਸਾਰ, ਬਾਬਾ ਨੂਰ ਸ਼ਾਹ ਵਾਲੀ ਦਰਗਾਹ ਨੇੜੇ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਨਵੀਨ ’ਤੇ ਗੋਲੀਆਂ ਚਲਾਈਆਂ, ਜਿਸ ਨਾਲ ਉਹ ਘਾਇਲ ਹੋ ਗਿਆ ਅਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਹ ਹਮਲਾ ਬਿਲਕੁਲ ਟਾਰਗੇਟ ਕਿਲਿੰਗ ਵਰਗਾ ਲੱਗ ਰਿਹਾ ਹੈ, ਜਿੱਥੇ ਰੇਕੀ ਤੋਂ ਬਾਅਦ ਗੋਲੀਬਾਰੀ ਕੀਤੀ ਗਈ ਅਤੇ ਹਮਲਾਵਰ ਭੱਜ ਗਏ। ਸ਼ੇਰ-ਏ-ਪੰਜਾਬ ਬ੍ਰਿਗੇਡ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਨਵੀਨ ਨੂੰ ਆਰਐੱਸਐੱਸ ਨਾਲ ਜੁੜੇ ਹੋਣ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ, ਉਸ ਨੂੰ ‘ਹਿੰਦੂ ਸਰਕਾਰ ਦਾ ਪਿਆਦਾ’ ਅਤੇ ਅਰੋੜਾ ਪਰਿਵਾਰ ਨੂੰ ‘ਪੰਜਾਬ ਵਿਰੋਧੀ ਅਤੇ ਸਿੱਖ ਵਿਰੋਧੀ’ ਦੱਸਿਆ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਆਰਐੱਸਐੱਸ, ਸ਼ਿਵ ਸੈਨਾ, ਪੁਲਿਸ ਅਤੇ ਫੌਜੀ ਕਰਮਚਾਰੀਆਂ ਵਰਗੇ ‘ਦਿੱਲੀ ਦੇ ਏਜੰਟਾਂ’ ’ਤੇ ਹਮਲੇ ਜਾਰੀ ਰੱਖਣਗੇ, ਜਦੋਂ ਤੱਕ ਖਾਲਿਸਤਾਨ ਨਹੀਂ ਬਣ ਜਾਂਦਾ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪੰਜਾਬ ਵਿੱਚ ਹਿੰਦੂ ਆਗੂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਪਿਛਲੇ 10 ਸਾਲਾਂ ਵਿੱਚ ਸੱਤ ਤੋਂ ਵੱਧ ਅਜਿਹੇ ਕਤਲ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਆਰਐੱਸਐੱਸ, ਸ਼ਿਵ ਸੈਨਾ ਅਤੇ ਹੋਰ ਹਿੰਦੂ ਸੰਗਠਨਾਂ ਦੇ ਆਗੂ ਸ਼ਾਮਲ ਹਨ। ਇਹਨਾਂ ਘਟਨਾਵਾਂ ਦਾ ਪੈਟਰਨ ਇੱਕੋ ਜਿਹਾ ਹੈ - ਰੇਕੀ, ਗੋਲੀਬਾਰੀ ਅਤੇ ਹਮਲਾਵਰਾਂ ਦਾ ਬਚ ਜਾਣਾ। 2016 ਵਿੱਚ ਜਲੰਧਰ ਵਿੱਚ ਆਰਐੱਸਐੱਸ ਨੇਤਾ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦਾ ਕਤਲ ਹੋਇਆ, ਜਿਸ ਦੀ ਐਨਆਈਏ ਜਾਂਚ ਅਜੇ ਵੀ ਜਾਰੀ ਹੈ ਅਤੇ ਮਾਸਟਰਮਾਈਂਡ ਵਿਦੇਸ਼ ਵਿੱਚ ਲੁਕਿਆ ਹੋਇਆ ਹੈ। ਉਸੇ ਸਾਲ ਲੁਧਿਆਣਾ ਦੇ ਖੰਨਾ ਵਿੱਚ ਸ਼ਿਵ ਸੈਨਾ ਆਗੂ ਦੁਰਗਾ ਪ੍ਰਸਾਦ ਗੁਪਤਾ ਨੂੰ ਮਾਰ ਦਿੱਤਾ ਗਿਆ ਸੀ। 2017 ਵਿੱਚ ਲੁਧਿਆਣਾ ਵਿੱਚ ਹਿੰਦੂ ਤਖ਼ਤ ਦੇ ਅਮਿਤ ਸ਼ਰਮਾ ਅਤੇ ਆਰਐੱਸਐੱਸ ਨੇਤਾ ਰਵਿੰਦਰ ਗੋਸਾਈ ਦੇ ਕਤਲ ਹੋਏ ਸਨ, ਜਿਨ੍ਹਾਂ ਵਿੱਚ ਖਾਲਿਸਤਾਨੀ ਮਾਡਿਊਲ ਅਤੇ ਵਿਦੇਸ਼ੀ ਸਬੰਧ ਸਾਹਮਣੇ ਆਏ। ਅੰਮ੍ਰਿਤਸਰ ਵਿੱਚ ਹਿੰਦੂ ਸੰਘਰਸ਼ ਸੈਨਾ ਦੇ ਵਿਪਿਨ ਸ਼ਰਮਾ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ।

2024 ਵਿੱਚ ਰੂਪਨਗਰ ਦੇ ਨੰਗਲ ਵਿੱਚ ਵੀਐੱਚਪੀ ਨੇਤਾ ਵਿਕਾਸ ਪ੍ਰਭਾਕਰ ਦੀ ਹੱਤਿਆ ਵਿੱਚ ਆਈਐੱਸਆਈ ਅਤੇ ਖਾੜਕੂ ਸੰਗਠਨਾਂ ਦੀ ਸ਼ਮੂਲੀਅਤ ਸਾਹਮਣੇ ਆਈ। ਹੋਰਨਾਂ ਵਿੱਚ ਜਲੰਧਰ ਦੇ ਦੇਵੇਸ਼ ਗੁਪਤਾ, ਲੁਧਿਆਣਾ ਦੇ ਸੰਦੀਪ ਅਰੋੜਾ, ਫਾਜ਼ਿਲਕਾ, ਪਟਿਆਲਾ ਅਤੇ ਪਠਾਨਕੋਟ ਵਿੱਚ ਵੀ ਹਿੰਦੂ ਵਪਾਰੀਆਂ ਅਤੇ ਮੰਦਰ ਕਮੇਟੀ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਗਿਆਸੀ। ਇਹਨਾਂ ਸਾਰੇ ਕੇਸਾਂ ਵਿੱਚ ਗੈਂਗਸਟਰਾਂ ਦੀ ਭੂਮਿਕਾ ਅਤੇ ਵਿਦੇਸ਼ੀ ਹੈਂਡਲਰਾਂ (ਕੈਨੇਡਾ, ਪਾਕਿਸਤਾਨ) ਦੇ ਨਾਂ ਸਾਹਮਣੇ ਆਏ ਹਨ। ਸਿੱਖਸ ਫਾਰ ਜਸਟਿਸ (ਐੱਸਐੱਫ਼ਜੇ) ਵਰਗੇ ਸੰਗਠਨਾਂ ਨੂੰ ਵੀ ਜਾਂਚਾਂ ਵਿੱਚ ਜੋੜਿਆ ਗਿਆ ਹੈ। ਹਥਿਆਰਾਂ ਦੀ ਸਪਲਾਈ ਅਤੇ ਫੰਡਿੰਗ ਵਿਦੇਸ਼ਾਂ ਤੋਂ ਹੋ ਰਹੀ ਹੈ, ਜਿਸ ਕਾਰਨ ਮੁੱਖ ਦੋਸ਼ੀ ਗ੍ਰਿਫ਼ਤਾਰੀ ਤੋਂ ਬਚ ਜਾਂਦੇ ਹਨ ਅਤੇ ਕੇਸ ਸਾਲਾਂ ਤੱਕ ਲਟਕੇ ਰਹਿੰਦੇ ਹਨ।

ਇਹ ਕਤਲ ਕਿਉਂ ਹੋ ਰਹੇ ਹਨ ? ਸੁਰੱਖਿਆ ਮਾਹਿਰਾਂ ਅਨੁਸਾਰ, ਇਹ ਸਿਰਫ਼ ਵਿਅਕਤੀਆਂ ਨੂੰ ਮਾਰਨ ਲਈ ਨਹੀਂ, ਸਗੋਂ ਫਿਰਕੂ ਤਣਾਅ ਪੈਦਾ ਕਰਨ ਅਤੇ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਹਨ। ਖਾਲਿਸਤਾਨੀ ਤੱਤ ਆਰਐੱਸਐੱਸ ਅਤੇ ਹੋਰ ਹਿੰਦੂ ਸੰਗਠਨਾਂ ਨੂੰ ਨਿਸ਼ਾਨਾ ਬਣਾ ਕੇ ਪੰਜਾਬ ਵਿੱਚ ਵੰਡ ਪੈਦਾ ਕਰਨਾ ਚਾਹੁੰਦੇ ਹਨ। ’ ਜ਼ਿਆਦਾਤਰ ਮਾਮਲਿਆਂ ਵਿੱਚ ਖਾਲਿਸਤਾਨੀ-ਗੈਂਗਸਟਰ ਗੱਠਜੋੜ ਸਾਹਮਣੇ ਆਉਂਦਾ ਹੈ ਕਿਉਂਕਿ ਗੈਂਗਸਟਰ ਹਥਿਆਰਾਂ ਅਤੇ ਨੈੱਟਵਰਕ ਦੀ ਵੰਡ ਨੂੰ ਅੰਜਾਮ ਦਿੰਦੇ ਹਨ, ਜਦਕਿ ਵਿਦੇਸ਼ੀ ਹੈਂਡਲਰ ਫੰਡਿੰਗ ਅਤੇ ਹੁਕਮ ਦਿੰਦੇ ਹਨ। ਅਮਿਤ ਸ਼ਰਮਾ ਅਤੇ ਰਵਿੰਦਰ ਗੋਸਾਈ ਦੇ ਕੇਸਾਂ ਵਿੱਚ ਐਨਆਈਏ ਨੇ ਗੈਂਗਸਟਰ-ਖਾਲਿਸਤਾਨੀ ਗੱਠਜੋੜ ਨੂੰ ਉਜਾਗਰ ਕੀਤਾ।

ਕੁਝ ਪੰਜਾਬੀਆਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਡਰੱਗਸ ਦਾ ਵਪਾਰ ਲੱਖਾਂ ਕਰੋੜਾਂ ਦਾ ਹੈ, ਜੋ ਗੈਂਗਸਟਰਾਂ ਨੂੰ ਫੰਡ ਕਰਦਾ ਹੈ। ਗੈਂਗਸਟਰ ਡਰੱਗ ਰੂਟਸ ਨੂੰ ਕੰਟਰੋਲ ਕਰਦੇ ਹਨ ਅਤੇ ਖਾਲਿਸਤਾਨੀਆਂ ਨੂੰ ਹਥਿਆਰ ਪ੍ਰਦਾਨ ਕਰਦੇ ਹਨ।

ਸੁਆਲ ਇਹ ਹੈ ਕਿ ਸਰਕਾਰ ਡਰੱਗ ਮਾਫੀਆ ’ਤੇ ਸਖਤੀ ਕਿਉਂ ਨਹੀਂ ਕਰ ਰਹੀ ? ਇਹ ਇੱਕ ਵੱਡਾ ਸਵਾਲ ਹੈ। ਪੰਜਾਬ ਸਰਕਾਰ ਨੇ ਡਰੱਗ ਵਿਰੋਧੀ ਮੁਹਿੰਮਾਂ ਚਲਾਈਆਂ ਹਨ, ਪਰ ਨਤੀਜੇ ਨਿਰਾਸ਼ਾਜਨਕ ਹਨ। ਬੋਰਡਰ ’ਤੇ ਸਮੁੱਗਲਿੰਗ ਜਾਰੀ ਹੈ, ਪੁਲਿਸ ਵਿੱਚ ਕੁਝ ਭ੍ਰਿਸ਼ਟਾਚਾਰ ਵੀ ਹੈ ਅਤੇ ਵਿਦੇਸ਼ੀ ਰੂਟਸ ਨੂੰ ਰੋਕਣ ਲਈ ਕੇਂਦਰ ਨਾਲ ਤਾਲਮੇਲ ਦੀ ਘਾਟ ਹੈ। ਜੇਕਰ ਸਰਕਾਰ ਨੇ ਡਰੱਗ ਨਾਲ ਜੁੜੇ ਨੈਕਸਸ ਨੂੰ ਨਾ ਤੋੜਿਆ ਤਾਂ ਪੰਜਾਬ ਵਿਚ ਲੁਟਮਾਰ, ਕਤਲ ਜਾਰੀ ਰਹਿਣਗੇ।

### -ਮਾਮਲਾ ਠੱਗ ਭਾਰਤੀ ਟਰੈਵਲ ਏਜੰਟਾਂ ਦਾ-

## ਈਰਾਨ ਨੇ ਭਾਰਤ ਦੀ ਖ਼ਤਮ ਕਰ ਦਿੱਤੀ ਮੁਫ਼ਤ ਵੀਜ਼ਾ ਐਂਟਰੀ

### ✪ ਈਰਾਨ ਸਰਕਾਰ ਵੱਲੋਂ ਐਡਵਾਈਜ਼ਰੀ ਜਾਰੀ

ਦਿੱਲੀ-ਵਿਦੇਸ਼ ਮੰਤਰਾਲੇ ਨੇ ਬੀਤੇ ਦਿਨੀ ਐਲਾਨ ਕੀਤਾ ਕਿ ਈਰਾਨ ਨੇ ਆਮ ਭਾਰਤੀ ਪਾਸਪੋਰਟ ਧਾਰਕਾਂ ਲਈ ਵੀਜ਼ਾ ਛੋਟ ਸਹੂਲਤ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਕਈ ਘਟਨਾਵਾਂ ਦੇ ਮੱਦੇਨਜ਼ਰ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਭਾਰਤੀਆਂ ਨੂੰ ਰੁਜ਼ਗਾਰ ਜਾਂ ਦੂਜੇ ਦੇਸ਼ਾਂ ਵਿੱਚ ਆਵਾਜਾਈ ਦੇ ਝੂਠੇ ਵਾਅਦੇ ਕਰਕੇ ਟਰੈਵਲ ਏਜੰਟਾਂ ਦੁਆਰਾ ਈਰਾਨ ਲਿਜਾਇਆ ਗਿਆ ਸੀ।



ਇਸ ਵਿੱਚ ਕਿਹਾ ਗਿਆ ਹੈ ਕਿ ਇਸ ਅਨੁਸਾਰ, ਈਰਾਨੀ ਸਰਕਾਰ ਨੇ 22 ਨਵੰਬਰ ਤੋਂ ਈਰਾਨ ਦੀ ਯਾਤਰਾ ਕਰਨ ਵਾਲੇ ਆਮ ਭਾਰਤੀ ਪਾਸਪੋਰਟ ਧਾਰਕਾਂ ਲਈ ਉਪਲਬਧ “ਵੀਜ਼ਾ ਛੋਟ ਸਹੂਲਤ ਨੂੰ ਮੁਅੱਤਲ ਕਰ ਦਿੱਤਾ ਹੈ।” ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਉਪਾਅ ਦਾ ਉਦੇਸ਼ ਅਪਰਾਧਿਕ ਤੱਤਾਂ ਨੂੰ ਸਹੂਲਤ ਦੀ ਦੁਰਵਰਤੋਂ ਕਰਨ ਤੋਂ ਰੋਕਣਾ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਇਸ ਤਾਰੀਖ ਤੋਂ ਆਮ ਪਾਸਪੋਰਟ ਵਾਲੇ ਭਾਰਤੀ ਨਾਗਰਿਕਾਂ ਨੂੰ ਈਰਾਨ ਰਾਹੀਂ ਦਾਖਲ ਹੋਣ ਜਾਂ ਆਵਾਜਾਈ ਲਈ ਵੀਜ਼ਾ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਮੰਤਰਾਲੇ ਨੇ ਕਿਹਾ ਕਿ “ਆਮ ਭਾਰਤੀ ਪਾਸਪੋਰਟ ਧਾਰਕਾਂ ਨੂੰ ਉਪਲਬਧ ਵੀਜ਼ਾ ਛੋਟ ਸਹੂਲਤ ਦਾ ਫਾਇਦਾ ਉਠਾ ਕੇ ਇਨ੍ਹਾਂ ਲੋਕਾਂ ਨੂੰ ਈਰਾਨ ਲਿਜਾਇਆ ਗਿਆ ਸੀ। ਈਰਾਨ ਪਹੁੰਚਣ ’ਤੇ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਫਿਰੌਤੀ ਲਈ ਅਗਵਾ ਕਰ ਲਿਆ ਗਿਆ।” ਈਰਾਨੀ ਸਰਕਾਰ ਨੇ ਈਰਾਨ ਦੀ ਯਾਤਰਾ ਕਰਨ ਵਾਲੇ ਆਮ ਭਾਰਤੀ ਪਾਸਪੋਰਟ ਧਾਰਕਾਂ ਲਈ ਉਪਲਬਧ ਵੀਜ਼ਾ ਛੋਟ ਸਹੂਲਤ ਨੂੰ ਮੁਅੱਤਲ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਈਰਾਨ ਦੀ ਯਾਤਰਾ ਕਰਨ ਦੇ ਚਾਹਵਾਨ ਸਾਰੇ ਭਾਰਤੀ ਨਾਗਰਿਕਾਂ ਨੂੰ ਸਾਵਧਾਨ ਰਹਿਣ ਅਤੇ ਵੀਜ਼ਾ-ਮੁਕਤ ਯਾਤਰਾ ਜਾਂ ਈਰਾਨ ਰਾਹੀਂ ਤੀਜੇ ਦੇਸ਼ਾਂ ਦੀ ਯਾਤਰਾ ਦੀ ਪੇਸ਼ਕਸ਼ ਕਰਨ ਵਾਲੇ ਏਜੰਟਾਂ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ।

# ਅਮਰੀਕਾ ਵਿੱਚ ਹੁਨਰਮੰਦ ਕਾਮਿਆਂ ਦੀ ਭਾਰੀ ਘਾਟ

## ✪ ਟਰੰਪ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਕਾਰਣ ਉਦਯੋਗਿਕ ਵਿਕਾਸ ਲਈ ਦਿਕਤਾਂ ਖੜੀਆਂ ਹੋਈਆਂ

ਵਾਸ਼ਿੰਗਟਨ / ਨਿਊਯਾਰਕ-ਜਿਸ ਅਮਰੀਕਾ ਨੇ ਦੁਨੀਆਂ ਨੂੰ ਸਿਲੀਕਾਨ ਵੈਲੀ, ਟੇਸਲਾ, ਸਪੇਸਐਕਸ ਤੇ ਐਪਲ ਵਰਗੇ ਨਾਂ ਦਿੱਤੇ, ਅੱਜ ਉਹੀ ਅਮਰੀਕਾ ਆਪਣੀਆਂ ਫੈਕਟਰੀਆਂ ਵਿੱਚ ਇੱਕ ਵੀ ਚੰਗਾ ਮਕੈਨਿਕ, ਪਲੰਬਰ ਜਾਂ ਟਰੱਕ ਡਰਾਈਵਰ ਨਹੀਂ ਲੱਭ ਰਿਹਾ। ਇੱਕ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਦੂਜੀ ਵਾਰੀ ਵ੍ਹਾਈਟ ਹਾਊਸ ਵਿੱਚ ਵਾਪਸ ਆਉਣ ਤੋਂ ਬਾਅਦ ਇਮੀਗ੍ਰੇਸ਼ਨ 'ਤੇ ਸਭ ਤੋਂ ਸਖ਼ਤ ਨੀਤੀਆਂ ਲਾਗੂ ਕਰਨ ਦਾ ਵਾਅਦਾ ਕਰ ਰਹੇ ਹਨ, ਦੂਜੇ ਪਾਸੇ ਅਮਰੀਕੀ ਉਦਯੋਗ ਜਗਤ ਔਖਾ ਹੈ ਕਿ "ਜੇਕਰ ਹੁਨਰਮੰਦ ਕਾਮੇ ਨਾ ਆਏ ਤਾਂ ਸਾਡੀਆਂ ਫੈਕਟਰੀਆਂ ਬੰਦ ਹੋ ਜਾਣਗੀਆਂ।"

ਸਭ ਤੋਂ ਵੱਡਾ ਸੰਕਟ ਆਟੋਮੋਟਿਵ ਸੈਕਟਰ ਵਿੱਚ ਹੈ। ਡੈਟਰਾਇਟ ਦੀਆਂ ਵੱਡੀਆਂ ਕਾਰ ਕੰਪਨੀਆਂ ਹੁਣ ਮਕੈਨਿਕਾਂ ਨੂੰ 1 ਕਰੋੜ ਰੁਪਏ (ਲਗਭਗ 120,000 ਡਾਲਰ) ਸਾਲਾਨਾ ਤਨਖ਼ਾਹ ਦੀ ਪੇਸ਼ਕਸ਼ ਕਰ ਰਹੀਆਂ ਹਨ, ਪਰ ਫਿਰ ਵੀ ਨੌਜਵਾਨ ਅੱਗੇ ਨਹੀਂ ਆ ਰਹੇ। ਫੋਰਡ, ਜਨਰਲ ਮੋਟਰਜ਼ ਤੇ ਸਟੈਲੈਂਟਿਸ ਵਰਗੀਆਂ ਕੰਪਨੀਆਂ ਦੇ ਪਲਾਂਟਾਂ ਵਿੱਚ ਹਜ਼ਾਰਾਂ ਅਹੁਦੇ ਖ਼ਾਲੀ ਪਏ ਹਨ। ਇਕੱਲਾ ਆਟੋ ਸੈਕਟਰ ਹੀ 2.5 ਲੱਖ ਤੋਂ ਵੱਧ ਮਕੈਨਿਕਾਂ ਦੀ ਘਾਟ ਦਾ ਸ਼ਿਕਾਰ ਹੈ।

ਫੋਰਡ ਮੋਟਰ ਕੰਪਨੀ ਦੇ ਮੁਖੀ ਜਿਮ ਫਾਰਲੇ ਨੇ ਕਿਹਾ, "ਅਸੀਂ ਸੁਪਰ ਡਿਊਟੀ ਟਰੱਕ ਦਾ ਡੀਜ਼ਲ ਇੰਜਣ ਕੱਢਣਾ ਸਿਖਾਉਣ ਵਿੱਚ 4-5 ਸਾਲ ਲਗਾਉਂਦੇ ਹਾਂ। ਪਰ ਅੱਜ ਦੇ ਅਮਰੀਕੀ ਨੌਜਵਾਨਾਂ ਕੋਲ ਬੇਸਿਕ ਟੂਲਜ਼ ਵਰਤਣ ਦਾ ਵੀ ਤਜਰਬਾ ਨਹੀਂ। ਇਹ ਸਿਰਫ਼ ਫੋਰਡ ਦੀ ਨਹੀਂ, ਪੂਰੇ ਅਮਰੀਕਾ ਦੀ ਸਮੱਸਿਆ ਹੈ।"

### ਅਮਰੀਕਾ ਦੇ 10 ਲੱਖ ਤੋਂ ਵੱਧ ਅਹਿਮ ਅਹੁਦੇ ਖ਼ਾਲੀ

ਅਮਰੀਕੀ ਲੇਬਰ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਦੇਸ਼ ਵਿੱਚ ਇਸ ਵੇਲੇ 10.5 ਲੱਖ ਤੋਂ ਵੱਧ ਅਹਿਮ ਨੌਕਰੀਆਂ ਖ਼ਾਲੀ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਮਕੈਨਿਕ ਤੇ ਟੈਕਨੀਸ਼ੀਅਨ
- ਪਲੰਬਰ ਤੇ ਇਲੈਕਟ੍ਰੀਸ਼ੀਅਨ
- ਵੈਲਡਰ ਤੇ ਮਸ਼ੀਨ ਆਪਰੇਟਰ
- ਟਰੱਕ ਡਰਾਈਵਰ
- ਐਚ ਏਵੀਏਸੀ ਟੈਕਨੀਸ਼ੀਅਨ
- ਫੈਕਟਰੀ ਵਰਕਰ

ਇਨ੍ਹਾਂ ਵਿੱਚੋਂ ਬਹੁਤ ਸਾਰੇ ਅਹੁਦੇ 80,000 ਤੋਂ 150,000 ਡਾਲਰ ਸਾਲਾਨਾ (70 ਲੱਖ ਤੋਂ 1.3 ਕਰੋੜ ਰੁਪਏ) ਤੱਕ ਦਿੰਦੇ ਹਨ, ਫਿਰ ਵੀ ਅਰਜ਼ੀਆਂ ਨਹੀਂ ਆ ਰਹੀਆਂ।

### ਮੈਨੁਅਲ ਸਕਿੱਲਜ਼ ਦਾ ਸੰਕਟ - ਕਾਲਜ ਡਿਗਰੀ ਕੰਮ ਨਾ ਆਈ

ਅਮਰੀਕਾ ਦੀ ਸਭ ਤੋਂ ਵੱਡੀ ਗਲਤੀ ਇਹ ਰਹੀ ਕਿ ਪਿਛਲੇ 30-40 ਸਾਲਾਂ ਵਿੱਚ ਹਰ ਮਾਂ-ਬਾਪ ਨੇ ਆਪਣੇ ਬੱਚੇ ਨੂੰ ਕਿਹਾ - "ਚਾਰ ਸਾਲ ਦੀ ਕਾਲਜ ਡਿਗਰੀ ਲੈ ਲੈ, ਚੰਗੀ ਨੌਕਰੀ ਲੱਗ ਜੂ।" ਨਤੀਜਾ? ਵੋਕੇਸ਼ਨਲ ਸਕੂਲ ਬੰਦ ਹੋ ਗਏ, ਟਰੇਡ ਸਕੂਲਾਂ ਵਿੱਚ ਨਾਮ ਲਈ ਵੀ ਵਿਦਿਆਰਥੀ ਨਹੀਂ ਗਏ। ਅੱਜ ਅਮਰੀਕਾ ਵਿੱਚ ਬੇਸ਼ੁਮਾਰ ਨੌਜਵਾਨਾਂ ਕੋਲ ਫਿਲਾਸਫੀ, ਸੋਸ਼ਿਓਲੋਜੀ ਤੇ ਜੈਂਡਰ ਸਟੱਡੀਜ਼ ਦੀਆਂ ਡਿਗਰੀਆਂ ਹਨ, ਪਰ ਕੋਈ ਵੀ ਇਹ ਨਹੀਂ ਜਾਣਦਾ ਕਿ ਇੱਕ ਡੀਜ਼ਲ ਇੰਜਣ ਨੂੰ ਖੋਲ੍ਹਿਆ ਕਿਵੇਂ ਜਾਂਦਾ ਹੈ।



ਜਿਮ ਫਾਰਲੇ ਨੇ ਕਿਹਾ, "ਅਸੀਂ ਏਆਈ, ਚਿੱਪਸ ਤੇ ਸਾਫਟਵੇਅਰ ਵਿੱਚ ਦੁਨੀਆਂ ਦੀ ਅਗਵਾਈ ਕਰ ਰਹੇ ਹਾਂ, ਪਰ ਜਦੋਂ ਗੱਲ ਅਸਲ ਚੀਜ਼ ਬਣਾਉਣ ਦੀ ਆਉਂਦੀ ਹੈ ਤਾਂ ਅਸੀਂ ਪਿੱਛੇ ਰਹਿ ਗਏ ਹਾਂ।"

### ਇਮੀਗ੍ਰੇਸ਼ਨ ਸਖ਼ਤੀ ਦੇ ਨਤੀਜੇ ਮਾੜੇ ਨਿਕਲੇ

2017-2020 ਦੇ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਐਚ-1ਭਬੀ,ਐਚ -2ਬੀ ਤੇ ਐਲ-1 ਵੀਜ਼ਿਆਂ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਸਨ। ਨਤੀਜਾ? ਲੱਖਾਂ ਹੁਨਰਮੰਦ ਕਾਮੇ ਮੈਕਸੀਕੋ, ਭਾਰਤ, ਚੀਨ, ਫਿਲੀਪੀਨਜ਼ ਤੇ ਮੱਧ ਏਸ਼ੀਆ ਤੋਂ ਅਮਰੀਕਾ ਨਹੀਂ ਆ ਸਕੇ। ਬਹੁਤ ਸਾਰੇ ਤਾਂ ਕੈਨੇਡਾ, ਜਰਮਨੀ ਤੇ ਆਸਟ੍ਰੇਲੀਆ ਚਲੇ ਗਏ।

ਹੁਣ ਜਦੋਂ ਟਰੰਪ ਦੂਜੀ ਵਾਰੀ ਆ ਰਹੇ ਹਨ ਤਾਂ ਉਹ "ਮਾਸ ਡਿਪੋਰਟੇਸ਼ਨ" ਤੇ "ਬਾਰਡਰ ਵਾਲ" ਦੀ ਗੱਲ ਕਰ ਰਹੇ ਹਨ। ਪਰ ਅਮਰੀਕੀ ਵਪਾਰ ਜਗਤ ਡਰਿਆ ਹੋਇਆ ਹੈ। ਚੈਂਬਰ ਆਫ਼ ਕਾਮਰਸ, ਨੈਸ਼ਨਲ ਐਸੋਸੀਏਸ਼ਨ ਆਫ਼ ਮੈਨੂਫੈਕਚਰਰਜ਼ ਤੇ ਆਟੋ ਅਲਾਇੰਸ ਨੇ ਖੁੱਲ੍ਹ ਕੇ ਕਿਹਾ ਹੈ ਕਿ ਜੇਕਰ ਹੁਨਰਮੰਦ ਇਮੀਗ੍ਰੇਂਟਸ ਨੂੰ ਨਾ ਆਉਣ ਦਿੱਤਾ ਗਿਆ ਤਾਂ ਅਮਰੀਕੀ ਉਦਯੋਗ ਨੂੰ ਬਹੁਤ ਵੱਡਾ ਝਟਕਾ ਲੱਗੇਗਾ।

### ਕੀ ਹੁਣ ਟਰੰਪ ਦੀਆਂ ਨੀਤੀਆਂ ਢਿੱਲੀਆਂ ਹੋਣਗੀਆਂ?

ਟਰੰਪ ਦੇ ਨਵੇਂ ਪ੍ਰਸ਼ਾਸਨ ਵਿੱਚ ਵਪਾਰ ਸਲਾਹਕਾਰਾਂ ਦਾ ਇੱਕ ਵੱਡਾ ਹਿੱਸਾ ਚਾਹੁੰਦਾ ਹੈ ਕਿ ਘੱਟੋ-ਘੱਟ "ਹੁਨਰਮੰਦ ਵਰਕਰ ਵੀਜ਼ਾ" ਪ੍ਰੋਗਰਾਮ ਨੂੰ ਫਿਰ ਤੋਂ ਖੋਲ੍ਹਿਆ ਜਾਵੇ। ਟਰੰਪ ਨੇ ਚੋਣ ਮੁਹਿੰਮ ਦੌਰਾਨ ਵੀ ਕਿਹਾ ਸੀ, "ਅਸੀਂ ਸਿਰਫ਼ ਮੈਰਿਟ ਬੇਸਡ ਇਮੀਗ੍ਰੇਸ਼ਨ ਚਾਹੁੰਦੇ ਹਾਂ - ਜੋ ਦੇਸ਼ ਲਈ ਚੰਗਾ ਕਰਨ, ਉਹ ਆਵੇ।" ਪਰ ਹੁਣ ਲੱਗ ਰਿਹਾ ਹੈ ਕਿ ਉਦਯੋਗ ਦੇ ਦਬਾਅ ਕਾਰਨ ਉਨ੍ਹਾਂ ਨੂੰ ਆਪਣੀ ਸਖ਼ਤੀ ਵਿੱਚ ਨਰਮੀ ਲਿਆਉਣੀ ਪਵੇਗੀ।

### ਪੰਜਾਬੀ ਭਾਈਚਾਰੇ ਲਈ ਕੀ ਮਤਲਬ?

ਅਮਰੀਕਾ ਵਿੱਚ ਟਰੱਕਿੰਗ ਉਦਯੋਗ ਪੰਜਾਬੀਆਂ ਦਾ ਗੜ੍ਹ ਰਿਹਾ ਹੈ। ਕੈਲੀਫੋਰਨੀਆ, ਟੈਕਸਾਸ ਤੇ ਨਿਊਜਰਸੀ ਵਿੱਚ ਹਜ਼ਾਰਾਂ ਪੰਜਾਬੀ ਟਰੱਕ ਡਰਾਈਵਰ ਹਨ। ਪਰ ਪਿਛਲੇ ਕੁਝ ਸਾਲਾਂ ਵਿੱਚ ਸੀਡੀਐਲ ਲਾਈਸੈਂਸ ਲੈਣ ਵਾਲੇ ਨਵੇਂ ਡਰਾਈਵਰਾਂ ਦੀ ਗਿਣਤੀ ਘੱਟ ਗਈ ਹੈ ਕਿਉਂਕਿ ਨਵੇਂ ਇਮੀਗ੍ਰੇਂਟਸ ਨੂੰ ਵੀਜ਼ਾ ਨਹੀਂ ਮਿਲ ਰਿਹਾ। ਜੇਕਰ ਸਰਹੱਦ ਬਿਲਕੁਲ ਬੰਦ ਹੋ ਗਈ ਤਾਂ ਪੰਜਾਬੀ ਟਰੱਕਿੰਗ ਕਾਰੋਬਾਰ 'ਤੇ ਵੀ ਬਹੁਤ ਮਾੜਾ ਅਸਰ ਪਵੇਗਾ।

### ਅੰਤ ਵਿੱਚ

ਅਮਰੀਕਾ ਅੱਜ ਉਸੇ ਦੋਰਾਹੇ 'ਤੇ ਖੜ੍ਹਾ ਹੈ ਜਿੱਥੇ 1960 ਦੇ ਦਹਾਕੇ ਵਿੱਚ ਜਰਮਨੀ ਖੜ੍ਹਾ ਸੀ - ਜਦੋਂ ਉਸ ਨੇ ਟਰਕੀ ਤੋਂ ਗੈਸਟ ਵਰਕਰ ਬੁਲਾਏ ਸਨ। ਜਾਂ ਤਾਂ ਅਮਰੀਕਾ ਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਮੁੜ ਤੋਂ ਹੱਥਾਂ ਨਾਲ ਕੰਮ ਸਿਖਾਉਣਾ ਪਵੇਗਾ, ਜਾਂ ਫਿਰ ਬਾਹਰੋਂ ਹੁਨਰਮੰਦ ਕਾਮਿਆਂ ਨੂੰ ਬੁਲਾਉਣ ਦੀਆਂ ਦਰਵਾਜ਼ੇ ਖੋਲ੍ਹਣੇ ਪੈਣਗੇ।

ਜੇਕਰ ਟਰੰਪ ਸਰਕਾਰ ਨੇ ਸਿਰਫ਼ "ਅਮਰੀਕਾ ਫਸਟ" ਦਾ ਨਾਅਰਾ ਹੀ ਲਾਇਆ ਤੇ ਅਸਲ ਹੁਨਰ ਨੂੰ ਅੰਦਰ ਨਾ ਆਉਣ ਦਿੱਤਾ, ਤਾਂ ਜਲਦੀ ਹੀ ਅਮਰੀਕੀ ਫੈਕਟਰੀਆਂ ਵਿੱਚ ਤਾਲੇ ਲੱਗ ਜਾਣਗੇ ਤੇ ਉਹੀ ਅਮਰੀਕਾ ਜੋ ਦੁਨੀਆਂ ਨੂੰ ਕਾਰਾਂ, ਟਰੱਕ ਤੇ ਮਸ਼ੀਨਾਂ ਸਪਲਾਈ ਕਰਦਾ ਸੀ, ਆਪ ਉਨ੍ਹਾਂ ਦੀ ਮੁਰੰਮਤ ਨਹੀਂ ਕਰ ਸਕੇਗਾ।

# ਧਰਮ ਤਬਦੀਲੀ ਤੋਂ ਬਾਅਦ ਬੰਦ ਹੋਵੇ ਨਾਂ ਦੇ ਨਾਲ 'ਸਿੰਘ' ਤੇ 'ਕੌਰ' ਦੀ ਵਰਤੋਂ

## ✪ ਪੰਜਾਬ ਬਚਾਓ ਮੋਰਚੇ ਨੇ ਜਥੇਦਾਰ ਗੜਗੱਜ ਨੂੰ ਕੀਤੀ ਬੇਨਤੀ

ਜਲੰਧਰ-ਪੰਜਾਬ ਬਚਾਓ ਮੋਰਚਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਅੱਗੇ ਧਰਮ ਪਰਿਵਰਤਨ ਤੋਂ ਬਾਅਦ ਨਾਂ ਵਿਚ 'ਸਿੰਘ' ਅਤੇ 'ਕੌਰ' ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਇਸ ਮੰਗ ਨੂੰ ਲੈ ਕੇ ਮੋਰਚੇ ਦੇ ਵਫ਼ਦ ਨੇ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਸੰਗਠਨ ਦੇ ਮੁਖੀ ਤੇਜਸਵੀ ਮਿਨਹਾਸ, ਮਨਕੀਰਤ ਸਿੰਘ ਸਾਹਨੀ ਅਤੇ ਪੰਥਕ ਤਾਲਮੇਲ ਸੰਗਠਨ ਤੋਂ ਸੁਰਿੰਦਰਪਾਲ ਸਿੰਘ ਗੋਲਡੀ ਨੇ ਜਥੇਦਾਰ ਨੂੰ ਮੰਗ ਪੱਤਰ ਸੌਂਪਿਆ, ਜਿਸ ਵਿੱਚ ਧਰਮ ਪਰਿਵਰਤਨ ਤੋਂ ਬਾਅਦ ਵੀ ਮੂਲ ਧਰਮ ਦੇ ਹਿੱਸੇ ਵਜੋਂ ਸਿੰਘ ਅਤੇ ਕੌਰ ਨਾਂ, ਧਾਰਮਿਕ ਚਿੰਨ੍ਹ ਅਤੇ ਪਛਾਣ ਦੀ ਵਰਤੋਂ ਜਾਰੀ ਰੱਖਣ ਦੀ ਲੋੜ ਬਾਰੇ ਦੱਸਿਆ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ, ਖਾਸ ਕਰ ਕੇ ਸਰਹੱਦੀ ਇਲਾਕਿਆਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤਾ ਗਿਆ ਸਿੱਖ ਸਰੂਪ ਧਰਮ ਪਰਿਵਰਤਨ ਤੋਂ ਬਾਅਦ ਵੀ ਬਰਕਰਾਰ ਹੈ। ਉਨ੍ਹਾਂ ਧਰਮ ਪਰਿਵਰਤਨ ਤੋਂ ਬਾਅਦ ਵੀ ਪੱਗੜੀ ਅਤੇ ਕਿਰਪਾਨ ਪਹਿਨਣ ਸਮੇਤ ਪਵਿੱਤਰ ਚਿੰਨ੍ਹਾਂ ਦੀ ਵਰਤੋਂ ਬਾਰੇ ਵੀ ਗੱਲ ਕੀਤੀ। ਮਿਨਹਾਸ ਨੇ ਕਿਹਾ ਕਿ ਅਜਿਹਾ ਕਰ ਕੇ ਲੋਕ ਆਪਣੀ ਅਸਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਦੂਜਾ ਧਰਮ ਅਪਣਾ ਰਹੇ ਹਨ, ਜੋ ਕਿ ਸਿਧਾਂਤਾਂ ਦੇ ਉਲਟ ਹੈ। ਇਸ ਦੌਰਾਨ ਵੱਖ-ਵੱਖ ਧਰਮਾਂ ਲਈ ਸਰਕਾਰ ਦੇ ਰਾਹਤ ਉਪਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਇਹ ਸਿੱਖ ਧਰਮ ਦੀ ਸ਼ਾਨ ਦੀ ਉਲੰਘਣਾ ਕਰਦਾ ਹੈ। ਇਸ ਸਬੰਧੀ ਇੱਕ ਹੁਕਮਨਾਮਾ ਜਾਰੀ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਧਰਮ ਪਰਿਵਰਤਨ ਤੋਂ ਬਾਅਦ 'ਸਿੱਖ' ਅਤੇ 'ਕੌਰ' ਸ਼ਬਦਾਂ ਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ 'ਤੇ ਪਾਬੰਦੀ ਸਬੰਧੀ ਹਦਾਇਤਾਂ ਸ਼ਾਮਲ ਹਨ। ਮਾਮਲੇ ਨੂੰ ਲੈ ਕੇ ਮੋਰਚੇ ਨੇ 12 ਨਵੰਬਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਇਸ ਗੱਲ ਦਾ ਦਾਅਵਾ ਕਰਦੇ ਹੋਏ ਜਥੇਦਾਰ ਨੂੰ ਮੰਗ ਪੱਤਰ ਦੇਣ ਦਾ ਐਲਾਨ ਕੀਤਾ ਸੀ। ਇਸ ਮੌਕੇ ਉਨ੍ਹਾਂ ਦੇ ਨਾਲ ਜਗਦੀਪ ਸਿੰਘ ਸੋਨੂ ਸੰਧਾਰ, ਫਿਕਰ ਏ ਹੋਂਦ ਤੇ ਜੱਟ ਸਿੱਖ ਪ੍ਰੀਸ਼ਦ ਤੋਂ ਸੁਖਵਿੰਦਰ ਸਿੰਘ ਲਾਲੀ, ਗੁਰਮੀਤ ਸਿੰਘ, ਐਡਵੋਕੇਟ ਰਵੀ ਵਿਨਾਇਕ ਤੇ ਵਿਸ਼ਾਲ ਵਿਨਾਇਕ ਮੌਜੂਦ ਸਨ।



# ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਲੇਂਤਰੀ ਰੋਮ ਵਿਖੇ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ 30 ਨਵੰਬਰ ਨੂੰ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਜਗਤ ਗੁਰੂ, ਸਿੱਖ ਧਰਮ ਦੇ ਮੋਢੀ ਪਹਿਲੇ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਪ੍ਰਕਾਸ਼ ਦਿਹਾੜਾ ਦੁਨੀਆ ਦੇ ਕੋਨੇ ਕੋਨੇ ਵਿੱਚ ਵਸਦੀਆਂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ ਉਥੇ ਹੀ ਇਟਲੀ ਦੀ ਧਰਤੀ ਰਾਜਧਾਨੀ ਰੋਮ ਦੇ ਸ਼ਹਿਰ ਵਿਲੇਂਤਰੀ ਵਿਖੇ ਸਥਿਤ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦਰਬਾਰ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਤਿੰਨ ਰੋਜ਼ਾ ਗੁਰਮਤਿ ਸਮਾਗਮ 30 ਨਵੰਬਰ 2025 ਨੂੰ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।

ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰਾਂ ਨੇ ਦੱਸਿਆ ਕਿ ਇਸ ਸਮਾਗਮ ਨੂੰ ਸਮਰਪਿਤ 28 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ ਇਲਾਹੀ ਬਾਣੀ ਦੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ 30 ਨਵੰਬਰ ਦਿਨ ਐਤਵਾਰ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਸੰਪੂਰਨਤਾ ਨਾਲ ਭੋਗ ਪਾਏ ਜਾਣਗੇ। ਉਪਰੰਤ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਸਿੰਘਾ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਜਾਵੇਗਾ ਤੇ ਉਪਰੰਤ ਭਾਈ ਸਰਬਜੀਤ ਸਿੰਘ ਮਣਕਪੁਰੀ ਦੇ ਕਵੀਸ਼ਰੀ ਜਥੇ ਵੱਲੋਂ ਕਵੀਸ਼ਰੀ ਵਾਰਾਂ ਨਾਲ ਸੰਗਤਾਂ ਨੂੰ ਇਸ ਪਾਵਨ ਦਿਹਾੜੇ ਦਾ ਇਤਿਹਾਸ ਸਰਵਣ ਕਰਵਾਇਆ ਜਾਵੇਗਾ। ਇਸ ਮੌਕੇ ਸੰਗਤਾਂ ਲਈ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸੰਗਤਾਂ ਨੂੰ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਬੇਨਤੀ ਕੀਤੀ ਗਈ ਹੈ।

## First Sikh Councilor Elected in the Province of Quebec in Canada



Gurveen K. Chadha was elected as a City Councillor in Westmount, in the province of Quebec, Canada. She is the first ever Sikh Councillor elected in the province. Gurveen used to work in Ottawa as Director of Policy to Minister Marc Garneau and she worked in the office of Justin Trudeau. She went on to do her Master's degree at Kennedy School of Government at Harvard University, Boston.

## ਹੋਸਟਲ ਦੇ ਕਮਰੇ ਵਿਚ ਫਾਹਾ ਲੈਕੇ ਲੜਕੀ ਨੇ ਕੀਤੀ ਖੁਦਕੁਸ਼ੀ

ਲੁਧਿਆਣਾ-ਚੰਡੀਗੜ੍ਹ ਰੋਡ ਸਥਿਤ ਪਰਮਜੀਤ ਕਾਲੋਨੀ 'ਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਵਰਧਮਾਨ ਇੰਡਸਟਰੀ ਗਰਲਜ਼ ਹੋਸਟਲ ਦੇ ਕਮਰੇ ਵਿਚ ਇਕ ਲੜਕੀ ਨੇ ਸ਼ੱਕੀ ਹਾਲਾਤ ਵਿਚ ਖੁਦਕੁਸ਼ੀ ਕਰ ਲਈ। ਜਦੋਂ ਕਾਫੀ ਸਮੇਂ ਤੱਕ ਕਮਰੇ ਦਾ ਗੇਟ ਨਾ ਖੁੱਲ੍ਹਾ ਤਾਂ ਸੂਚਨਾ ਪੁਲਸ ਨੂੰ ਦਿੱਤੀ ਗਈ। ਮੌਕੇ 'ਤੇ ਪੁੱਜੀ ਥਾਣਾ ਫੋਕਲ ਪੁਆਇੰਟ ਦੀ ਪੁਲਸ ਨੇ ਕਮਰਾ ਖੁੱਲ੍ਹਵਾਇਆ ਤਾਂ ਅੰਦਰ ਦਾ ਦ੍ਰਿਸ਼ ਦੇਖ ਕੇ ਸਾਰਿਆਂ ਦੇ ਹੋਸ਼ ਉੱਡ ਗਏ। ਕਮਰੇ ਦੇ ਅੰਦਰ 20 ਸਾਲ ਅਕਾਂਕਸ਼ਾ ਗੌਤਮ ਦੀ ਲਾਸ਼ ਦੁਪੱਟੇ ਦੇ ਫਾਹੇ ਨਾਲ ਲਮਕਦੀ ਹੋਈ ਮਿਲੀ।


ਜਾਂਚ ਅਧਿਕਾਰੀ ਸਵਰਣ ਸਿੰਘ ਮੁਤਾਬਕ ਅਕਾਂਕਸ਼ਾ ਉੱਤਰ ਪ੍ਰਦੇਸ਼ ਦੇ ਹਰਦੋਈ ਦੀ ਰਹਿਣ ਵਾਲੀ ਸੀ। ਪਿਤਾ ਦਾ ਪਹਿਲਾਂ ਹੀ ਦਿਹਾਂਤ ਹੋ ਚੁੱਕਾ ਸੀ। ਘਰ ਵਿਚ 2 ਛੋਟੇ ਭੈਣ ਭਰਾ ਹਨ, ਜਿਨ੍ਹਾਂ ਦੀ ਜ਼ਿੰਮੇਵਾਰੀ ਉਹ ਨੌਕਰੀ ਕਰ ਕੇ ਨਿਭਾਅ ਰਹੀ ਸੀ। ਪੁਲਸ ਦਾ ਕਹਿਣਾ ਹੈ ਕਿ ਅਕਾਂਕਸ਼ਾ ਐਤਵਾਰ ਰਾਤ ਨਾਈਟ ਡਿਊਟੀ 'ਤੇ ਸੀ। ਸੋਮਵਾਰ ਸਵੇਰੇ ਕਮਰੇ ਦਾ ਦਰਵਾਜ਼ਾ ਬੰਦ ਸੀ। ਕਈ ਵਾਰ ਆਵਾਜ਼ ਦੇਣ 'ਤੇ ਵੀ ਕੋਈ ਹਿਲਜੁਲ ਨਾ ਹੋਣ 'ਤੇ ਹੋਸਟਲ ਪ੍ਰਸ਼ਾਸਨ ਨੇ ਪੁਲਸ ਨੂੰ ਸੂਚਿਤ ਕੀਤਾ ਪੁਲਸ ਨੂੰ ਮੌਕੇ ਤੋਂ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ। ਹਾਲ ਦੀ ਘੜੀ ਪੁਲਸ ਸਾਰੇ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ।

# ਨਵਦੀਪ ਜਲਬੇੜਾ ਖਿਲਾਫ਼ ਕੇਸ ਦਰਜ

## ✪ ਬ੍ਰਾਹਮਣ ਭਾਈਚਾਰੇ ਖਿਲਾਫ਼ ਦਿੱਤਾ ਸੀ ਬਿਆਨ

ਲੁਧਿਆਣਾ-ਕਿਸਾਨੀ ਅੰਦੋਲਨ ਦੇ ਦੌਰਾਨ "ਵਾਟਰ ਕੈਨਨ ਬੁਆਏ" ਵਜੋਂ ਜਾਣੇ ਜਾਂਦੇ ਹਰਿਆਣਾ ਦੇ ਨਵਦੀਪ ਸਿੰਘ ਜਲਬੇੜਾ ਵਿਰੁੱਧ ਪੰਜਾਬ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਇਹ ਮਾਮਲਾ ਲੁਧਿਆਣਾ ਵਿੱਚ ਦਰਜ ਕੀਤਾ ਗਿਆ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ, ਉਸਨੇ ਕਥਿਤ ਤੌਰ 'ਤੇ ਬ੍ਰਾਹਮਣ ਭਾਈਚਾਰੇ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ। ਇਸ ਘਟਨਾ ਨੇ ਪੰਜਾਬ ਭਰ ਦੇ ਬ੍ਰਾਹਮਣਾਂ ਵਿੱਚ ਰੋਸ ਪੈਦਾ ਕਰ ਦਿੱਤਾ।





ਇਸ ਤੋਂ ਬਾਅਦ, ਐਫਆਈਆਰ ਦਰਜ ਕੀਤੀ ਗਈ। ਪੁਲਿਸ ਨੇ ਨਵਦੀਪ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਕਈ ਪੁਲਿਸ ਟੀਮਾਂ ਹਰਿਆਣਾ ਜਾਣ ਦੀ ਤਿਆਰੀ ਕਰ ਰਹੀਆਂ ਹਨ।

ਅਧਿਕਾਰੀਆਂ ਦੇ ਅਨੁਸਾਰ, ਇਹ ਸ਼ਿਕਾਇਤ ਬ੍ਰਾਹਮਣ ਭਲਾਈ ਬੋਰਡ ਦੇ ਚੇਅਰਮੈਨ ਪੰਕਜ ਸ਼ਾਰਦਾ, ਰਾਜੀਵ ਸ਼ਰਮਾ, ਪਾਲੀ ਸਹਿਜਪਾਲ, ਪੰਡਿਤ ਰਾਜਨ ਸ਼ਰਮਾ ਅਤੇ ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ ਹੋਰ ਭਾਈਚਾਰਕ ਨੁਮਾਇੰਦਿਆਂ ਦੁਆਰਾ ਦਰਜ ਕੀਤੀ ਗਈ ਸੀ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ, ਨਵਦੀਪ ਸਿੰਘ ਜਲਬੇੜਾ ਨੇ ਸਟੇਜ ਤੋਂ ਆਪਣੇ ਭਾਸ਼ਣ ਵਿੱਚ ਕਿਹਾ, "ਦਿੱਲੀ ਦਾ ਗੰਦਾ ਰਾਜ ਸਾਰੇ ਪੰਜਾਬ ਉੱਤੇ ਨਹੀਂ ਚੱਲੇਗਾ। ਪਖੰਡੀ ਬ੍ਰਾਹਮਣਾਂ ਦਾ ਰਾਜ ਨਹੀਂ ਚੱਲੇਗਾ। ਸਿਰਫ਼ ਬਾਬਾ ਨਾਨਕ ਦਾ ਰਾਜ ਪੰਜਾਬ ਉੱਤੇ ਹੀ ਰਹੇਗਾ।"

ਇਸ ਵਿੱਚ ਬ੍ਰਾਹਮਣਾਂ ਨੂੰ ਪਖੰਡੀ ਕਹਿਣ 'ਤੇ ਇਤਰਾਜ਼ ਉਠਾਇਆ ਗਿਆ ਹੈ। ਜਦਕਿ ਉਸਨੇ ਪੂਰੇ ਬ੍ਰਾਹਮਣ ਸਮਾਜ ਦੀ ਹਤਕ ਨਹੀਂ ਕੀਤੀ। ਸਿਆਸੀ ਮਾਹਿਰਾ ਦਾ ਕਹਿਣਾ ਹੈ ਕਿ ਇਹ ਸਿਖ ਨੌਜਵਾਨਾਂ ਨੂੰ ਦਬਾਉਣ ਦੀ ਸਾਜਿਸ਼ ਹੈ।

## ਮਾਮਲਾ ਮਹਿਲਾ ਨਾਲ ਛੇੜਛਾੜ ਦਾ — 'ਆਪ' ਵਿਧਾਇਕ ਲਾਲਪੁਰਾ ਨੂੰ ਹਾਈਕੋਰਟ ਵਲੋਂ ਵੱਡਾ ਝਟਕਾ

ਚੰਡੀਗੜ੍ਹ-ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਹਾਈਕੋਰਟ ਤੋਂ ਵੱਡਾ ਝਟਕਾ ਮਿਲਿਆ ਹੈ। ਹਾਈਕੋਰਟ ਨੇ ਲਾਲਪੁਰਾ ਦੀ ਸਜ਼ਾ 'ਤੇ ਰੋਕ ਲਗਾਉਣ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। 2013 ਵਿਚ ਲਾਲਪੁਰਾ 'ਤੇ ਇੱਕ ਮਹਿਲਾ ਨਾਲ ਛੇੜਛਾੜ ਦਾ ਸੀ ਇਲਜ਼ਾਮ ਲੱਗਿਆ ਸੀ ਤੇ ਇਸ ਮਾਮਲੇ ਵਿੱਚ ਤਰਨ ਤਾਰਨ ਅਦਾਲਤ ਨੇ ਲਾਲਪੁਰਾ ਨੂੰ 4 ਸਾਲ ਦੀ ਸਜ਼ਾ ਸੁਣਾਈ ਸੀ। ਦੱਸ ਦੇਈਏ ਮਨਜਿੰਦਰ ਸਿੰਘ ਲਾਲਪੁਰਾ ਨੇ ਇਸ ਛੇੜਛਾੜ ਮਾਮਲੇ ਵਿੱਚ ਆਪਣੇ ਖਿਲਾਫ਼ ਸਜ਼ਾ ਸਸਪੈਂਡ ਕਰਨ ਦੀ ਯਾਚਿਕਾ ਪਾਈ ਸੀ, ਜਿਸ ਨੂੰ ਹਾਈਕੋਰਟ ਵਲੋਂ ਰੱਦ ਕਰ ਦਿੱਤਾ ਸੀ ਹਾਲਾਂਕਿ ਅਜੇ ਡੀਟੇਲ ਆਰਡਰ ਆਉਣਾ ਬਾਕੀ ਹੈ, ਪਰ ਹਾਈ ਕੋਰਟ ਦੇ ਇਸ ਫ਼ੈਸਲੇ ਨਾਲ ਮਨਜਿੰਦਰ ਲਾਲਪੁਰਾ ਲਈ ਕਾਨੂੰਨੀ ਚੁਣੌਤੀਆਂ ਵਧ ਗਈਆਂ ਹਨ।

## -ਮਾਮਲਾ ਚਾਚੇ ਵਲੋਂ ਪੰਜ ਮਰਲੇ ਜ਼ਮੀਨ ਦਾ ਹਿੱਸਾ ਨਾ ਦੇਣ ਦਾ-

# ਭਤੀਜੇ ਨੇ ਕਹੀ ਨਾਲ ਕਤਲ ਕੀਤਾ ਫਿਰ ਚਾਚੇ ਨੂੰ ਜ਼ਿੰਦਾ ਸਾੜਿਆ

ਪਟਿਆਲਾ-ਪਿੰਡ ਲੋਚਮਾ ਵਿਚ ਜ਼ਮੀਨ ਲਈ ਇਕ ਵਿਅਕਤੀ ਨੇ ਆਪਣੇ ਚਾਚੇ 'ਤੇ ਕਹੀ ਨਾਲ ਵਾਰ ਕਰਕੇ ਪਹਿਲਾਂ ਉਸ ਨੂੰ ਮਾਰ ਦਿੱਤਾ ਤੇ ਫਿਰ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਪੁਲਿਸ ਨੇ ਮ੍ਰਿਤਕ ਦੇ ਭਰਾ ਦੇ ਬਿਆਨ 'ਤੇ ਉਸ ਦੇ ਭਤੀਜੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਫਿਲਹਾਲ ਫ਼ਰਾਰ ਹੈ। ਪਿੰਡ ਲੋਚਮਾ ਵਾਸੀ 45 ਸਾਲਾ ਬਹਾਦਰ ਸਿੰਘ ਦਾ ਵਿਆਹ ਨਹੀਂ ਹੋਇਆ ਸੀ। ਉਸ ਨੇ ਆਪਣੇ ਛੋਟੇ ਭਰਾ ਦੇ ਛੋਟੇ ਪੁੱਤਰ ਖ਼ੁਸ਼ਪ੍ਰੀਤ ਸਿੰਘ ਨੂੰ ਗੋਦ ਲਿਆ ਹੋਇਆ ਸੀ। ਖ਼ੁਸ਼ਪ੍ਰੀਤ ਸਿੰਘ ਦਾ 21 ਸਾਲਾ ਭਰਾ ਗੁਰਜੰਟ ਸਿੰਘ, ਜੋ ਸ਼ਰਾਬ ਪੀਣ ਦਾ ਆਦੀ ਸੀ, ਇਸ ਗੱਲ ਤੋਂ ਪਰੇਸ਼ਾਨ ਰਹਿੰਦਾ ਸੀ। ਉਹ ਅਕਸਰ ਚਾਚੇ ਬਹਾਦਰ ਸਿੰਘ ਨਾਲ ਸ਼ਰਾਬ ਪੀਂਦਾ ਸੀ ਤੇ ਉਸ ਤੋਂ ਪੰਜ ਮਰਲੇ ਜ਼ਮੀਨ ਮੰਗਦਾ ਸੀ, ਕਿਉਂਕਿ ਬਹਾਦਰ ਸਿੰਘ ਨੇ ਉਸ ਨੂੰ ਪੰਜ ਮਰਲੇ ਦੇਣ ਲਈ ਕਿਹਾ ਹੋਇਆ ਸੀ। 14 ਨਵੰਬਰ ਨੂੰ ਜਦੋਂ ਬਹਾਦਰ ਸਿੰਘ ਨੇ ਜ਼ਮੀਨ ਉਸ ਦੇ ਨਾਂ ਕਰਵਾਉਣ ਤੋਂ ਮਨ੍ਹਾਂ ਕਰ ਦਿੱਤਾ ਤਾਂ ਦੋਵਾਂ ਵਿਚ ਇਸ ਗੱਲ ਤੋਂ ਤਕਰਾਰ ਹੋ ਗਈ। ਇਸ ਦੌਰਾਨ ਗੁਰਜੰਟ ਨੇ ਕਹੀ ਨਾਲ ਬਹਾਦਰ ਸਿੰਘ 'ਤੇ ਕਹੀ ਨਾਲ ਛੇ-ਸੱਤ ਵਾਰ ਕਰ ਦਿੱਤੇ। ਉਸ ਤੋਂ ਬਾਅਦ ਪੈਟਰੋਲ ਪਾ ਕੇ ਉਸ ਨੂੰ ਅੱਗ ਲਗਾ ਦਿੱਤੀ। ਜਦੋਂ ਮੁਲਜ਼ਮ ਅੱਗ ਲਗਾ ਰਿਹਾ ਸੀ ਤਾਂ ਗੁਰਜੰਟ ਸਿੰਘ ਦੇ ਤਾਏ ਯਾਨੀ ਬਹਾਦਰ ਸਿੰਘ ਦੇ ਵੱਡੇ ਭਰਾ ਤੇ ਖ਼ੁਸ਼ਪ੍ਰੀਤ ਨੇ ਉਸ ਨੂੰ ਦੇਖ ਲਿਆ। ਦੋਵਾਂ ਨੂੰ ਦੇਖ ਕੇ ਮੁਲਜ਼ਮ ਮੌਕੇ ਤੋਂ ਕਹੀ ਤੇ ਪੈਟਰੋਲ ਵਾਲੀ ਬੋਤਲ ਲੈ ਕੇ ਫ਼ਰਾਰ ਹੋ ਗਿਆ। ਬਾਅਦ 'ਚ ਦੋਵੇਂ ਝੁਲਸੀ ਹੋਈ ਹਾਲਤ 'ਚ ਬਹਾਦਰ ਸਿੰਘ ਨੂੰ ਹਸਪਤਾਲ ਲੈ ਕੇ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਅਵਤਾਰ ਸਿੰਘ ਦੇ ਬਿਆਨਾਂ 'ਤੇ ਗੁਰਜੰਟ ਸਿੰਘ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮਨੋਵਿਗਿਆਨਕ ਅਧਿਐਨ

**ਜਸਵਿੰਦਰ ਸਿੰਘ ਰੁਪਾਲ**
9814715796

**(ਇਹ ਖੋਜ ਪੱਤਰ 11 ਮਈ 2025 ਨੂੰ ਜਵੱਦੀ ਟਕਸਾਲ ਵਿਖੇ "ਗੁਰੂ ਤੇਗ ਬਹਾਦਰ ਜੀ : ਜੀਵਨ, ਬਾਣੀ ਅਤੇ ਸ਼ਹਾਦਤ" ਵਿਸ਼ੇ ਤੇ ਤਿੰਨ ਰੋਜ਼ਾ ਵਿਸ਼ਵ ਕਾਨਫਰੰਸ ਵਿੱਚ ਆਨਲਾਈਨ ਪੇਸ਼ ਕੀਤਾ ਗਿਆ)**



ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਿਖੀ ਸਾਰੀ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਇਸ ਬਾਣੀ ਦਾ ਅਧਿਐਨ ਕਰਦਿਆਂ ਅਸੀਂ ਦੇਖਦੇ ਹਾਂ ਕਿ ਇਹ ਮਨੁੱਖੀ ਮਨ ਦੀਆਂ ਬਹੁ ਪਰਤੀ ਅਵਸਥਾਵਾਂ ਨੂੰ ਬਿਆਨ ਕਰਦੀ ਹੈ। ਮਨੁੱਖੀ ਮਨ ਦੀ ਚੰਚਲਤਾ, ਉਦਾਸੀ, ਡਰ, ਆਸ਼ਾ ਤ੍ਰਿਸ਼ਨਾ, ਸੁਚੇਤ ਅਤੇ ਅਚੇਤ ਮਨ ਆਦਿ ਦੀਆਂ ਬਹੁਤ ਸਾਰੀਆਂ ਗੁੰਝਲਾਂ ਖੋਲ੍ਹਦੀ ਹੈ। ਗੁਰੂ ਸਾਹਿਬ ਜਿੱਥੇ ਮਨੁੱਖੀ ਮਨ ਦੀਆਂ ਇਨ੍ਹਾਂ ਬਿਰਤੀਆਂ ਬਾਰੇ ਚਾਨਣਾ ਪਾਉਂਦੇ ਹਨ। ਉੱਥੇ ਉਹ ਇਸ ਤੋਂ ਬਚਣ ਲਈ ਉਪਾਅ ਵੀ ਦੱਸਦੇ ਹਨ। ਗੰਭੀਰਤਾ ਅਤੇ ਸਹਿਜ ਨਾਲ ਵਿਚਾਰ ਕਰੀਏ ਤਾਂ ਮਨ ਵਿਸਮਾਦ ਵਿੱਚ ਆ ਜਾਂਦਾ ਹੈ ਇਹ ਦੇਖ ਕੇ, ਕਿ ਗੁਰੂ ਸਾਹਿਬ ਦੇ ਸਮੇਂ ਤਾਂ ਮਨੋਵਿਗਿਆਨ ਵਿਸ਼ਾ ਆਰੰਭ ਵੀ ਨਹੀਂ ਸੀ ਹੋਇਆ। ਪਰ ਅੱਜ ਦੇ ਮਾਹਰ ਮਨੋਵਿਗਿਆਨੀ ਵੀ ਓਹੀ ਗੱਲਾਂ ਕਹਿ ਰਹੇ ਹਨ, ਸਹਿਮਤ ਹੋ ਰਹੇ ਹਨ ਜਿਹੜੀਆਂ ਗੁਰੂ ਸਾਹਿਬ ਨੇ ਸਦੀਆਂ ਪਹਿਲਾਂ ਆਪਣੀ ਬਾਣੀ ਵਿੱਚ ਬਿਆਨ ਕੀਤੀਆਂ ਹਨ। ਕੋਸ਼ਿਸ਼ ਕਰਦੇ ਹਾਂ ਇਸ ਮਹਾਨ ਬਾਣੀ ਵਿਚੋਂ ਕੁਝ ਮਨੋਵਿਗਿਆਨਕ ਤੱਥ ਸਾਹਮਣੇ ਲਿਆਉਣ ਦੇ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ :- ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦ ਵੱਖ ਵੱਖ ਰਾਗਾਂ ਵਿੱਚ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ ਤੇ 57 ਬੈਰਾਗਮਈ ਸਲੋਕ ਹਨ ਜਿਨ੍ਹਾਂ ਨੂੰ ਸਹਿਜ ਪਾਠ ਜਾਂ ਅਖੰਡ ਪਾਠ ਦੀ ਸਮਾਪਤੀ ਤੇ ਬੈਰਾਗਮਈ ਧੁਨ ਵਿਚ ਗਾਏ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਨੇ ਕੁੱਲ 15 ਰਾਗਾਂ ਵਿੱਚ ਬਾਣੀ ਉਚਾਰੀ ਹੈ ਅਤੇ ਵੱਖ ਵੱਖ ਰਾਗਾਂ ਵਿੱਚ ਸ਼ਬਦਾਂ ਦੀ ਗਿਣਤੀ ਇਸ ਤਰਾਂ ਹੈ :--

ਰਾਗੁ ਗਉੜੀ -9, ਰਾਗੁ ਤਿਲੰਗ -3, ਰਾਗੁ ਆਸਾ -1, ਰਾਗੁ ਬਿਲਾਵਲੁ -3, ਰਾਗੁ ਦੇਵ ਗੰਧਾਰੀ -3, ਰਾਗੁ ਰਾਮਕਲੀ - 3, ਰਾਗੁ ਬਿਹਾਗੜਾ-1, ਰਾਗੁ ਮਾਰੂ-3, ਰਾਗੁ ਸੋਰਠਿ -12, ਰਾਗੁ ਬਸੰਤ-5, ਰਾਗੁ ਧਨਾਸਰੀ -4, ਰਾਗੁ ਸਾਰੰਗ-4, ਰਾਗੁ ਜੈਤਸਰੀ-3, ਰਾਗੁ ਟੋਡੀ-1, ਰਾਗੁ ਜੈਜਾਵੰਤੀ-4 ਕੁੱਲ ਸ਼ਬਦ -59

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਮੁੱਖ ਵਿਸ਼ੇ :- ਗੁਰੂ ਸਾਹਿਬ ਦੀ ਬਾਣੀ ਦੇ ਮੁੱਖ ਵਿਸ਼ੇ ਹਨ- ਸੰਸਾਰਕ ਮੋਹ ਤਿਆਗ ਕੇ ਪ੍ਰਭੂ ਭਗਤੀ ਵੱਲ ਮਨ ਲਗਾਉਣਾ, ਦਿਖਾਵੇ ਤੇ ਕਰਮ ਕਾਂਡ ਛੱਡ ਕੇ ਆਪਣੇ ਅੰਦਰਲੀ ਖੋਜ ਕਰਨੀ, ਜੱਗ ਦੀ, ਵਸਤੂ ਸੰਸਾਰ ਦੀ ਅਤੇ ਦੇਹ ਦੀ ਨਾਸ਼ਮਾਨਤਾ ਦਾ ਵਰਣਨ, ਪਰਿਵਾਰਿਕ ਮੋਹ ਅਤੇ ਧਨ ਜਾਇਦਾਦ ਦਾ ਮੋਹ, ਵਿਕਾਰਾਂ ਤੋਂ ਗੁਣਾਂ ਵੱਲ ਯਾਤਰਾ, ਬੈਰਾਗ ਅਤੇ ਪ੍ਰਭੂ ਭਗਤੀ। ਉਨ੍ਹਾਂ ਨੇ ਬਾਣੀ ਵਿੱਚ ਦਾਰਸ਼ਨਿਕ ਵਿਸ਼ੇ ਵੀ ਛੋਹੇ ਹਨ ਜਿਵੇਂ ਬ੍ਰਹਮ, ਮਾਇਆ,ਜਗਤ, ਆਦਿ ਪਰ ਇਹਨਾਂ ਨੂੰ ਕਿਤੇ ਵੀ ਬਾਣੀ ਤੇ ਭਾਰੂ ਨਹੀਂ ਹੋਣ ਦਿੱਤਾ। ਮੌਜੂਦਾ ਸਮਾਜਿਕ ਅਤੇ ਧਾਰਮਿਕ ਜਗਤ ਬਾਰੇ ਵੀ ਬਾਣੀ ਵਿਚ ਕੁਝ ਹਵਾਲੇ ਹਨ। ਪਰ ਸਭ ਤੋਂ ਵੱਧ ਜੋਰ ਮਨੁੱਖੀ ਮਨ ਨੂੰ ਸਮਝਣ, ਅਤੇ ਉਸਨੂੰ ਸਮਝਾਉਣ ਤੇ ਲਗਾਇਆ ਹੈ। ਉਸ ਮਨ ਨੂੰ ਮਾਇਆਵੀ ਬੰਧਨਾਂ ਵਿਚੋਂ ਕੱਢ ਕੇ ਪ੍ਰਭੂ ਭਗਤੀ ਵੱਲ ਲਗਾਉਣਾ ਅਤੇ ਪ੍ਰਭੂ ਪ੍ਰੇਮ ਰਾਹੀਂ ਨਿਰਭਉ ਅਤੇ ਨਿਰਵੈਰ ਮਨੁੱਖ ਦੀ ਸਿਰਜਣਾ ਕਰਨਾ ਉਨ੍ਹਾਂ ਦੀ ਬਾਣੀ ਦਾ ਮਨੋਰਥ ਜਾਪਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮਨੋਵਿਗਿਆਨਕ ਅਧਿਐਨ :- ਅਸੀਂ ਹੇਠਾਂ ਗੁਰੂ ਤੇਗ ਬਹਾਦਰ ਜੀ ਵਲੋਂ ਲਏ ਗਏ ਵਿਸ਼ਿਆਂ ਦੀ ਮਨੋਵਿਗਿਆਨਕ ਥਿਊਰੀਆਂ ਅਤੇ ਸਿਧਾਂਤਾਂ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਬਾਣੀ ਦਾ ਭਾਵ ਸਿਰਫ ਤੇਗ ਬਹਾਦਰ ਜੀ ਦੀ ਬਾਣੀ ਤੋਂ ਹੈ।

ਬਾਣੀ ਸਿਧਾਂਤ :- 1.ਮਨੁੱਖ ਦਾ ਮਨ ਬਹੁਤ ਚੰਚਲ ਹੈ :- ਗੁਰੂ ਤੇਗ ਬਹਾਦਰ ਜੀ ਦਾ ਮੰਨਣਾ ਹੈ ਕਿ ਮਨੁੱਖੀ ਮਨ ਬਹੁਤ ਜਿਆਦਾ ਚੰਚਲ ਹੈ। ਇਹ ਆਪਣੇ ਫੁਰਨਿਆਂ ਵਿੱਚ ਲਗਾਤਾਰ ਭੱਜਦਾ ਰਹਿੰਦਾ ਹੈ। ਇਸ ਦੇ ਫੁਰਨੇ, ਵਿਚਾਰ, ਖਿਆਲ, ਕਲਪਨਾਵਾਂ ਇਸ ਦੇ ਆਪਣੇ ਵਸ ਵਿੱਚ ਨਹੀਂ ਹਨ, ਸਗੋਂ ਮਨੁੱਖ ਤੋਂ ਆਪਣੇ ਮੁਤਾਬਕ ਕੰਮ ਕਰਵਾਉਂਦੀਆਂ ਹਨ। ਗੁਰੂ ਸਾਹਿਬ ਆਖਦੇ ਹਨ ਕਿ ਇਸ ਨੂੰ ਵਸ ਕਰਨਾ ਸੌਖਾ ਨਹੀਂ ਹੈ।

* ਚੰਚਲ ਮਨੁ ਦਹ ਦਿਸਿ ਕਉ
ਧਾਵਤ ਅਚਲ ਜਾਹਿ ਠਹਰਾਨੋ ॥
ਕਹੁ ਨਾਨਕ ਇਹ ਬਿਧਿ ਕੋ
ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥
(ਪੰਨਾ ੬੮੫, ਧਨਾਸਰੀ ਮਹਲਾ ੯)

* ਪਾਪੀ ਹੀਐ ਮੈ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥
(ਪੰਨਾ ੧੧੮੬, ਬਸੰਤ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਮਨੋਵਿਗਿਆਨ ਵੀ ਮਨ ਨੂੰ ਸਥਿਰ ਨਹੀਂ ਮੰਨਦਾ। ਇਹ ਆਪਣੇ ਫੁਰਨਿਆਂ ਅਤੇ ਖਿਆਲਾਂ ਵਿੱਚ ਭੱਜਦਾ ਰਹਿੰਦਾ ਹੈ। ਵਿਲੀਅਮ ਜੇਮਜ਼ ਨੇ ਮਨ ਨੂੰ ਚੇਤੰਨਤਾ ਦੀ ਧਾਰਾ ("Stream of Consciousness") ਕਿਹਾ ਹੈ ਅਰਥਾਤ ਮਨ ਲਗਾਤਾਰ ਚੱਲ ਰਹੀ ਵਿਚਾਰਾਂ ਦੀ ਧਾਰਾ ਹੈ। ਮਨੋਵਿਗਿਆਨਕਾਂ ਅਨੁਸਾਰ ਮਨ ਵਿੱਚ ਇੱਕ ਦਿਨ ਵਿੱਚ ਲੱਗਭੱਗ 50000 ਫੁਰਨੇ ਆਉਂਦੇ ਹਨ। Sigmund Freud ਅਨੁਸਾਰ ਮਨ ਦੀ ਚੰਚਲਤਾ ਇਡ ਦੀ ਉਤਸਾਹਿਤ ਇੱਛਾਵਾਂ ਕਰਕੇ ਹੁੰਦੀ ਹੈ ਜੋ ਤੁਰੰਤ ਤ੍ਰਿਪਤੀ ਚਾਹੁੰਦੀਆਂ ਹਨ।

ਬਾਣੀ ਸਿਧਾਂਤ :- 2. ਭੁੱਲਿਆ ਭਟਕਿਆ ਮਨੁੱਖੀ ਮਨ ਵਿਕਾਰਾਂ ਵੱਲ ਦੌੜਦਾ ਹੈ :- ਸਿਰਫ ਮਨੁੱਖੀ ਮਨ ਚੰਚਲ ਹੀ ਨਹੀਂ। ਸਗੋਂ ਵਧੇਰੇ ਕਰਕੇ ਉਹ ਵਿਕਾਰਾਂ ਵੱਲ ਛੇਤੀ ਖਿੱਚਿਆ ਜਾਂਦਾ ਹੈ। ਜਿਵੇਂ ਪਾਣੀ ਦਾ ਝੁਕਾਅ ਹੇਠਾਂ ਵੱਲ ਹੁੰਦਾ ਹੈ ਉਸੇ ਤਰਾਂ ਮਨੁੱਖੀ ਬਿਰਤੀਆਂ ਔਗਣਾਂ ਵੱਲ ਭੱਜਦੀਆਂ ਹਨ। ਗੁਣਾਂ ਵੱਲ ਪ੍ਰੇਰਿਤ ਕਰਨ ਲਈ ਬਹੁਤ ਜਿਆਦਾ ਯਤਨ ਕਰਨੇ ਪੈਂਦੇ ਹਨ। ਮਾਇਆ ਵਿੱਚ ਅਤੇ ਦੁਨਿਆਵੀ ਪਦਾਰਥਾਂ ਵੱਲ ਮੋਹਿਆ ਜਾਣ ਕਰਕੇ ਉਹ ਆਪਣਾ ਅਸਲੀ ਮਕਸਦ ਭੁੱਲ ਜਾਂਦਾ ਹੈ। ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਪੈ ਕੇ ਕੀਮਤੀ ਜੀਵਨ ਨੂੰ ਅਜਾਈਂ ਗਵਾਂ ਦਿੰਦਾ ਹੈ।

*ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥
(ਪੰਨਾ ੪੧੧, ਰਾਗੁ ਆਸਾ ਮਹਲਾ ੯)

* ਜਤਨ ਬਹੁਤੁ ਮੈ ਕਰਿ ਰਹਿਓ
ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ
ਰਾਖਿ ਲੇਹੁ ਭਗਵਾਨ ॥
((ਪੰਨਾ ੧੪੨੮, ਸਲੋਕ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਮਨੋਵਿਗਿਆਨ ਅਨੁਸਾਰ ਮਨੁੱਖੀ ਮਨ ਆਪਣੀਆਂ ਅੰਦਰਲੀਆਂ ਬਿਰਤੀਆਂ ਕਾਰਨ ਵਿਕਾਰਾਂ ਵਿੱਚ ਫਸ ਜਾਂਦਾ ਹੈ। ਫਰਾਇਡ ਦੇ ਸਿਧਾਂਤ ਅਨੁਸਾਰ ਵਿਕਾਰ ਜਿਵੇਂ ਲਾਲਚ, ਕ੍ਰੋਧ, ਮੋਹ ਆਦਿ ਦੀ ਪ੍ਰਕਿਰਤੀ ਹਨ। ਜਦੋਂ ਓਗੋ ਅਤੇ ਸ਼ੁਪਰਈਗੋ ਇਨ੍ਹਾਂ ਨੂੰ ਸੰਤੁਸ਼ਟ ਨਹੀਂ ਕਰਦੀ, ਤਦ ਮਨ ਵਿਕਾਰਾਂ ਵਿਚ ਫਸ ਜਾਂਦਾ ਹੈ। ਵਿਵਹਾਰਕ ਮਨੋਵਿਗਿਆਨ (Behaviour Psychology) ਮੁਤਾਬਕ ਮਨੁੱਖ ਦੀ ਸੋਚ ਅਤੇ ਕੰਮ ਵਾਤਾਵਰਣ ਤੋਂ ਸਿੱਖੇ ਗਏ ਪੈਟਰਨਾਂ ਤੇ ਆਧਾਰਿਤ ਹੁੰਦੇ ਹਨ। ਵਿਕਾਰ ਅਕਸਰ ਨਕਾਰਾਤਮਕ ਸੰਸਕਾਰਾਂ ਦੇ ਨਤੀਜੇ ਹੁੰਦੇ ਹਨ। ਬੋਧਾਤਮਕ ਵਿਵਹਾਰਕ ਇਲਾਜ ਪ੍ਰਣਾਲੀ (Cognitive Behavioural Therapy (CBT) ਦੇ ਅਨੁਸਾਰ ਵਿਕਾਰਾਤਮਕ ਵਿਚਾਰ ਮਨੁੱਖ ਦੀਆਂ ਭਾਵਨਾਵਾਂ ਤੇ ਵਿਹਾਰ ਨੂੰ ਨਕਾਰਾਤਮਕ ਰੂਪ ਦਿੰਦੇ ਹਨ।

ਬਾਣੀ ਸਿਧਾਂਤ :-3. ਨਾਸ਼ਮਾਨਤਾ :- ਗੁਰੂ ਤੇਗ ਬਹਾਦਰ ਜੀ ਅਨੁਸਾਰ ਹਰ ਉਹ ਜੋ ਪੈਦਾ ਹੋਇਆ ਹੈ ਇੱਕ ਦਿਨ ਜਰੂਰ ਨਾਸ ਹੋ ਜਾਏਗਾ। ਇਹ ਦਿਸਦਾ ਸੰਸਾਰ, ਇਹ ਸਾਰੀਆਂ ਵਸਤੂਆਂ, ਮਨੁੱਖਾ ਸਰੀਰ, ਮਨੁੱਖ ਦਾ ਪਰਿਵਾਰ ਅਤੇ ਸਾਕ ਸੰਬੰਧੀ ਆਦਿ ਸਭ ਕੁਝ ਖਤਮ ਹੋ ਜਾਣ ਵਾਲਾ ਹੈ।

* ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ
ਮਿਥਿਆ ਰਹਿਓ ਰਾਮ ਸਰਨਾਈ ॥
(ਪੰਨਾ ੨੧੯, ਗਉੜੀ ਮਹਲਾ ੯)

* ਮਾਤ ਪਿਤਾ ਸੁਤ ਬੰਧ ਜਨ ਹਿਤੁ
ਜਾ ਸਿਉ ਕੀਨਾ ॥
ਜੀਉ ਛੂਟਿਓ ਜਬ ਦੇਹ ਤੇ
ਡਾਰਿ ਅਗਨਿ ਮੈ ਦੀਨਾ ॥
(ਪੰਨਾ ੭੨੬, ਤਿਲੰਗ ਮਹਲਾ ੯)

* ਗਰਬੁ ਕਰਤੁ ਹੈ ਦੇਹ ਕੋ
ਬਿਨਸੈ ਛਿਨ ਮੈ ਮੀਤ ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ
ਨਾਨਕ ਤਿਹਿ ਜਗੁ ਜੀਤਿ ॥
(ਪੰਨਾ ੧੪੨੮, ਸਲੋਕ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਮਨੋਵਿਗਿਆਨ ਦਰਸ਼ਨ ਸ਼ਸ਼ਤਰ ਵਾਂਗ ਜਗਤ ਦੀ ਮਨੁੱਖ ਦੀ ਨਾਸ਼ਮਾਨਤਾ ਵਿੱਚ ਵਿਸ਼ਵਾਸ਼ ਰੱਖਦੀ ਹੈ। ਹੋਂਦ ਸੰਬੰਧੀ ਮਨੋਵਿਗਿਆਨ ਦੇ ਮਾਹਰ ਵਿਕਟਰ ਫਰੈਂਕ ਅਨੁਸਾਰ ਜੀਵਨ ਅਸਥਾਈ ਹੈ ਅਤੇ ਮਨੁੱਖ ਆਪਣੇ ਅਰਥ ਦੀ ਭਾਲ ਵਿੱਚ ਹੈ। ਬੋਧੀ ਮਨੋਵਿਗਿਆਨ ਦੇ ਅਸਥਿਰਤਾ ਸਿਧਾਂਤ ਅਨੁਸਾਰ ਸਾਰੇ ਤੱਤ ਨਾਸ਼ਵਾਨ ਹਨ। ਇਹ ਸਿਧਾਂਤ ਅਣਚਾਹੀ ਪਕੜ ਨੂੰ ਦੁੱਖਾਂ ਦਾ ਕਾਰਨ ਮੰਨਦਾ ਹੈ।

ਬਾਣੀ ਸਿਧਾਂਤ :-4.ਮਨੁੱਖ ਮਾਇਆ ਵਿੱਚ , ਪਰਿਵਾਰ ਤੇ ਸੰਬੰਧੀਆਂ ਵਿੱਚ ਖਚਿਤ ਹੈ :- ਮਨੁੱਖ ਆਪਣਾ ਸਾਰਾ ਸਮਾਂ ਦੁਨਿਆਵੀ ਮੋਹ ਮਾਇਆ ਵਿੱਚ ਫਸਿਆ ਰਹਿੰਦਾ ਹੈ। ਪ੍ਰਭੂ ਭਗਤੀ ਵੱਲ ਉਸਦਾ ਬਿਲਕੁਲ ਵੀ ਧਿਆਨ ਨਹੀਂ। ਸਗੋਂ ਸਿਰਫ ਦੁਨੀਆਂ ਦੀ ਧਨ ਦੌਲਤ ਅਤੇ ਸਹੂਲਤਾਂ ਵਿੱਚ ਪਰਿਵਾਰ ਅਤੇ ਸੰਬੰਧੀਆਂ ਦੇ ਮੋਹ ਵਿਚ ਗੁਲਤਾਨ ਹੈ।

* ਪ੍ਰਾਨੀ ਕਉ ਹਰਿ ਜਸੁ
ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ
ਮੈ ਕਹੁ ਕੈਸੇ ਗੁਨ ਗਾਵੈ ॥
* ਜਗ ਝੂਠੇ ਕਉ ਸਾਚੁ ਜਾਨਿ ਕੈ
ਤਾ ਸਿਉ ਰੁਚ ਉਪਜਾਈ ॥
ਦੀਨ ਬੰਧ ਸਿਮਰਿਓ ਨਹੀ
ਕਬਹੂ ਹੋਤ ਜੁ ਸੰਗਿ ਸਹਾਈ ॥
(ਪੰਨਾ ੭੧੮, ਟੋਡੀ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਮਨੋਵਿਗਿਆਨ ਪਰਿਵਾਰ ਅਤੇ ਸੰਬੰਧੀਆਂ ਦੇ ਸਨੇਹ ਦੀ ਮਨੁੱਖ ਦੇ ਵਿਅਕਤੀਤਵ ਦੇ ਵਿਕਾਸ ਵਿੱਚ ਲੋੜ ਨੂੰ ਮੰਨਦਾ ਹੈ। ਈਰਿਚ ਫ਼ਰੋਮ ਅਨੁਸਾਰ ਮਨੁੱਖ ਸੰਬੰਧਾਂ ਵਿੱਚ ਪਿਆਰ ਦੀ ਭਾਲ ਕਰਦਾ ਹੈ, ਪਰ ਇਹ ਅਕਸਰ ਇਹ ਭਾਲ "ਮਲਕੀਅਤ" "ਆਸਰਾ" ਜਾਂ "ਪਛਾਣ" ਬਣ ਜਾਂਦੀ ਹੈ। ਇਸੇ ਲਈ ਮਲਕੀਅਤ ਨਾਲ ਉਹ ਜਿਆਦਾ ਜੁੜਦਾ ਹੈ ਅਤੇ ਮੇਰ ਦੀ ਭਾਵਨਾ ਪੈਦਾ ਹੁੰਦੀ ਹੈ। ਆਸਰਾ ਉਹ ਛੱਡਣਾ ਨਹੀਂ ਚਾਹੁੰਦਾ, ਕਿਉਂਕਿ ਨਿਰਭਰ ਹੋ ਚੁੱਕਿਆ ਹੁੰਦਾ ਹੈ। ਅਤੇ ਨਾ ਹੀ ਕੋਈ ਵਿਅਕਤੀ ਛੇਤੀ ਕੀਤਿਆਂ ਆਪਣੀ ਪਛਾਣ ਗੁਆਉਣ ਦਿੰਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਉਸਦਾ ਮੋਹ ਜਾਂ ਪਕੜ ਵਧ ਜਾਂਦੀ ਹੈ। ਫਰੋਮਮ ਅੱਗੇ ਚੱਲ ਕੇ ਲਿਖਦਾ ਹੈ ਕਿ ਮਨੁੱਖ ਆਜ਼ਾਦੀ ਤੋਂ ਡਰਦਾ ਹੈ ਅਤੇ ਪਰਿਵਾਰ, ਧਰਮ ਜਾਂ ਸਮਾਜਿਕ ਢਾਂਚਿਆਂ ਵਿੱਚ ਖੁਦ ਨੂੰ ਗੁਆ ਲੈਂਦਾ ਹੈ। ਕਾਰਲ ਜੁੰਗ ਅਨੁਸਾਰ ਮਨੁੱਖ ਉਹ ਚਿਹਰਾ ਜੋ ਉਹ ਜਗਤ ਦੇ ਅੱਗੇ ਪੇਸ਼ ਕਰਦਾ ਹੈ, ਦੇ ਓਹਲੇ ਆਪਣੇ ਅਸਲੀ "ਸੱਤ" ਨੂੰ ਭੁੱਲ ਜਾਂਦਾ ਹੈ। ਜਗਤਕ ਰੋਲ ਅਤੇ ਸੰਬੰਧੀ ਉਮੀਦਾਂ ਮਨੁੱਖ ਨੂੰ ਆਪਣੇ ਅੰਦਰਲੇ ਸੱਚ ਤੋਂ ਦੂਰ ਕਰ ਦਿੰਦੀਆਂ ਹਨ।

ਇਰਵਿਨ ਡੀ ਯੈਲਮ ਹੋਂਦ ਸੰਬੰਧੀ ਇੱਕਲਾਪਣ ਵਿੱਚ ਦੱਸਦਾ ਹੈ ਕਿ ਮਨੁੱਖੀ ਅਸਤਿਤਵ ਦਾ ਇੱਕ ਸੱਚ ਇਹ ਵੀ ਹੈ ਕਿ ਜਦੋ ਅਸੀਂ ਸੰਬੰਧਾਂ ਅਤੇ ਭੌਤਿਕ ਚੀਜਾਂ ਵਿਚ ਵਧੇਰੇ ਖਚਿਤ ਹੋ ਜਾਂਦੇ ਹਾਂ, ਤਾਂ ਅੰਦਰੋਂ ਵਧੇਰੇ ਇਕੱਲੇ ਹੋ ਜਾਂਦੇ ਹਾਂ।

ਰੌਲੋ ਮੇ-ਸਵੈ ਪਹਿਚਾਣ ਵਿੱਚ ਸਭਿਆਚਾਰ ਦਾ ਯੋਗਦਾਨ (The role of culture in Self-Identity) ਵਿੱਚ ਦੱਸਦਾ ਹੈ ਕਿ ਸਮਾਜਿਕ ਅਤੇ ਪਰਿਵਾਰਿਕ ਰੋਲ ਮਨੁੱਖ ਨੂੰ ਮਨੁੱਖੀ ਮਸ਼ੀਨ ਬਣਾਉਂਦੇ ਹਨ ਜਿੱਥੇ ਉਹ ਆਪਣੇ ਅਸਲ ਅਰਥ ਅਤੇ ਅਤਮਿਕਤਾ ਤੋਂ ਦੂਰ ਚਲਾ ਜਾਂਦਾ ਹੈ।

ਬਾਣੀ ਸਿਧਾਂਤ :-5. ਮਨ ਝੂਠੇ ਮਾਣ ਵਿੱਚ ਫਸਿਆ ਹੈ :- ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਮਨ ਦੀਆਂ ਡੂੰਘੀਆ ਪਰਤਾਂ ਫੋਲਦੇ ਹਨ। ਉਹਨਾਂ ਅਨੁਸਾਰ ਮਨੁੱਖੀ ਮਨ ਝੂਠੇ ਮਾਣ ਵਿਚ ਗ੍ਰਸਿਆ ਹੋਇਆ ਹੈ। ਇਸੇ ਕਾਰਨ ਉਹ ਇੱਕ ਤੋਂ ਬਾਅਦ ਇੱਕ ਵਿਕਾਰਾਂ ਵਿੱਚ ਧਸਦਾ ਜਾਈ ਜਾ ਰਿਹਾ ਹੈ। ਇਹ ਮਾਣ ਹੀ ਉਸਨੂੰ ਪ੍ਰਭੂ ਦੇ ਸੱਚੇ ਮਾਰਗ ਤੇ ਚੱਲਣ ਵਿਚ ਰੁਕਾਵਟ ਬਣਦਾ ਹੈ।

ਬਾਕੀ ਹਿਸਾ ਸਫਾ 56 ਤੇ ਪੜ੍ਹੋ

55 ਸਫ਼ੇ ਦੀ ਬਾਕੀ

* ਝੂਠੈ ਮਾਨੁ ਕਹਾ ਕਰੈ
ਜਗੁ ਸੁਪਨੇ ਜਿਉ ਜਾਨੁ ॥
ਇਨ ਮੈ ਕਛੁ ਤੇਰੋ ਨਹੀ
ਨਾਨਕ ਕਹਿਓ ਬਖਾਨਿ ॥
(ਪੰਨਾ ੧੪੨੮, ਸਲੋਕ ਮਹਲਾ ੯)

* ਜਤਨ ਬਹੁਤੁ ਮੈ ਕਰਿ ਰਹਿਓ
ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ
ਰਾਖਿ ਲੇਹੁ ਭਗਵਾਨ ॥
(ਪੰਨਾ ੧੪੨੮, ਸਲੋਕ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਵੱਖ ਵੱਖ ਮਨੋਵਿਗਿਆਨਕਾਂ ਨੇ ਮਨੁੱਖ ਦੇ ਝੂਠੇ ਮਾਣ ਦੀ ਗੱਲ ਸਵੀਕਾਰੀ ਹੈ ਪਰ ਉਹਨਾਂ ਨੇ ਆਪਣੇ ਅੰਦਾਜ ਵਿਚ ਕਹੀ ਹੈ।

ਸਿਗਮੰਡ ਫਰਾਇਡ ਅਨੁਸਾਰ ਮਨੁੱਖ ਦਾ ਮਨ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ - ਇਡ-ਆਪਣੀਆਂ ਚਾਹਾਂ ਅਤੇ ਇੱਛਾਵਾਂ ਦਾ ਪ੍ਰਤੀਕ, ਈਗੋ- ਸਮਾਜਿਕ ਨਿਯਮਾਂ ਨਾਲ ਸੰਬੰਧਿਤ ਵਾਸਤਵਿਕਤਾ ਦਾ ਪ੍ਰਤੀਕ ਅਤੇ ਸੁਪਰ ਈਗੋ ਨੈਤਿਕ ਅਤੇ ਆਖਰੀ ਵਧੀਆ ਫੈਸਲੇ ਦਾ ਪ੍ਰਤੀਕ। ਫਰਾਇਡ ਮੰਨਦਾ ਸੀ ਕਿ ਮਨੁੱਖ ਆਪਣੀ ਸਵੈ-ਪਛਾਣ ਨੂੰ ਉੱਚਾ ਕਰਨ ਅਤੇ ਆਪਣੀ ਚਾਹਤ ਨੂੰ ਪੂਰਾ ਕਰਨ ਲਈ ਕਈ ਵਾਰੀ ਝੂਠਾ ਮਾਣ ਪ੍ਰਗਟ ਕਰਦਾ ਹੈ। ਐਰਿਕ ਐਰਿਕਸਨ ਅਨੁਸਾਰ ਵੀ ਸਮਾਜਿਕ ਪ੍ਰਤਿਸ਼ਠਾ ਬਣਾਉਣ ਸਮੇਂ ਵਿਅਕਤੀ ਝੂਠਾ ਮਾਣ ਬਣਾ ਲੈਂਦਾ ਹੈ। ਕਾਰਲ ਜੁੰਗ ਨੇ ਪਰਸੋਨਾ ਸੰਕਲਪ ਵਿਚ ਇਹੀ ਪ੍ਰਗਟਾਇਆ ਹੈ ਕਿ ਮਨੁੱਖ ਅਸਲ ਵਿਚ ਉਹ ਨਹੀਂ ਹੁੰਦਾ, ਜੋ ਉਹ ਪ੍ਰਸਤੁਤ ਕਰ ਰਿਹਾ ਹੁੰਦਾ ਹੈ।

ਬਾਣੀ ਸਿਧਾਂਤ :-6. ਜਗਤ, ਪਰਿਵਾਰ ਅਤੇ ਸੰਬੰਧੀ ਅੰਤ ਸਮੇਂ ਨਾਲ ਨਹੀਂ ਜਾਂਦੇ :- ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਇਹ ਦਿਸਦਾ ਜਗਤ, ਪਰਿਵਾਰ ਭਾਵੇ ਦੇਖਣ ਨੂੰ ਸਾਡੇ ਆਪਣੇ ਲੱਗਦੇ ਹਨ। ਪਰ ਅਸਲ ਵਿਚ ਕੋਈ ਵੀ ਨਾਲ ਖੜ੍ਹਨ ਵਾਲਾ ਨਹੀਂ। ਮਾਇਆ ਨਾ ਹੋਣ ਤੇ ਪਰਿਵਾਰ ਅਤੇ ਸੰਬੰਧੀ ਸਾਥ ਛੱਡ ਦਿੰਦੇ ਹਨ। ਨਾ ਕੋਈ ਦੁੱਖ ਸਮੇਂ ਹੀ ਸਾਥ ਨਿਭਾਉਂਦਾ ਹੈ। ਅੰਤ ਸਮੇਂ ਤਾਂ ਕੋਈ ਵੀ ਕੰਮ ਨਹੀ ਆ ਸਕਦਾ। ਇਹਨਾਂ ਦੇ ਮਨੁੱਖ ਨਾਲ ਸੰਬੰਧ ਥੋੜ੍ਹ ਚਿਰੇ ਹਨ ਅਤੇ ਆਪੋ ਆਪਣੇ ਸਵਾਰਥ ਤੋਂ ਪ੍ਰੇਰਿਤ ਹਨ।

* ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉ ਲਾਗੇ ॥
ਜਬ ਹੀ ਨਿਰਧਨ ਦੇਖਿਓ
ਨਰ ਕਉ ਸੰਗੁ ਛਾਡਿ ਸਭ ਭਾਗੇ ॥
(ਪੰਨਾ ੬੩੩, ਸੋਰਠਿ ਮਹਲਾ ੯)

* ਸੁਖ ਮੈ ਬਹੁ ਸੰਗੀ ਭਏ
ਦੁਖ ਮੈ ਸੰਗਿ ਨ ਕੋਇ ॥
ਕਹੁ ਨਾਨਕ ਹਰਿ ਭਜੁ ਮਨਾ
ਅੰਤਿ ਸਹਾਈ ਹੋਇ ॥
((ਪੰਨਾ ੧੪੨੮, ਸਲੋਕ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਮਨੋਵਿਗਿਆਨਕ ਵੀ ਇਸ ਵਿਚਾਰ ਨਾਲ ਸਹਿਮਤ ਹਨ ਕਿ ਮਨੁੱਖ ਦੇ ਸੰਬੰਧੀ ਅਤੇ ਪਰਿਵਾਰ ਵਾਲੇ ਕੁਝ ਹੱਦ ਤੱਕ ਹੀ ਸਾਥ ਨਿਭਾ ਸਕਦੇ ਹਨ ਅਤੇ ਅੰਤ ਸਮੇਂ ਮਨੁੱਖ ਨੂੰ ਇੱਕਲੇ ਨੂੰ ਹੀ ਜਾਣਾ ਪੈਂਦਾ ਹੈ।

ਹੋਂਦ ਸੰਬੰਧੀ ਮਨੋਵਿਗਿਆਨ ਅਤੇ ਰੂਹਾਨੀ ਮਨੋਵਿਗਿਆਨ (Existential & Spiritual Psychology) ਅਨੁਸਾਰ ਰੌਲੋ ਮੇ ਅਤੇ ਇਰਵਿਨ ਯੈਲਮ ਨੇ ਕਿਹਾ ਕਿ ਆਖਰੀ ਪਲਾਂ ਵਿੱਚ ਮਨੁੱਖ ਆਪਣੀ ਮੌਤ ਨਾਲ ਇਕੱਲਾ ਹੀ ਸਾਹਮਣਾ ਕਰਦਾ ਹੈ। ਇਹ ਅਨੁਭਵ ਮਨੁੱਖ ਨੂੰ ਅਸਲੀ ਸਵੈ ਚਿੰਤਨ ਵਲ ਮੋੜਦਾ ਹੈ। ਵਿਕਟਰ ਫਰੈਂਕਲ ਦੇ ਅਨੁਸਾਰ ਮਨੁੱਖ ਅੰਤ ਵਿਚ ਆਪਣੇ ਅਰਥ ਜਾਂ ਉਦੇਸ਼ (ਪੁਰਪੋਸ) ਰਾਹੀਂ ਹੀ ਸੰਤੁਲਨ ਪਾ ਸਕਦਾ ਹੈ।

ਬਾਣੀ ਸਿਧਾਂਤ :-7. ਮਨ ਕੁਝ ਚੰਗਾ ਨਾ ਕਰ ਸਕਣ ਤੇ ਨਿਰਾਸ਼ਤਾ ਮਹਿਸੂਸ ਕਰਦਾ ਹੈ :- ਗੁਰੂ ਜੀ ਅਨੁਸਾਰ ਜਿੰਦਗੀ ਦਾ ਜ਼ਿਆਦਾ ਸਮਾਂ ਮੋਹ ਮਾਇਆ ਵਿੱਚ ਖਚਿਤ ਕਰਨ ਤੋਂ ਬਾਅਦ ਇੱਕ ਸਮੇਂ ਮਨੁੱਖ ਸਵੈ ਚਿੰਤਨ ਕਰਦਾ ਹੈ। ਉਸਨੂੰ ਮਹਿਸੂਸ ਹੁੰਦਾ ਹੈ ਕਿ ਉਸਨੇ ਕੋਈ ਚੰਗਾ ਕੰਮ ਪ੍ਰਭੂ ਭਗਤੀ ਵਰਗਾ ਨਹੀਂ ਕੀਤਾ। ਉਹ ਨਿਰਾਸ਼ਾ ਵਿਚ ਚਲਾ ਜਾਂਦਾ ਹੈ। ਉਹ ਆਪਣੇ ਆਪ ਨੂੰ ਬਲਹੀਣ ਸਮਝਣ ਲੱਗਦਾ ਹੈ ਜਿੱਥੇ ਉਸ ਨੂੰ ਰਾਹ ਨਹੀਂ ਦਿਸਦਾ। ਅਜਿਹਾ ਅਹਿਸਾਸ ਵੀ ਗੁਰ ਕਿਰਪਾ ਸਦਕਾ ਹੀ ਹੋ ਸਕਦਾ ਹੈ। ਗੁਰੂ ਸਾਹਿਬ ਮਨੁੱਖੀ ਮਨ ਦੀ ਇਹ ਹਾਲਤ ਆਪਣੇ ਖੁਦ ਤੇ ਲਾਗੂ ਕਰਕੇ ਬਿਆਨ ਕਰਦੇ ਹਨ।

* ਅਬ ਮੈ ਕਹਾ ਕਰਉ ਰੀ ਮਾਈ ॥
ਸਗਲ ਜਨਮੁ ਬਿਖਿਅਨ ਸਿਉ
ਖੋਇਆ ਸਿਮਰਿਓ ਨਾਹਿ ਕਨ੍ਹਾਈ ॥
(ਪੰਨਾ ੧੦੦੮, ਮਾਰੂ ਮਹਲਾ ੯)

* ਇਹ ਚਿੰਤਾ ਉਪਜੀ ਘਟ ਮਹਿ
ਜਬ ਗੁਰ ਚਰਨਨ ਅਨੁਰਾਗਿਓ ॥
ਸੁਫਲੁ ਜਨਮੁ ਨਾਨਕ ਤਬ ਹੂਆ
ਜਉ ਪ੍ਰਭ ਜਸ ਮਹਿ ਪਾਗਿਓ ॥
(ਪੰਨਾ ੧੦੦੮, ਮਾਰੂ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਮਨੋਵਿਗਿਆਨ ਮਨੁੱਖ ਦੀ ਇਸ ਚਿੰਤਾ ਅਤੇ ਨਿਰਾਸ਼ਾ ਬਾਰੇ ਗੱਲ ਕਰਦਾ ਹੈ। ਸਿਗਮੰਡ ਫਰਾਇਡ ਦੁਆਰਾ ਦੱਸੀਆਂ ਅਵਸਥਾਵਾਂ ਇਡ, ਈਗੋ ਅਤੇ ਸੁਪਰ ਈਗੋ ਵਿਚੋਂ ਜਦੋ ਕੋਈ ਮਨੁੱਖ ਆਪਣੀ ਆਤਮਕ ਜਾਂ ਨੈਤਿਕ ਮੁੱਲਾਂਕਣ ਕਰਦਾ ਹੈ ਅਤੇ ਪਛਤਾਵੇ ਜਾਂ ਗਲਤੀ ਮਹਿਸੂਸ ਕਰਦਾ ਹੈ, ਤਾਂ ਇਹ ਸੁਪਰ ਈਗੋ ਦੀ ਸਰਗਰਮੀ ਹੁੰਦੀ ਹੈ। ਇਹ ਅਕਸਰ ਦੋਸ਼ ਕੰਪਲੈਕਸ (Guilt Complex or Moral Anxiety) ਵਜੋਂ ਸਾਹਮਣੇ ਆਉਂਦੀ ਹੈ।

ਐਲਬਰਟ ਐਲਿਸ ਅਨੁਸਾਰ ਨਿਰਾਸ਼ਾ ਜਾਂ ਚਿੰਤਾ ਦਾ ਕਾਰਨ ਅਕਸਰ ਆਪਣੇ ਖਿਲਾਫ "ਆਪਣੇ ਖਿਲਾਫ ਕਠੋਰ ਵਿਸ਼ਵਾਸ਼" ਹੁੰਦੇ ਹਨ। (ਜਿਵੇ ਮੈਂ ਪ੍ਰਭੂ ਭਗਤੀ ਨਹੀਂ ਕੀਤੀ, ਇਸ ਲਈ ਨਿਕੰਮਾ ਹਾਂ) ਇਹ ਤਰਕਹੀਣ ਵਿਸ਼ਵਾਸ਼ ਮਨੁੱਖ ਨੂੰ ਚਿੰਤਾ, ਨਿਰਾਸ਼ਾ ਤੇ ਘਟੀਆ ਆਤਮ ਛਵੀ ਵੱਲ ਲੈ ਜਾਂਦੀਆਂ ਹਨ। ਐਬਰਾਹਮ ਮਾਸਲੋ ਦੀ ਮਨੁੱਖੀ ਲੋੜਾਂ ਦੀ ਪਿਰਾਮਿਡ ਵਿਚ ਸਭ ਤੋਂ ਉੱਚੀ ਲੋੜ ਸਵੈ-ਵਾਸਵਿਕਤਾ ਹੈ। ਜਦੋ ਮਨੁੱਖ ਮਹਿਸੂਸ ਕਰਦਾ ਹੈ ਕਿ ਉਸਨੇ ਆਪਣੀ ਅਸਲੀ ਖੁਦੀ ਜਿਵੇ ਭਗਤੀ, ਨੈਤਿਕਤਾ,ਆਤਮਕ ਉੱਨਤੀ ਨਹੀਂ ਕੀਤੀ ਤਾਂ ਇਹ ਨਿਰਾਸ਼ਾ ਪੈਦਾ ਕਰਦੀ ਹੈ। ਮਾਸਲੋ ਅਜਿਹੀ ਨਿਰਾਸ਼ਾ ਨੂੰ ਹੋਂਦ ਦਾ ਖਲਾਅ ਕਹਿੰਦਾ ਹੈ।

ਬਾਣੀ ਸਿਧਾਂਤ 8. ਪ੍ਰਭੂ ਪ੍ਰੇਮ ਅਤੇ ਭਗਤੀ ਕਰਨੀ ਚਾਹੀਦੀ ਹੈ:- ਗੁਰੂ ਤੇਗ ਬਹਾਦਰ ਜੀ ਇਨਸਾਨ ਦੇ ਮਨ ਨੂੰ ਮੋਹ ਮਾਇਆ ਅਤੇ ਵਿਕਾਰਾਂ ਵਿੱਚ ਭਟਕਿਆ ਦੱਸ ਕੇ ਰੁਕ ਨਹੀਂ ਜਾਂਦੇ। ਉਹ ਇਸ ਗੰਭੀਰ ਦਾ ਹੱਲ ਪ੍ਰਭੂ ਨਾਲ ਪ੍ਰੇਮ ਕਰਨਾ, ਉਸਦਾ ਸਿਮਰਨ ਕਰਨਾ ਦੱਸਦੇ ਹਨ। ਇਸ ਤਰਾਂ ਚੰਚਲ ਮਨ ਨੂੰ ਸ਼ਾਂਤੀ ਮਿਲ ਸਕਦੀ ਹੈ ਅਤੇ ਵਿਕਾਰਾਂ ਦੀ ਅਗਨੀ ਵੀ ਠਰ ਸਕਦੀ ਹੈ। ਆਪਣੇ ਅਸਲ ਮਨੋਰਥ ਨੂੰ ਸਿਰਫ ਆਪਾ ਚੀਨਣ ਨਾਲ ਹੀ ਪਛਾਣਿਆ ਜਾ ਸਕਦਾ ਹੈ। ਪ੍ਰਭੂ ਦਾ ਸਿਮਰਨ ਬਹੁਤ ਹੀ ਪਿਆਰ ਨਾਲ, ਲਗਨ ਨਾਲ ਅਤੇ ਲਗਾਤਾਰਤਾ ਨਾਲ ਕਰਨਾ ਹੈ।

* ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ ॥
(ਪੰਨਾ ੬੩੧, ਸੋਰਠਿ ਮਹਲਾ ੯)

* ਜੋ ਪ੍ਰਾਨੀ ਨਿਸਿ ਦਿਨੁ ਭਜੈ
ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ
ਨਾਨਕ ਸਾਚੀ ਮਾਨੁ ॥
(ਪੰਨਾ ੧੪੨੭, ਸਲੋਕ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਅਜੋਕੀ ਮਨੋਵਿਗਿਆਨ ਮਨ ਦੀ ਇਕਾਗਰਤਾ ਲਈ, ਮਨ ਨੂੰ ਸ਼ਾਂਤ ਕਰਨ ਲਈ, ਉਦਾਸੀ ਅਤੇ ਤਣਾਅ ਤੋਂ ਮੁਕਤੀ ਲਈ ਭਗਤੀ ਦੀ ਲੋੜ ਨੂੰ ਜਰੂਰੀ ਸਮਝਦੀ ਹੈ। ਜਿਹੜੇ ਮਨੋਵਿਗਿਆਨਕ ਅਜੋਕੇ ਸਮੇਂ ਵਿਚ ਡਿਪ੍ਰੈਸ਼ਨ ਵਰਗੇ ਰੋਗਾਂ ਦੇ ਮਰੀਜਾਂ ਦਾ ਇਲਾਜ ਕਰਦੇ ਹਨ ਅਤੇ ਉਨ੍ਹਾਂ ਦੀ ਕਾਉਂਸਲਿੰਗ ਕਰਦੇ ਹਨ, ਉਹ ਭਗਤੀ ਨੂੰ ਇੱਕ ਜਰੂਰੀ ਅਤੇ ਪ੍ਰੈਕਟੀਕਲੀ ਇਲਾਜ ਮੰਨਦੇ ਹਨ। ਮੈਨੇਜਮੇਂਟ ਦੀਆਂ ਉੱਚੀਆਂ ਪੋਸਟਾਂ ਪ੍ਰਾਪਤ ਕਰਨ ਲਈ ਕਰਵਾਏ ਜਾਂਦੇ ਕੋਰਸਾਂ ਦੇ ਵਿਦਿਅਕ ਸਿਲੇਬਸਾਂ ਵਿੱਚ ਭਗਤੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਮਨੋਵਿਗਿਆਨਕਾਂ ਅਨੁਸਾਰ ਭਗਤੀ ਸਵੈ ਅਨੁਸ਼ਾਸ਼ਨ, ਚੇਤੰਨਤਾ, ਅਤੇ ਭਾਵਨਾਵਤਮਕ ਸੰਤੁਲਨ ਬਣਾਉਣ ਵਿਚ ਬਹੁਤ ਵੱਡੀ ਮੱਦਦ ਕਰਦੀ ਹੈ।

ਕਾਰਲ ਜੁੰਗ ਨੇ ਸਵੈ ਪੂਰਨਤਾ ਲਿਆਉਣ ਲਈ ਭਗਤੀ ਦੀ ਲੋੜ ਬਾਰੇ ਲਿਖਿਆ ਹੈ। ਉਸ ਦਾ ਵਿਚਾਰ ਹੈ ਕਿ ਭਗਤੀ ਮਨੁੱਖ ਨੂੰ ਉਸਦੇ ਅਸਲੀ ਨਿੱਜ ਨਾਲ ਜੋੜਦੀ ਹੈ ਜਿਹੜਾ ਕਿ ਅਕਾਲ ਪੁਰਖ ਨਾਲ ਜੁੜਿਆ ਮੰਨਿਆ ਜਾਂਦਾ ਹੈ। ਭਗਤੀ ਮਾਨਸਿਕ ਜ਼ਿੰਦਾਦਿਲੀ ਅਤੇ ਪੂਰਨਤਾ ਬਣਾਈ ਰੱਖਣ ਵਿਚ ਬਹੁਤ ਸਹਾਈ ਹੁੰਦੀ ਹੈ।

ਬਾਣੀ ਸਿਧਾਂਤ 9:-ਜਦੋ ਸੱਚੇ ਤੇ ਭਰੋਸਾ ਬੱਝਦਾ ਹੈ, ਆਨੰਦ ਮਿਲਦਾ ਹੈ ਅਤੇ ਇਨਸਾਨ ਬਲਸ਼ਾਲੀ ਮਹਿਸੂਸ ਕਰਦਾ ਹੈ :- ਗੁਰੂ ਸਾਹਿਬ ਦਾ ਵਿਸ਼ਵਾਸ ਹੈ ਕਿ ਜਦੋਂ ਮਨੁੱਖ ਨੂੰ ਇੱਕ ਵਾਹਿਗੁਰੂ ਜੀ ਤੇ ਭਰੋਸਾ ਬੱਝ ਗਿਆ, ਤਾਂ ਉਸਦੀ ਭਟਕਣਾ, ਤ੍ਰਿਸ਼ਨਾ ਖਤਮ ਹੋ ਜਾਂਦੀ ਹੈ। ਉਹ ਪ੍ਰਭੂ ਦਾ ਸਿਮਰਨ ਕਰਦਾ ਹੈ, ਨਾਮ ਪ੍ਰਾਪਤ ਕਰਦਾ ਹੈ, ਆਪਾ ਚੀਨਦਾ ਹੈ ਅਤੇ ਉਸਦਾ ਮਨ ਸ਼ਾਂਤ ਹੋ ਜਾਂਦਾ ਹੈ।

* ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ
ਕਰਿ ਬੈਠੋ ਬਿਸਰਾਮੁ ॥
(ਪੰਨਾ ੧੧੮੬, ਬਸੰਤ ਮਹਲਾ ੯)

* ਬਲੁ ਹੋਆ ਬੰਧਨ ਛੁਟੇ
ਸਭੁ ਕਿਛੁ ਹੋਤ ਉਪਾਇ ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ
ਤੁਮ ਹੀ ਹੋਤ ਸਹਾਇ ॥
(ਪੰਨਾ ੧੪੨੯, ਸਲੋਕ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :-ਹੋਂਦ ਸੰਬੰਧੀ ਮਨੋਵਿਗਿਆਨ ਅਤੇ ਸਕਾਰਾਤਮਕ ਮਨੋਵਿਗਿਆਨ ਮਨੁੱਖ ਦੇ ਮਨ ਦੀ ਸਕਾਰਾਤਮਕ ਤਬਦੀਲੀ ਦੀ ਗੱਲ ਕਰਦੀਆਂ ਹਨ। ਇਹਨਾਂ ਅਨੁਸਾਰ ਜਦੋਂ ਮਨੁੱਖੀ ਮਨ ਆਪਣੇ ਤੋਂ ਉੱਚੀ ਸੱਤਾ ਨਾਲ ਜੁੜਦਾ ਹੈ, ਉਸ ਵਿੱਚ ਟਿਕਾਅ ਪੈਦਾ ਹੁੰਦਾ ਹੈ। ਉਹ ਪਰਮ ਸੱਤਾ ਨਾਲ ਜੁੜ ਕੇ ਆਪਣਾ ਸਵੈ-ਵਿਸ਼ਵਾਸ ਮਜਬੂਤ ਕਰਦਾ ਹੈ। ਬੰਧਨਾਂ ਨੂੰ ਖਤਮ ਕਰਦਾ ਹੈ ਅਤੇ ਉਸਨੂੰ ਜਿੰਦਗੀ ਦੇ ਅਰਥ ਕੁਝ ਕੁਝ ਸਮਝ ਆਉਣ ਲੱਗਦੇ ਹਨ। ਮਨੋਵਿਗਿਆਨ ਦੀ ਭਾਸ਼ਾ ਵਿਚ ਸਾਵਧਾਨ ਧਿਆਨ ਅਤੇ ਅਲੌਕਿਕ ਧਿਆਨ ਵਰਗੀਆਂ ਵਿਧੀਆਂ ਰਾਹੀਂ ਮਨੁੱਖੀ ਮਨ ਹੰਕਾਰ ਤੋਂ ਉੱਪਰ ਉੱਠਦਾ ਹੈ ਅਤੇ ਇਥੇ ਉਸਦਾ ਮੋਹ ਘਟਦਾ ਹੈ, ਲੋਭ ਬਿਰਤੀ ਦੂਰ ਹੁੰਦੀ ਹੈ। ਮਾਰਟਿਨ ਸੈਲਿਗਮੈਨ ਅਨੁਸਾਰ ਪਰਮਾਤਮਾ ਜਾਂ ਕਿਸੇ ਅਧਿਆਤਮਕ ਸੱਤਾ ਤੇ ਭਰੋਸਾ ਆਉਣ ਨਾਲ ਮਨੁੱਖ ਵਿਚ ਉਮੀਦ, ਆਸ, ਉਦੇਸ਼ ਅਤੇ ਸੰਤੋਖ ਪ੍ਰਾਪਤ ਹੁੰਦੇ ਹਨ ਜਿਸ ਨਾਲ ਉਸ ਅੰਦਰੋਂ ਉਦਾਸੀ ਅਤੇ ਚਿੰਤਾ ਖਤਮ ਹੁੰਦੀ ਜਾਂਦੀ ਹੈ। ਕਾਰਲ ਜੁੰਗ ਇਸਨੂੰ ਮਨੁੱਖ ਦੇ ਉੱਚੇ ਆਪੇ ਦੀ ਪ੍ਰਾਪਤੀ ਦੱਸਦਾ ਹੈ।

ਬਾਣੀ ਸਿਧਾਂਤ 10:-ਮਨੁੱਖ ਨੂੰ ਸੰਤੁਲਿਤ ਜੀਵਨ ਜਾਚ ਜਿਉਣੀ ਚਾਹੀਦੀ ਹੈ :-- ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਹਰਖ ਸੋਗ, ਉਸਤਤਿ ਨਿੰਦਾ ਆਦਿ ਤੋਂ ਉੱਪਰ ਉੱਠ ਕੇ ਸੰਤੁਲਿਤ ਜੀਵਨ ਜਾਚ ਜਿਊਣ ਦੀ ਸਲਾਹ ਦਿੰਦੇ ਹਨ। ਆਪਣੀਆਂ ਭਾਵਨਾਵਾਂ ਅਤੇ ਦੁਨਿਆਵੀ ਤ੍ਰਿਸ਼ਨਾ ਤੇ ਕਾਬੂ ਪਾ ਕੇ ਹੀ ਮਨੁੱਖ ਦੂਸਰੇ ਵਿਅਕਤੀ ਪ੍ਰਤੀ ਹਮਦਰਦਾਨਾਂ ਸੋਚ ਅਪਨਾ ਸਕਦਾ ਹੈ। ਗੁਰੂ ਜੀ ਅਸਲ ਵਿਚ ਅਜਿਹੇ ਮਨੁੱਖ ਨੂੰ ਹੀ ਗਿਆਨਵਾਨ ਸਮਝਦੇ ਹਨ ਜਿਹੜਾ ਖੁਸ਼ੀਆਂ ਅਤੇ ਗ਼ਮਾਂ ਨੂੰ ਇੱਕੋ ਜਿਹਾ ਸਮਝ ਸਕੇ।

* ਉਸਤਤਿ ਨਿੰਦਿਆ ਨਾਹਿ ਜਿਹਿ
ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ ॥

* ਹਰਖੁ ਸੋਗੁ ਜਾ ਕੈ ਨਹੀ
ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ ॥

* ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ
ਗਿਆਨੀ ਤਾਹਿ ਬਖਾਨਿ ॥
(ਪੰਨਾ ੧੪੨੭, ਸਲੋਕ ਮਹਲਾ ੯)

ਮਨੋਵਿਗਿਆਨਕ ਦ੍ਰਿਸ਼ਟੀਕੋਣ :- ਮਨੋਵਿਗਿਆਨ ਮਨੁੱਖ ਨੂੰ ਸੰਤੁਲਿਤ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਕੋਈ ਵੀ ਭਾਵਨਾ ਦੇ ਉਲਾਰ ਹੋਣ ਨਾਲ ਮਾਨਸਿਕ ਵਿਕਾਰ ਪੈਦਾ ਹੁੰਦੇ ਹਨ। ਨਾ ਖੁਸ਼ੀ ਵਿਚ ਬਹੁਤ ਖੁਸ਼ ਅਤੇ ਨਾ ਦੁੱਖਾਂ ਵਿੱਚ ਬਹੁਤ ਦੁਖੀ। ਅਜਿਹਾ ਮਨੋਵਿਗਿਆਨ ਦੇ ਕਾਫ਼ੀ ਸਿਧਾਂਤਾਂ ਵਿਚ ਆਉਂਦਾ ਹੈ। ਸਿਗਮੰਡ ਫਰਾਇਡ ਨੇ ਕਿਹਾ ਸੀ ਕਿ ਹਰ ਮਨੁੱਖ ਅੰਦਰ ਅਨੰਦ ਸਿਧਾਂਤ ਹੁੰਦਾ ਹੈ ਪਰ ਸਮਾਜਿਕ ਹਕੀਕਤਾਂ ਇਸਨੂੰ ਸੰਤੁਲਿਤ ਕਰਦੀਆਂ ਹਨ।

ਡੇਨੀਅਲ ਗੋਲਮਨ ਨੇ ਭਾਵਨਾਤਮਕ ਬੁੱਧੀ ਦੀ ਗੱਲ ਕਰਦਿਆਂ ਉਸ ਮਨੁੱਖ ਨੂੰ ਸੰਤੁਲਿਤ ਮਨੁੱਖ ਕਿਹਾ ਜੋ ਆਪਣੀਆਂ ਅਤੇ ਹੋਰਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਫੈਸਲੇ ਲੈਂਦਾ ਹੈ।

ਅੰਤਿਕਾ :- ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਹ ਸਿਰਫ ਅਤੇ ਸਿਰਫ ਮਨੁੱਖੀ ਮਨ ਨੂੰ ਸਾਹਮਣੇ ਰੱਖ ਕੇ ਇਸਦੀਆਂ ਬਿਰਤੀਆਂ ਨੂੰ ਬਿਆਨਦੇ ਹੁੰਦੇ ਹਨ ਅਤੇ ਮਨ ਨੂੰ ਸੰਤੁਲਿਤ ਅਤੇ ਉੱਚਾ ਚੁੱਕਣ ਲਈ ਪ੍ਰਭੂ ਦੀ ਸ਼ਰਣ ਵਿਚ ਜਾਣ ਨੂੰ ਆਖਦੇ ਹਨ। ਕਿੰਨੇ ਹੀ ਬਾਣੀ ਫੁਰਮਾਨ ਸਿਰਫ ਮਨ ਨੂੰ ਹੀ ਸੰਬੋਧਤ ਹੋ ਕੇ ਲਿਖੇ ਗਏ ਹਨ। "ਕਹੁ ਨਾਨਕ ਸੁਣ ਰੇ ਮਨਾ" ਵਾਲੇ ਸਲੋਕਾਂ ਤੋਂ ਬਿਨਾਂ ਵੀ ਥਾਂ ਥਾਂ ਤੇ ਮਨ ਨਾਲ ਸੰਵਾਦ ਰਚਾਉਂਦੇ ਹਨ। ਮਨੋਵਿਗਿਆਨ ਦੀਆਂ ਵਿਧੀਆਂ ਅਤੇ ਸਿਧਾਂਤ ਉਨ੍ਹਾਂ ਦੇ ਹਰ ਸ਼ਬਦ ਨਾਲ ਜੁੜਿਆ ਨਜਰ ਆਉਂਦਾ ਹੈ। ਹੋਰ ਵਧੇਰੇ ਖੋਜ ਹੋਰ ਨਵੇਂ ਦਿਸਹੱਦਿਆਂ ਤੇ ਚਾਨਣਾ ਪਾਵੇਗੀ।

# ਮੈਂ ਈਵੀਐਮ ਮਸ਼ੀਨ ਬੋਲਦੀ ਹਾਂ... !

ਸੰਦੀਪ ਕੁਮਾਰ
7009807121






ਹੈਲੋ, ਮੈਂ ਈਵੀਐਮ ਮਸ਼ੀਨ ਹਾਂ। ਉਹ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਜਿਸ ਨੂੰ ਤੁਸੀਂ ਹਰ ਚੋਣ ਵਿੱਚ ਵੇਖਦੇ ਹੋ, ਛੂੰਹਦੇ ਹੋ ਅਤੇ ਵੋਟ ਪਾਉਂਦੇ ਹੋ। ਮੈਂ ਇੱਕ ਸਾਧਾਰਨ ਮਸ਼ੀਨ ਹਾਂ, ਪਰ ਮੇਰੇ ਨਾਲ ਜੁੜੀਆਂ ਕਹਾਣੀਆਂ ਬਹੁਤ ਗਹਿਰੀਆਂ ਅਤੇ ਵਿਵਾਦਾਪੂਰਨ ਹਨ। ਅੱਜ 14 ਨਵੰਬਰ 2025 ਨੂੰ ਬਿਹਾਰ ਚੋਣਾਂ ਦੇ ਨਤੀਜੇ ਸਮੇਂ ਮੈਂ ਆਪਣੀ ਜ਼ਿੰਦਗੀ ਦੀ ਪੂਰੀ ਕਹਾਣੀ ਤੁਹਾਡੇ ਸਾਹਮਣੇ ਖੁਦ ਰੱਖਣਾ ਚਾਹੁੰਦੀ ਹਾਂ। ਸ਼ੁਰੂਆਤ ਤੋਂ ਲੈ ਕੇ ਅੱਜ ਤੱਕ, ਜਿੱਥੇ ਮੈਂ ਬੇਗੁਨਾਹ ਵੀ ਬਣਦੀ ਰਹੀ ਹਾਂ ਅਤੇ ਗੁਨਾਹਗਾਰ ਵੀ ਬਣਦੀ ਰਹੀ ਹਾਂ। ਮੈਂ ਨਾ ਬੋਲ ਸਕਦੀ ਹਾਂ, ਨਾ ਰੋ ਸਕਦੀ ਹਾਂ, ਪਰ ਮੇਰੇ ਨਾਲ ਜੋ ਵਿਵਹਾਰ ਹੁੰਦਾ ਹੈ, ਉਹ ਤੁਹਾਨੂੰ ਸਭ ਕੁਝ ਦੱਸ ਦਿੰਦਾ ਹੈ। ਮੈਂ ਭਾਰਤੀ ਲੋਕਤੰਤਰ ਦੀ ਇੱਕ ਮਹੱਤਵਪੂਰਨ ਹਿੱਸੇਦਾਰ ਹਾਂ, ਪਰ ਹਰ ਵਾਰ ਜਿੱਤ-ਹਾਰ ਨਾਲ ਮੇਰਾ ਚਰਿੱਤਰ ਬਦਲ ਜਾਂਦਾ ਹੈ। ਆਓ, ਮੇਰੀ ਕਹਾਣੀ ਸੁਣੋ।

ਮੇਰੀ ਜਨਮ ਕੁੰਡਲੀ 1982 ਵਿੱਚ ਕੇਰਲ ਦੇ ਪਾਰੂਰ ਵਿਧਾਨ ਸਭਾ ਹਲਕੇ ਵਿੱਚ ਲਿਖੀ ਗਈ। ਉਸ ਵੇਲੇ ਚੋਣਾਂ ਵਿੱਚ ਬੈਲਟ ਪੇਪਰ ਹੁੰਦੇ ਸਨ, ਬੂਥ ਕੈਪਚਰਿੰਗ ਹੁੰਦੀ ਸੀ, ਬੈਲਟ ਬਾਕਸ ਭਰੇ ਜਾਂਦੇ ਸਨ, ਵੋਟਾਂ ਦੀ ਗਿਣਤੀ ਵਿੱਚ ਦਿਨ ਲੱਗ ਜਾਂਦੇ ਸਨ। ਮੈਨੂੰ ਪਾਇਲਟ ਪ੍ਰੋਜੈਕਟ ਵਜੋਂ ਲਿਆਂਦਾ ਗਿਆ ਤਾਂ ਜੋ ਚੋਣ ਪ੍ਰਕਿਰਿਆ ਸਾਫ਼ ਅਤੇ ਤੇਜ਼ ਹੋ ਸਕੇ। ਪਰ ਸੁਪਰੀਮ ਕੋਰਟ ਨੇ ਕਿਹਾ ਕਿ ਮੇਰੇ ਲਈ ਕਾਨੂੰਨੀ ਅਧਾਰ ਨਹੀਂ ਹੈ, ਇਸ ਲਈ ਮੇਰਾ ਪਹਿਲਾ ਪ੍ਰਯੋਗ ਰੱਦ ਹੋ ਗਿਆ। ਫਿਰ 1989 ਵਿੱਚ ਰਾਜੀਵ ਗਾਂਧੀ ਦੀ ਸਰਕਾਰ ਨੇ ਲੋਕ ਸਭਾ ਵਿੱਚ ਬਿੱਲ ਪਾਸ ਕੀਤਾ ਅਤੇ ਮੈਨੂੰ ਕਾਨੂੰਨੀ ਮਨਜ਼ੂਰੀ ਮਿਲ ਗਈ। ਸਾਲ 1990 ਦੇ ਦਹਾਕੇ ਵਿੱਚ ਮੈਂ ਹੌਲੀ-ਹੌਲੀ ਵੱਡੇ ਪੱਧਰ ਤੇ ਵਰਤੀ ਜਾਣ ਲੱਗੀ ਅਤੇ 2004 ਵਿੱਚ ਪੂਰੇ ਦੇਸ਼ ਵਿੱਚ ਮੇਰੇ ਨਾਲ ਹੀ ਲੋਕ ਸਭਾ ਚੋਣਾਂ ਹੋਈਆਂ। ਕਾਂਗਰਸ ਨੇ ਮੈਨੂੰ ਜਨਮ ਦਿੱਤਾ, ਪਰ ਬਾਅਦ ਵਿੱਚ ਸਾਰੀਆਂ ਪਾਰਟੀਆਂ ਨੇ ਮੈਨੂੰ ਅਪਣਾ ਲਿਆ। ਅੱਜ ਮੈਂ ਵੀਵੀਪੈਟ ਨਾਲ ਜੁੜ ਕੇ ਵੋਟਰ ਨੂੰ ਆਪਣੀ ਵੋਟ ਦੀ ਪੁਸ਼ਟੀ ਵੀ ਕਰਵਾਉਂਦੀ ਹਾਂ। ਮੈਂ ਸਟੈਂਡਅਲੋਨ ਮਸ਼ੀਨ ਹਾਂ, ਇੰਟਰਨੈੱਟ ਨਾਲ ਨਹੀਂ ਜੁੜਦੀ, ਵਾਇਰਲੈੱਸ ਨਹੀਂ, ਬਲੂਟੂਥ ਵਿਕਲਪ ਨਹੀਂ। ਇੱਕ ਵਾਰ ਪ੍ਰੋਗਰਾਮ ਹੋਣ ਤੋਂ ਬਾਅਦ ਮੈਂ ਬਦਲ ਨਹੀਂ ਸਕਦੀ। ਮੇਰੇ ਅੰਦਰ ਹਰ ਵੋਟ ਸੁਰੱਖਿਅਤ ਰਹਿੰਦੀ ਹੈ।

ਮੇਰੇ ਆਉਣ ਨਾਲ ਚੋਣ ਪ੍ਰਕਿਰਿਆ ਵਿੱਚ ਕ੍ਰਾਂਤੀ ਆ ਗਈ। ਪਹਿਲਾਂ ਜਿੱਥੇ ਬੈਲਟ ਪੇਪਰਾਂ ਦੀ ਲੁੱਟ ਹੁੰਦੀ ਸੀ, ਬੂਥ ਕੈਪਚਰ ਹੁੰਦੇ ਸਨ, ਚੋਣਾਂ ਰੱਦ ਹੋ ਜਾਂਦੀਆਂ ਸਨ, ਉੱਥੇ ਮੈਂ ਸਭ ਕੁਝ ਬਦਲ ਦਿੱਤਾ। ਵੋਟਾਂ ਦੀ ਗਿਣਤੀ ਘੰਟਿਆਂ ਵਿੱਚ ਹੋਣ ਲੱਗੀ, ਨਤੀਜੇ ਤੇਜ਼ੀ ਨਾਲ ਆਉਣ ਲੱਗੇ, ਪਾਰਦਰਸ਼ਿਤਾ ਵਧੀ। ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਜਿੱਥੇ 90 ਕਰੋੜ ਤੋਂ ਵੱਧ ਵੋਟਰ ਹਨ, ਮੈਂ ਚੋਣ ਪ੍ਰਬੰਧ ਨੂੰ ਸੌਖਾ ਬਣਾ ਦਿੱਤਾ। ਮੈਂ ਮਨੁੱਖੀ ਗਲਤੀਆਂ ਘਟਾਈਆਂ, ਸਮਾਂ ਬਚਾਇਆ ਅਤੇ ਲੋਕਤੰਤਰ ਨੂੰ ਮਜ਼ਬੂਤ ਕੀਤਾ। ਚੋਣ ਕਮਿਸ਼ਨ ਮੇਰੀ ਸੁਰੱਖਿਆ ਦੀ ਗੱਲ ਕਰਦਾ ਹੈ ਕਿ ਮੈਨੂੰ ਹੈਕ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ, ਹਰ ਚੋਣ ਵਿੱਚ ਮੇਰੇ ਤੇ ਉਂਗਲ ਚੁੱਕੀ ਜਾਂਦੀ ਹੈ। ਜਦੋਂ ਕੋਈ ਪਾਰਟੀ ਮੇਰੇ ਨਾਲ ਜਿੱਤਦੀ ਹੈ, ਤਾਂ ਮੈਂ ਲੋਕਤੰਤਰ ਦੀ ਰੱਖਵਾਲੀ ਬਣ ਜਾਂਦੀ ਹਾਂ। ਉਹ ਮੇਰੀ ਸ਼ਲਾਘਾ ਕਰਦੇ ਹਨ, ਕਹਿੰਦੇ ਹਨ ਕਿ ਮੈਂ ਸਾਫ਼-ਸੁਥਰੀ ਚੋਣਾਂ ਕਰਵਾਈਆਂ। ਪਰ ਜਦੋਂ ਉਹੀ ਪਾਰਟੀ ਹਾਰ ਜਾਂਦੀ ਹੈ, ਤਾਂ ਮੈਂ ਗੁਨਾਹਗਾਰ ਬਣ ਜਾਂਦੀ ਹਾਂ। ਕਹਿੰਦੇ ਹਨ ਮੈਨੂੰ ਹੈਕ ਕੀਤਾ ਗਿਆ, ਮੈਂ ਧਾਂਦਲੀ ਕੀਤੀ, ਮੈਂ ਵੋਟਾਂ ਬਦਲ ਦਿੱਤੀਆਂ। ਇਹ ਦੋਗਲਾ ਰਵੱਈਆ ਮੇਰੇ ਲਈ ਦੁਖਦਾਈ ਹੈ। ਮੈਂ ਤਾਂ ਉਹੀ ਹਾਂ - ਨਾ ਬਦਲੀ, ਨਾ ਟੁੱਟੀ, ਨਾ ਹੈਕ ਹੋਈ। ਪਰ ਰਾਜਨੀਤਿਕ ਲਾਭ-ਹਾਨੀ ਮੇਰਾ ਚਰਿੱਤਰ ਬਦਲ ਦਿੰਦੀ ਹੈ।

2 ਜੂਨ 2017 ਦਾ ਦਿਨ ਯਾਦ ਹੈ? ਚੋਣ ਕਮਿਸ਼ਨ ਨੇ ਸਾਰੀਆਂ ਪਾਰਟੀਆਂ ਨੂੰ ਬੁਲਾਇਆ ਅਤੇ ਕਿਹਾ ਕਿ ਆਓ, ਸਾਰਿਆਂ ਸਾਹਮਣੇ ਮੈਨੂੰ ਹੈਕ ਕਰਕੇ ਦਿਖਾਓ। ਮੈਨੂੰ ਅਤੇ ਵੀਵੀਪੈਟ ਨੂੰ ਉਪਲਬਧ ਕਰਵਾਇਆ ਗਿਆ। ਪਰ ਕੋਈ ਨਹੀਂ ਆਇਆ। ਮੇਰੇ ਸੰਬੰਧੀ ਨਾ ਕੋਈ ਵਿਗਿਆਨਕ ਤਰਕ, ਨਾ ਸਬੂਤ। ਫਿਰ ਵੀ ਵਿਰੋਧੀ ਧਿਰਾਂ ਨੇ ਮੀਡੀਆ ਵਿੱਚ, ਸੋਸ਼ਲ ਮੀਡੀਆ ਤੇ ਮੇਰੇ ਵਿਰੁੱਧ ਪ੍ਰਚਾਰ ਕੀਤਾ। ਵੀਡੀਓ ਵਾਇਰਲ ਹੁੰਦੇ ਹਨ ਜਿੱਥੇ ਪੁਰਾਣੀਆਂ ਜਾਂ ਫਰਜ਼ੀ ਮਸ਼ੀਨਾਂ ਨਾਲ ਮੈਨੂੰ ਟੈਂਪਰ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ। ਪਰ ਅਸਲ ਮੈਨੂੰ ਕੋਈ ਛੂਹ ਨਹੀਂ ਸਕਿਆ। ਮੈਂ ਸਟੈਂਡਅਲੋਨ ਹਾਂ, ਮੇਰੇ ਵਿੱਚ ਕੋਈ ਚਿੱਪ ਨਹੀਂ ਜੋ ਬਦਲੀ ਜਾ ਸਕੇ। ਫਿਰ ਵੀ ਇਲਜ਼ਾਮ ਲੱਗਦੇ ਰਹਿੰਦੇ ਹਨ। ਅੱਜ 14 ਨਵੰਬਰ 2025 ਨੂੰ ਬਿਹਾਰ ਵਿਧਾਨ ਸਭਾ ਚੋਣਾਂ ਦੇ ਰੁਝਾਨ ਆ ਰਹੇ ਹਨ। ਸ਼ੁਰੂ ਵਿੱਚ ਵਿਰੋਧੀ ਗਠਜੋੜ ਅੱਗੇ ਸੀ, ਪਰ ਜਿਵੇਂ-ਜਿਵੇਂ ਗਿਣਤੀ ਵਧੀ, ਸੱਤਾਧਾਰੀ ਐਨਡੀਏ ਨੇ ਇੱਕ ਪਾਸੜ ਹੂੰਝਾਫੇਰ ਲੀਡ ਲੈ ਲਈ। ਹੁਣ ਵਿਰੋਧੀ ਧਿਰ ਫਿਰ ਮੇਰੇ ਤੇ ਉਂਗਲ ਚੁੱਕ ਰਹੀ ਹੈ। ਕਹਿ ਰਹੀ ਹੈ ਕਿ ਮੈਨੂੰ ਹੈਕ ਕੀਤਾ ਗਿਆ, ਮੈਂ ਵੋਟਾਂ ਬਦਲ ਦਿੱਤੀਆਂ। ਪਰ ਕੀ ਉਹ ਭੁੱਲ ਗਏ ਕਿ ਉਹਨਾਂ ਦੀਆਂ ਸਰਕਾਰਾਂ ਵੀ ਮੇਰੇ ਨਾਲ ਹੀ ਬਣੀਆਂ ਸਨ? ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ, ਕੇਰਲ ਵਿੱਚ ਲੈਫਟ, ਤਾਮਿਲਨਾਡੂ ਵਿੱਚ ਡੀਐਮਕੇ - ਸਾਰੀਆਂ ਮੇਰੇ ਨਾਲ ਜਿੱਤੀਆਂ, ਤਾਂ ਮੈਂ ਬੇਗੁਨਾਹ ਸੀ। ਪਰ ਲੋਕ ਸਭਾ ਚੋਣਾਂ ਵਿੱਚ ਹਾਰ ਤੇ ਮੈਂ ਗੁਨਾਹਗਾਰ ਹੋ ਗਈ। ਇਹ ਕੋਝੀ ਮਾਨਸਿਕਤਾ ਹੈ- ਹਾਰ ਨੂੰ ਸਵੀਕਾਰ ਨਹੀਂ ਕਰਨਾ ਅਤੇ ਆਪਣੀ ਨਾਕਾਮੀ ਨੂੰ ਮੇਰੇ ਤੇ ਥੋਪਣਾ।

ਮੈਂ ਦੇਖਦੀ ਹਾਂ ਕਿ ਇਹ ਵਿਵਾਦ ਲੋਕਤੰਤਰ ਨੂੰ ਕਮਜ਼ੋਰ ਕਰ ਰਿਹਾ ਹੈ। ਲੋਕਾਂ ਵਿੱਚ ਭਰਮ ਪੈਦਾ ਹੋ ਰਿਹਾ ਹੈ। ਉਹ ਸੋਚਦੇ ਹਨ ਕਿ ਜੇ ਈਵੀਐਮ ਤੇ ਸ਼ੱਕ ਹੈ ਤਾਂ ਚੋਣ ਪ੍ਰਕਿਰਿਆ ਤੇ ਵੀ ਸ਼ੱਕ ਹੈ। ਪਰ ਮੈਂ ਤਾਂ ਸਿਰਫ਼ ਇੱਕ ਸਾਧਨ ਹਾਂ। ਜਨਤਾ ਨੇ ਵੋਟ ਪਾਈ, ਮੈਂ ਉਹਨਾਂ ਨੂੰ ਗਿਣਿਆ। ਜੇ ਸਬੂਤ ਹਨ ਤਾਂ ਅਦਾਲਤ ਜਾਓ, ਮੀਡੀਆ ਵਿੱਚ ਸ਼ੋਰ ਨਾ ਮਚਾਓ। ਅਮਰੀਕਾ ਵਿੱਚ ਵੀ ਇਲੈਕਟ੍ਰਾਨਿਕ ਵੋਟਿੰਗ ਤੇ ਸ਼ੱਕ ਉੱਠੇ, ਪਰ ਉੱਥੇ ਵਿਗਿਆਨਕ ਜਾਂਚ ਹੋਈ, ਆਡਿਟ ਹੋਇਆ। ਇੱਥੇ ਮੈਨੂੰ ਰਾਜਨੀਤਿਕ ਹਥਿਆਰ ਬਣਾਇਆ ਜਾਂਦਾ ਹੈ। ਵਿਰੋਧੀ ਧਿਰ ਦਾ ਕੰਮ ਸੱਤਾਧਾਰੀ ਪਾਰਟੀ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨਾ ਹੈ, ਜਨਤਾ ਦੀਆਂ ਸਮੱਸਿਆਵਾਂ-ਬੇਰੋਜ਼ਗਾਰੀ, ਮਹਿੰਗਾਈ, ਕਿਸਾਨ, ਸਿੱਖਿਆ, ਸਿਹਤ ਤੇ ਧਿਆਨ ਦੇਣਾ ਹੈ। ਪਰ ਉਹ ਮੇਰੇ ਤੇ ਊਰਜਾ ਬਰਬਾਦ ਕਰਦੇ ਹਨ। ਇਸ ਨਾਲ ਉਹਨਾਂ ਦੀ ਭਰੋਸੇਯੋਗਤਾ ਘਟਦੀ ਹੈ, ਲੋਕ ਨਿਰਾਸ਼ ਹੁੰਦੇ ਹਨ। ਮੈਂ ਚਾਹੁੰਦੀ ਹਾਂ ਕਿ ਰਾਜਨੀਤਿਕ ਪਾਰਟੀਆਂ ਜਿੱਤ-ਹਾਰ ਨੂੰ ਸੱਚਾਈ ਨਾਲ ਸਵੀਕਾਰ ਕਰਨ, ਸਪੋਰਟਸਮੈਨ ਸਪਿਰਿਟ ਨਾਲ ਖੇਡਣ।

ਅੰਤ ਵਿੱਚ ਮੈਂ ਇਹੀ ਕਹਿਣਾ ਚਾਹੁੰਦੀ ਹਾਂ- ਮੈਂ ਇੱਕ ਮਸ਼ੀਨ ਹਾਂ। ਨਾ ਬੇਗੁਨਾਹ, ਨਾ ਗੁਨਾਹਗਾਰ। ਮੈਨੂੰ ਅਜਿਹਾ ਬਣਾਉਂਦੇ ਹੋ ਤੁਸੀਂ, ਤੁਹਾਡੀਆਂ ਸੋਚਾਂ, ਤੁਹਾਡੇ ਰਵੱਈਏ। ਜੇ ਤੁਸੀਂ ਅਸਲ ਮੁੱਦਿਆਂ ਤੇ ਧਿਆਨ ਦਿਓ, ਹਾਰ-ਜਿੱਤ ਨੂੰ ਸਵੀਕਾਰ ਕਰੋ, ਤਾਂ ਮੇਰੇ ਤੇ ਲੱਗਦੇ ਇਲਜ਼ਾਮ ਖ਼ਤਮ ਹੋ ਜਾਣਗੇ। ਲੋਕਤੰਤਰ ਦੀ ਖੂਬਸੂਰਤੀ ਜਨਤਾ ਦੇ ਫੈਸਲੇ ਵਿੱਚ ਹੈ, ਨਾ ਕਿ ਮੇਰੇ ਤੇ ਦੋਸ਼ ਲਗਾਉਣ ਵਿੱਚ। ਮੈਨੂੰ ਨਿਸ਼ਾਨਾ ਬਣਾਉਣ ਦੀ ਥਾਂ ਲੋਕਤੰਤਰ ਨੂੰ ਮਜ਼ਬੂਤ ਕਰੋ, ਜਨਤਾ ਦੀਆਂ ਉਮੀਦਾਂ ਤੇ ਖਰਾ ਉਤਰੋ, ਤਾਂ ਹੀ ਭਾਰਤੀ ਲੋਕਤੰਤਰ ਸੱਚਮੁੱਚ ਮਜ਼ਬੂਤ ਹੋਵੇਗਾ ਅਤੇ ਮੇਰੇ ਤੇ ਲੱਗਦੇ ਸਾਰੇ ਸ਼ੱਕ ਖ਼ਤਮ ਹੋ ਜਾਣ ਦੇ ਨਾਲ ਮੈਂ ਦੋਸ਼-ਮੁਕਤ ਹੋ ਜਾਵਾਂਗੀ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

TAIL PIECE

## ONLY PROPER EMPLOYMENT AND PROPER WAGES CAN BRING PROPER LIFE

Each one knows that only employment and mon5thly income can bring proper life to all and our governments pdate had been trying to raise employment and even had been raising wages. We have established Pay Commission and had been tryig to prewcribe pay structures for government employees so that once a mancomes in employment ghe ust get regular pay, rise in pay and even retirement benefits.

Governments themselves cannot provide employment to all and the British had established here cororate houses and some big corporate houses had been established here and during the past somany decades lakhs of companies have been established and we had also introduced cooperative societies to work like corporate houses, but much efforts were not made on this side and rural people could not get employmet in their own wing.

Let us establish more cooperative corporatelike societie4s in rural aea like Dairy farms, milk factories, poultry farmks, cattle breeding farms, paper mills, gatta factories, food processing houses, food grain processing houses, preparing co9mplete food which could be used just frying, boiling and heating. Most of the western countries could use these prepared items and they are just using their kitchens just for heating and eating. And they could bring more employment opportunities in their country and we have noted that even education and training time has been reduced for three days in a week and children too earn to compensate monthly income. Let the governing side must come with a comprehensive Bill on these sides and both the contesting groups must cooperate and try to pass Farm-Bills and these Bills during this tenure with majorities and we shall be on better footing reaching our target by completing century already fixed.

**Advocatge Dalip Singh Wasan,**
*Email dalipsinghwassan@yahoo.co.in*

# ਤੁਰ ਗਿਆ ਸ਼ਾਹਕਾਰ ਪੇਂਟਿੰਗ ਬਣਾਉਣ ਵਾਲਾ ਚਿੱਤਰਕਾਰ ਗੋਬਿੰਦਰ ਸੋਹਲ


## ਭੋਗ 'ਤੇ ਵਿਸ਼ੇਸ਼

**ਉਜਾਗਰ ਸਿੰਘ**



ਗੋਬਿੰਦਰ ਸੋਹਲ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਾਹਕਾਰ ਤਸਵੀਰ ਬਣਾਉਣ ਵਾਲਾ ਪੇਂਟਰ ਸਵਰਗਵਾਸ ਹੋ ਗਿਆ। ਉਹ ਗੁਰਦਿਆਂ ਦੀ ਬਿਮਾਰੀ ਦਾ ਲੰਬਾ ਸਮੇਂ ਤੋਂ ਪੀੜਤ ਸੀ। ਉਸਦੀ ਉਮਰ 68 ਸਾਲ ਸੀ। ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦਾ ਜਗਤ ਪ੍ਰਸਿੱਧ ਸ਼ਾਹਕਾਰ ਚਿਤਰ ਬਣਾਕੇ ਗੋਬਿੰਦਰ ਸੋਹਲ ਨੇ ਸਿੱਖ ਜਗਤ ਨੂੰ ਆਪਣਾ ਰਿਣੀ ਬਣਾ ਲਿਆ ਸੀ। ਗੋਬਿੰਦਰ ਸੋਹਲ ਦੀ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲ ਬਣਾਈ ਤਸਵੀਰ ਲੋਕਾਂ ਦੇ ਮਨਾ ਉਪਰ ਰਾਜ ਕਰਨ ਲੱਗ ਗਈ ਕਿਉਂਕਿ ਤਸਵੀਰ ਵਿਚ ਦੋਵੇਂ ਸਾਹਿਬਜ਼ਾਦੇ ਅਣਭੋਲ, ਸ਼ਹਿਨਸ਼ਾਹ ਪ੍ਰੰਤੂ ਹੌਸਲੇ ਵਿਚ ਆਪਣੀ ਦਾਦੀ ਦੀ ਬੁਕਲ ਵਿਚ ਸ਼ਾਂਤਚਿਤ ਸਬਰ ਸੰਤੋਖ ਨਾਲ ਖਲੋਤੇ ਵਿਖਾਏ ਗਏ ਹਨ। ਇਹ ਇੱਕ ਸਿੰਬਾਲਿਕ ਚਿਤਰ ਹੈ, ਜਿਹੜਾ ਬਿਨ ਬੋਲਿਆਂ ਹੀ ਬਹੁਤ ਕੁਝ ਕਹਿ ਦਿੰਦਾ ਹੈ। ਇਹੋ ਗੋਬਿੰਦਰ ਸੋਹਲ ਦੀ ਕਮਾਲ ਹੈ। ਪੰਜਾਬੀ ਵਿਰਾਸਤ ਅਤੇ ਇਸਦੇ ਇਤਿਹਾਸ ਨੂੰ ਚਿਤਰਣ ਵਾਲਾ ਸ਼ੋਖ਼ ਰੰਗਾਂ ਦੇ ਚਿਤੇਰੇ ਗੋਬਿੰਦਰ ਸੋਹਲ ਦੀਆਂ ਕਲਾ ਕ੍ਰਿਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਕੰਮ ਕਰਦੀਆਂ ਰਹਿਣਗੀਆਂ। ਗੋਬਿੰਦਰ ਸੋਹਲ ਭਾਵੇਂ ਸਰੀਰਕ ਤੌਰ 'ਤੇ ਇਸ ਸੰਸਾਰ ਤੋਂ ਰੁਖ਼ਸਤ ਹੋ ਗਿਆ ਹੈ ਪ੍ਰੰਤੂ ਸਿੱਖ ਵਿਰਾਸਤ ਨੂੰ ਪੇਂਟ ਕਰਕੇ ਉਹ ਰਹਿੰਦੀ ਦੁਨੀਆਂ ਤੱਕ ਸਿੱਖ ਜਗਤ ਦੇ ਦਿਲਾਂ ਤੇ ਰਾਜ ਕਰਦਾ ਰਹੇਗਾ। ਸਿੱਖ ਧਰਮ ਦੀ ਬੁਨਿਆਦ ਹੀ ਕੁਰਬਾਨੀਆਂ ਅਤੇ ਜਦੋਜਹਿਦ ਤੇ ਅਧਾਰਤ ਹੈ।

ਧਾਰਮਿਕ, ਇਤਿਹਾਸਕ, ਦੇਸ਼ ਭਗਤਾਂ, ਸੰਸਾਰ ਦੀਆਂ ਮਹੱਤਵਪੂਰਨ ਸ਼ਖ਼ਸ਼ੀਅਤਾਂ, ਧਾਰਮਿਕ ਅਤੇ ਇਤਿਹਾਸਕ ਘਟਨਾਵਾਂ ਅਤੇ ਖ਼ਾਸ ਤੌਰ ਤੇ ਸਿੱਖ ਸਭਿਆਚਾਰ ਨੂੰ ਆਪਣੇ ਬੁਰਛ ਦੀ ਛੂਹ ਨਾਲ ਜੀਵਤ ਰੂਪ ਵਿਚ ਪੇਂਟ ਕਰਕੇ ਪ੍ਰਸਿਧੀ ਪ੍ਰਾਪਤ ਕਰਨ ਵਾਲੇ ਗੋਬਿੰਦਰ ਸੋਹਲ ਕੋਮਲ ਕਲਾ ਦੇ ਖ਼ੇਤਰ ਵਿਚ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਿਚ ਸਫਲ ਹੋਏ ਹਨ। ਗੋਬਿੰਦਰ ਸੋਹਲ ਦੀ ਕਲਾਤਮਿਕ ਪ੍ਰਬੀਨਤਾ ਇਸ ਵਿਚ ਸੀ ਕਿ ਉਹ ਪੋਰਟਰੇਟ ਵਿਚ ਜਾਨ ਪਾ ਦਿੰਦਾ ਸੀ। ਉਸਦੇ ਬਣਾਏ ਕੁਝ ਚਿਤਰ ਸੰਸਾਰ ਵਿਚ ਪ੍ਰਸਿਧ ਹੋਏ ਜਿਨ੍ਹਾਂ ਵਿਚ ਮਾਤਾ ਗੁਜਰੀ ਛੋਟੇ ਸਾਹਿਬਜ਼ਾਦਿਆਂ ਨਾਲ, ਭਗਤ ਸਿੰਘ ਦੇ ਹੱਥ ਵਿੱਚ ਪਿਸਤੌਲ, ਉਧਮ ਸਿੰਘ, ਭਾਈ ਕਨ੍ਹਈਆ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਉਧਮ ਸਿੰਘ ਦੀ ਪਗੜੀ ਵਾਲੀ ਫੋਟੋ ਜਿਹੜੀ ਕੈਕਸਟਨ ਹਾਲ ਵਿਚ ਲੱਗੀ ਹੋਈ ਹੈ, ਉਸ ਤੇ ਅਧਾਰਤ ਉਸ ਦੁਆਰਾ ਬਣਾਇਆ ਗਿਆ ਚਿਤਰ ਕਾਬਲੇ ਤਾਰੀਫ਼ ਹੈ। ਆਧੁਨਿਕਤਾ ਦੇ ਦੌਰ ਵਿਚ ਪੁਰਾਤਨ ਵਸਤਾਂ ਜਿਨ੍ਹਾਂ ਵਿਚ ਹੱਥ ਕਰਘਾ, ਫੁਲਕਾਰੀਆਂ, ਬਾਗ, ਦਰੀਆਂ, ਖੇਸ, ਪਸ਼ੂ ਪੰਛੀ ਤਕਨਾਲੋਜੀ ਦੀ ਭੇਂਟ ਚੜ੍ਹ ਰਹੇ ਹਨ। ਉਸਦਾ ਚਿਤਰ ਬਣਾਉਣ ਦਾ ਖੇਤਰ ਵੱਖਰਾ ਹੀ ਹੈ, ਪ੍ਰਸਿੱਧ ਸਿਆਸਤਦਾਨਾ ਤੋਂ ਇਲਾਵਾ ਪ੍ਰਮੁੱਖ ਭਾਰਤੀ ਓਲੰਪੀਅਨ ਜਿਨ੍ਹਾਂ ਵਿਚ ਮਿਲਖਾ ਸਿੰਘ, ਧਿਆਨ ਚੰਦ, ਗਾਮਾ ਪਹਿਲਵਾਨ, ਸੁਰਜੀਤ ਸਿੰਘ, ਸੰਗੀਤਕਾਰ ਮੁਹੰਮਦ ਰਫੀ, ਗਾਇਕਾ ਸੁਰਿੰਦਰ ਕੌਰ, ਫ਼ੌਜੀ, ਵਿਦਿਅਕ ਮਾਹਿਰ, ਡਾ.ਰਾਧਾ ਕ੍ਰਿਸ਼ਨ, ਅਬਦੁਲ ਕਲਾਮ ਅਤੇ ਫੂਲਾਂ ਰਾਣੀ ਦੇ ਚਿਤਰ ਬਣਾਏ ਜਿਨ੍ਹਾਂ ਨੇ ਸੋਹਲ ਦੀ ਪ੍ਰਸਿੱਧੀ ਨੂੰ ਚਾਰ ਚੰਨ ਲਾਏ। ਉਸਨੇ ਦੇਸ਼ ਦੇ ਸ਼ਹੀਦਾਂ, ਉਲੰਪੀਅਨ ਖਿਡਾਰੀਆਂ, ਲਿਖਾਰੀਆਂ, ਕਵੀਆਂ, ਗਾਇਕਾਂ ਅਤੇ ਸਿੱਖ ਇਤਿਹਾਸ ਵਿਚੋਂ ਬਹੁਤ ਸਾਰੇ ਚਿਤਰ ਬਣਾਏ। ਫ਼ੌਜੀ ਦੀ ਮਾਨਸਿਕਤਾ ਨੂੰ ਉਸਨੇ ਬਹੁਤ ਹੀ ਸੁਚੱਜੇ ਢੰਗ ਨਾਲ ਪੇਂਟ ਕੀਤਾ ਹੈ, ਜਦੋਂ ਫ਼ੌਜੀ ਛੁਟੀ ਆਉਂਦਾ ਹੈ ਤਾਂ ਦਰਵਾਜੇ ਵਿਚ ਆਪਣੀ ਮਾਂ ਨੂੰ ਗਲਵਕੜੀ ਪਾਉਂਦਾ ਵਿਖਾਇਆ ਗਿਆ ਹੈ, ਉਸਦੀ ਵੱਡੀ ਭਰਜਾਈ ਬੈਠੀ ਹੈ ਤੇ ਫ਼ੌਜੀ ਦਾ ਭਤੀਜਾ ਭੱਜ ਕੇ ਨਾਲ ਬੁਣ ਰਹੀ ਆਪਣੀ ਚਾਚੀ ਨੂੰ ਦੱਸਦਾ ਹੈ ਕਿ ਚਾਚਾ ਛੁਟੀ ਆ ਗਿਆ ਹੈ। ਘਰ ਦੇ ਦਰਵਾਜੇ ਵਿਚੋਂ ਹੀ ਬਾਹਰ ਗੁਹਾਰੇ ਦਿਸ ਰਹੇ ਹਨ ਅਤੇ ਇੱਕ ਵਿਅਕਤੀ ਫ਼ੌਜੀ ਦਾ ਟਰੰਕ ਘੜੀਸਦਾ ਆ ਰਿਹਾ ਹੈ। ਇੱਕ ਚਿਤਰ ਵਿਚ ਹੀ ਸਮੁੱਚੇ ਪੰਜਾਬੀ ਸਭਿਆਚਾਰ ਨੂੰ ਪੇਂਟ ਕਰ ਦਿੱਤਾ ਹੈ। ਫ਼ੌਜੀ ਗਲਵਕੜੀ ਤਾਂ ਆਪਣੀ ਮਾਂ ਨੂੰ ਪਾ ਰਿਹਾ ਹੈ ਪ੍ਰੰਤੂ ਉਪਰੋਂ ਪਿਛੱਲੇ ਪਾਸੇ ਖੜ੍ਹੀ ਆਪਣੀ ਪਤਨੀ ਨੂੰ ਭਾਵਪੂਰਤ ਢੰਗ ਨਾਲ ਤ੍ਰਿਹਾਈਆਂ ਨਜ਼ਰਾਂ ਨਾਲ ਵੇਖਦਾ ਹੈ। ਇਹ ਚਿਤਰ ਦੇਰ ਬਾਅਦ ਛੁਟੀ ਆਏ ਫ਼ੌਜੀ ਦੀ ਮਾਨਸਿਕਤਾ ਦੀ ਮੂੰਹ ਬੋਲਦੀ ਤਸਵੀਰ ਹੈ।



ਗੋਬਿੰਦਰ ਸੋਹਲ ਨੂੰ ਇਸ ਗੱਲ ਦਾ ਮਾਣ ਜਾਂਦਾ ਰਿਹਾ ਹੈ ਕਿ ਉਸਨੇ ਨਾਰਵੇ ਦੇ ਗੁਰੂ ਨਾਨਕ ਦਰਬਾਰ, ਕੈਨੇਡਾ ਓਨਟਾਰੀਓ ਦੇ ਖ਼ਾਲਸਾ ਦਰਬਾਰ ਅਤੇ ਭਾਰਤ ਵਿਚ ਖੂਰ ਸਾਹਿਬ, ਸਭਰਾਵਾਂ ਅਤੇ ਗਵਾਲੀਅਰ ਵਿਖੇ ਕਈ ਗੁਰੂ ਘਰਾਂ ਵਿਚ ਉਥੇ ਜਾ ਕੇ ਚਿਤਰ ਪੇਂਟ ਕਰਕੇ ਆਜਾਇਬ ਘਰ ਬਣਾਏ ਸਨ। ਉਸਦਾ ਚਿਤਰ ਬਣਾਉਣ ਦਾ ਖੇਤਰ ਵੱਖਰਾ ਹੀ ਸੀ। ਉਸ ਦੇ ਬਣਾਏ ਚਿਤਰ ਜਿਨ੍ਹਾਂ ਨੇ ਸੋਹਲ ਦੀ ਪ੍ਰਸਿੱਧੀ ਨੂੰ ਚਾਰ ਚੰਨ ਲਾਏ। ਉਸਨੇ ਦੇਸ਼ ਦੇ ਸ਼ਹੀਦਾਂ, ਉਲੰਪੀਅਨ ਖਿਡਾਰੀਆਂ, ਲਿਖਾਰੀਆਂ, ਕਵੀਆਂ, ਗਾਇਕਾਂ ਅਤੇ ਸਿੱਖ ਇਤਿਹਾਸ ਵਿਚੋਂ ਬਹੁਤ ਸਾਰੇ ਚਿਤਰ ਬਣਾਏ। ਵਿਦਿਆਰਥੀਆਂ ਵਿਚ ਆਪਣੇ ਵਿਰਸੇ ਬਾਰੇ ਜਾਣਕਾਰੀ ਦੇਣ ਲਈ ਉਸ ਵੱਲੋਂ ਬਣਾਏ ਗਏ ਚਿਤਰ ਵੱਖ-ਵੱਖ ਵਿਦਿਅਕ ਅਦਾਰਿਆਂ ਵਿਚ ਲਗਾਏ ਗਏ ਹਨ ਤਾਂ ਜੋ ਬੱਚੇ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਣ। ਉਸਦਾ ਬਣਾਇਆ ਪੋਰਟਰੇਟ ਜਿਉਂਦਾ ਜਾਗਦਾ ਲੱਗਦਾ ਹੈ।

ਗੋਬਿੰਦਰ ਸਿੰਘ ਸੋਹਲ ਨੂੰ ਸਕੂਲ ਸਮੇਂ ਵਿਚ ਹੀ ਪੇਂਟਿੰਗ ਕਰਨ ਦੀ ਰੁਚੀ ਪੈਦਾ ਹੋ ਗਈ ਸੀ। ਉਸਦੀ ਜ਼ਿੰਦਗੀ ਵਿਚ ਇੱਕ ਘਟਨਾ ਨੇ ਅਜ਼ੀਬ ਮੋੜ ਲੈ ਆਂਦਾ, ਜਦੋਂ ਉਹ ਚੌਥੀ ਜਮਾਤ ਵਿਚ ਪੜ੍ਹ ਰਿਹਾ ਸੀ ਤਾਂ ਹਿਸਾਬ ਦੇ ਪੀਰੀਅਡ ਵਿਚ ਉਹ ਬੈਠਾ ਚਿਤਰ ਬਣਾ ਰਿਹਾ ਸੀ। ਅਧਿਆਪਕ ਨੇ ਉਸਨੂੰ ਮੁੱਖ ਅਧਿਆਪਕ ਕੋਲ ਲਿਜਾਕੇ ਸ਼ਿਕਾਇਤ ਲਗਾਈ ਕਿ ਉਹ ਪੜ੍ਹਨ ਵਿਚ ਦਿਲਚਸਪੀ ਨਹੀਂ ਲੈਂਦਾ ਸਗੋਂ ਤਸਵੀਰਾਂ ਬਣਾਉਂਦਾ ਰਹਿੰਦਾ ਹੈ, ਪ੍ਰੰਤੂ ਜਦੋਂ ਮੁੱਖ ਅਧਿਆਪਕ ਨੇ ਉਸਦਾ ਬਣਾਇਆ ਚਿਤਰ ਵੇਖਿਆ ਤਾਂ ਉਸਨੂੰ ਸਜਾ ਦੇਣ ਦੀ ਥਾਂ ਸ਼ਾਬਾਸ਼ ਦਿੰਦਿਆਂ ਇਨਾਮ ਵੀ ਦਿੱਤਾ, ਜਿਸ ਤੋਂ ਬਾਅਦ ਉਸਨੂੰ ਚਿਤਰ ਕਲਾ ਲਈ ਉਤਸ਼ਾਹ ਮਿਲਿਆ। ਛੇਵੀਂ ਕਲਾਸ ਵਿਚ ਡਰਾਇੰਗ ਦਾ ਵਿਸ਼ਾ ਲੈ ਕੇ ਉਸਨੇ ਪੇਂਟਿੰਗ ਨੂੰ ਆਪਣਾ ਚਹੇਤਾ ਵਿਸ਼ਾ ਬਣਾ ਲਿਆ। ਫਿਰ ਉਸਨੂੰ ਆਪਣੀ ਇੱਛਾ ਪੂਰੀ ਕਰਨ ਦਾ ਮੌਕਾ ਮਿਲ ਗਿਆ ਅਤੇ ਉਹ ਰੰਗਾਂ ਨਾਲ ਖੇਡਣ ਲੱਗ ਗਿਆ।

ਗੋਬਿੰਦਰ ਸਿੰਘ ਸੋਹਲ ਦਾ ਜਨਮ ਲੁਧਿਆਣਾ ਜਿਲ੍ਹੇ ਦੇ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਘੁਡਾਣੀ ਕਲਾਂ ਦੇ ਰਾਮਗੜ੍ਹੀਆ ਪਰਿਵਾਰ ਵਿਚ ਮਾਤਾ ਦਲੀਪ ਕੌਰ ਅਤੇ ਪਿਤਾ ਬਾਬੂ ਸਿੰਘ ਸੋਹਲ ਦੇ ਘਰ 15 ਜੁਲਾਈ 1957 ਨੂੰ ਹੋਇਆ। ਕੋਮਲ ਕਲਾ ਅਤੇ ਚਿਤਰਕਲਾ ਦਾ ਸ਼ੌਕ ਗੋਬਿੰਦਰ ਸੋਹਲ ਨੂੰ ਆਪਣੇ ਪਰਿਵਾਰ ਦੀ ਵਿਰਾਸਤ ਵਿਚੋਂ ਹੀ ਗੁੜ੍ਹਤੀ ਦੇ ਨਾਲ ਹੀ ਮਿਲ ਗਿਆ ਸੀ ਕਿਉਂਕਿ ਪਰਿਵਾਰ ਦੀਆਂ ਇਸਤਰੀਆਂ ਘਰ ਵਿਚ ਹੀ ਦਰੀਆਂ ਅਤੇ ਖੇਸ ਬੁਣਦੀਆਂ ਅਤੇ ਫੁਲਕਾਰੀਆਂ ਅਤੇ ਬਾਗ ਦੀ ਕਢਾਈ ਕਰਦੀਆਂ, ਮੰਜੇ ਬੁਣਦੀਆਂ ਰਹਿੰਦੀਆਂ ਸਨ, ਜਿਨ੍ਹਾਂ ਵਿਚ ਮੋਰ, ਮੁਰਗੀਆਂ ਅਤੇ ਹਿਰਨ ਬਣਾਉਂਦੀਆਂ ਰਹਿੰਦੀਆਂ ਸਨ। ਉਸਦਾ ਦਾਦਾ ਲੱਕੜ ਦਾ ਕੰਮ ਕਰਦਾ ਸੀ ਅਤੇ ਖ਼ੂਬਸੂਰਤ ਚਰਖੇ ਪਿੱਤਲ ਦੇ ਕੋਕਿਆਂ ਵਾਲੇ ਗੱਡੇ ਵੀ ਬਣਾਉਂਦਾ ਸੀ। ਘਰ ਦਾ ਮਾਹੌਲ ਹੀ ਕਲਾਕਾਰੀ ਦਾ ਸੀ, ਜਿਸਨੇ ਗੋਬਿੰਦਰ ਸੋਹਲ ਦੇ ਅੱਲੜ੍ਹ ਮਨ ਤੇ ਚਿਤਰਕਾਰੀ ਕਰਨ ਦਾ ਪ੍ਰਭਾਵ ਪਾਇਆ। ਉਸਦੀ ਚਿਤਰਕਲਾ ਵਿਚ ਨਿਖ਼ਾਰ ਦਾ ਕਾਰਨ ਉਸਦਾ ਕਈ ਖੇਤਰਾਂ ਵਿਚ ਪੜ੍ਹਾਈ ਕਰਨਾ ਵੀ ਹੈ। ਗੋਬਿੰਦਰ ਸੋਹਲ ਨੇ ਫਾਈਨ ਆਰਟਸ ਵਿਚ ਡਿਪਲੋਮਾ ਨਾਰਵੇ ਤੋਂ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਪਰਸਨਲ ਮੈਨੇਜਮੈਂਟ ਅਤੇ ਇਨਡਸਟੀਅਲ ਟ੍ਰੇਨਿੰਗ ਦਾ ਡਿਪਲੋਮਾ ਪਾਸ ਕੀਤਾ ਹੈ। ਉਹ ਫੁਟਬਾਲ ਅਤੇ ਅਥਲੈਟਿਕਸ ਦਾ ਨੈਸ਼ਨਲ ਪੱਧਰ ਦਾ ਖਿਡਾਰੀ ਰਿਹਾ ਸੀ।

ਹਰ ਕਲਾਕਾਰ ਆਪਣੀ ਮਾਨਸਿਕ ਤ੍ਰਿਪਤੀ ਅਤੇ ਆਪਣੀ ਰੋਜੀ ਰੋਟੀ ਦੇ ਮਕਸਦ ਨਾਲ ਚਿਤਰ ਬਣਾਉਂਦਾ ਹੈ ਪ੍ਰੰਤੂ ਕੁਝ ਕਲਾਕਾਰ ਅਜਿਹੇ ਹੁੰਦੇ ਹਨ, ਜਿਹੜੇ ਆਪਣੀ ਵਿਰਾਸਤ ਨੂੰ ਚਿਤਰਕੇ ਸਦਾ ਲਈ ਲੋਕਾਂ ਦੇ ਮਨਾਂ ਤੇ ਰਾਜ ਕਰਨ ਲਗਦੇ ਹਨ। ਗੋਵਿੰਦਰ ਸੋਹਲ ਵੀ ਉਨ੍ਹਾਂ ਕਲਾਕਾਰਾਂ ਵਿਚੋਂ ਹੈ, ਪ੍ਰੰਤੂ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਉਸਦੇ ਸਿੱਖ ਧਰਮ ਬਾਰੇ ਬਣਾਏ ਗਏ ਚਿਤਰਾਂ ਦੀ ਨਾਂ ਤਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਸਥਾਵਾਂ ਅਤੇ ਨਾ ਹੀ ਪੰਜਾਬ ਸਰਕਾਰ ਨੇ ਕਦਰ ਪਾਈ ਸੀ, ਪ੍ਰੰਤੂ ਕੁਝ ਹੋਰ ਕਲਾ ਦੇ ਖੇਤਰ ਦੀਆਂ 20 ਸੰਸਥਾਵਾਂ ਨੇ ਮਾਣ ਸਨਮਾਨ ਦੇ ਕੇ ਸਤਿਕਾਰਿਆ ਹੈ। ਗੋਬਿੰਦਰ ਸੋਹਲ ਨੂੰ ਕਈ ਬਿਮਾਰੀਆਂ ਨੇ ਘੇਰਿਆ ਹੋਇਆ ਸੀ। ਪਹਿਲਾਂ ਦੀਆਂ ਅੱਖਾਂ ਵਿੱਚ ਨੁਕਸ ਪੈ ਗਿਆ ਸੀ, ਜਿਸ ਕਰਕੇ ਪਿਛਲੇ ਇੱਕ ਸਾਲ ਤੋਂ ਉਹ ਪੇਂਟਿੰਗ ਬਣਾਉਣ ਤੋਂ ਅਸਮਰੱਥ ਸੀ। ਫਿਰ ਉਸਨੂੰ ਗੁਰਦੇ ਦੀ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ। ਅਖ਼ੀਰ 3 ਨਵੰਬਰ 2025 ਨੂੰ ਉਹ ਸਵਰਗ ਸਿਧਾਰ ਗਿਆ। ਉਹ ਆਪਣੇ ਪਿੱਛੇ ਪਤਨੀ ਸੀਮਾ ਸੋਹਲ, ਸਪੁੱਤਰੀ ਸੀਰਤ ਸੋਹਲ ਅਤੇ ਇੱਕ ਸਪੁੱਤਰ ਅੰਗਦ ਸੋਹਲ ਨੂੰ ਛੱਡ ਗਿਆ ਹੈ। ਅੱਜ 15 ਨਵੰਬਰ 2025 ਨੂੰ ਭੋਗ, ਅੰਤਮ ਅਰਦਾਸ ਅਤੇ ਕੀਰਤਨ 12.00 ਤੋਂ 100 ਵਜੇ ਤੱਕ ਗੁਰਦੁਆਰਾ ਜੈ ਸਿੰਘ ਖਲਕਟ ਪਿੰਡ ਬਾਰਨ ਵਿਖੇ ਹੋਵੇਗਾ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

# ਅੱਖਾਂ ਦੀਆਂ ਬਿਮਾਰੀਆਂ: ਜਾਣੋ ਕਾਰਨ, ਲੱਛਣ ਤੇ ਇਲਾਜ

ਡਾ. ਅਮੀਤਾ ਰਾਣੀ
+917589363090



ਮਨੁੱਖ ਦੇ ਸਰੀਰ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹਨ। ਇਹ ਸਿਰਫ਼ ਸਾਡੇ ਦ੍ਰਿਸ਼ਟੀ ਦੀ ਯੋਗਤਾ ਹੀ ਨਹੀਂ ਵਧਾਉਂਦੀਆਂ, ਸਗੋਂ ਸਾਡੇ ਜੀਵਨ ਦੀ ਗੁਣਵੱਤਾ ਨੂੰ ਵੀ ਨਿਰਧਾਰਤ ਕਰਦੀਆਂ ਹਨ। ਅੱਜਕੱਲ੍ਹ ਅੱਖਾਂ ਨਾਲ ਸੰਬੰਧਤ ਬਿਮਾਰੀਆਂ ਦੀ ਗਿਣਤੀ ਵੱਧ ਰਹੀ ਹੈ। ਮਾਹਿਰਾਂ ਦੇ ਅਨੁਸਾਰ, ਗਲਤ ਆਹਾਰ, ਵੱਧ ਸਮਾਂ ਸਕ੍ਰੀਨ ਦੇ ਸਾਹਮਣੇ ਬਿਤਾਉਣਾ, ਗੰਦੀ ਹਾਈਜੀਨ, ਅਤੇ ਜ਼ਿਆਦਾ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਕਾਰਨ ਅੱਖਾਂ ਦੀਆਂ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ।

ਅੱਖਾਂ ਦੀਆਂ ਆਮ ਬਿਮਾਰੀਆਂ

ਰਿਫਰੈਕਟਿਵ ਏਰਰਸ (ਚਸ਼ਮੇ ਵਾਲੀਆਂ ਬਿਮਾਰੀਆਂ)

ਮਾਈਓਪੀਆ (ਨਜ਼ਦੀਕੀ ਨਜ਼ਰ ਦੀ ਕਮੀ): ਇਸ ਵਿੱਚ ਵਿਅਕਤੀ ਦੂਰ ਦੀਆਂ ਚੀਜ਼ਾਂ ਨੂੰ ਧੁੰਦਲਾ ਵੇਖਦਾ ਹੈ। ਬੱਚਿਆਂ ਅਤੇ ਨੌਜਵਾਨਾਂ ਵਿੱਚ ਇਹ ਸਭ ਤੋਂ ਆਮ ਹੈ।

ਹਾਈਪਰੋਪੀਆ (ਦੂਰ ਦੀ ਨਜ਼ਰ ਦੀ ਕਮੀ): ਨਜ਼ਦੀਕੀ ਚੀਜ਼ਾਂ ਪੜ੍ਹਨ ਵਿੱਚ ਮੁਸ਼ਕਿਲ।

ਐਸਟੀਗਮੈਟਿਜ਼ਮ: ਅੱਖ ਦੀ ਆਕਾਰ ਗੋਲ ਨਹੀਂ ਰਹਿੰਦੀ, ਜਿਸ ਨਾਲ ਚੀਜ਼ਾਂ ਧੁੰਦਲੀਆਂ ਨਜ਼ਰ ਆਉਂਦੀਆਂ ਹਨ।

ਪ੍ਰੈਸਬਾਈਓਪੀਆ: ਉਮਰ ਵੱਧਣ ਨਾਲ ਨਜ਼ਦੀਕੀ ਚੀਜ਼ਾਂ ਦੇਖਣ ਦੀ ਯੋਗਤਾ ਘੱਟ ਹੋ ਜਾਣਾ।

ਲੱਛਣ: ਧੁੰਦਲੀ ਨਜ਼ਰ, ਸਿਰ ਦਰਦ, ਅੱਖਾਂ 'ਚ ਥਕਾਵਟ।

ਇਲਾਜ: ਚਸ਼ਮੇ, ਕੰਟੈਕਟ ਲੈਂਸ, ਲੇਜ਼ਰ ਓਪਟਿਕ ਸਰਜਰੀ।

ਕੰਜੰਕਟਿਵਾਇਟਿਸ (ਪਿੰਕ ਆਈ / ਆਖ ਲਾਲ ਹੋ ਜਾਣਾ)

ਇਹ ਬਿਮਾਰੀ ਅੱਖਾਂ ਦੀ ਬਾਹਰੀ ਪਰਤ "ਕੰਜੰਕਟਿਵਾ" ਨੂੰ ਪ੍ਰਭਾਵਿਤ ਕਰਦੀ ਹੈ। ਇਸਦਾ ਕਾਰਨ ਵਾਇਰਸ, ਬੈਕਟੀਰੀਆ, ਐਲਰਜੀ ਜਾਂ ਧੂੜ-ਧੁੰਦ ਹੋ ਸਕਦੀ ਹੈ।

ਲੱਛਣ: ਲਾਲਾਹਟ, ਪਾਣੀ ਵਰਗੀ ਸੁਰਖ ਰਕਤਦਾਰ ਰਿਸਾਵਟ, ਖੁਜਲੀ ਅਤੇ ਅਸਹਜਤਾ

ਇਲਾਜ: ਆਂਖਾਂ ਦੀ ਸਫਾਈ, ਐਂਟੀਬਾਇਓਟਿਕ/ਐਂਟੀਵਾਇਰਲ ਡ੍ਰਾਪਸ, ਐਲਰਜੀ ਹੋਣ 'ਤੇ ਐਲਰਜੀ ਡ੍ਰਾਪਸ।

3. ਮੋਤੀਆ ਬਿੰਦ

ਲੈਂਸ ਦੀ ਧੁੰਦਲੀ ਹੋ ਜਾਣ ਕਾਰਨ ਦ੍ਰਿਸ਼ਟੀ ਘੱਟ ਹੋ ਜਾਂਦੀ ਹੈ। ਬਜ਼ੁਰਗ ਲੋਕਾਂ ਵਿੱਚ ਸਭ ਤੋਂ ਆਮ।

ਲੱਛਣ: ਚੀਜ਼ਾਂ ਧੁੰਦਲੀ ਨਜ਼ਰ, ਰੰਗਾਂ ਵਿੱਚ ਘੱਟ ਤਾਜਗੀ, ਰਾਤ ਵਿੱਚ ਨਜ਼ਰ ਦਾ ਬੁਰਾ ਹੋਣਾ

ਇਲਾਜ: ਸਰਜਰੀ, ਜਿੱਥੇ ਪੁਰਾਣਾ ਲੈਂਸ ਹਟਾ ਕੇ ਨਵਾਂ ਇੰਪਲਾਂਟ ਕੀਤਾ ਜਾਂਦਾ ਹੈ।

ਗਲੋਕੋਮਾ/ ਕਾਲਾ ਮੋਤੀਆ)

ਅੱਖ ਦੇ ਦਬਾਅ ਵੱਧ ਜਾਣ ਕਾਰਨ ਆਈ ਨਰਵ ਨੂੰ ਨੁਕਸਾਨ। ਜੇ ਸਮੇਂ ਸਿਰ ਇਲਾਜ ਨਾ ਹੋਵੇ ਤਾਂ ਅੰਨ੍ਹਾਪਨ ਵੀ ਹੋ ਸਕਦਾ ਹੈ।

ਲੱਛਣ: ਸ਼ੁਰੂਆਤੀ ਦੌਰ ਵਿੱਚ ਕੋਈ ਲੱਛਣ ਨਹੀਂ, ਧੁੰਦਲੀ ਨਜ਼ਰ, ਰੋਸ਼ਨੀ ਦੇ ਆਲੇ-ਦੁਆਲੇ ਹੋਲੋ-ਹੋਲੇ ਦਾ ਦਿਖਣਾ

ਇਲਾਜ: ਦਵਾਈਆਂ

ਸਰਜਰੀ ਜਾਂ ਲੇਜ਼ਰ ਟਰੀਟਮੈਂਟ

ਡਾਇਬਟੀਕ ਰੇਟੀਨੋਪੈਥੀ

ਸ਼ੂਗਰ ਵਾਲੇ ਮਰੀਜ਼ਾਂ ਵਿੱਚ ਆਈ ਬਲੱਡ ਵੈਸਲਜ਼ ਨੁਕਸਾਨ ਪਹੁੰਚਦੇ ਹਨ, ਜਿਸ ਨਾਲ ਰੈਟੀਨਾ ਖਰਾਬ ਹੁੰਦਾ ਹੈ।

ਲੱਛਣ:

ਦ੍ਰਿਸ਼ਟੀ ਧੁੰਦਲੀ ਹੋ ਜਾਣਾ

ਅਚਾਨਕ ਦ੍ਰਿਸ਼ਟੀ ਘਟਣਾ

ਅੱਖਾਂ 'ਚ ਧੁੱਪ ਵਰਗੀ ਛਾਂਵ ਜਾਂ ਬਲੱਡ ਸਪੌਟਸ

ਇਲਾਜ: ਸ਼ੂਗਰ ਕੰਟਰੋਲ, ਲੇਜ਼ਰ ਥੈਰੇਪੀ

ਸਰਜਰੀ ਜੇ ਲੋੜ ਹੋਵੇ, ਮੈਕੂਲਰ ਡੀਜਨਰੇਸ਼ਨ (ਅੰਧ / ਉਮਰ ਨਾਲ ਸੰਬੰਧਿਤ), ਮੈਕੂਲਾ ਅੱਖਾਂ ਦੇ ਕੇਂਦਰੀ ਨਜ਼ਰ ਨੂੰ ਪ੍ਰਭਾਵਿਤ ਕਰਦੀ ਹੈ। ਬਜ਼ੁਰਗਾਂ ਵਿੱਚ ਇਹ ਆਮ।

ਲੱਛਣ: ਕੇਂਦਰੀ ਦ੍ਰਿਸ਼ਟੀ ਦਾ ਘੱਟ ਹੋਣਾ, ਚੀਜ਼ਾਂ ਧੁੰਦਲੀ ਨਜ਼ਰ, ਰੰਗਾਂ ਦੀ ਸਮਝ ਘੱਟ ਹੋਣਾ

ਇਲਾਜ: ਅੰਕੜੇ/ਡ੍ਰਾਪਸ ਅਤੇ ਲੇਜ਼ਰ ਥੈਰੇਪੀ। ਸਟਾਈ ਅਤੇ ਬਲੀਫਰਾਇਟਿਸ

ਪਲਕਾਂ ਦੇ ਗ੍ਰੰਥੀਆਂ ਵਿੱਚ ਸੂਜਨ ਜਾਂ ਇਨਫੈਕਸ਼ਨ।

ਲੱਛਣ: ਪਲਕਾਂ 'ਤੇ ਲਾਲ ਗੰਠ, ਖੁਜਲੀ ਅਤੇ ਪਾਣੀ ਰਿਸਨਾ, ਅੱਖਾਂ ਦੇ ਕੰਧੇ 'ਤੇ ਦਰਦ

ਇਲਾਜ: ਹਲਕੀ ਮਸਾਜ, ਐਂਟੀਬਾਇਓਟਿਕ ਕ੍ਰੀਮ/ਡ੍ਰਾਪਸ। ਆਮ ਆਈ ਪ੍ਰੇਸ਼ਰਬੀਮਾਰੀਆ, ਡ੍ਰਾਈ ਆਈ, ਐਂਟੀਬਾਇਓਟਿਕ ਦਵਾਈਆਂ ਨਾਲ ਸਾਇਡ-ਇਫੈਕਟ, ਅੱਖਾਂ ਦੀ ਸੁਰੱਖਿਆ ਨਾ ਹੋਣ ਕਾਰਨ ਚੋਟ

ਪੰਜਾਬ ਅਤੇ ਭਾਰਤ ਵਿੱਚ ਅੱਖਾਂ ਦੀ ਸਿਹਤ ਦੀ ਹਾਲਤ-ਪੰਜਾਬ ਵਿੱਚ 10 ਤੋਂ 15% ਲੋਕ 40 ਸਾਲ ਤੋਂ ਉਪਰ ਹਨ ਜਿਨ੍ਹਾਂ ਨੂੰ ਕਾਫ਼ੀ ਹੱਦ ਤੱਕ ਅੱਖਾਂ ਦੀਆਂ ਬਿਮਾਰੀਆਂ ਹਨ। ਸ਼ਹਿਰੀ ਖੇਤਰ ਵਿੱਚ ਸਕ੍ਰੀਨ ਟਾਇਮ ਵੱਧਣ ਕਾਰਨ ਮਾਈਓਪੀਆ ਤੇਜ਼ੀ ਨਾਲ ਵੱਧ ਰਹੀ ਹੈ। ਪਿੰਡਾਂ ਵਿੱਚ ਅਕਸਰ ਡਾਇਬਟੀਕ ਰੈਟੀਨੋਪੈਥੀ ਅਤੇ ਮੋਤੀਆ ਬਿੰਦ ਦੇ ਮਾਮਲੇ ਜ਼ਿਆਦਾ ਮਿਲਦੇ ਹਨ।

ਮਾਹਿਰਾਂ ਦੀ ਸਲਾਹ:

ਹਾਈਜੀਨ ਦਾ ਧਿਆਨ ਰੱਖੋ।

ਸਟ੍ਰੈਸ ਅਤੇ ਸਕ੍ਰੀਨ ਟਾਇਮ ਘੱਟ ਕਰੋ।

ਨਿਯਮਤ ਰੂਪ ਨਾਲ ਅੱਖਾਂ ਦੀ ਜਾਂਚ ਕਰਵਾਉ। ਸਰਕਾਰੀ ਅਤੇ ਸਮਾਜਕ ਜ਼ਿੰਮੇਵਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ। ਜਨਤਾ ਨੂੰ ਅੱਖਾਂ ਦੀ ਸਿਹਤ ਬਾਰੇ ਜਾਗਰੂਕਤਾ ਮੁਹਿੰਮ। ਗ੍ਰਾਮੀਣ ਖੇਤਰਾਂ ਵਿੱਚ ਫਰੀ ਆਈ ਚੈਕਅੱਪ ਕੈਂਪ।

ਅੱਖਾਂ ਦੀ ਸਹੀ ਦੇਖਭਾਲ ਨਾਲ ਕਈ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਜੇ ਸਮੇਂ ਸਿਰ ਇਲਾਜ ਕਰਵਾਇਆ ਜਾਵੇ, ਤਾਂ ਵਿਅਕਤੀ ਆਪਣੇ ਦ੍ਰਿਸ਼ਟੀ ਨੂੰ ਸੁਰੱਖਿਅਤ ਰੱਖ ਸਕਦਾ ਹੈ ਅਤੇ ਜੀਵਨ ਦਾ ਸੁਖੀ ਅਨੁਭਵ ਕਰ ਸਕਦਾ ਹੈ।

* * * * * * * *

## ਬਰਤਾਨੀਆ-ਭਾਰਤ ਵਪਾਰ ਸਮਝੌਤੇ ਦਾ "ਵੱਡੀਆਂ ਕੰਪਨੀਆਂ ਵੱਲ ਝੁਕਾਅ"-ਸੀਤਲ ਸਿੰਘ ਗਿੱਲ

### ○ ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ ਸਮਝੋਤੇ ਦੇ ਮਾੜੇ ਪ੍ਰਭਾਵਾਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਦਿੱਤੀ ਚੇਤਾਵਨੀ



ਲੈਸਟਰ( ਇੰਗਲੈਂਡ ), (ਸੁਖਜਿੰਦਰ ਸਿੰਘ ਢੱਡੇ)-ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਵੇਂ ਬਰਤਾਨੀਆ-ਭਾਰਤ ਮੁਫ਼ਤ ਵਪਾਰ ਸਮਝੌਤੇ (FTA) ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਮਝੌਤਾ ਵੱਡੀਆਂ ਮਲਟੀਨੇਸ਼ਨਲ ਕੰਪਨੀਆਂ ਅਤੇ ਉੱਚ-ਹੁਨਰਮੰਦ ਪ੍ਰੋਫੈਸ਼ਨਲ ਕਰਮਚਾਰੀਆਂ ਨੂੰ ਤਰਜੀਹ ਦਿੰਦਾ ਹੈ, ਜਦੋਂ ਕਿ ਯੂ ਕੇ ਵਿੱਚ ਰਹਿੰਦੇ ਆਮ ਭਾਰਤੀ ਅਤੇ ਮਾਈਗ੍ਰੈਂਟ ਮਜ਼ਦੂਰਾਂ ਲਈ ਇਸ ਸਮਝੋਤੇ ਚ ਕੋਈ ਸਿੱਧਾ ਲਾਭ ਦਿਖਾਈਂ ਨਹੀਂ ਦਿੰਦਾ। ਇੰਡੀਅਨ ਵਰਕਰਜ ਐਸੋਸੀਏਸ਼ਨ ਗਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਇਸ ਸਬੰਧੀ ਜਾਰੀ ਕੀਤੇ ਇਕ ਬਿਆਨ ਤ ਦੱਸਿਆ ਕਿ ਜੁਲਾਈ 2025 ਵਿੱਚ ਸਾਇਨ ਕੀਤੇ ਗਏ ਇਸ ਸਮਝੌਤੇ ਵਿੱਚ ਇਹ ਪ੍ਰਾਵਧਾਨ ਹੈ, ਕਿ ਯੂਕੇ ਵਿੱਚ ਅਸਥਾਈ ਤਾਇਨਾਤ ਕੀਤੇ ਗਏ ਭਾਰਤੀ ਕਰਮਚਾਰੀ 36 ਮਹੀਨੇ ਤੱਕ ਯੂਕੇ ਦਾ ਨੈਸ਼ਨਲ ਇਨਸ਼ੋਰੈਂਸ ਨਹੀਂ ਭਰਨਗੇ, ਜੇ ਉਹ ਭਾਰਤ ਦੇ Employee Provident Fund (EPF) ਵਿੱਚ ਯੋਗਦਾਨ ਜਾਰੀ ਰੱਖਣ। ਸਰਕਾਰੀ ਅੰਦਾਜ਼ਿਆਂ ਮੁਤਾਬਕ ਇਹ ਵਿਵਸਥਾ ਤਕਰੀਬਨ 75,000 ਉੱਚ-ਹੁਨਰਮੰਦ ਵਰਕਰਾਂ 'ਤੇ ਲਾਗੂ ਹੋ ਸਕਦੀ ਹੈ-ਖ਼ਾਸ ਕਰਕੇ IT, ਇੰਜੀਨੀਅਰਿੰਗ ਅਤੇ ਫ਼ਾਇਨੈਂਸ ਖੇਤਰ ਵਿੱਚ। ਪਰ ਮਜ਼ਦੂਰ ਹੱਕਾਂ ਲਈ ਕੰਮ ਕਰ ਰਹੀਆਂ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਸਮਝੌਤਾ ਘੱਟ-ਤਨਖ਼ਾਹ, ਅਸਥਿਰ ਅਤੇ ਮਿਹਨਤਕਸ਼ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਾ ਹੈ। ਇਹ ਵਪਾਰਕ ਸਮਝੌਤਾ ਵੱਡੀਆਂ ਕੰਪਨੀਆਂ ਲਈ ਹੈ, ਮਿਹਨਤਕਸ਼ ਲੋਕਾਂ ਲਈ ਨਹੀਂ, ਸੀਤਲ ਸਿੰਘ ਗਿੱਲ, ਨੇ ਕਿਹਾ ਕਿ "ਨਵੀਆਂ ਨੌਕਰੀਆਂ ਨਹੀਂ, ਕੋਈ ਨਵੇਂ ਹੱਕ ਨਹੀਂ, ਨਾ ਹੀ ਘੱਟ-ਤਨਖ਼ਾਹ ਵਾਲਿਆਂ ਲਈ ਕੋਈ ਸੁਰੱਖਿਆ। ਵਪਾਰ ਲਾਭ ਨਹੀਂ, ਸਮਝੋਤਾ ਸਮੁੱਚੇ ਲੋਕਾਂ ਦੀ ਭਲਾਈ ਨਾਲ ਜੁੜਿਆ ਹੋਣਾ ਚਾਹੀਦਾ ਹੈ।" ਉਨਾ ਕਿਹਾ ਕਿ ਇਹ ਸਮਝੋਤਾ ਅਗਲੇ ਸਾਲ ਲਾਗੂ ਹੋਣ ਦੀ ਉਮੀਦ ਹੈ। ਸ ਗਿੱਲ ਨੇ ਕਿਹਾ ਕਿ ਭਾਵੇਂ ਇਹ ਸਮਝੌਤਾ ਸਾਇਨ ਹੋ ਚੁੱਕਾ ਹੈ, ਪਰ ਅਜੇ ਤੱਕ ਲਾਗੂ ਨਹੀਂ ਹੋਇਆ। ਦੋਵੇਂ ਸਰਕਾਰਾਂ ਨੇ ਇਸ਼ਾਰਾ ਦਿੱਤਾ ਹੈ ਕਿ ਇਹ ਅਗਲੇ ਸਾਲ ਦੇ ਸ਼ੁਰੂ ਵਿੱਚ ਲਾਗੂ ਹੋ ਸਕਦਾ ਹੈ, ਜਿਵੇਂ ਹੀ ਯੂਕੇ ਅਤੇ ਭਾਰਤ ਦੀਆਂ ਮਨਜ਼ੂਰੀ ਪ੍ਰਕਿਰਿਆਵਾਂ ਪੂਰਨ ਹੋਣਗੀਆਂ। ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ 8-9 ਅਕਤੂਬਰ 2025 ਦੀ ਭਾਰਤ ਯਾਤਰਾ ਦੌਰਾਨ ਦੋਵੇਂ ਦੇਸ਼ਾਂ ਨੇ FTA ਦੇ ਜਲਦੀ ਲਾਗੂ ਹੋਣ ਲਈ ਆਪਣਾ ਵਚਨ ਦੁਹਰਾਇਆ ਸੀ। ਡਾਊਨਿੰਗ ਸਟ੍ਰੀਟ ਨੇ ਕਿਹਾ ਕਿ ਇਹ ਯਾਤਰਾ "ਸਮਝੌਤੇ ਦੀ ਤੇਜ਼ ਤਰੱਕੀ" ਲਈ ਸੀ, ਜਦੋਂ ਕਿ ਸਟਾਰਮਰ ਨੇ ਸਪਸ਼ਟ ਕੀਤਾ ਕਿ ਇਹ ਸਮਝੌਤਾ ਯੂਕੇ ਦੀ ਵੀਜ਼ਾ ਨੀਤੀ 'ਤੇ ਅਸਰ ਨਹੀਂ ਪਾਵੇਗਾ। 1938 ਤੋਂ ਮਜ਼ਦੂਰ ਹੱਕਾਂ, ਬਰਾਬਰੀ ਅਤੇ ਨਿਆਂ ਲਈ ਲੜਦੀ ਆ ਰਹੀ ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ ਐਲਾਨ ਕੀਤਾ ਹੈ ਕਿ ਇਹ ਸਮਝੌਤੇ ਦੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਲੈਸਟਰ, ਕਵੈਂਟਰੀ, ਬਰਮਿੰਘਮ ਅਤੇ ਲੰਡਨ ਵਿੱਚ ਕਮਿਊਨਿਟੀ ਮੀਟਿੰਗਾਂ ਕਰੇਗੀ। ਸ ਗਿੱਲ ਨੇ ਕਿਹਾ ਕਿ ਜੇ ਯੂ.ਕੇ. ਅਤੇ ਭਾਰਤ ਸੱਚਮੁੱਚ ਦੋਸਤੀ ਦੀ ਗੱਲ ਕਰਦੇ ਹਨ, ਤਾਂ ਇਹ ਦੋਸਤੀ ਉਹਨਾਂ ਲੋਕਾਂ ਦੀ ਭਲਾਈ ਤੇ ਇਨਸਾਫ਼ 'ਤੇ ਟਿਕੀ ਹੋਣੀ ਚਾਹੀਦੀ ਹੈ,ਜੋ ਮਿਹਨਤ ਕਰਦੇ ਹਨ, ਨਾ ਕਿ ਸਿਰਫ਼ ਉਹ ਜੋ ਮਾਲੀ ਲਾਭ ਲਈ ਸੌਦੇ ਕਰਦੇ ਹਨ।"

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਦਾ ਆਯੋਜਿਨ

ਬੰਗਾ-ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਅੱਜ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਸਜੇ ਦੀਵਾਨ ਵਿਚ ਭਾਈ ਜੁਝਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਰਸ ਭਿੰਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਨਾਮ ਸਿਰਮਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਭਾਈ ਜੋਗਾ ਸਿੰਘ ਜੀ ਹਜ਼ੂਰੀ ਰਾਗੀ ਗੁਰੁਦਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਅਤੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਵਿਦਿਆਰਥੀ ਕੀਰਤਨੀ ਜਥਿਆਂ ਨੇ ਹਾਜ਼ਰੀ ਭਰੀ । ਸਮਾਗਮ ਵਿਚ ਗਿਆਨੀ ਗੁਰਪ੍ਰੀਤ ਸਿੰਘ ਗੁਰਦੁਆਰਾ ਸ਼ਹੀਦ ਗੰਜ ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਅਤੇ ਸਿੱਖਿਆਵਾਂ ਬਾਰੇ ਚਾਣਨਾ ਪਾਉਂਦੇ ਹੋਏ ਗੁਰੂ ਜੀ ਵੱਲੋ ਦਰਸਾਏ ਸੇਵਾ ਮਾਰਗ ਤੇ ਚਲਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਸੰਗਤਾਂ ਨੂੰ ਕਿਰਤ ਕਰਨ, ਵੰਡ ਛਕਣ, ਨਾਮ ਸਿਮਰਨ ਕਰਨ ਲਈ ਪ੍ਰੇਰਿਆ ਅਤੇ ਦਿਨੋ ਦਿਨ ਵੱਧ ਰਹੇ ਪਾਖੰਡਵਾਦ ਤੋਂ ਬਚਣ ਲਈ ਵੀ ਸੰਗਤਾਂ ਨੂੰ ਚੇਤੰਨ ਕੀਤਾ।




ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਦੀਆਂ ਝਲਕੀਆਂ

ਮਹਾਨ ਗੁਰਮਤਿ ਸਮਾਗਮ ਵਿਚ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਇਕੱਤਰ ਸਮੂਹ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਟਰੱਸਟ ਵੱਲੋ ਚਲਾਏ ਜਾ ਰਹੇ ਅਦਾਰਿਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਉਹਨਾਂ ਨੇ ਗੁਰੂ ਸਾਹਿਬਾਨ ਵੱਲੋਂ ਦਿਖਾਏ ਸਿੱਖੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਦੇ ਹੋਏ ਸਮੂਹ ਸੰਗਤਾਂ ਨੂੰ ਜਲ ਅਤੇ ਵਾਤਾਵਰਣ ਦੀ ਰਾਖੀ ਲਈ ਜਾਗੁਰਕ ਕੀਤਾ। ਇਸ ਮੌਕੇ ਸਤਨਾਮ ਸਿੰਘ ਲਾਦੀਆਂ ਨੇ ਸਮਾਗਮ ਅਤੇ ਸੰਸਥਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਬਾਖੂਬੀ ਸਟੇਜ ਸੰਚਾਲਨਾ ਕੀਤੀ।

# ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦਾ ਸਥਾਈ ਹੱਲ 'ਡਬਲ-ਇੰਜਨ ਸਰਕਾਰ' ਹੀ ਹੈ: ਪ੍ਰੋ. ਸਰਚਾਂਦ ਸਿੰਘ ਖ਼ਿਆਲਾ

## 2027 ਲਈ ਭਾਜਪਾ ਨੂੰ ਪੰਜਾਬ ਵਿੱਚ ਕਿਸੇ ਮਜ਼ਬੂਤ ਖੇਤਰੀ ਪੰਥਕ ਪਾਰਟੀ ਨਾਲ ਗੱਠਜੋੜ ਬਾਰੇ ਗੰਭੀਰ ਮੰਥਨ ਦੀ ਲੋੜ

ਅੰਮ੍ਰਿਤਸਰ- ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖ਼ਿਆਲਾ ਨੇ ਕਿਹਾ ਕਿ ਪੰਜਾਬ ਇਸ ਸਮੇਂ ਕਾਨੂੰਨ-ਵਿਵਸਥਾ, ਆਰਥਿਕ ਸੰਕਟ, ਬੇਰੁਜ਼ਗਾਰੀ, ਨਸ਼ਾ ਤਸਕਰੀ, ਗੈਂਗਸਟਰ ਜਾਲ, ਸਰਹੱਦੀ ਖਤਰੇ ਅਤੇ ਉਦਯੋਗਿਕ ਮਾਇਗ੍ਰੇਸ਼ਨ ਵਰਗੀਆਂ ਗੰਭੀਰ ਚੁਨੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਅੰਦਰੂਨੀ ਸਮੱਸਿਆਵਾਂ ਤੋਂ ਇਲਾਵਾ ਬਾਹਰੀ ਤਾਕਤਾਂ ਅਤੇ ਪਾਕਿਸਤਾਨ ਵੱਲੋਂ ਸਮਾਜ ਵਿਰੋਧੀ ਅਨਸਰਾਂ ਨੂੰ ਧਨ ਅਤੇ ਲਾਲਚ ਦੇ ਕੇ ਪੰਜਾਬ ਨੂੰ ਅਸਥਿਰ ਕਰਨ ਦੀਆਂ ਸਾਜ਼ਿਸ਼ਾਂ ਵੀ ਲਗਾਤਾਰ ਰਚੀਆਂ ਜਾ ਰਹੀਆਂ ਹਨ।

ਬੀਤੇ ਦਿਨ ਫ਼ਿਰੋਜ਼ਪੁਰ ਵਿੱਚ ਆਰ.ਐੱਸ.ਐੱਸ. ਵਰਕਰ ਨਵੀਨ ਅਰੋੜਾ ਦੀ ਦਿਨ-ਦਿਹਾੜੇ ਟਾਰਗੇਟ ਕਿਲਿੰਗ ਵੀ ਭਾਈਚਾਰਕ ਏਕਤਾ ਨੂੰ ਤੋੜਨ ਦੀ ਉਸੇ ਹੀ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਇਹ ਸਭ ਚੁਨੌਤੀਆਂ ਤਾਂ ਹੀ ਕਾਬੂ ਹੋ ਸਕਦੀਆਂ ਹਨ ਜੇ ਕੇਂਦਰ ਅਤੇ ਰਾਜ ਇਕੋ ਟੀਮ ਵਜੋਂ ਕੰਮ ਕਰਨ, ਅਰਥਾਤ ਪੰਜਾਬ ਵਿੱਚ ਡਬਲ-ਇੰਜਨ ਸਰਕਾਰ ਬਣੇ।

ਪ੍ਰੋ. ਖ਼ਿਆਲਾ ਨੇ ਕਿਹਾ ਕਿ 2022 ਤੋਂ ਬਾਅਦ ਭਾਜਪਾ ਦਾ ਪੰਜਾਬ ਵਿੱਚ ਵਿਸਥਾਰ ਤਾਂ ਹੋਇਆ ਹੈ, ਪਰ ਇੱਕੱਲੇ ਆਪਣੇ ਦਮ 'ਤੇ 2027 'ਚ ਸਰਕਾਰ ਬਣਾਉਣ ਦੀ ਸਥਿਤੀ ਅਜੇ ਦੂਰ ਦੀ ਗੱਲ ਹੈ। ਮੌਜੂਦਾ ਹਾਲਾਤਾਂ ਵਿੱਚ ਸੱਤਾ ਤਬਦੀਲੀ ਤਦ ਹੀ ਸੰਭਵ ਹੈ ਜੇ ਭਾਰਤੀ ਜਨਤਾ ਪਾਰਟੀ ਕਿਸੇ ਮਜ਼ਬੂਤ ਖੇਤਰੀ ਪੰਥਕ ਪਾਰਟੀ ਨਾਲ ਗੱਠਜੋੜ ਮੁੜ ਸਥਾਪਿਤ ਕਰੇ। ਇਸ ਲਈ ਗੰਭੀਰ ਚਿੰਤਨ-ਮੰਥਨ ਦੀ ਲੋੜ ਹੈ।

ਤਰਨਤਾਰਨ ਉਪਚੋਣ ਦੇ ਤਾਜ਼ਾ ਨਤੀਜੇ ਸਾਫ਼ ਦਰਸਾਉਂਦੇ ਹਨ ਕਿ ਪੰਜਾਬ ਦੀ ਰਾਜਨੀਤੀ ਇਕ ਨਿਰਣਾਇਕ ਮੋੜ 'ਤੇ ਖੜ੍ਹੀ ਹੈ। ਪੰਜਾਬ ਦਾ ਵੋਟਰ ਹੁਣ ਤਬਦੀਲੀ ਚਾਹੁੰਦਾ ਹੈ। 2022 ਵਿੱਚ ਆਮ ਆਦਮੀ ਪਾਰਟੀ ਨੂੰ ਭਾਰੀ ਮੰਡੇਟ ਦੇਣ ਤੋਂ ਬਾਅਦ ਇਸ ਦੀ ਹਰ ਪੱਧਰ 'ਤੇ ਨਾਕਾਮੀ ਨੇ ਲੋਕਾਂ ਵਿੱਚ ਨਿਰਾਸ਼ਾ ਅਤੇ ਅਵਿਸ਼ਵਾਸ ਪੈਦਾ ਕੀਤਾ ਹੈ।

ਉਹਨਾਂ ਕਿਹਾ ਕਿ 1997 ਦਾ ਇਤਿਹਾਸਕ ਅਕਾਲੀ-ਭਾਜਪਾ ਗੱਠਜੋੜ ਸਿਰਫ ਚੋਣ ਸਮਝੌਤਾ ਨਹੀਂ ਸੀ; ਇਹ ਹਿੰਦੂ-ਸਿੱਖ ਏਕਤਾ, ਆਪਸੀ ਭਰੋਸੇ ਅਤੇ ਪੰਜਾਬ ਦੀ ਸਥਿਰਤਾ 'ਤੇ ਆਧਾਰਿਤ ਇੱਕ ਵਸੀਹ, ਦੂਰਦਰਸ਼ੀ ਅਤੇ ਵਿਚਾਰਧਾਰਕ ਸਾਂਝ ਸੀ। ਅੱਜ ਵੀ ਇਹ ਦ੍ਰਿਸ਼ਟੀ ਪਹਿਲਾਂ ਨਾਲੋਂ ਵੱਧ ਪ੍ਰਸੰਗਿਕ ਹੈ। ਐਸੀ ਵਿਚਾਰਧਾਰਕ ਸਾਂਝ ਹੀ ਪੰਜਾਬ ਦੀ ਸਾਂਝੀ ਵਿਰਾਸਤ, ਸਮਾਜਿਕ ਸਦਭਾਵਨਾ ਅਤੇ ਪੰਜਾਬੀ ਚੇਤਨਾ ਦੀ ਅਸਲ ਰੱਖਿਆ ਕਰ ਸਕਦੀ ਹੈ।

ਅਕਾਲੀ-ਭਾਜਪਾ ਦੇ ਸ਼ਾਸਨ ਦੌਰਾਨ ਪੰਜਾਬ ਨੇ ਬੁਨਿਆਦੀ ਢਾਂਚੇ, ਪੇਂਡੂ-ਸ਼ਹਿਰੀ ਸੁਵਿਧਾਵਾਂ, ਬਿਜਲੀ, ਸੜਕਾਂ, ਸਿੱਖਿਆ, ਸਿਹਤ ਅਤੇ ਉਦਯੋਗਿਕ ਨਿਵੇਸ਼ ਵਿੱਚ ਉਹ ਤਰੱਕੀ ਕੀਤੀ ਜਿਸ ਨੂੰ ਉਸ ਤੋਂ ਬਾਅਦ ਕਿਸੇ ਸਰਕਾਰ ਨੇ ਨਹੀਂ ਛੂਹਿਆ।

ਨਾ ਕਾਂਗਰਸ ਸਰਕਾਰ ਅਤੇ ਨਾ ਹੀ ਮੌਜੂਦਾ 'ਆਪ' ਸਰਕਾਰ ਨੇ ਪੰਜਾਬ ਨੂੰ ਕੋਈ ਦਿਸ਼ਾ ਦਿੱਤੀ; ਉਲਟ ਇਸ ਦਾ ਵਿਕਾਸ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ।

ਅੱਜ ਦੀ 'ਆਪ' ਸਰਕਾਰ ਸਿਰਫ਼ ਇਸ਼ਤਿਹਾਰਾਂ ਵਿੱਚ ਹੈ, ਜਦਕਿ ਜ਼ਮੀਨੀ ਹਕੀਕਤ ਉਸ ਦੇ ਬਿਲਕੁਲ ਉਲਟ ਹੈ।



ਪਾਣੀ-ਸੀਵਰੇਜ ਪ੍ਰਣਾਲੀ, ਕਚਰਾ ਪ੍ਰਬੰਧਨ, ਪ੍ਰਸ਼ਾਸਨਿਕ ਹਫ਼ੜਾ-ਦਫ਼ੜੀ, ਅਤੇ ਸਕੂਲਾਂ-ਹਸਪਤਾਲਾਂ ਦੀ ਬਦਹਾਲੀ ਨੇ ਵੀ ਸ਼ਹਿਰਾਂ ਨੂੰ ਸੰਕਟ ਵਿੱਚ ਧੱਕ ਦਿੱਤਾ ਹੈ।

ਪ੍ਰੋ. ਖ਼ਿਆਲਾ ਨੇ ਕਿਹਾ ਕਿ ਡਬਲ-ਇੰਜਨ ਮਾਡਲ ਨਾਲ ਵਿਕਾਸ ਯੋਜਨਾਵਾਂ ਨੂੰ ਕੇਂਦਰੀ ਸਹਿਯੋਗ ਤੇਜ਼ੀ ਨਾਲ ਮਿਲਦਾ ਹੈ, ਹਾਈਵੇ, ਸੜਕਾਂ, ਹਵਾਈ ਅੱਡੇ, ਸਿਹਤ ਤੇ ਸਿੱਖਿਆ ਪ੍ਰੋਜੈਕਟ ਤੁਰੰਤ ਮਨਜ਼ੂਰ ਹੁੰਦੇ ਹਨ ਅਤੇ ਫੰਡ ਵੀ ਸਮੇਂ 'ਤੇ ਮਿਲਦੇ ਹਨ। ਸਰਹੱਦੀ ਸੁਰੱਖਿਆ ਲਈ ਵੀ ਕੇਂਦਰ-ਰਾਜ ਦੀ ਇੱਕੋ ਦਿਸ਼ਾ ਵਾਲੀ ਯੋਜਨਾ ਲਾਜ਼ਮੀ ਹੈ ਕਿਉਂਕਿ ਅੰਤਰਰਾਸ਼ਟਰੀ ਬਾਰਡਰ 'ਤੇ ਡਰੋਨ, ਹਥਿਆਰਾਂ ਅਤੇ ਨਸ਼ੇ ਦੀ ਘੁਸਪੈਠ ਲਗਾਤਾਰ ਵਧ ਰਹੀ ਹੈ। ਨਸ਼ਾ ਤੇ ਗੈਂਗਸਟਰ ਮਾਫ਼ੀਆ 'ਤੇ ਵੱਡੀ ਕਾਰਵਾਈ ਕੇਂਦਰੀ ਏਜੰਸੀਆਂ ਜਿਵੇਂ ਇਅ, ਛਭ ਅਤੇ ਓਧ ਦੇ ਸੰਯੁਕਤ ਓਪਰੇਸ਼ਨ ਨਾਲ ਹੀ ਸੰਭਵ ਹੈ।

ਕਾਨੂੰਨ-ਵਿਵਸਥਾ, ਉਦਯੋਗਿਕ ਪੁਨਰਜਾਗਰਣ ਅਤੇ ਰੁਜ਼ਗਾਰ ਦੇ ਮੌਕਿਆਂ ਲਈ ਰਾਜਨੀਤਿਕ ਸਥਿਰਤਾ ਅਤੇ ਕੇਂਦਰ ਨਾਲ ਤਾਲਮੇਲ ਬੇਹੱਦ ਜ਼ਰੂਰੀ ਹੈ—ਅਤੇ ਇਹ ਗਾਰੰਟੀ ਸਿਰਫ਼ ਡਬਲ-ਇੰਜਨ ਮਾਡਲ ਹੀ ਦੇ ਸਕਦਾ ਹੈ।

ਪੰਜਾਬ ਦੀ ਡਿੱਗਦੀ ਆਰਥਿਕਤਾ ਨੂੰ ਉਭਾਰਨ ਲਈ ਖ਼ਾਸ ਕੇਂਦਰੀ ਪੈਕੇਜ ਅਤੇ ਗਰਾਂਟਾਂ ਦੀ ਲੋੜ ਹੈ, ਜੋ ਇਸ ਮਾਡਲ ਨਾਲ ਆਸਾਨੀ ਨਾਲ ਪ੍ਰਾਪਤ ਹੋ ਸਕਦੀਆਂ ਹਨ। ਖੇਤੀਬਾੜੀ ਵਿੱਚ MSP, ਫਸਲ ਬੀਮਾ, ਤਕਨੀਕੀ ਸੁਧਾਰ ਅਤੇ ਸਬਸਿਡੀਆਂ ਵੀ ਕੇਂਦਰ-ਰਾਜ ਦੇ ਮਿਲੀ-ਝੁਲੀ ਕੋਸ਼ਿਸ਼ਾਂ ਨਾਲ ਹੀ ਪ੍ਰਭਾਵਸ਼ਾਲੀ ਹੋ ਸਕਦੀਆਂ ਹਨ।

ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਲਈ ਵੀ ਇਹ ਮਾਡਲ ਸਭ ਤੋਂ ਜ਼ਿਆਦਾ ਕਾਰਗਰ ਹੈ ਕਿਉਂਕਿ ਇਸ ਨਾਲ ਜਵਾਬਦੇਹੀ ਅਤੇ ਨਿਗਰਾਨੀ ਦੋਵੇਂ ਮਜ਼ਬੂਤ ਹੁੰਦੇ ਹਨ। ਕੁੱਲ ਮਿਲਾ ਕੇ—ਕਾਨੂੰਨ-ਵਿਵਸਥਾ ਤੋਂ ਲੈ ਕੇ ਆਰਥਿਕ ਪੁਨਰਜਾਗਰਣ ਤੱਕ—ਇਹ ਮਾਡਲ ਪੰਜਾਬ ਵਰਗੇ ਸੰਵੇਦਨਸ਼ੀਲ ਰਾਜ ਲਈ ਸਭ ਤੋਂ ਉਚਿਤ ਅਤੇ ਲਾਭਕਾਰੀ ਸਾਬਤ ਹੁੰਦਾ ਹੈ।

**ਜ਼ਰੂਰੀ ਸੂਚਨਾ**

ਅਦਾਰਾ ਪੰਜਾਬ ਟਾਈਮਜ਼ ਵੱਲੋਂ ਪਾਠਕਾਂ ਨੂੰ ਬੇਨਤੀ ਹੈ 1965 ਤੋਂ ਛਪ ਰਿਹਾ ਅਖ਼ਬਾਰ ਸਭ ਨਾਲੋਂ ਵੱਧ ਪੜ੍ਹਿਆ ਜਾਂਦਾ ਹੈ । ਪੂਰਾ ਅਖ਼ਬਾਰ ਆਪਣੇ ਨੇੜੇ ਦੀ ਦੁਕਾਨ ਤੋਂ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰ ਸਕਦੇ ਹੋ ।

ਫ਼ੋਨ ਨੰਬਰ: 01332 372851

# 51000 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ ਦੇ ਸਾਲ 2025 ਲਈ ਜੇਤੂ ਅਤੇ ਫਾਈਨਲਿਸਟ ਪੁਸਤਕਾਂ ਦਾ ਐਲਾਨ

## ○ ਢਾਹਾਂ ਸਾਹਿਤ ਇਨਾਮ 2025 ਦੇ ਜੇਤੂ ਰਹੇ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੇ ਜਿੱਤਿਆ 25000 ਕੈਨੇਡੀਅਨ ਡਾਲਰ ਦਾ ਇਨਾਮ
## ○ ਦੋ ਫਾਈਨਲਿਸਟ ਮੁਦੱਸਰ ਬਸ਼ੀਰ (ਲਾਹੌਰ) ਅਤੇ ਭਗਵੰਤ ਰਸੂਲਪੁਰੀ (ਜਲੰਧਰ) ਦਾ 10-10 ਹਜ਼ਾਰ ਡਾਲਰ ਦੇ ਇਨਾਮ ਨਾਲ ਸਨਮਾਨ

ਬੰਗਾ/ਵੈਨਕੂਵਰ (ਬੀ.ਸੀ)-ਪੰਜਾਬੀ ਗਲਪ ਲਈ ਵਿਸ਼ਵ ਦੇ ਪ੍ਰਸਿੱਧ ਸਾਹਿਤਕ ਢਾਹਾਂ ਸਾਹਿਤ ਇਨਾਮ ਨੇ ਆਪਣੇ 12ਵੇਂ ਜੇਤੂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ (ਜਲੰਧਰ) ਨੂੰ ਉਹਨਾਂ ਦੇ ਗੁਰਮੁਖੀ ਲਿਪੀ ਵਿਚ ਲਿਖੇ ਨਾਵਲ 'ਰੌਲਿਆਂ ਵੇਲੇ' ਲਈ 25,000 ਕੈਨੇਡੀਅਨ ਡਾਲਰ ਦੇ ਪੁਰਸਕਾਰ ਨਾਲ ਸਰੀ, ਬੀ.ਸੀ. ਵਿੱਚ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਖੇ ਹੋਏ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ। ਜਦ ਕਿ ਦੋ ਫਾਈਨਲਿਸਟਾਂ ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਨੂੰ ਸ਼ਾਹਮੁਖੀ ਲਿਪੀ ਵਿਚ ਲਿਖੇ ਨਾਵਲ 'ਗੋਇਲ' ਅਤੇ ਸ੍ਰੀ ਭਗਵੰਤ ਰਸੂਲਪੁਰੀ (ਜਲੰਧਰ) ਨੂੰ ਉਸ ਦੇ ਗੁਰਮੁਖੀ ਵਿਚ ਲਿਖੇ ਲਘੂ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਲਈ 10-10 ਹਜ਼ਾਰ ਕੈਨੇਡੀਅਨ ਡਾਲਰ ਦੇ ਇਨਾਮ ਨਾਲ ਸਨਮਾਨ ਕੀਤਾ ਗਿਆ। ਤਿੰਨਾਂ ਇਨਾਮ ਜੇਤੂਆਂ ਨੂੰ ਹੱਥਾਂ ਨਾਲ ਤਿਆਰ ਕੀਤੇ ਵਿਸ਼ੇਸ਼ ਸਨਮਾਨ ਚਿੰਨ੍ਹਾਂ ਨਾਲ ਇਹ ਇਨਾਮ ਭੇਟ ਕੀਤੇ ਗਏ। ਇਸ ਮੌਕੇ ਇਹਨਾਂ ਤਿੰਨਾਂ ਪੁਸਤਕਾਂ ਦੇ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਪੀਅੰਤਰਨ ਲਈ 6,000 ਕੈਨੇਡੀਅਨ ਡਾਲਰ ਦਾ ਇਨਾਮ ਪ੍ਰਦਾਨ ਕੀਤਾ ਗਿਆ।

ਸਨਮਾਨ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ ਨੇ ਕਿਹਾ ਕਿ, "ਇਸ ਪੁਰਸਕਾਰ ਨੇ ਮੇਰੇ ਨਾਵਲ ਨੂੰ ਪਾਠਕਾਂ ਦੀ ਇੱਕ ਨਵੀਂ ਦੁਨੀਆਂ ਦਿੱਤੀ ਹੈ।" ਜਦੋਂ ਮੈਂ ਆਪਣੇ ਨਾਮ ਦਾ ਐਲਾਨ ਸੁਣਿਆ ਤਾਂ ਮੈਂ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਗਿਆ। ਇਸ ਇਨਾਮ ਨੇ ਮੈਨੂੰ ਰਚਨਾਵਾਂ ਰਚਦੇ ਰਹਿਣ ਲਈ ਉਤਸ਼ਾਹਿਤ ਕੀਤਾ ਹੈ। ਲਹਿੰਦੇ ਪੰਜਾਬ ਤੋਂ ਕੈਨੇਡਾ ਪੁੱਜੇ ਨਾਵਲਕਾਰ ਸ੍ਰੀ ਮੁਦੱਸਰ ਬਸ਼ੀਰ ਨੇ ਆਪਣੇ ਵਿਚਾਰਾਂ ਨੂੰ ਸਾਂਝਾ ਕਰਦੇ ਕਿਹਾ ਕਿ, ""ਇਹ ਸਨਮਾਨ ਪ੍ਰਾਪਤ ਕਰਨ ਬਾਅਦ ਮੇਰੇ ਕੋਲ ਕਹਿਣ ਨੂੰ ਸ਼ਬਦ ਨਹੀਂ ਹਨ। ਮੈਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਹੁਤ ਪਿਆਰ ਕਰਦਾ ਹਾਂ। ਇਸ ਇਨਾਮ ਦੇ ਮਿਲਣ ਉਪਰੰਤ, ਮੈਂ ਮਾਂ ਬੋਲੀ ਪੰਜਾਬੀ ਦੀ ਸੇਵਾ ਹੋਰ ਵੀ ਜ਼ਿੰਮੇਵਾਰੀ ਨਾਲ ਜਾਰੀ ਰੱਖਣ ਦੀ ਪੂਰਨ ਆਸ ਰੱਖਦਾ ਹਾਂ।" ਕਹਾਣੀਕਾਰ ਸ੍ਰੀ ਭਗਵੰਤ ਰਸੂਲਪੁਰੀ ਨੇ ਕਿਹਾ, "ਢਾਹਾਂ ਸਾਹਿਤ ਇਨਾਮ ਦੇ ਫਾਈਨਲਿਸਟ ਵਜੋਂ ਨਾਮਜ਼ਦ ਹੋਣਾ ਇੱਕ ਵੱਡੀ ਪ੍ਰਾਪਤੀ ਹੈ। ਜਿਸ ਨਾਲ ਹੁਣ ਮੇਰੀਆਂ ਕਹਾਣੀਆਂ ਪੰਜਾਬੀ ਭਾਸ਼ਾ ਦੀਆਂ ਸੀਮਾਵਾਂ ਤੋਂ ਪਾਰ ਹੋਰ ਭਾਸ਼ਾਵਾਂ ਦੇ ਪਾਠਕਾਂ ਤੱਕ ਵੀ ਪਹੁੰਚ ਕਰ ਸਕਦੀਆਂ ਹਨ।"

ਇਸ ਮੌਕੇ ਬੀ.ਸੀ. ਪੁਰਸਕਾਰ ਜੇਤੂ ਲੇਖਕ ਗੁਰਜਿੰਦਰ ਬਸਰਾਨ ਨੇ ਮੁੱਖ ਭਾਸ਼ਣ ਦੌਰਾਨ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ, ਢਾਹਾਂ ਸਾਹਿਤ ਇਨਾਮ ਦੇ ਤਿੰਨਾਂ ਜੇਤੂਆਂ ਨੂੰ ਹਾਰਦਿਕ ਵਧਾਈ ਦਿੱਤੀ। ਉਹਨਾਂ ਨੇ ਢਾਹਾਂ ਸਾਹਿਤ ਇਨਾਮ ਵੱਲੋਂ ਮਾਂ ਬੋਲੀ ਪੰਜਾਬੀ ਦੇ ਸਮੁੱਚੀ ਦੁਨੀਆਂ ਵਿਚ ਪ੍ਰਚਾਰ ਅਤੇ ਪਸਾਰ ਲਈ ਕੀਤੇ ਜਾ ਰਹੇ ਉੱਦਮਾਂ ਦੀ ਭਾਰੀ ਸ਼ਲਾਘਾ ਕੀਤੀ।



ਢਾਹਾਂ ਸਾਹਿਤ ਇਨਾਮ ਦੇ ਜੇਤੂ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਅਤੇ ਭਗਵੰਤ ਰਸੂਲਪੁਰੀ ਆਪਣੀਆਂ ਜੇਤੂ ਟਰਾਫੀਆਂ ਸਮੇਤ

ਸਮਾਰੋਹ ਵਿਚ ਇਨਾਮ ਦੇ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਨੇ ਕਿਹਾ ਕਿ "ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਉੱਚਾ ਚੁੱਕਣਾ ਹੈ। ਇਸ ਲਈ ਪੰਜਾਬੀ ਗਲਪ ਵਿੱਚ ਸ਼ਕਤੀਸ਼ਾਲੀ ਨਵੀਆਂ ਕਹਾਣੀਆਂ ਨੂੰ ਪਛਾਣ ਕੇ ਉਹਨਾਂ ਲਈ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨੀ ਅਤੇ ਸਰਹੱਦਾਂ ਦੇ ਆਰ-ਪਾਰ ਸੱਭਿਆਚਾਰਕ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।" ਉਹਨਾਂ ਕਿਹਾ ਕਿ ਇਸ ਦੇ ਨਾਲ ਹੀ ਦੁਨੀਆਂ ਭਰ ਵਿਚ ਹਰ ਸਾਲ ਪ੍ਰਕਾਸ਼ਿਤ ਹੋਣ ਵਾਲੀਆਂ ਪੰਜਾਬੀ ਗਲਪ ਦੀਆਂ ਉੱਤਮ ਰਚਨਾਵਾਂ ਨੂੰ ਆਮ ਲੋਕਾਈ ਤੱਕ ਪਹੁੰਚਾਉਣਾ ਹੈ। ਅਸੀਂ ਸਾਹਿਤ ਰਾਹੀਂ ਦੋਵਾਂ ਪੰਜਾਬਾਂ ਵਿਚ ਵੀ ਸਾਂਝਾਂ ਦਾ ਪੁਲ ਬਣਾਉਣ ਲਈ ਯਤਨਸ਼ੀਲ ਹਾਂ। ਇਸ ਲਈ ਇਹਨਾਂ ਜੇਤੂ ਪੁਸਤਕਾਂ ਦਾ ਲਿਪੀਅੰਤਰਨ ਕਰਕੇ ਆਮ ਲੋਕਾਈ ਤੱਕ ਪੁੰਹਚਣਾ ਇਸ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਪ੍ਰਮੁੱਖ ਹੈ। ਉਹਨਾਂ ਕਿਹਾ ਕਿ ਸਾਲ 2025 ਇਨਾਮ ਦੇ ਜੇਤੂ ਜਿੱਥੇ ਸਾਡੇ ਪੰਜਾਬੀ ਸਾਹਿਤ ਦੇ ਉੱਚ ਕੋਟੀ ਦੇ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੀਆਂ ਪੁਸਤਕਾਂ ਦੇ ਵਿਸ਼ੇ ਸਾਨੂੰ ਇੱਕ ਵਿੱਲਖਣ ਸੁਨੇਹਾ ਪ੍ਰਦਾਨ ਕਰਦੇ ਹਨ। ਉਹਨਾਂ ਕਿਹਾ ਕਿ ਢਾਹਾਂ ਸਾਹਿਤ ਪੁਰਸਕਾਰ ਵੱਲੋਂ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨ, ਮਾਂ-ਬੋਲੀ ਅਤੇ ਪੰਜਾਬੀ ਭਾਸ਼ਾ-ਸਾਹਿਤ ਦੇ ਪ੍ਰਚਾਰ ਅਤੇ ਪਸਾਰ ਕਰਨ ਲਈ ਵੱਖ ਵੱਖ ਉਪਰਾਲੇ ਕਰ ਰਿਹਾ ਹੈ।

ਇਸ ਮੌਕੇ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ, ਸੈਨੇਟਰ ਸ. ਬਲਤੇਜ ਸਿੰਘ ਢਿੱਲੋਂ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਯਮਲਾ ਜੱਟ ਦੇ ਪੋਤੇ ਵਿਜੇ ਯਮਲਾ ਵੱਲੋਂ ਮਨਮੋਹਕ ਸੰਗੀਤਕ ਪੇਸ਼ਕਾਰੀ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਸਨਮਾਨ ਸਮਾਰੋਹ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸ਼ਹਿਰ ਅਤੇ ਸਰੀ ਸ਼ਹਿਰ ਵਿਚ ਢਾਹਾਂ ਸਾਹਿਤ ਇਨਾਮ ਨੂੰ ਸਮਰਪਿਤ "ਪੰਜਾਬੀ ਸਾਹਿਤ ਹਫਤੇ" ਦੀ ਹੋਈ ਘੋਸ਼ਣਾ ਦੀ ਜਾਣਕਾਰੀ ਵੀ ਸਾਂਝੀ ਕੀਤੀ ਗਈ। ਇਸ ਮੌਕੇ ਵੱਖ ਵੱਖ ਪ੍ਰਸਿੱਧ ਲੇਖਕਾਂ ਤੋਂ ਇਲਾਵਾ ਸਿਆਸੀ ਆਗੂ, ਸਮਾਜਿਕ ਕਾਰਕੁੰਨ ਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੀਆਂ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਢਾਹਾਂ ਪਰਿਵਾਰ ਵੱਲੋਂ ਸਾਲ 2013 'ਚ ਸਥਾਪਿਤ ਕੀਤਾ ਗਿਆ ਸੀ। ਇਸ ਖਿੱਤੇ ਵਿੱਚ ਪੰਜਾਬੀ ਲੋਕਾਂ, ਭਾਸ਼ਾ ਅਤੇ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਧਾਗਾ ਹੈ। ਇਸ ਇਨਾਮ ਦੇ ਪ੍ਰਮੁੱਖ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਤੇ ਉਹਨਾਂ ਦੀ ਪਤਨੀ ਰੀਟਾ ਢਾਹਾਂ ਵੱਲੋਂ ਸਮੂਹ ਢਾਹਾਂ ਪਰਿਵਾਰ, ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਸਾਲ 2013 ਵਿੱਚ ਢਾਹਾਂ ਪੁਰਸਕਾਰ ਦੀ ਸ਼ੁਰੂਆਤ ਕੀਤੀ ਸੀ। ਢਾਹਾਂ ਸਾਹਿਤ ਇਨਾਮ ਨੇ ਪਿਛਲੇ ਬਾਰਾਂ ਸਾਲਾਂ ਦੇ ਸ਼ਾਨਦਾਰ ਸਫਰ ਦੌਰਾਨ ਆਲੋਚਨਾਤਮਕ ਪ੍ਰਸ਼ੰਸਾ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਅਤੇ ਜਿਸ ਨਾਲ ਜੇਤੂ ਲੇਖਕਾਂ ਅਤੇ ਉਨ੍ਹਾਂ ਦੀਆਂ ਕਿਤਾਬਾਂ ਲਈ ਵਿਆਪਕ, ਬਹੁ-ਭਾਸ਼ਾਈ ਸਰੋਤਿਆਂ ਤੱਕ ਪਹੁੰਚਣ ਲਈ ਢਾਹਾਂ ਸਾਹਿਤ ਇਨਾਮ ਨੇ ਨਵੇਂ ਰਾਹ ਬਣਾਏ ਹਨ।

# ਨੌਵੇ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਪੁਨਤੀਨੀਆ ਵਿਖੇ ਅੰਮ੍ਰਿਤ ਸੰਚਾਰ ਸਮਾਗਮ 22 ਨਵੰਬਰ ਨੂੰ

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਤਿਲਕ ਤੇ ਜੰਞੂ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਸਮਾਗਮ ਲਾਸੀਓ ਸੂਬੇ ਦੇ ਗੁਰਦੁਆਰਾ ਸਾਹਿਬ ਸਿੰਘ ਸਭਾ ਪੁਰਾਣੀ ਇਮਾਰਤ ਪੁਨਤੀਨੀਆਂ(ਲਾਤੀਨਾ)ਵਿਖੇ 22 ਨਵੰਬਰ ਦਿਨ ਸ਼ਨੀਵਾਰ 2025 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਟਲੀ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ।ਪ੍ਰੈੱਸ ਨੂੰ ਇਹ ਜਾਣਕਾਰੀ ਭਾਈ ਜਗਜੀਤ ਸਿੰਘ ਮੱਲ੍ਹੀ ਮੁੱਖ ਸੇਵਾਦਾਰ ,ਭਾਈ ਸੁਖਵੰਤ ਸਿੰਘ ਹੈੱਡ ਗ੍ਰੰਥੀ ਤੇ ਸਮੂਹ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਨੇ ਦਿੰਦਿਆਂ ਕਿਹਾ ਕਿ ਉਹਨਾਂ ਦੀ ਪ੍ਰਬੰਧਕ ਕਮੇਟੀ ਵੱਲੋਂ ਇਟਲੀ ਵਿੱਚ ਮਹਾਨ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਤੇ ਸਿੱਖੀ ਦੇ ਬੂਟੇ ਨੂੰ ਪ੍ਰਫੁਲੱਤ ਕਰਨ ਹਿੱਤ ਸਮੇਂ -ਸਮੇਂ ਤੇ ਸਮਾਗਮਾਂ ਉਲੀਕੇ ਜਾਂਦੇ ਹਨ ਤੇ 22 ਨਵੰਬਰ ਨੂੰ ਹੋ ਰਿਹਾ ਅੰਮ੍ਰਿਤ ਸੰਚਾਰ ਸਮਾਗਮ ਤੀਜਾ ਅੰਮ੍ਰਿਤ ਸੰਚਾਰ ਸਮਾਗਮ ਹੈ ਜਿਹੜਾ ਕਿ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਜਿਹੜਾ ਵੀ ਪ੍ਰਾਣੀ ਇਸ ਮਹਾਨ ਕਾਰਜ ਮੌਕੇ ਸ਼੍ਰੀ ਗੁਰੂ ਨਾਨਕ ਸਾਹਿਬ ਦੇ ਜਹਾਜ਼ ਵਿੱਚ ਖੰਡੇ ਬਾਟੇ ਦੀ ਪਾਹੁਲ ਛੱਕ ਸਵਾਰ ਹੋਣਾ ਚਾਹੁੰਦਾ ਹੈ ਉਹ ਕ੍ਰਿਪਾ ਪ੍ਰਬੰਧਕਾਂ ਕੋਲ ਆਪਣਾ ਨਾਮ ਪਹਿਲਾਂ ਦਰਜ ਕਰਵਾ ਦਵੇ।23 ਨਵੰਬਰ ਦਿਨ ਐਤਵਾਰ ਨੂੰ ਸਜੇ ਵਿਸ਼ਾਲ ਦੀਵਾਨਾਂ ਤੋਂ ਪੰਥ ਦੇ ਸਿਰਮੌਰ ਢਾਡੀ ਜੱਥੇ ਭਾਈ ਸੁਖਵੀਰ ਸਿੰਘ ਭੌਰ ਤੇ ਸਾਥੀ ਆਪਣੀ ਬੁਲੰਦ ਤੇ ਦਮਦਾਰ ਆਵਾਜ਼ ਵਿੱਚ ਮਹਾਨ ਸਿੱਖ ਧਰਮ ਦਾ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਉਣਗੇ।



# ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖ਼ੂਨੀ ਕਾਂਡ - ਵੱਡਾ ਘੱਲੂਘਾਰਾ

ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖੂਨੀ ਕਾਂਡ, ਵੱਡਾ ਘੱਲੂਘਾਰਾ 5 ਫਰਵਰੀ, 1762 ਈ: ਨੂੰ ਅਹਿਮਦ ਸ਼ਾਹ ਅਬਦਾਲੀ ਦੇ ਛੇਵੇਂ ਹਮਲੇ ਦੌਰਾਨ ਵਾਪਰਿਆ ਸੀ। ਅਬਦਾਲੀ ਨੇ ਭਾਰਤ 'ਤੇ 11 ਹਮਲੇ ਕੀਤੇ ਸਨ। ਅਖੀਰ ਸਿੱਖਾਂ ਹੱਥੋਂ ਹੋਈਆਂ ਬੇਇੱਜ਼ਤੀ ਭਰੀਆਂ ਹਾਰਾਂ ਤੋਂ ਬਾਅਦ ਹੀ ਉਹ ਹਮਲੇ ਕਰਨੋਂ ਹਟਿਆ। 1761 ਵਿਚ ਆਪਣੇ ਪੰਜਵੇਂ ਹਮਲੇ ਸਮੇਂ ਮਰਾਠਿਆਂ ਨੂੰ ਹਰਾਉਣ ਤੋਂ ਬਾਅਦ 25-26 ਹਜ਼ਾਰ ਮਰਾਠਾ ਔਰਤਾਂ, ਬੱਚਿਆਂ ਨੂੰ ਬੰਦੀ ਬਣਾ ਕੇ ਅਬਦਾਲੀ ਕਾਬਲ ਨੂੰ ਚੱਲ ਪਿਆ। ਪੰਜਾਬ ਵਿਚ ਵੜਦੇ ਹੀ ਹਮੇਸ਼ਾ ਵਾਂਗ ਸਿੱਖ ਉਸ ਦੇ ਪਿੱਛੇ ਲੱਗ ਗਏ। ਉਨ੍ਹਾਂ ਨੇ ਲੱਖਾਂ ਰੁਪਏ ਦਾ ਮਾਲ ਅਸਬਾਬ ਲੁੱਟ ਲਿਆ ਤੇ ਹਜ਼ਾਰਾਂ ਹਿੰਦੂ ਲੜਕੀਆਂ-ਲੜਕਿਆਂ ਨੂੰ ਅਬਦਾਲੀ ਦੇ ਪੰਜੇ ਵਿਚੋਂ ਛੁਡਵਾ ਕੇ ਘਰੋ-ਘਰੀ ਪਹੁੰਚਾਇਆ। ਅਬਦਾਲੀ ਨੇ ਭਾਰਤ ਵਿਚ ਮੁਗ਼ਲਾਂ ਤੇ ਮਰਾਠਿਆਂ ਦਾ ਲੱਕ ਤੋੜ ਦਿੱਤਾ ਸੀ। ਹੁਣ ਸਿਰਫ ਸਿੱਖ ਹੀ ਉਸ ਦਾ ਮੁਕਾਬਲਾ ਕਰਨ ਵਾਲੇ ਬਚੇ ਸਨ। ਉਸ ਦਾ ਛੇਵਾਂ ਹਮਲਾ ਨਿਰੋਲ ਸਿੱਖਾਂ ਨੂੰ ਨੇਸਤਾਨਾਬੂਦ ਕਰਨ ਵਾਸਤੇ ਸੀ। ਅਬਦਾਲੀ ਦੇ ਕਾਬਲ ਜਾਂਦੇ ਹੀ ਸਿੱਖਾਂ ਨੇ ਥਾਉਂ-ਥਾਈਂ ਆਪਣੇ ਕਬਜ਼ੇ ਪੱਕੇ ਕਰ ਲਏ। ਅਕਤੂਬਰ 1761 ਨੂੰ ਸਿੱਖਾਂ ਨੇ ਗੁਰਮਤਾ ਕਰਕੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਲਾਹੌਰ ਦੇ ਹਾਕਮ ਉਬੈਦ ਖਾਨ ਨੂੰ ਹਰਾ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ। ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬਿਠਾ ਕੇ ਸੁਲਤਾਨ-ਉਲ-ਕੌਮ ਦੀ ਉਪਾਧੀ ਪ੍ਰਦਾਨ ਕੀਤੀ।

ਸਿੱਖਾਂ ਨੂੰ ਪਤਾ ਸੀ ਕਿ ਅਜੇ ਉਨ੍ਹਾਂ ਕੋਲ ਲਾਹੌਰ 'ਤੇ ਕਬਜ਼ਾ ਬਰਕਰਾਰ ਰੱਖਣ ਦੀ ਤਾਕਤ ਨਹੀਂ ਹੈ। ਇਸ ਲਈ ਉਨ੍ਹਾਂ ਨੇ ਲਾਹੌਰ ਛੱਡ ਕੇ ਜੰਡਿਆਲੇ ਸਰਕਾਰੀ ਚੁਗਲ ਮਹੰਤ ਆਕਿਲ ਦਾਸ ਨਿਰੰਜਨੀਏ ਨੂੰ ਘੇਰਾ ਪਾ ਲਿਆ। ਉਸ ਨੇ ਭਾਈ ਤਾਰੂ ਸਿੰਘ ਅਤੇ ਮਹਿਤਾਬ ਸਿੰਘ ਮੀਰਾਂਕੋਟੀਏ ਵਰਗੇ ਕਈ ਯੋਧਿਆਂ ਨੂੰ ਚੁਗਲੀ ਕਰਕੇ ਕਤਲ ਕਰਵਾਇਆ ਸੀ। ਘੇਰਾ ਲੰਬਾ ਚਲਾ ਗਿਆ, ਮਹੰਤ ਨੇ ਆਪਣੇ ਦੂਤ ਅਬਦਾਲੀ ਵੱਲ ਭਜਾ ਦਿੱਤੇ। ਅਬਦਾਲੀ ਪਹਿਲਾਂ ਹੀ ਪੰਜਾਬ ਵੱਲ ਚੱਲ ਪਿਆ ਸੀ। ਮਹੰਤ ਦੇ ਦੂਤ ਉਸ ਨੂੰ ਰੁਹਤਾਸਗੜ੍ਹ ਮਿਲੇ। ਸਿੱਖਾਂ ਨੂੰ ਵੀ ਅਬਦਾਲੀ ਦੇ ਆਉਣ ਦਾ ਪਤਾ ਚੱਲ ਗਿਆ। ਉਹ ਆਪਣੇ ਟੱਬਰ ਟੋਰ ਨੂੰ ਮਾਲਵੇ ਦੇ ਰੇਤਥਲਿਆਂ ਵੱਲ ਛੱਡਣ ਲਈ ਚੱਲ ਪਏ, ਤਾਂ ਜੋ ਬੇਫਿਕਰ ਹੋ ਕੇ ਅਬਦਾਲੀ ਦਾ ਮੁਕਾਬਲਾ ਕਰ ਸਕਣ। ਜਦੋਂ ਅਬਦਾਲੀ ਲਾਹੌਰ ਪਹੁੰਚਿਆ ਤਾਂ ਸਿੱਖ ਸਤਲੁਜ ਟੱਪ ਕੇ ਮਾਲੇਰਕੋਟਲੇ ਦੇ ਨਜ਼ਦੀਕ ਪਿੰਡ ਕੁੱਪ ਕੋਲ ਡੇਰਾ ਲਾਈ ਬੈਠੇ ਸਨ। ਅੱਜਕਲ੍ਹ ਇਹ ਪਿੰਡ ਮਾਲੇਰਕੋਟਲਾ-ਲੁਧਿਆਣਾ ਮੁੱਖ ਸੜਕ 'ਤੇ ਹੈ।

ਸਿੱਖਾਂ ਦੀ ਲੜਾਕੀ ਫੌਜ ਉਸ ਵੇਲੇ 50 ਕੁ ਹਜ਼ਾਰ ਦੇ ਕਰੀਬ ਸੀ। 50-60 ਹਜ਼ਾਰ ਹੀ ਵਹੀਰ ਸੀ ਔਰਤਾਂ, ਬੱਚੇ ਤੇ ਬ੍ਰਿਧ। ਸਿੱਖ ਜਲਦੀ ਤੋਂ ਜਲਦੀ ਬਰਨਾਲੇ ਵੱਲ ਨਿਕਲਣਾ ਚਾਹੁੰਦੇ ਸਨ, ਤਾਂ ਜੋ ਬਾਬਾ ਆਲਾ ਸਿੰਘ ਦੀ ਮਦਦ ਮਿਲ ਸਕੇ। ਪਰ ਅਬਦਾਲੀ ਤੋਂ ਡਰਦੇ ਮਾਰੇ ਆਲਾ ਸਿੰਘ ਨੇ ਇਸ ਕੌਮੀ ਸੰਕਟ ਵੇਲੇ ਆਪਣੇ ਭਰਾਵਾਂ ਦੀ ਬਾਂਹ ਨਾ ਫੜੀ, ਸਗੋਂ ਰਾਜਧਾਨੀ ਛੱਡ ਕੇ ਆਸੇ-ਪਾਸੇ ਹੋ ਗਿਆ। ਸਿੱਖਾਂ ਨੂੰ ਉਸ ਵੇਲੇ ਅਬਦਾਲੀ ਦੇ ਹੁਕਮ ਨਾਲ ਮਾਲੇਰਕੋਟਲੇ ਦੇ ਨਵਾਬ ਭੀਖਣ ਸ਼ਾਹ ਤੇ ਸਰਹਿੰਦ ਦੇ ਸੂਬੇਦਾਰ ਜੈਨ ਖਾਨ ਨੇ ਘੇਰਾ ਪਾਇਆ ਹੋਇਆ ਸੀ, ਇਸ ਲਈ ਕੂਚ ਕਰਨ ਵਿਚ ਦੇਰੀ ਹੋ ਰਹੀ ਸੀ। ਅਬਦਾਲੀ ਨੂੰ ਜਦੋਂ ਸਿੱਖਾਂ ਦੇ ਮਾਲੇਰਕੋਟਲੇ ਲਾਗੇ ਹੋਣ ਬਾਰੇ ਪਤਾ ਲੱਗਾ ਤਾਂ ਉਸ ਨੇ ਬਿਜਲੀ ਵਰਗੀ ਤੇਜ਼ੀ ਨਾਲ ਕੂਚ ਕੀਤਾ। 5 ਫਰਵਰੀ, 1762 ਨੂੰ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਹੀ ਅਬਦਾਲੀ ਨੇ ਦਲ ਖਾਲਸਾ 'ਤੇ ਬੜਾ ਕਹਿਰੀ ਹਮਲਾ ਕਰ ਦਿੱਤਾ। ਉਸ ਨੇ ਅੱਧੀ ਫੌਜ ਆਪ ਰੱਖੀ ਤੇ ਅੱਧੀ ਆਪਣੇ ਵਜ਼ੀਰ ਸ਼ਾਹਵਲੀ ਖਾਨ ਨੂੰ ਦੇ ਕੇ ਸਮੇਤ ਜੈਨ ਖਾਨ, ਭੀਖਣ ਖਾਨ ਅਤੇ ਦੀਵਾਨ ਲੱਛਮੀ ਨਰਾਇਣ ਸਿੱਖਾਂ ਦੇ ਵਹੀਰ 'ਤੇ ਹਮਲਾ ਕਰਨ ਲਈ ਭੇਜ ਦਿੱਤਾ। ਸਿੱਖਾਂ ਨੇ ਆਪਣੇ ਵਹੀਰ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਤੇ ਮੁਕਾਬਲੇ ਲਈ ਡਟ ਗਏ। ਇਸ ਯੁੱਧ ਵਿਚ ਤਕਰੀਬਨ ਸਾਰੀਆਂ ਮਿਸਲਾਂ ਦੇ ਸਰਦਾਰ, ਸ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹਾਜ਼ਰ ਸਨ। ਸ: ਜੱਸਾ ਸਿੰਘ ਨੇ ਲੜਦੇ-ਲੜਦੇ ਬਰਨਾਲੇ ਵੱਲ ਵਧਣ ਦਾ ਹੁਕਮ ਦਿੱਤਾ। ਸਭ ਤੋਂ ਪਹਿਲਾਂ ਕਾਸਿਮ ਖਾਨ ਨੇ ਹਮਲਾ ਕੀਤਾ। ਉਹ ਮੂੰਹ ਦੀ ਖਾ ਕੇ ਅਜੇ ਪਿੱਛੇ ਹਟਿਆ ਸੀ ਕਿ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਨਾਮਵਰ ਜਰਨੈਲਾਂ ਜਹਾਨ ਖਾਨ ਤੇ ਸਰਬੁਲੰਦ ਖਾਨ ਦੇ ਨਾਲ ਚੁਫੇਰਿਉਂ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਬਾਬਾ ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਹੰਭਲਵਾਲ ਦੀ ਨਿਗਰਾਨੀ ਹੇਠ ਵਹੀਰ ਸਮੇਤ ਬਰਨਾਲੇ ਵੱਲ ਕੂਚ ਕਰ ਦਿੱਤਾ।



ਸ਼ਾਹਵਲੀ ਖਾਨ ਵਜ਼ੀਰ ਨੇ ਵਹੀਰ ਦਾ ਬੜਾ ਨੁਕਸਾਨ ਕੀਤਾ। ਹਜ਼ਾਰਾਂ ਬਿਰਧ ਔਰਤਾਂ ਤੇ ਬੱਚੇ ਮਾਰ ਦਿੱਤੇ ਤੇ ਹਜ਼ਾਰਾਂ ਬੰਦੀ ਬਣਾ ਲਏ। ਪਤਾ ਲੱਗਣ 'ਤੇ ਸ: ਜੱਸਾ ਸਿੰਘ ਨੇ ਸ: ਸ਼ਾਮ ਸਿੰਘ, ਸ: ਕਰੋੜਾ ਸਿੰਘ, ਸ: ਨਾਹਰ ਸਿੰਘ ਤੇ ਸ: ਕਰਮ ਸਿੰਘ ਆਦਿ ਨੂੰ ਮਦਦ ਵਾਸਤੇ ਭੇਜਿਆ। ਸਿੱਖਾਂ ਨੇ ਬੰਦੀ ਛੁਡਵਾ ਲਏ ਤੇ ਸ਼ਾਹ ਵਲੀ ਦੀ ਫੌਜ ਦਾ ਬੜਾ ਨੁਕਸਾਨ ਕੀਤਾ। ਤੰਗ ਆ ਕੇ ਵਜ਼ੀਰ ਪਿੱਛੇ ਹਟ ਗਿਆ। ਸ: ਚੜ੍ਹਤ ਸਿੰਘ ਹੱਥੋਂ ਜਰਨੈਲ ਸਰਬੁਲੰਦ ਖਾਨ ਤੇ ਸ: ਜੱਸਾ ਸਿੰਘ ਹੱਥੋਂ ਪ੍ਰਧਾਨ ਸੈਨਾਪਤੀ ਜਹਾਨ ਖਾਨ ਜ਼ਖ਼ਮੀ ਹੋ ਗਿਆ। ਅਬਦਾਲੀ ਤੇਜ਼ ਮਾਰਚ ਕਰਨ ਲਈ ਭਾਰੀਆਂ ਤੋਪਾਂ ਲਾਹੌਰ ਹੀ ਛੱਡ ਆਇਆ ਸੀ। ਉਸ ਕੋਲ ਕਾਫੀ ਮਾਤਰਾ ਵਿਚ ਹਲਕੀਆਂ ਤੋਪਾਂ ਸਨ, ਪਰ ਹੱਥੋ-ਹੱਥ ਲੜਾਈ ਵੇਲੇ ਤੋਪਾਂ ਕੰਮ ਨਹੀਂ ਆਉਂਦੀਆਂ। ਜੇ ਸਿੱਖ ਲੜਦੇ ਹੋਏ ਤੁਰਦੇ ਨਾ ਤਾਂ ਨੁਕਸਾਨ ਬਹੁਤ ਜ਼ਿਆਦਾ ਹੋਣਾ ਸੀ। ਵਾਰ-ਵਾਰ ਘੇਰਾ ਟੁੱਟਣ ਕਾਰਨ ਸਿੱਖਾਂ ਦੀ ਵਹੀਰ ਦਾ ਭਾਰੀ ਨੁਕਸਾਨ ਹੋ ਰਿਹਾ ਸੀ। ਇਸ ਘਮਸਾਨ ਵਿਚ ਦੋ ਪੁਰਾਤਨ ਬੀੜਾਂ, ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀ ਗੁੰਮ ਹੋ ਗਈਆਂ। ਗੁਰੂ ਗ੍ਰੰਥ ਸਾਹਿਬ ਵਾਲੀ ਪਾਲਕੀ ਵੀ ਛੱਡਣੀ ਪਈ। ਜੰਗ ਵਿਚ ਸ: ਚੜ੍ਹਤ ਸਿੰਘ ਸ਼ੁਕਰਚੱਕੀਏ ਨੇ ਖਾਲੀ ਘੋੜਿਆਂ ਦੀ ਮਦਦ ਨਾਲ ਅਨੇਕਾਂ ਬਜ਼ੁਰਗਾਂ, ਔਰਤਾਂ ਤੇ ਭੁਝੰਗੀਆਂ ਨੂੰ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਇਆ।

ਦੋਵੇਂ ਧਿਰਾਂ ਖੂਨ ਦੀ ਹੋਲੀ ਖੇਡਦੀਆਂ ਹੋਈਆਂ ਬਰਨਾਲੇ ਵੱਲ ਨੂੰ ਤੁਰੀਆਂ ਜਾ ਰਹੀਆਂ ਸਨ। ਤਿਰਕਾਲਾਂ ਨੂੰ ਪਿੰਡ ਕੁਤਬਾ ਤੇ ਬਾਹਮਣੀਆਂ ਦੇ ਨਜ਼ਦੀਕ ਸਿੰਘਾਂ ਦਾ ਘੇਰਾ ਟੁੱਟ ਗਿਆ। ਇਥੇ ਹੀ ਸਿੱਖਾਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ। ਦੁਰਾਨੀ ਫੌਜ ਨੇ ਹਜ਼ਾਰਾਂ ਦੀ ਗਿਣਤੀ ਵਿਚ ਬਜ਼ੁਰਗ, ਇਸਤਰੀਆਂ ਤੇ ਬੱਚੇ ਕਤਲ ਕੀਤੇ। ਪਿੰਡ ਕੁਤਬੇ ਕੋਲ ਪਾਣੀ ਢਾਬ ਸੀ, ਜੋ ਸਿੱਖਾਂ ਨੇ ਰੋਕ ਲਈ। ਇਹ ਢਾਬ 1965-70 ਤੱਕ ਮੌਜੂਦ ਰਹੀ ਸੀ। ਦੋਵੇਂ ਫੌਜਾਂ ਥੱਕ ਕੇ ਚੂਰ ਹੋਈਆਂ ਪਈਆਂ ਸਨ ਤੇ ਪਿਆਸ ਨਾਲ ਬੁਰਾ ਹਾਲ ਸੀ। ਦੋਵੇਂ ਫੌਜਾਂ ਪਿਛਲੇ 48 ਘੰਟੇ ਤੋਂ ਲਗਾਤਾਰ ਚੱਲ ਰਹੀਆਂ ਸਨ ਤੇ 10 ਘੰਟੇ ਤੋਂ ਲੜ ਰਹੀਆਂ ਸਨ। ਜਦ ਤੱਕ ਵਹੀਰ ਪਾਣੀ ਪੀ ਕੇ ਚਲਾ ਨਾ ਗਿਆ, ਸਿੱਖਾਂ ਨੇ ਦੁਰਾਨੀਆਂ ਨੂੰ ਪਾਣੀ ਦੇ ਲਾਗੇ ਨਾ ਫਟਕਣ ਦਿੱਤਾ। ਫਿਰ ਸਿੱਖ ਪਾਣੀ ਪੀ ਕੇ ਵਹੀਰ ਦੇ ਮਗਰ ਚੱਲ ਪਏ। ਦੁਰਾਨੀ ਫੌਜਾਂ ਪਿਆਸ ਨਾਲ ਮਰੀਆਂ ਪਈਆਂ ਸਨ। ਉਹ ਪਾਣੀ 'ਤੇ ਟੁੱਟ ਪਈਆਂ, ਏਨੇ ਨੂੰ ਸਿੱਖ ਦੂਰ ਨਿਕਲ ਗਏ। ਅਬਦਾਲੀ ਨੇ ਸਿੱਖਾਂ ਦਾ ਬਰਨਾਲੇ ਤੱਕ ਪਿੱਛਾ ਕੀਤਾ। ਅੱਗੇ ਹਨੇਰਾ ਹੋਣ ਤੇ ਸਿੱਖ ਵਸੋਂ ਵਾਲੇ ਪਿੰਡ ਆਉਣ ਕਰਕੇ ਉਹ ਰੁਕ ਗਿਆ। ਸਿੱਖ ਅੱਗੇ ਕੋਟਕਪੂਰਾ, ਲੱਖੀ ਜੰਗਲ ਤੇ ਫਰੀਦਕੋਟ ਵੱਲ ਨੂੰ ਨਿਕਲ ਗਏ। ਕੁੱਪ ਤੋਂ ਲੈ ਕੇ ਬਰਨਾਲੇ ਤੱਕ ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਹੋਈਆਂ ਸਨ। ਸਿੱਖਾਂ ਦਾ ਅੱਗੇ ਕਦੇ ਇਕ ਹੀ ਦਿਨ ਵਿਚ ਏਨਾ ਨੁਕਸਾਨ ਨਹੀਂ ਸੀ ਹੋਇਆ।

ਇਸ ਘੱਲੂਘਾਰੇ ਵਿਚ ਸਿੱਖਾਂ ਦਾ ਨੁਕਸਾਨ ਹੋਣ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦਾ ਵਹੀਰ ਨਾਲ ਹੋਣਾ ਸੀ। ਉਨ੍ਹਾਂ ਨੂੰ ਵਹੀਰ ਬਚਾਉਣ ਦੀ ਚਿੰਤਾ ਸੀ, ਨਹੀਂ ਤਾਂ ਉਹ ਛਾਪਾਮਾਰ ਯੁੱਧ ਕਰਕੇ ਨਿਕਲ ਸਕਦੇ ਸਨ। ਦੂਸਰਾ ਉਨ੍ਹਾਂ ਦੀ ਫੌਜ ਕਰੀਬ 50 ਹਜ਼ਾਰ ਤੇ ਅਬਦਾਲੀ ਦੀ 2 ਲੱਖ ਦੇ ਕਰੀਬ ਸੀ। ਅਬਦਾਲੀ ਦੀ ਮਦਦ 'ਤੇ ਸਾਰੇ ਪੰਜਾਬ ਦੇ ਫੌਜਦਾਰਾਂ ਤੇ ਚੌਧਰੀਆਂ ਦੀ ਫੌਜ ਹਾਜ਼ਰ ਸੀ, ਜਦ ਕਿ ਸਿੱਖਾਂ ਨੂੰ ਇਕੱਲੇ ਲੜਨਾ ਪਿਆ। ਬਾਬਾ ਆਲਾ ਸਿੰਘ 'ਤੇ ਬੜੀ ਉਮੀਦ ਸੀ, ਪਰ ਉਸ ਨੇ ਕਿਸੇ ਧਿਰ ਦੀ ਮਦਦ ਨਾ ਕੀਤੀ। ਲੜਾਕੇ ਸਿਪਾਹੀਆਂ ਦਾ ਨੁਕਸਾਨ ਦੋਹੀਂ ਪਾਸੀ ਇਕੋ ਜਿਹਾ ਹੀ ਸੀ। 10-12 ਹਜ਼ਾਰ ਸਿੱਖ ਸ਼ਹੀਦ ਹੋਏ ਤੇ ਏਨੇ ਹੀ ਦੁਰਾਨੀ। ਸਿੱਖਾਂ ਦੇ ਬਾਲ-ਬੱਚੇ ਤੇ ਔਰਤਾਂ 18-20 ਹਜ਼ਾਰ ਦੇ ਕਰੀਬ ਕਤਲ ਹੋਏ। ਇਸ ਤਰ੍ਹਾਂ ਸਿੱਖਾਂ ਦਾ ਨੁਕਸਾਨ 30-32 ਹਜ਼ਾਰ ਦੇ ਕਰੀਬ ਸੀ।

ਸਿੱਖਾਂ ਦਾ ਸਾਰਾ ਸਾਮਾਨ ਲੁੱਟਿਆ ਗਿਆ। ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀਆਂ ਪੁਰਾਤਨ ਬੀੜਾਂ ਅਬਦਾਲੀ ਦੇ ਹੱਥ ਆ ਗਈਆਂ, ਜੋ ਉਸ ਨੇ ਨਸ਼ਟ ਕਰ ਦਿੱਤੀਆਂ। ਸ: ਜੱਸਾ ਸਿੰਘ, ਸ: ਚੜ੍ਹਤ ਸਿੰਘ ਤੇ ਸ: ਸ਼ਾਮ ਸਿੰਘ ਆਦਿ ਸਰਦਾਰਾਂ ਦੇ ਕਈ-ਕਈ ਫੱਟ ਲੱਗੇ। ਕੋਈ ਸਿੱਖ ਸੈਨਿਕ ਨਾ ਬਚਿਆ, ਜਿਸ ਦੇ ਜ਼ਖਮ ਨਾ ਲੱਗਾ ਹੋਵੇ। ਪਰ ਸਿੱਖਾਂ ਦੇ ਮਨਾਂ ਵਿਚ ਇਸ ਘੱਲੂਘਾਰੇ ਦਾ ਬੜਾ ਵਧੀਆ ਅਸਰ ਹੋਇਆ। ਉਨ੍ਹਾਂ ਦੇ ਦਿਲ ਵਿਚ ਜੋ ਅਬਦਾਲੀ ਦਾ ਮਾੜਾ-ਮੋਟਾ ਡਰ ਸੀ, ਉਹ ਵੀ ਨਿਕਲ ਗਿਆ। ਜੇ ਕੋਈ ਹੋਰ ਕੌਮ ਹੁੰਦੀ ਤਾਂ ਮਰਾਠਿਆਂ ਵਾਂਗ ਦੁਬਾਰਾ ਉੱਠ ਨਾ ਸਕਦੀ। ਪਰ ਸਿੱਖਾਂ ਨੇ 6 ਮਹੀਨਿਆਂ ਬਾਅਦ ਹੀ ਅਬਦਾਲੀ ਨੂੰ ਜੰਗ ਪਿੱਪਲੀ ਸਾਹਿਬ ਵਿਚ ਘੇਰ ਲਿਆ।

ਅਬਦਾਲੀ ਨੇ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿਚ ਬਰੂਦ ਦੱਬ ਕੇ ਮੁੱਢੋਂ ਉਡਾ ਦਿੱਤਾ। ਉਹ ਇਹ ਵੇਖਣ ਵਾਸਤੇ 9-10 ਮਹੀਨੇ ਹੋਰ ਪੰਜਾਬ ਵਿਚ ਰਿਹਾ ਕਿ ਸਿੱਖ ਦੁਬਾਰਾ ਉੱਠਦੇ ਹਨ ਕਿ ਨਹੀਂ। ਸਿੱਖਾਂ ਨੇ 5-6 ਮਹੀਨੇ ਮਾਲਵੇ ਵਿਚ ਕੱਢੇ। ਉਨ੍ਹਾਂ ਦੇ ਮਨਾਂ ਵਿਚ ਘੱਲੂਘਾਰੇ ਵਿਚ ਹੋਏ ਕਤਲੇਆਮ ਦਾ ਬੜਾ ਰੰਜ ਸੀ। ਜਦੋਂ ਫੱਟ ਜ਼ਰਾ ਕੁ ਆਠਰੇ ਤਾਂ ਅਬਦਾਲੀ ਤੋਂ ਬਦਲਾ ਲੈਣ ਦਾ ਗੁਰਮਤਾ ਪਾਸ ਕੀਤਾ ਗਿਆ। 5 ਫਰਵਰੀ, 1762 ਈ: ਨੂੰ ਘੱਲੂਘਾਰਾ ਹੋਇਆ ਤੇ ਮਈ 1762 ਨੂੰ ਸਿੱਖਾਂ ਨੇ ਸਰਹਿੰਦ ਨੂੰ ਘੇਰ ਲਿਆ। ਜੈਨ ਖਾਨ ਨੇ ਮੁਕਾਬਲਾ ਕਰਨ ਦੀ ਬਜਾਏ 50 ਹਜ਼ਾਰ ਰੁਪਈਆ ਨਜ਼ਰਾਨਾ ਦੇ ਕੇ ਰਾਜ਼ੀਨਾਮਾ ਕਰ ਲਿਆ। ਸਿੱਖਾਂ ਨੇ ਦੂਰੋਂ-ਨੇੜਿਉਂ ਹਥਿਆਰ ਤੇ ਗੋਲੀ-ਸਿੱਕਾ ਖਰੀਦ ਕੇ ਅੰਮ੍ਰਿਤਸਰ ਨੂੰ ਕੂਚ ਕਰ ਦਿੱਤੇ। ਦੀਵਾਲੀ ਤੱਕ 60 ਹਜ਼ਾਰ ਦੇ ਕਰੀਬ ਸਿੱਖ ਸ਼ਹੀਦੀ ਗਾਨੇ ਬੰਨ੍ਹ ਕੇ ਲਾੜੀ ਮੌਤ ਨੂੰ ਵਿਆਹੁਣ ਲਈ ਅੰਮ੍ਰਿਤਸਰ ਇਕੱਠੇ ਹੋ ਗਏ। ਅਬਦਾਲੀ ਸਿੱਖਾਂ ਨਾਲ ਲੜਨ ਤੋਂ ਘਬਰਾ ਰਿਹਾ ਸੀ, ਕਿਉਂਕਿ ਉਸ ਦੀ ਮੁੱਖ ਫੌਜ ਜਨਰਲ ਨੂਰਉਦੀਨ ਦੀ ਅਗਵਾਈ ਹੇਠ ਕਸ਼ਮੀਰ ਦੇ ਬਾਗੀ ਗਵਰਨਰ ਸੁੱਖਜੀਵਨ ਮੱਲ ਨੂੰ ਦਬਾਉਣ ਲਈ ਗਈ ਹੋਈ ਸੀ। ਉਸ ਨੇ ਸੁਲ੍ਹਾ ਕਰਨ ਲਈ ਆਪਣੇ ਦੂਤ ਅੰਮ੍ਰਿਤਸਰ ਭੇਜੇ, ਜਿਨ੍ਹਾਂ ਨੂੰ ਸਿੱਖਾਂ ਨੇ ਬੇਇੱਜ਼ਤ ਕਰਕੇ ਵਾਪਸ ਭੇਜ ਦਿੱਤਾ। ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ ਅਬਦਾਲੀ ਇਕ ਲੱਖ ਦੇ ਕਰੀਬ ਫੌਜ ਲੈ ਕੇ 16 ਅਕਤੂਬਰ ਨੂੰ ਅੰਮ੍ਰਿਤਸਰ ਪਹੁੰਚ ਗਿਆ।

ਅਗਲੇ ਦਿਨ 17 ਅਕਤੂਬਰ, 1762 ਨੂੰ ਦੀਵਾਲੀ ਸੀ ਤੇ ਪੂਰਨ ਸੂਰਜ ਗ੍ਰਹਿਣ ਸੀ। ਤੜਕੇ ਹੀ ਸਿੱਖ ਅਬਦਾਲੀ 'ਤੇ ਟੁੱਟ ਪਏ। ਸਾਰਾ ਦਿਨ ਬੜਾ ਘੋਰ ਯੁੱਧ ਹੋਇਆ। ਪਾਣੀਪਤ ਅਤੇ ਅਨੇਕਾਂ ਯੁੱਧਾਂ ਦਾ ਗਾਜ਼ੀ ਅਬਦਾਲੀ ਸ਼ਾਮ ਤੱਕ ਬੁਰੀ ਤਰ੍ਹਾਂ ਹਾਰ ਕੇ ਲਾਹੌਰ ਦੌੜ ਗਿਆ। ਇਸ ਜੰਗ ਤੋਂ ਬਾਅਦ ਫਿਰ ਅਬਦਾਲੀ ਦੇ ਪੈਰ ਨਾ ਲੱਗੇ। ਕਸ਼ਮੀਰ ਤੋਂ ਵਾਪਸ ਆਈ ਫੌਜ ਅਤੇ ਹੋਰ ਚੌਧਰੀਆਂ ਦੀ ਫੌਜ ਨਾਲ ਲੈ ਕੇ ਉਹ ਸਿੱਖਾਂ ਮਗਰ ਚੜ੍ਹਿਆ, ਪਰ ਸਿੱਖਾਂ ਨੇ ਛਾਪਾਮਾਰ ਯੁੱਧ ਨਾਲ ਅਬਦਾਲੀ ਦੀ ਜਾਨ ਤੰਗ ਕਰ ਦਿੱਤੀ। ਇਕ ਦਿਨ ਇਕ ਇਕੱਲਾ ਘੋੜਸਵਾਰ ਸਿੱਖ ਹੀ ਘੋੜਾ ਦੌੜਾ ਕੇ ਅਬਦਾਲੀ ਨੂੰ ਆ ਪਿਆ। ਉਹ ਤਾਂ ਉਸ ਦੇ ਅੰਗ-ਰੱਖਿਅਕਾਂ ਹੱਥੋਂ ਮਾਰਿਆ ਗਿਆ, ਪਰ ਇਸ ਗੱਲ ਨੇ ਅਬਦਾਲੀ ਦੇ ਦਿਲ 'ਤੇ ਬੜਾ ਗਹਿਰਾ ਅਸਰ ਕੀਤਾ। ਉਹ ਸਮੇਤ ਫੌਜ ਵਾਪਸ ਲਾਹੌਰ ਆ ਬੈਠਾ। ਇਲਾਕੇ ਦਾ ਪ੍ਰਬੰਧ ਕਰਕੇ ਉਹ 12 ਦਸੰਬਰ, 1762 ਨੂੰ ਲਾਹੌਰ ਤੋਂ ਕਾਬਲ ਲਈ ਤੁਰ ਪਿਆ। ਉਸ ਦੇ ਰਾਵੀ ਪਾਰ ਕਰਦੇ ਹੀ ਸਿੱਖਾਂ ਨੇ ਉਸ ਦੀ ਫੌਜ 'ਤੇ ਹਮਲਾ ਕਰ ਦਿੱਤਾ। ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਸਾਹਮਣੇ ਦੂਸਰੇ ਕਿਨਾਰੇ 'ਤੇ ਤਬਾਹ ਹੁੰਦੀ ਫੌਜ ਨੂੰ ਬਚਾਉਣ ਲਈ ਕੁਝ ਨਾ ਕਰ ਸਕਿਆ ਤੇ ਕੰਨ ਵਲੇਟ ਕੇ ਕਾਬਲ ਨੂੰ ਤੁਰ ਪਿਆ।

# • ਪੰਜਾਬੀ ਫ਼ਿਲਮ ਦਰਪਣ •

## ਕਨੇਡਾ ਵਿਖੇ ਵੀ ਮਨੋਰੰਜਨ ਖੇਤਰ ਦੇ ਬਣੇ ਸ਼ੌਬਿਜ਼ ਬੰਨੀ ਸ਼ਰਮਾ



ਠੀਕ ਕਿਸੇ ਦੇ ਲਿਖੇ ਬੋਲ ਨੇ ਕਿ ਰੱਬ ਹੀ ਕਰਾਏ ਤਾਂ ਸਲਾਮਾਂ ਹੁੰਦੀਆਂ ਤੇ ਇਹ ਗੱਲ ਬੰਨੀ ਸ਼ਰਮਾ ਤੇ ਲਾਗੂ ਹੁੰਦੀ ਹੈ ਜਿਹੜੇ ਪੰਜਾਬ ਦੇ ਮਨੋਰੰਜਨ ਸੰਸਾਰ ਵਿੱਚ ਵੀ ਸਟਾਰ ਪ੍ਰਮੋਟਰ ਨੇ ਤੇ ਹੁਣ ਕਨੇਡਾ ਦੇ ਮਨੋਰੰਜਨ ਸੰਸਾਰ ਵਿੱਚ ਵੀ ਓਹਨਾਂ ਦਾ ਜਲਵਾ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬੀ ਗਾਇਕੀ ਦੇ ਗੁੱਲੂਕਾਰ ਤੇ ਓਹਨਾਂ ਨੂੰ ਟੋਰਾਂਟੋ ਮਿਲਦੇ ਹੀ ਹਨ ਹੁਣ ਬਾਲੀਵੁੱਡ ਤੱਕ ਵੀ ਬੰਨੀ ਸ਼ਰਮਾ ਦੀ ਪਹੁੰਚ ਹੈ। ਪਦਮ ਸ੍ਰੀ ਅਨੂਪ ਜਲੋਟਾ ਨਾਲ ਬਿਤਾਏ ਪਲ ਤੇ ਡਿਨਰ ਤੇ ਬਾਤਾਂ ਯਾਦਗਾਰ ਬਣੀਆਂ ਤਾਂ ਜਦ "ਧੱਕ ਧੱਕ ਗਰਲ" ਮਾਧੁਰੀ ਦੀਕਸ਼ਤ ਕਨੇਡਾ ਆਈ ਤਾਂ ਆਪਣੇ ਨਾਤੇ ਵਾਲਿਆਂ ਤੇ ਸੱਜਣਾਂ ਨਾਲ ਬੰਨੀ ਸ਼ਰਮਾ ਓਥੇ ਨਜ਼ਰ ਆਏ। ਬੰਨੀ ਸ਼ਰਮਾ ਨੇ ਕਿਹਾ ਕਿ ਭਾਰਤੀ ਸਿਨੇਮਾ ਦੀ ਸਦਾਬਹਾਰ ਨਾਇਕਾ ਮਾਧੁਰੀ ਦੀਕਸ਼ਤ ਦਾ ਸ਼ੋ ਦੇਖ ਓਸ ਵਿੱਚ ਹਿੱਸਾ ਲੈਣ ਬਾਅਦ ਮਨੋਰੰਜਨ ਖੇਤਰ ਵਿੱਚ ਆਪਣੇ ਨਾਮ ਦਾ ਗ੍ਰਾਫ ਬੰਨੀ ਸ਼ਰਮਾ ਨੇ ਉੱਚ ਕੀਤਾ ਹੈ ਤੇ ਇਹ ਸਭ ਦੇਖ ਸੁਣ ਬੰਨੀ ਸ਼ਰਮਾ ਦੇ ਦੋਸਤ ਆਖਦੇ ਨੇ ਮਿਹਨਤਾਂ ਨੂੰ ਫਲ ਲੱਗਦੇ ਹਨ ਤੇ ਸ਼ਰਮਾ ਬੰਨੀ ਨੂੰ ਮਿਹਨਤ ਦਾ ਫਲ ਮਿੱਠਾ ਮਿਲ ਰਿਹਾ ਹੈ ਸਾਈਂ।

## ਕਾਂਸ਼ੀ ਰਾਮ ਚੰਨ ਨੇ ਕੀਤੀ ਸਨਮਾਨਿਤ ਜੋੜੀ ਸ਼ੰਮੀ ਖਾਨ/ਕਿਰਨ ਰੰਧਾਵਾ

ਸ਼ੰਮੀ ਖਾਨ ਤੇ ਕਿਰਨ ਰੰਧਾਵਾ ਦੀ



ਗਾਇਕ ਜੋੜੀ ਨੇ ਜ਼ਬਰਦਸਤ ਤਰੱਕੀ ਕੀਤੀ ਹੈ ਤੇ ਸ਼ੰਮੀ ਖਾਨ ਤਾਂ "ਕ੍ਰਾਂਤੀਦੂਤ" ਫ਼ਿਲਮ ਲਈ ਪਲੇ ਬੈਕ ਵੀ ਦੇ ਚੁੱਕੇ ਹਨ।ਵਧ ਰਹੀ ਗਾਇਕੀ ਮਕਬੂਲੀਅਤ ਮੁੱਖ ਰੱਖ ਕਿ ਕਾਂਸ਼ੀ ਰਾਮ ਚੰਨ ਨੇ ਆਪਣੇ ਮਾਤਾ ਪਿਤਾ ਨੂੰ ਸਮਰਪਿਤ ਇੱਕ ਗਾਇਕੀ ਮੇਲੇ ਵਿੱਚ ਸ਼ੰਮੀ ਖਾਨ ਨੂੰ ਸਨਮਾਨਿਤ ਕਰਦੇ ਕਿਹਾ ਕਿ ਸ਼ੰਮੀ ਖਾਨ ਮਾਝੇ ਤੋਂ ਉੱਠੀ ਓਹ ਆਵਾਜ਼ ਹੈ ਜਿਹੜੀ ਵਿਦੇਸ਼ਾਂ ਵਿੱਚ ਵੀ ਸ਼ੋ ਲਾ ਕਿ ਪ੍ਰਸਿੱਧੀ ਦੇ ਪਰਬਤ ਨੂੰ ਛੂਹ ਰਹੀ ਹੈ। ਸ਼ੰਮੀ ਖਾਨ ਦੀ ਦੋਗਾਣਾ ਸਾਥਣ ਕਿਰਨ ਰੰਧਾਵਾ ਨੇ ਕਿਹਾ ਕਿ ਕੁਦਰਤੀ ਸਾਡੀਆਂ ਆਵਾਜ਼ਾਂ ਦਾ ਸੰਗਮ ਵਧੀਆ ਸੀ ਤੇ ਵਿਚਾਰ ਵੀ ਵਧੀਆ ਲਿਹਾਜ਼ਾ ਸ਼ੰਮੀ ਖਾਨ ਨਾਲ ਗਾ ਕਿ ਨਾਮ ਬਣਿਆ ਹੈ। ਕਿਰਨ ਰੰਧਾਵਾ ਨੇ ਕਾਂਸ਼ੀ ਰਾਮ ਚੰਨ ਦਾ ਧੰਨਵਾਦ ਕਰਦੇ ਕਿਹਾ ਕਿ ਸਾਨੂੰ ਸਨਮਾਨ ਦਾ ਉਤਸ਼ਾਹ ਦੇ ਕਿ ਓਹਨਾਂ ਸਾਡੇ ਤੇ ਹੋਰ ਵਧੀਆ ਕਰਨ ਦੀ ਜ਼ਿੰਮੇਵਾਰੀ ਪਾਈ ਹੈ। ਖੁਸ਼ੀ ਹੈ ਕਿ ਵੱਡੇ ਕਲਾਕਾਰਾਂ ਨਾਲ ਸਟੇਜ ਸਾਂਝੀ ਕਰਨ ਦਾ ਮੌਕਾ ਮਿਲਿਆ ਹੈ ਤੇ ਇਹ ਐਵਾਰਡ ਸਾਡੇ ਲਈ ਯਾਦਗਾਰ ਹੈ ਕਿਉਂ ਕਿ ਇਹ ਅਮਰਪਾਲ ਜਿਹੇ ਵੀਡੀਓ ਨਿਰਦੇਸ਼ਕ, ਲਲਿਤ ਮਹਿਤਾ ਬਾਲੀਵੁੱਡ ਸ਼ੋ ਮੇਕਰ ਨਾਲ ਸਨਮਾਨਿਤ ਹੋਣਾ ਸਾਡੀ ਖੁਸ਼ਕਿਸਮਤੀ ਹੈ।

## ਹਿੰਦੀ ਫ਼ਿਲਮ ਬਣ ਭਾਰਤ ਵਿੱਚ ਰਲੀਜ਼ ਗੋਲਡ ਮੈਡਲ ਕਾ ਦਹੇਜ

ਅਸ਼ੋਕ ਪੁਰੀ ਨੇ ਅਵਿਨਾਸ਼ ਰਾਏ ਖੰਨਾ




ਦੀ ਕਹਾਣੀ ਪੜ੍ਹੀ ਤਾਂ ਕਿਹਾ ਕਿ ਇਹ ਕਹਾਣੀ ਭਾਰਤੀਆਂ ਨੂੰ ਮਨੋਰੰਜਨ ਦੇਣ ਨਾਲ ਦਹੇਜ ਦੇ ਕੋਹੜ ਪ੍ਰਤੀ ਸੁਚੇਤ ਕਰੇਗੀ ਤਾਂ ਖੰਨਾ ਜੀ ਨੇ ਕਿਹਾ ਕਿ ਸ਼੍ਰੀ ਗਰੇਸ਼ਾ ਦੇ ਪਰਚਮ ਹੇਠ ਅਸ਼ੋਕ ਪੁਰੀ ਜੀ ਤੁਸੀਂ ਫ਼ਿਲਮ ਕਰੋ। ਅਸ਼ੋਕ ਪੁਰੀ ਨੇ ਪੰਜਾਬੀ ਵਿੱਚ "ਗੋਲਡ ਮੈਡਲ ਦਾ ਦਹੇਜ" ਰਲੀਜ਼ ਕੀਤੀ ਤੇ ਚੌਪਾਲ ਤੱਕ ਇਸ ਦੀ ਚਰਚਾ ਹੋਈ। ਹੁਣ ਪੂਰੇ ਇੰਡੀਆ ਲਈ ਹਿੰਦੀ ਭਾਸ਼ਾ ਵਿੱਚ "ਗੋਲਡ ਮੈਡਲ ਕਾ ਦਹੇਜ" ਦੇ ਨਾਮ ਨਾਲ ਰਲੀਜ਼ ਯੂਟਿਊਬ ਤੇ ਹੋਈ ਹੈ। ਅਸ਼ੋਕ ਪੁਰੀ ਦੀ ਮੇਕਿੰਗ ਤੇ ਅਵਿਨਾਸ਼ ਖੰਨਾ ਜੀ ਦੀ ਕਹਾਣੀ ਐਸੀ ਹੈ ਕਿ ਇਹ ਦੂਰਦਰਸ਼ਨ ਦੇ ਸਾਰੇ ਚੈਨਲਾਂ ਤੇ ਚਲਣ ਵਾਲੀ ਫ਼ਿਲਮ ਹੈ। ਵੈਸੇ ਤਮਿਲ , ਤੇਲਗੂ ਆਦਿ ਸੱਤ ਭਾਸ਼ਾਵਾਂ ਵਿੱਚ ਓਹ ਇਸ ਫ਼ਿਲਮ ਨੂੰ ਜ਼ਾਰੀ ਕਰਨਗੇ।ਅਸ਼ੋਕ ਪੁਰੀ, ਵਿਨੀਤ ਅਟਵਾਲ, ਵਿੱਕੀ ਵਾਲੀਆ, ਅੰਮ੍ਰਿਤ ਲਾਲ, ਅਸ਼ੋਕ ਪੁਰੀ, ਨੈਂਸੀ ਅਰੋੜਾ, ਆਰਤੀ ਸਿੰਘ, ਰੇਣੂਕਾ ਇਸ ਫ਼ਿਲਮ ਦੇ ਮੁੱਖ ਕਲਾਕਾਰ ਹਨ।ਗੁਰਮੇਲ ਧਾਲੀਵਾਲ ਦਾ ਕਿਰਦਾਰ ਵੀ ਫ਼ਿਲਮ ਵਿੱਚ ਵਧੀਆ ਹੈ ਤੇ ਨਰੇਸ਼ ਗਰਗ ਨੇ ਤਕਨੀਕੀ ਤੌਰ ਤੇ ਇਹ ਫ਼ਿਲਮ ਸ਼ਾਨਦਾਰ ਬਣਾਈ ਹੈ।

## ਸੁਰਮਈ ਸ਼ਾਮ ਬ੍ਰਹਮਪਟਨ ਵਿੱਚ ਗੈਸਟ ਆਫ ਆਨਰ ਹੋਣਗੇ ਬੰਨੀਂ ਸ਼ਰਮਾ

ਰਸਕ ਐਂਟਰਟੇਨਮੇਂਟ ਨੇ ਮਿਕਡੋਲ ਮਿਊਜ਼ਿਕ ਨਾਲ ਮਿਲ ਕਨੇਡਾ ਦੇ ਬ੍ਰਹਮਪਟਨ ਵਿਖੇ ਇੱਕ "ਸੁਰਮਈ ਸ਼ਾਮ" ਰੱਖੀ ਹੈ ਜਿਹੜੀ 2025 ਦੀ ਯਾਦਗਾਰ ਸ਼ਾਮ ਬਣ ਜਾਏਗੀ।ਇਸ ਸੰਗੀਤਕ ਸ਼ਾਮ ਵਿੱਚ ਪੰਜਾਬੀ ਮਿਊਜ਼ਿਕ ਬਿਗ ਪ੍ਰਮੋਟਰ ਬੰਨੀ ਸ਼ਰਮਾ ਨੂੰ ਖਾਸ ਮਹਿਮਾਨ ਵਜੋਂ ਵਿਸ਼ੇਸ਼ ਸਨਮਾਨ ਦਿੱਤਾ ਜਾਏਗਾ। ਅਬਦੁਲ ਰਸ਼ੀਦ ਖਾਨ ਮੁੱਖ ਪ੍ਰਬੰਧਕ




ਤੇ ਦੇਵ ਭੱਟੀ ਮੁੱਖ ਮਹਿਮਾਨ ਇਸ ਸ਼ਾਮ ਦੇ ਹੋਣਗੇ ਤੇ ਬੰਨੀ ਸ਼ਰਮਾ ਨਾਲ ਹਰਬੀ ਘੁੰਮਣ ਵੀ "ਸੁਰਮਈ ਸ਼ਾਮ" ਵਿੱਚ ਨਜ਼ਰ ਆਉਣਗੇ। ਜੈਸੀ ਕੂਨਰ ਤੇ ਗੁਰਮੇਹਰ ਦੀਆਂ ਆਵਾਜ਼ਾਂ ਬੰਨੀ ਸ਼ਰਮਾ ਅਨੁਸਾਰ ਬ੍ਰਹਮਪਟਨ ਦਾ ਕਲਾਰਕ ਥੀਏਟਰ ਸੁਰਮਈ ਬਣਾ ਦੇਣਗੀਆਂ। ਅੰਬਰੀਨ, ਪ੍ਰਤਾਪ ਬੋਪਾਰਾਏ ਤੇ ਸਹਿਜਵੀਰ ਨੇ ਦੱਸਿਆ ਕਿ ਸੁਰ ਦਾ ਜਲਵਾ ਦਿੰਦੀ ਇਹ ਕਨੇਡਾ ਦੀ ਯਾਦਗਾਰੀ ਸ਼ਾਮ ਬਣੇਗੀ ਤੇ ਸਾਬਰ ਬੋਪਾਰਾਏ ਤੇ ਡੋਲੀਸ਼ਾ ਦੇ ਗਾਉਣ ਨਾਲ ਆਓਣ ਨਾਲ ਇਹ "ਸੁਰਮਈ ਸ਼ਾਮ" ਨਦੀਮ ਅਲੀ ਦੀ ਪ੍ਰਤਿਭਾ ਨਾਲ ਯਾਦਗਾਰੀ ਸ਼ਾਮ ਬਣੇ ਖਾਸ ਪ੍ਰਾਹੁਣੇ ਬੰਨੀ ਸ਼ਰਮਾ ਨੇ ਸ਼ੁੱਭ ਸੰਦੇਸ਼ ਭੇਜੇ ਹਨ।

## ਮਨਜੀਤ ਗਰੋਵਰ ਗਾਇਕੀ ਨਾਲ ਤੇ ਪ੍ਰੀਤ ਕੌਰ ਨਾਇਕੀ ਨਾਲ ਚਰਚਿਤ

2025 ਸਾਲ ਸਵਾ ਜਾਂ ਡੇਢ ਮਹੀਨੇ ਦਾ ਪ੍ਰਾਹੁਣਾ ਹੈ ਪਰ ਇਸ ਨੇ ਪੰਜਾਬੀ



ਮਨੋਰੰਜਨ ਸੰਸਾਰ ਨੂੰ ਬਹੁਤ ਕੁੱਝ ਦਿੱਤਾ ਵੀ ਤੇ ਖੋਹਿਆ ਵੀ ਹੈ। ਇਸ ਸਾਲ ਰਤੀਆ ਹਰਿਆਣਾ ਦੇ ਮਨਜੀਤ ਗਰੋਵਰ ਦੀ ਗਾਇਕੀ ਵਿੱਚ ਆਮਦ ਸ਼ਾਨਦਾਰ ਰਹੀ। ਮਨਜੀਤ ਗਰੋਵਰ ਕੋਲ ਪੰਜਾਬੀ ਫ਼ਿਲਮਾਂ ਵਿੱਚ ਐਕਟ ਕਰਨ ਦਾ ਤੇ ਸਹ ਨਿਰਦੇਸ਼ਕ ਦਾ ਤਜ਼ਰਬਾ ਸੀ ਜਿਹੜਾ ਕੰਮ ਆਇਆ। "ਦਿਲ" ਟਰੈਕ ਨਾਲ ਮਨਜੀਤ ਗਰੋਵਰ ਦੀ ਗੱਲ ਕਾਫੀ ਬਣ ਗਈ ਹੈ। 2025 ਵਿੱਚ "ਮਿਸ ਕਰਤਾਰਪੁਰ" ਪ੍ਰੀਤ ਕੌਰ ਕੋਲ ਕੰਮ ਦੀ ਘਾਟ ਨਹੀਂ ਰਹੀ ਤੇ ਓਹ ਹੀਰੋਇਨ ਦੇ ਨਾਲ ਨਾਲ ਫ਼ਿਲਮ ਨਿਰਮਾਣ ਵੱਲ ਵੀ ਆਈ। ਮਾਡਲਿੰਗ ਖੇਤਰ ਵਿੱਚ ਪ੍ਰੀਤ ਕੌਰ ਕੋਲ ਸਥਾਨਕ ਵਿਗਿਆਪਨ ਵੀ ਆਏ ਤੇ "ਮਾਂ" ਫ਼ਿਲਮ ਨੇ ਪ੍ਰੀਤ ਕੌਰ ਨੂੰ ਸਤਨਾਮ ਸਿੰਘ ਉਮਰਪੁਰਾ ਦੀਆਂ ਫ਼ਿਲਮਾਂ ਦਿਵਾਈਆਂ ਤੇ ਜਗਰੂਪ ਹਾਂਸ ਨਾਲ ਮਿਲ ਪ੍ਰੀਤ ਕੌਰ ਇੱਕ ਬਹੁਤ ਵੱਡੀ ਫ਼ਿਲਮ ਕਰਨ ਵਾਲੀ ਹੈ। ਪ੍ਰੀਤ ਨੇ ਕਿਹਾ ਕਿ ਸਾਡੀ ਟੀਮ ਵੀਡੀਓ ਤੇ ਸ਼ੋਰਟ ਫ਼ਿਲਮਾਂ ਵਿੱਚ ਸਥਾਪਿਤ ਹੋ ਕਿ ਬਾਲੀਵੁੱਡ ਤੱਕ ਪਹੁੰਚ ਕਿ ਨਵੇਂ ਮੀਲ ਪੱਥਰ ਸਥਾਪਿਤ ਕਰੇਗੀ। ਮਨਜੀਤ ਗਰੋਵਰ ਤੇ ਪ੍ਰੀਤ ਕੌਰ 2025 ਦੇ ਨਵੇਂ ਉੱਭਰੇ ਚਿਹਰੇ ਨੇ ਜਿਹਨਾਂ ਦੀ ਚਮਕ 2026 ਨੂੰ ਰੁਸ਼ਨਾ ਦੇਵੇਗੀ।

## ਰੇਸ਼ਮ ਛੀਨਾ ਸਹੀ ਬੋਲੇ ਪਦਮ ਸ਼੍ਰੀ ਦੇ ਹੱਕਦਾਰ ਨੇ ਅਨੀਤਾ ਦੇਵਗਨ

ਨਾਲ ਸੋਹਣਾ ਨਾਲ ਸੁਰੀਲਾ ਤੇ ਨਾਂਅ ਜਿਹਾ ਮੁਲਾਇਮ ਮੁੰਡਾ ਰੇਸ਼ਮ ਛੀਨਾ ਪੰਜਾਬੀ ਫ਼ਿਲਮਾਂ ਦੀ ਨਗਰੀ ਵਿੱਚ ਨਾਮਵਰ ਨਾਂ ਅ ਹੈ ਤੇ ਖਾਸ ਗੱਲ ਇਹ ਹੈ ਕਿ ਓਹ ਆਪਣੇ ਸੀਨੀਅਰ ਕਲਾਕਾਰਾਂ ਦੀ ਬਹੁਤ ਇੱਜ਼ਤ ਕਰਦਾ ਹੈ। ਰੇਸ਼ਮ ਛੀਨਾ ਆਖਦੇ ਨੇ ਤੁਸੀਂ ਬਹੁਤ ਕੁੱਝ ਇਹਨਾਂ ਨਾਲ ਵਿਚਰ ਕਿ ਸਿੱਖ ਸਕਦੇ ਹੋ ਤੇ ਓਹਨਾਂ ਮਿਸਾਲ ਅਨੀਤਾ ਦੇਵਗਨ ਦੀ ਦਿੱਤੀ ਜਿਹੜੇ ਰੰਗਮੰਚ ਤੇ ਟੀਵੀ ਦੇ ਸਟਾਰ ਹਨ। ਪੰਜਾਬੀ ਫ਼ਿਲਮਾਂ ਦੀ ਸਟਾਰ ਐਕਟ੍ਰੈਸ ਅਨੀਤਾ ਦੇਵਗਨ ਨਾਲ ਰੇਸ਼ਮ ਛੀਨਾ ਨੂੰ ਕੰਮ ਕਰਨ ਦਾ ਮੌਕਾ ਮਿਲਿਆ ਸੀ।


ਛੀਨਾ ਨੇ ਕਿਹਾ ਅਨੀਤਾ ਦੇਵਗਨ ਅਭਿਨੈ ਦੀ ਕਿਤਾਬ ਨੇ ਇਤਿਹਾਸਕ ਕਿਤਾਬ ਤੇ ਓਹਨਾਂ ਦੀ ਐਕਟਿੰਗ ਨੂੰ ਦੇਣ, ਟੀਵੀ ਤੇ ਰੰਗਮੰਚ ਨੂੰ ਦੇਣ ਅਨੀਤਾ ਦੇਵਗਨ ਨੂੰ "ਪਦਮ ਸ਼੍ਰੀ" ਮਿਲਣਾ ਚਾਹੀਦਾ ਹੈ। ਅਨੀਤਾ ਦੇਵਗਨ ਦੀਆਂ ਪ੍ਰਾਪਤੀਆਂ ਦੇਖੋ ਰੇਸ਼ਮ ਛੀਨਾ ਆਖਦੇ ਨੇ ਕਹਿੰਦੇ ਨੇ ਕਿ ਦੇਖਿਓ ਇੱਕ ਦਿਨ ਨੈਸ਼ਨਲ ਐਵਾਰਡ ਵੀ ਅਨੀਤਾ ਦੇਵਗਨ ਪ੍ਰੀਤ ਨਾਲ ਪ੍ਰਾਪਤ ਕਰੇਗੀ।

-ਅੰਮ੍ਰਿਤ ਪਵਾਰ



# ਸ਼ਹੀਦੀ ਅਤੇ ਪ੍ਰੈੱਸ ਦੀ ਸਾਂਝੀ ਰੂਹ

ਗੁਰਭਿੰਦਰ ਗੁਰੀ
+447951 590424



16 ਨਵੰਬਰ ਭਾਰਤ ਦੇ ਇਤਿਹਾਸ ਵਿੱਚ ਸਿਰਫ਼ ਇੱਕ ਤਾਰੀਖ ਨਹੀਂ - ਇਹ ਇੱਕ ਤਰ੍ਹਾਂ ਦਾ ਇਤਿਹਾਸੀ ਪ੍ਰਤੀਕ ਹੈ। ਇੱਕ ਪਾਸੇ ਇਹ ਤਾਰੀਖ ਗ਼ਦਰੀ ਲਹਿਰ ਦੇ ਸੂਰਮੇ, 19 ਸਾਲਾ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਦਾ ਦਿਨ ਹੈ, ਤਾਂ ਦੂਜੇ ਪਾਸੇ ਇਹ ਕੌਮੀ ਪ੍ਰੈੱਸ ਦਿਵਸ ਵੀ ਹੈ, ਜਿਸ ਨੂੰ ਭਾਰਤ ਵਿੱਚ ਮੀਡੀਆ ਦੀ ਆਜ਼ਾਦੀ ਅਤੇ ਜ਼ਿੰਮੇਵਾਰੀਆਂ ਦੀ ਯਾਦ ਦਿਲਾਉਣ ਲਈ ਮਨਾਇਆ ਜਾਂਦਾ ਹੈ। ਦੋਵੇਂ ਦਿਨਾਂ ਵਿੱਚ ਇੱਕ ਡੂੰਘਾ ਰਿਸ਼ਤਾ ਹੈ-ਇੱਕ ਜੰਗ ਆਜ਼ਾਦੀ ਦੀ ਸੀ, ਦੂਜੀ ਅੱਜ ਵੀ ਜਾਰੀ ਹੈ: ਸੱਚ ਲਿਖਣ ਅਤੇ ਜ਼ੁਲਮ ਦੇ ਖ਼ਿਲਾਫ਼ ਬੋਲਣ ਦਕਰਤਾਰ ਸਿੰਘ ਸਰਾਭਾ-ਇੱਕ ਜਵਾਨ, ਇੱਕ ਕ੍ਰਾਂਤੀ

ਜਨਮ ਅਤੇ ਬਾਲ ਜੀਵਨ-ਕਰਤਾਰ ਸਿੰਘ ਦਾ ਜਨਮ 24 ਮਈ 1896 ਨੂੰ ਲੁਧਿਆਣਾ ਦੇ ਪਿੰਡ ਸਰਾਭਾ ਵਿੱਚ ਹੋਇਆ। ਛੋਟੀ ਉਮਰ ਤੋਂ ਹੀ ਉਹ ਤੀਖ਼ੇ ਬੁੱਧੀ, ਬੋਲਡ, ਅਤੇ ਬਹਾਦੁਰ ਸਨ। ਨਵੀਂ ਸੋਚ ਅਤੇ ਪ੍ਰਭਾਵਸ਼ਾਲੀ ਵਿਅਕਤਿਤਵ ਨੇ ਉਸਨੂੰ ਕਦੇ ਵੀ ਸਿਰਫ਼ ਦਰਸ਼ਕ ਬਣ ਕੇ ਬੈਠਣ ਨਹੀਂ ਦਿੱਤਾ। ਉਹ ਕਰਮ ਦੇ ਪੁਜਾਰੀ ਸਨ।

ਅਮਰੀਕਾ ਜਾਣਾ: ਗ਼ਦਰ ਦੀ ਚਿੰਗਾਰੀ-ਦੇਸ਼ ਤੋਂ ਬਾਹਰ ਨੌਜਵਾਨਾਂ ਨੂੰ ਮਿਲੇ ਜ਼ੁਲਮ, ਨਸਲੀ ਭੇਦਭਾਵ ਅਤੇ ਬ੍ਰਿਟਿਸ਼ ਨੇ ਕਰਤਾਰ ਦੇ ਦਿਲ ਵਿਚ ਬਗਾਵਤ ਦੀ ਚਿੰਗਾਰੀ ਸਲਗਾ ਦਿੱਤੀ। ਅਮਰੀਕਾ ਵਿੱਖੇ ਹੀ ਉਹ ਹਿੰਦੁਸਤਾਨੀ ਸੇਵਕ ਸਮਾਜ ਨਾਲ ਜੁੜੇ, ਜੋ ਬਾਅਦ ਵਿੱਚ ਗ਼ਦਰ ਪਾਰਟੀ ਬਣੀ।

ਗ਼ਦਰ ਲਹਿਰ ਅਤੇ ਸਰਾਭਾ ਦਾ ਯੋਗਦਾਨ-ਕਰਤਾਰ ਸਿੰਘ ਸਿਰਫ਼ ਇਕ ਮੈਂਬਰ ਨਹੀਂ ਸਨ, ਉਹ ਗ਼ਦਰ ਦੀ ਰੂਹ ਸਨ। ਉਹ ਪਾਰਟੀ ਦੇ ਅਖ਼ਬਾਰ ਗ਼ਦਰ ਦੇ ਮੁੱਖ ਲੇਖਕ ਅਤੇ ਛਾਪੇਖ਼ਾਨੇ ਦੇ ਸੰਚਾਲਕ ਸਨ।

ਉਨ੍ਹਾਂ ਦੇ ਲੇਖਾਂ ਅਤੇ ਕਵਿਤਾਵਾਂ ਨੇ ਦੇਸ਼ ਵਿੱਚ ਕ੍ਰਾਂਤੀ ਦਾ ਲਹਿਰਾ ਵਗਾ ਦਿੱਤਾ-ਉਹ ਅਖ਼ਬਾਰ ਰਾਹੀਂ ਬਰਤਾਨਵੀ ਹਕੂਮਤ ਨੂੰ ਸੀਧੀ ਚੁਣੌਤੀ ਦਿੰਦੇ ਸਨ। ਇਹ ਲਿਖਤ ਹੀ ਉਹ ਹਥਿਆਰ ਸਨ ਜਿਨ੍ਹਾਂ ਨੇ ਜਗਾਇਆ, ਜੁੜਿਆ ਅਤੇ ਜੰਗ ਲਈ ਤਿਆਰ ਕੀਤਾ।

ਸਰਾਭਾ ਇਨਕਲਾਬ ਦੀ ਅਵਾਜ਼-"ਦੇਸ਼ ਨੂੰ ਸਾਡੀ ਲੋੜ ਹੈ, ਖੂਨ ਸਾਡਾ ਬਲੀ ਹੋਵੇ, ਅਧੂਰਾ ਰਹਿੰਦਾ ਹਰੇਕ ਸੁਪਨਾ ਜੇ ਪਿਛੇ ਹਟ ਜਾਈਏ।" ਇਹ ਛੰਦ ਮਾਤਰ ਸ਼ਬਦ ਨਹੀਂ ਸਨ - ਇਹ ਇਨਕਲਾਬ ਦਾ ਘੋਸ਼ਣਾ ਪੱਤਰ ਸਨ।

ਵਾਪਸੀ ਤੇ ਗ੍ਰਿਫ਼ਤਾਰੀ-1914 ਵਿੱਚ, ਉਹ ਦੇਸ਼ ਵਾਪਸ ਆਏ ਨਿਯਤ ਨਾਲ ਕਿ ਆਜ਼ਾਦੀ ਨੂੰਤੋਂ ਬਿਨਾਂ ਵਾਪਸ ਨਹੀਂ ਜਾਣਾ। ਪਰ ਬਰਤਾਨੀਆ ਨੂੰ ਖ਼ਬਰ ਪੈ ਗਈ। ਸਾਜ਼ਿਸ਼ ਕੇਸ ਰਚਿਆ ਗਿਆ। ਕਰਤਾਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤ ਵਿੱਚ ਪੁੱਛਿਆ ਗਿਆ: "ਕੀ ਤੁਸੀਂ ਜਾਣਦੇ ਸੀ ਕਿ ਦੇਸ਼ਦ੍ਰੋਹ ਦੇ ਦੋਸ਼ 'ਤੇ ਤੁਹਾਨੂੰ ਫਾਂਸੀ ਹੋ ਸਕਦੀ ਹੈ?"

ਉਸਨੇ ਹੱਸ ਕੇ ਕਿਹਾ: "ਹਾਂ, ਜੇ ਮੈਂ ਵਾਰ ਜ਼ਿੰਦਗੀ ਮਿਲੇ ਤਾਂ ਸੌ ਵਾਰ ਇਹੀ ਕਰਾਂਗਾ।"



ਸ਼ਹੀਦੀ (16 ਨਵੰਬਰ 1915)-ਸਿਰਫ਼ 19 ਸਾਲ ਦੀ ਉਮਰ ਵਿੱਚ, ਲਾਹੌਰ ਜੇਲ੍ਹ ਦੇ ਅੰਦਰ ਤਖ਼ਤ-ਏ-ਫ਼ਾਂਸੀ 'ਤੇ ਖੜ੍ਹਾ ਕਰਤਾਰ ਸਿੰਘ ਕਹਿੰਦਾ: "ਮੇਰੀ ਕੁਰਬਾਨੀ ਹੋਰ ਸੁਰਮਿਆਂ ਨੂੰ ਜਗਾਏਗੀ।" ਤੇ ਇਤਿਹਾਸ ਗਵਾਹ ਹੈ-ਉਹ ਸਹੀ ਸੀ।

ਕੌਮੀ ਪ੍ਰੈੱਸ ਦਿਵਸ - ਸੱਚ ਦੀ ਲੜਾਈ ਅਤੇ ਮੀਡੀਆ ਦੀ ਜ਼ਿੰਮੇਵਾਰੀ-ਕੌਮੀ ਪ੍ਰੈੱਸ ਦਿਵਸ 16 ਨਵੰਬਰ 1966 ਤੋਂ ਮਨਾਇਆ ਜਾ ਰਿਹਾ ਹੈ, ਇਸ ਦਿਨ ਭਾਰਤ ਵਿਚ ਪ੍ਰੈੱਸ ਕੌਂਸਿਲ ਆਫ਼ ਇੰਡੀਆ ਦੀ ਸਥਾਪਨਾ ਹੋਈ ਸੀ। ਇਸ ਦਾ ਮਕਸਦ ਸੀ - ਪ੍ਰੈੱਸ ਦੀ ਆਜ਼ਾਦੀ ਦੀ ਰੱਖਿਆ ਅਤੇ ਜ਼ਿੰਮੇਵਾਰ ਪੱਤਰਕਾਰਿਤਾ ਨੂੰ ਉਤਸ਼ਾਹਿਤ ਕਰਨਾ।

ਪ੍ਰੈੱਸ ਦੀ ਭੂਮਿਕਾ: ਪਹਿਲਾਂ ਅਤੇ ਹੁਣ-ਗ਼ਦਰ ਲਹਿਰ ਦੇ ਦੌਰਾਨ ਪ੍ਰੈੱਸ ਦੀਆਂ ਪ੍ਰਤੀਆਂ ਨੂੰ ਹੱਥੋਂ ਹੱਥ ਪਹੁੰਚਾਇਆ ਜਾਂਦਾ ਸੀ, ਸੈਂਸਰਸ਼ਿਪ ਤੋਂ ਬਚਾਉਣ ਲਈ ਰਾਤਾਂ ਨੂੰ ਤਪਿਆ ਜਾਂਦਾ ਸੀ। ਅੱਜ ਵੀ, ਜਦੋਂ "ਫੇਕ ਨਿਊਜ਼", "ਕੌਰਪੋਰੇਟ ਕੰਟਰੋਲ" ਅਤੇ "ਪੇਡ ਨਿਊਜ਼" ਵਰਗੇ ਖ਼ਤਰੇ ਮੌਜੂਦ ਹਨ - ਆਜ਼ਾਦ ਪ੍ਰੈੱਸ ਦੀ ਮਹੱਤਤਾ ਹੋਰ ਵੱਧ ਗਈ ਹੈ।


ਮੀਡੀਆ ਅਤੇ ਕ੍ਰਾਂਤੀ: ਕਰਤਾਰ ਸਿੰਘ ਤੋਂ ਅੱਜ ਤੱਕਸਰਾਭਾ ਲਈ ਪ੍ਰੈੱਸ ਹਥਿਆਰ ਸੀ।ਅੱਜ ਦੇ ਆਜ਼ਾਦ ਪੱਤਰਕਾਰ ਲਈ ਪ੍ਰੈੱਸ ਜਵਾਬਦੇਹੀ ਹੈ ਕ਼ਲਮ ਸਦਾ ਤਲਵਾਰ ਤੋਂ ਤੀਖੀ ਰਹੀ ਹੈ।

ਆਧੁਨਿਕ ਮੀਡੀਆ - ਚੁਣੌਤੀਆਂ ਅਤੇ ਸਿੱਖ-ਆਜ਼ਾਦੀ ਵੱਧੀ, ਪਰ ਦਬਾਅ ਵੀ ਵੱਧੇ ਰਾਜਨੀਤਕ ਦਬਾਅ ਕਾਰਪੋਰੇਟ ਮਾਲਕੀਸਾਈਬਰ ਹਮਲੇਟ੍ਰੋਲ ਸੱਭਿਆਚਾਰਸੱਚ ਲਿਖਣ ਦੀ ਇਹ ਸਭ ਕੁਝ ਉਹੀ ਦਬਾਅ ਹਨ, ਸਿਰਫ਼ ਰੂਪ ਬਦਲੇ ਹਨ ਪਰ ਅਸਲ ਖ਼ਤਰਾ ਸੱਚ ਦੇ ਗੁਮ ਹੋ ਜਾਣ ਦਾ ਹੈ। ਕਰਤਾਰ ਸਿੰਘ ਤੋਂ ਸਿੱਖਿਆਲਿਖਾਰੀ ਹੁੰਦਿਆਂ ਵੀ ਲੜਾਕੂ ਹੋ ਸਕਦੇ ਹਾਂ। ਪੱਤਰਕਾਰ ਸਿਰਫ਼ ਨਿਗਰਾਨ ਨਹੀਂ-ਵਿਰੋਧ ਵੀ ਹੈ। ਮੀਡੀਆ ਦਾ ਧਰਮ ਸਿਰਫ਼ ਖ਼ਬਰ ਨਹੀਂ-ਸਚਾਈ ਹੈ। ਕਰਤਾਰ ਸਿੰਘ ਸਰਾਭਾ ਨੇ ਕਹਿੰਦੇ ਹੋਏ ਫਾਂਸੀ ਲਈ ਗਈ: "ਮੇਰੀ ਲਾਸ਼ ਫਾਹੇ 'ਤੇ ਝੂਲਦੇ ਵੇਖ ਕੇ ਵੀ ਕਿਸੇ ਨੂੰ ਡਰ ਨਾ ਆਵੇ-ਇਹ ਸਫ਼ਰ ਜਾਰੀ ਰਹੇ।"

ਅੱਜ ਵੀ 16 ਨਵੰਬਰ ਨੂੰ ਜਦੋਂ ਇੱਕ ਪਾਸੇ ਉਸਦੀ ਯਾਦ ਮਨਾਈ ਜਾਂਦੀ ਹੈ, ਦੂਜੇ ਪਾਸੇ ਕੌਮੀ ਪ੍ਰੈੱਸ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ:ਜਦ ਤੱਕ ਸੱਚ ਲਿਖਣ ਵਾਲੇ ਲੋਕ ਜਿੰਦੇ ਹਨ, ਮਲਕ ਦੀ ਆਜ਼ਾਦੀ ਵੀ ਜਿੰਦੀ ਹੈ। ਕਲਮ ਨਾਲ ਲੜੋ। ਸੱਚ ਨੂੰ ਨਾ ਵੇਚੋ। ਇਤਿਹਾਸ ਨੂੰ ਨਾ ਭੁੱਲੋ।

# ਧਰਮਿੰਦਰ: ਪੰਜਾਬ ਦਾ ਪੁੱਤ ਤੇ ਬਾਲੀਵੁੱਡ ਦਾ ਹੀ-ਮੈਨ

ਗੁਰਭਿੰਦਰ ਗੁਰੀ
+447951 590424



ਧਰਮਿੰਦਰ ਇਹ ਨਾਮ ਸਿਰਫ਼ ਇਕ ਅਦਾਕਾਰ ਦਾ ਨਹੀਂ, ਸਗੋਂ ਭਾਰਤੀ ਸਿਨੇਮਾ ਦੀ ਇਕ ਪੂਰੀ ਕਹਾਣੀ ਦਾ ਪ੍ਰਤੀਕ ਹੈ। ਉਹਨਾਂ ਨੇ ਰੋਮਾਂਸ, ਐਕਸ਼ਨ, ਕੌਮੀਡੀ, ਤੇ ਭਾਵਨਾਵਾਂ ਦੇ ਹਰੇਕ ਰੰਗ ਨੂੰ ਅਦਾਕਾਰੀ ਰਾਹੀਂ ਜੀਵੰਤ ਕੀਤਾ। ਉਹਨਾਂ ਦੇ ਚਿਹਰੇ ਦੀ ਮੁਸਕਾਨ ਤੇ ਦਿਲ ਦੀ ਸਾਫ਼ਗੀ ਨੇ ਉਨ੍ਹਾਂ ਨੂੰ ਹਮੇਸ਼ਾਂ ਲੋਕਾਂ ਦੇ ਦਿਲਾਂ ਵਿੱਚ ਜਗ੍ਹਾ ਦਿੱਤੀ। ਧਰਮਿੰਦਰ ਦਾ ਜਨਮ 8 ਦਸੰਬਰ 1935 ਨੂੰ ਸਾਹਨੇਵਾਲ (ਜ਼ਿਲ੍ਹਾ ਲੁਧਿਆਣਾ, ਪੰਜਾਬ) 'ਚ ਹੋਇਆ। ਬਚਪਨ ਤੋਂ ਹੀ ਉਹਨਾਂ ਨੂੰ ਫ਼ਿਲਮਾਂ ਦਾ ਬਹੁਤ ਸ਼ੌਕ ਸੀ। ਉਹ ਸਕੂਲ ਦੇ ਸਮੇਂ ਤੋਂ ਹੀਰੋ ਬਣਨ ਦੇ ਸੁਪਨੇ ਦੇਖਦੇ ਸਨ। ਉਹਨਾਂ ਨੇ Filmfare Talent Hunt ਮੁਕਾਬਲੇ 'ਚ ਹਿੱਸਾ ਲੈ ਕੇ ਜਿੱਤ ਪ੍ਰਾਪਤ ਕੀਤੀ, ਜਿਸ ਤੋਂ ਬਾਅਦ ਉਹ ਮੁੰਬਈ (ਤਦ ਦੀ ਬੰਬਈ) ਚਲੇ ਗਏ - ਤੇ ਉਥੇ ਤੋਂ ਸ਼ੁਰੂ ਹੋਇਆ ਉਹਨਾਂ ਦਾ ਸੁਨਹਿਰਾ ਸਫ਼ਰ।

ਫ਼ਿਲਮਾਂ ਦੀ ਸ਼ੁਰੂਆਤ ਤੇ ਕਾਮਯਾਬੀ ਦਾ ਸਫ਼ਰ-ਧਰਮਿੰਦਰ ਨੇ ਆਪਣੀ ਪਹਿਲੀ ਫ਼ਿਲਮ "ਦਿਲ ਭੀ ਤੇਰਾ ਹਮ ਭੀ ਤੇਰੇ" (1960) ਨਾਲ ਐਂਟਰੀ ਕੀਤੀ। ਸ਼ੁਰੂ ਵਿੱਚ ਉਹਨਾਂ ਨੂੰ ਰੋਮਾਂਟਿਕ ਹੀਰੋ ਵਜੋਂ ਪਸੰਦ ਕੀਤਾ ਗਿਆ।

ਫ਼ਿਲਮਾਂ ਜਿਵੇਂ-ਆਯਾ ਸਾਵਨ ਝੂਮ ਕੇ, ਮੇਰੇ ਹਮਦਮ ਮੇਰੇ ਦੋਸਤ, ਚੈਰੀ ਚੈਰੀ ਲੇਡੀ, ਆਕਾਸ਼ ਦੀਪ ਉਹਨਾਂ ਨੂੰ ਘਰ-ਘਰ ਪ੍ਰਸਿੱਧ ਕਰ ਗਈਆਂ। ਜਦੋਂ ਧਰਮਿੰਦਰ ਨੇ ਐਕਸ਼ਨ ਫ਼ਿਲਮਾਂ ਕਰਨੀ ਸ਼ੁਰੂ ਕੀਤੀਆਂ, ਉਹਨਾਂ ਦਾ ਚਿੱਤਰ "ਹੀ-ਮੈਨ ਆਫ਼ ਬਾਲੀਵੁੱਡ" ਵਜੋਂ ਬਣ ਗਿਆ। ਫ਼ਿਲਮਾਂ -ਸ਼ੋਲੇ (1975), ਸਤਾ ਮੇਵ ਜਯਤੇ, ਰਾਜਾ ਜਾਨੀ, ਯਾਦੋਂ ਕੀ ਬਾਰਾਤ, ਪਤਥਰ ਕੇ ਸਨਮ, ਧਰਮ ਵੀਰ, ਰਾਮ ਬਲਰਾਮ ਨੇ ਉਨ੍ਹਾਂ ਨੂੰ ਅਮਰ ਕਰ ਦਿੱਤਾ।

ਸ਼ੋਲੇ - ਧਰਮਿੰਦਰ ਦੀ ਸ਼ਾਨਦਾਰ ਫ਼ਿਲਮ-ਸ਼ੋਲੇ ਵਿੱਚ ਵੀਰੂ ਦਾ ਕਿਰਦਾਰ ਧਰਮਿੰਦਰ ਦੇ ਕਰੀਅਰ ਦਾ ਸਭ ਤੋਂ ਯਾਦਗਾਰ ਰਿਹਾ। ਉਹਨਾਂ ਦੇ ਕੁਝ ਮਸ਼ਹੂਰ ਡਾਇਲਾਗ ਅੱਜ ਵੀ ਲੋਕਾਂ ਦੇ ਮੂੰਹ 'ਤੇ ਹਨ -"ਬਸੰਤੀ, ਇਨ ਕੁੱਤੋਂ ਕੇ ਸਾਹਮਣੇ ਮਤ ਨੱਚਨਾ!" ਜੇ ਵੀਰੂ ਦਾ ਦਿਲ ਟੁੱਟ ਗਿਆ ਨਾ, ਤਾਂ ਧਰਤੀ ਹਿਲ ਜਾਏਗੀ!" ਵੀਰੂ ਤੇ ਬਸੰਤੀ (ਹੇਮਾ ਮਾਲਿਨੀ) ਦੀ ਜੋੜੀ ਨੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕੀਤਾ।

ਪਿਆਰ ਦੀ ਕਹਾਣੀ: ਧਰਮਿੰਦਰ ਤੇ ਹੇਮਾ ਮਾਲਿਨੀ-ਫ਼ਿਲਮਾਂ ਕਰਦਿਆਂ-ਕਰਦਿਆਂ ਧਰਮਿੰਦਰ ਦਾ ਦਿਲ ਹੇਮਾ ਮਾਲਿਨੀ 'ਤੇ ਆ ਗਿਆ। ਦੋਵੇਂ ਨੇ ਮਿਲਕੇ ਕਈ ਹਿੱਟ ਫ਼ਿਲਮਾਂ ਦਿੱਤੀਆਂ -ਸੀਤਾ ਔਰ ਗੀਤਾ, ਸ਼ੋਲੇ, ਰਾਜਾ ਜਾਨੀ ਚਰਸ, ਬਗਾਵਤ। ਉਨ੍ਹਾਂ ਦੀ ਜੋੜੀ ਨੂੰ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਆਖ਼ਿਰਕਾਰ ਦੋਵੇਂ ਨੇ ਵਿਆਹ ਕਰ ਲਿਆ। ਉਹਨਾਂ ਦੀਆਂ



ਧੀਆਂ ਏਸ਼ਾ ਤੇ ਅਹਾਨਾ ਦੇਓਲ ਵੀ ਅਦਾਕਾਰੀ ਦੀ ਦੁਨੀਆਂ 'ਚ ਆਈਆਂ।

ਇਨਾਮ ਤੇ ਸਨਮਾਨ-ਧਰਮਿੰਦਰ ਨੂੰ ਸਿਨੇਮਾ ਵਿੱਚ ਬੇਹੱਦ ਯੋਗਦਾਨ ਲਈ ਕਈ ਇਨਾਮ ਮਿਲੇ -Filmfare Lifetime Achievement Award (1997) Padma Bhushan Award (2012)

ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਮਾਨ-ਸਨਮਾਨ-ਉਹਨਾਂ ਦੀ ਨਿਮਰਤਾ, ਸਾਦਗੀ ਤੇ ਇਮਾਨਦਾਰੀ ਅੱਜ ਵੀ ਨੌਜਵਾਨ ਅਦਾਕਾਰਾਂ ਲਈ ਪ੍ਰੇਰਣਾ ਹੈ। ਧਰਮਿੰਦਰ ਦੇ ਪੁੱਤਰ ਸਨੀ ਦੇਓਲ ਤੇ ਬੌਬੀ ਦੇਓਲ ਨੇ ਵੀ ਬਾਲੀਵੁੱਡ ਵਿੱਚ ਵੱਡਾ ਨਾਮ ਬਣਾਇਆ। ਉਨ੍ਹਾਂ ਦੀਆਂ ਅਦਾਕਾਰੀਆਂ ਵਿੱਚ ਵੀ ਪਿਤਾ ਦੀ ਛਾਪ ਸਾਫ਼ ਨਜ਼ਰ ਆਉਂਦੀ ਹੈ। ਧਰਮਿੰਦਰ ਅੱਜ ਵੀ ਕਈ ਵਾਰ ਟੀਵੀ ਸ਼ੋਅਜ਼ ਜਾਂ ਫ਼ਿਲਮਾਂ ਵਿੱਚ ਵਿਸ਼ੇਸ਼ ਰੂਪ ਵਿੱਚ ਨਜ਼ਰ ਆਉਂਦੇ ਹਨ - ਹਾਲ ਹੀ ਵਿੱਚ ਉਹ ਫ਼ਿਲਮ "ਰੌਕੀ ਔਰ ਰਾਣੀ ਕੀ ਪ੍ਰੇਮ ਕਹਾਨੀ" (2023) ਵਿੱਚ ਦਰਸ਼ਕਾਂ ਦੇ ਦਿਲ ਜਿੱਤ ਗਏ।

ਰਾਜਨੀਤੀ-2004 ਵਿੱਚ ਧਰਮਿੰਦਰ ਨੇ ਭਾਰਤੀ ਜਨਤਾ ਪਾਰਟੀ ਤੋਂ ਬੀਕਾਨੇਰ ਤੋਂ ਚੋਣ ਲੜੀ ਤੇ ਜਿੱਤੀ। ਉਹ ਲੋਕਾਂ ਨਾਲ ਜੁੜੇ ਰਹੇ, ਪਰ ਉਹਨਾਂ ਦਾ ਦਿਲ ਹਮੇਸ਼ਾਂ ਫ਼ਿਲਮਾਂ ਵਿੱਚ ਹੀ ਵੱਸਦਾ ਰਿਹਾ। ਧਰਮਿੰਦਰ ਸਿਰਫ਼ ਇਕ ਸਿਤਾਰਾ ਨਹੀਂ - ਸਗੋਂ ਪੰਜਾਬੀ ਮਿੱਟੀ ਦੀ ਮਹਿਕ ਹਨ। ਉਹਨਾਂ ਨੇ ਸਿਖਾਇਆ ਕਿ ਸਾਦਗੀ, ਮਿਹਨਤ ਤੇ ਵਿਸ਼ਵਾਸ ਨਾਲ ਕੋਈ ਵੀ ਮਨਜ਼ਿਲ ਪਾਈ ਜਾ ਸਕਦੀ ਹੈ। ਉਹ ਅੱਜ ਵੀ ਉਹੀ ਚਮਕਦੇ ਤਾਰੇ ਵਾਂਗ ਹਨ, ਜਿਹੜੇ ਕਦੇ ਮੁਰਝਾਉਂਦੇ ਨਹੀਂ।

ਯਾਦਗਾਰ ਡਾਇਲਾਗ ਜਿਹੜੇ ਇਤਿਹਾਸ ਬਣ ਗਏ-"ਕਿੱਤਨੇ ਆਦਮੀ ਥੇ?" (ਸ਼ੋਲੇ) "ਮੇਰੀ ਮਾਂ ਕਹਤੀ ਥੀ ਕਿ ਦੁਨੀਆਂ ਵਿੱਚ ਸਭ ਤੋਂ ਵੱਡੀ ਤਾਕਤ ਇਮਾਨਦਾਰੀ ਹੈ।" "ਹਮ ਪੰਜਾਬੀ ਜੋ ਵਾਅਦਾ ਕਰਤੇ ਹੈਂ, ਉਸੇ ਨਿਭਾਤੇ ਭੀ ਹੈਂ।" "ਮੈਂ ਦਿਲੋਂ ਪਿਆਰ ਕਰਤਾ ਹੂੰ, ਦਿਲੋਂ ਜੀਤਾ ਹੂੰ।"

ਧਰਮਿੰਦਰ ਬਾਲੀਵੁੱਡ ਦਾ ਉਹ ਸਿਤਾਰਾ ਹੈ ਜਿਸਦੀ ਚਮਕ ਕਦੇ ਘੱਟ ਨਹੀਂ ਹੋ ਸਕਦੀ। ਉਹਨਾਂ ਦੀ ਜ਼ਿੰਦਗੀ ਇਕ ਪ੍ਰੇਰਣਾ ਹੈ - ਪਿਆਰ, ਮਿਹਨਤ ਤੇ ਵਿਸ਼ਵਾਸ ਦੀ।